# ਜਨਮ ਸਾਖੀ

ਨਿਹਕਲੰਕ ਨਰਾਇਣ ਰਬ



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ

ਕ੍ਰਿਤ-: ਸ੍ਰ ਤੇਜਾ ਸਿੰਘ

ਲੇਖਕ : ਬੇਬੇ ਹਰਬੰਸ ਕੌਰ

ਸੋਹੰ ਸੋਹੰ ਸੋਹੰ ਸੋਹੰ





ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ।

ਮਹਾਰਾਜ ਪੂਰਨ ਸਿੰਘ ਜੀ ਫੌਜ ਵਿਚ ਨੌਕਰੀ ਕਰਦੇ ਸਨ । ਫੌਜ ਵਿਚੋਂ ਪਾਤਸ਼ਾਹ ਜੀ ਨੇ ਆਪਣੇ ਸਿਖ ਭਾਈਆ ਤੇਜਾ ਸਿੰਘ ਪੁੱਤਰ ਸ੍ਰੀ ਮਾਣਾ ਸਿੰਘ ਭੁੱਚਰ ਵਾਲੇ ਨੂੰ ਪੱਤਰ ਲਿਖਿਆ ਕਿ ਅਸੀਂ ਪਹਿਲੀ ਮਾਘ ਸੰਮਤ ੨੦੦੮ ਨੂੰ ਬੁੱਘੀਂ ਆ ਰਹੇ ਹਾਂ । ਆਪ ਨੇ ਜਨਮ ਸਾਖੀ ਹਜੂਰ ਮਹਾਰਾਜ ਸ਼ੇਰ ਸਿੰਘ ਜੀ ਦੀ ਬਨਾਉਣ ਬਾਰੇ ਬੇਨੰਤੀ ਕਰਨੀ ਹੈ, ਕਿਉਂਕਿ ਸਾਨੂੰ ਸ਼ਹਿਨਸ਼ਾਹ ਮਹਾਰਾਜ ਸ਼ੇਰ ਸਿੰਘ ਜੀ ਪੱਕੀ ਕਰ ਰਹੇ ਹਨ ਕਿ ਸਾਡੀ ਜਨਮ ਸਾਖੀ ਬਣਾਈ ਜਾਵੇ । ਇਸ ਚਿੱਠੀ ਮਿਲਣ ਤੇ ਭਾਈਆ ਤੇਜਾ ਸਿੰਘ ਬੇਬੇ ਬੰਸੋ ਕਲਸੀਆਂ ਵਾਲੀ ਕੋਲ ਗਿਆ ਤੇ ਕਿਹਾ ਕਿ ਆਹ ਚਿੱਠੀ ਹਜੂਰ ਸੱਚੇ ਪਾਤਸ਼ਾਹ ਜੀ ਦੀ ਆਈ ਹੈ, ਜਨਮ ਸਾਖੀ ਬਨਾਉਣ ਬਾਰੇ । ਤਾਂ ਕਲਸੀਆਂ ਵਾਲੀ ਸੰਗਤ ਤੇ ਆਈ ਹਾਜਰ ਸੰਗਤ ਨੇ ਬੜੀ ਖ਼ੁਸ਼ੀ ਮਨਾਈ । ਹੁਕਮ ਅਨੁਸਾਰ ਭਾਈਆ ਤੇਜਾ ਸਿੰਘ ਤੇ ਬੇ ਬੇ ਬੰਸੋ ਤੇ ਹੋਰ ਸਗਤਾਂ ਵੀ ਪਹਿਲੀ ਮਾਘੀ ਬਿਕ੍ਰਮੀ ੨੦੦੮ ਨੂੰ ਬੁਘੀਂ, ਸੱਚੇ ਪਾਤਸ਼ਾਹ ਜੀ ਕੋਲ ਪਹੁੰਚ ਗਏ । ਦਰਸ਼ਨ ਕਰ ਕੇ ਸੰਗਤਾਂ ਬੜੀਆਂ ਨਿਹਾਲ ਹੋਈਆਂ । ਰਾਤੀਂ ਵਿਹਾਰ ਸ਼ੁਰੂ ਹੋਇਆ । ਹੁਕਮ ਅਨੁਸਾਰ ਭਾਈਆ ਤੇਜਾ ਸਿੰਘ ਨੇ ਜਨਮ ਸਾਖੀ ਹਜੂਰ ਮਹਾਰਾਜ ਸ਼ੇਰ ਸਿੰਘ ਜੀ ਦੀ ਬਨਾਉਣ ਬਾਰੇ ਬੇਨੰਤੀ ਕੀਤੀ । ਬੇਨੰਤੀ ਕਰਨ ਤੇ ਪਾਤਸ਼ਾਹ ਕਿਹਾ ਕਿ ਬੇਬੇ ਬੰਸੋ ਲਿਖੇਗੀ ਤੇ ਤੂੰ ਲਿਖਾਵੇਂਗਾ । ਤੇਜਾ ਸਿੰਘ ਬੇਨੰਤੀ ਕੀਤੀ ਕਿ ਪਾਤਸ਼ਾਹੋ ਮੈਂ ਤਾਂ ਅਨਪੜ੍ਹ ਹਾਂ । ਮੇਰੇ ਤਾਂ ਇਕ ਸ਼ਬਦ ਵੀ ਯਾਦ ਨਹੀਂ ਤੇ ਮੈਂ ਕਿਸ ਤਰ੍ਹਾਂ ਜਨਮ ਸਾਖੀ ਲਿਖਵਾ ਦੇਵਾਂਗਾ ਜੀ । ਇਹ ਤਾਂ ਬੜੀ ਵੱਡੀ ਜੁਮੇਂਵਾਰੀ ਵਾਲੀ ਗੱਲ ਹੈ ਜੀ । ਪਾਤਸ਼ਾਹ ਕਿਹਾ ਕਿ ਇਹ ਤਾਂ ਅਸੀਂ ਹੀ ਲਿਖਵਾਉਣੀ ਹੈ ਅਸੀਂ ਆਪੇ ਲਿਖਵਾ ਦੇਵਾਗੇ । ਤੂੰ ਲਿਖਾਉਣ ਵੇਲੇ ਸਾਡੇ ਪਲੰਘ ਤੋਂ ਮੋਰ ਦੇ ਖੰਬਾਂ ਵਾਲੇ ਚੌਰ ਚੋਂ ਇਕ ਟਿੱਕੀ ਲੈ ਲਵੀਂ ਤੇ ਲਿਖਾਉਣ ਵੇਲੇ ਆਪਣੀ ਪਗੜੀ ਵਿਚ ਟੰਗ ਲਵੀਂ ਤੇ ਲਿਖਵਾਈ ਜਾਵੀਂ । ਜਦ ਲਿਖਾਈ ਬੰਦ ਕਰਨੀ ਹੋਵੇ ਤਾਂ ਇਹ ਖੰਬ ਦੀ ਟਿਕੀ ਸਾਡੇ ਪਲੰਘ ਤੇ ਰੱਖ ਦਿਆ ਕਰੀਂ । ਏਸੇ ਤਰ੍ਹਾਂ ਭਾਈਆ ਤੇਜਾ ਸਿੰਘ ਨੇ ਏਹ ਸੇਵਾ ਹੁਕਮ ਅਨੁਸਾਰ ਕੀਤੀ ਹੈ ਜੀ । ਬੇਬੇ ਬੰਸੋ ਨੇ ਆਪਣੀ ਕਲਮ ਨਾਲ ਲਿਖੀ ਹੈ ਜੀ । ਬੇਬੇ ਨੂੰ ਲਿਖਾਈ ਸ਼ੁਰੂ ਕਰਨ ਤੋਂ ੮-੧੦ ਦਿਨ ਮਗਰੋਂ ਇਹ ਵੀ ਹੁਕਮ ਹੋਇਆ ਕਿ ਹਰ ਇਕ ਪੰਨੇ ਤੇ ਸੋਹੰ ਜਰੂਰ ਹੀ ਲਿਖਣਾ ਹੈ ।।





| ਨੰ | ਤਤਕਰਾ | ਪੰਨਾ |
|---|---|---|
| ੦੧ | ੨੦ ਫੱਗਣ ੨੦੦੮ ਬਿਕ੍ਰਮੀ ਦਿਨ ਐਤਵਾਰ ਨੂੰ ਜਨਮ ਸਾਖੀ ਲਿਖਣੀ ਸ਼ੁਰੂ ਕੀਤੀ | ੦੬ |
| ੦੨ | ਮਹਾਰਾਜ ਸ਼ੇਰ ਸਿੰਘ ਜੀ ਨੇ ਅਵਤਾਰ ਧਾਰਨਾ ਤੇ ਮਨੀ ਸਿੰਘ ਨੂੰ ਜਣਾਈ | ੦੮ |
| ੦੩ | ਬਾਬੇ ਮਨੀ ਸਿੰਘ ੫ ਸਿਖ ਘੱਲਣੇ ਤੇ ਸੱਚੇ ਪਾਤਸ਼ਾਹ ਸਾਰੇ ਪਰਿਵਾਰ ਸਮੇਤ ਹੋਲੇ ਮਹੱਲੇ ਤੇ ਰਾਮ ਪੁਰੇ ਜਾਣਾ | ੧੨ |
| ੦੪ | ਸੰਤ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਨੂੰ ਲਿਖਣ ਦਾ ਹੁਕਮ ਦੇਣਾ | ੧੩ |
| ੦੫ | ਸੱਚੇ ਪਾਤਸ਼ਾਹ ਦੀ ਬਾਲ ਲੀਲ੍ਹਾ | ੧੪ |
| ੦੬ | ਸੱਚੇ ਪਾਤਸ਼ਾਹ ਹਰਿਮੰਦਰ ਸਹਿਬ ਜਾਣਾ | ੧੬ |
| ੦੭ | ਸਾਖੀ ਰਾਮ ਪੁਰੇ ਦੀ ਚਲੀ ਮਾਈ ਗੁਲਾਬੀ ਸੰਤਨੀ ਦੀ | ੧੭ |
| ੦੮ | ਸੱਚੇ ਪਾਤਸ਼ਾਹ ਦਾ ਬਾਲ ਉਮਰ ਵਿਚ ਵਿਆਹ | ੧੮ |
| ੦੯ | ਦੇਵੀਆਂ ਦੀ ਪੂਜਾ ਭੇਟਾ ਬੰਦ ਕਰਾਉਣੀ | ੧੯ |
| ੧੦ | ਮਨੀ ਸਿੰਘ ਨੂੰ ਦਿਲੀ ਜਾ ਕੇ ਬਾਣੀ ਲਿਖਣ ਦਾ ਹੁਕਮ | ੨੦ |
| ੧੧ | ਹਰੀ ਮਕੱਈ ਦਾ ਸੜ ਜਾਣਾ | ੨੧ |
| ੧੨ | ਸੱਚੇ ਪਾਤਸ਼ਾਹ ਦਾ ਕੋਠੇ ਤੋਂ ਗਿਰਨਾ | ੨੨ |
| ੧੩ | ਬਾਬਾ ਬਕਾਲਾ ਤੇ ਮਿਹਰ ਕਰਨੀ | ੨੨ |
| ੧੪ | ਸੱਚੇ ਪਾਤਸ਼ਾਹ ਦੇ ਸਿਰ ਵਿਚ ਸੱਟ ਲਗਣੀ | ੨੩ |
| ੧੫ | ਸੱਚੇ ਪਾਤਸ਼ਾਹ ਦਾ ਘਵਿੰਡ ਵਿਚ ਮੰਗਣ ਜਾਣਾ | ੨੩ |
| ੧੬ | ਸੱਚੇ ਪਾਤਸ਼ਾਹ ਜੀ ਆਪਣੇ ਹਾਣੀਆਂ ਨਾਲ ਖੇਡਣਾ | ੨੪ |
| ੧੭ | ਖਰਬੂਜਿਆਂ ਦੀ ਖੇਡ | ੨੫ |
| ੧੮ | ਤੀਰਥ ਅਸਥਾਨਾਂ ਦੀ ਸਤਿਆ ਖਿਚਣੀ | ੨੫ |
| ੧੯ | ਤਾਊਨ ਦੀ ਬੀਮਾਰੀ ਪੈਣੀ | ੨੬ |
| ੨੦ | ਭੰਗਾਲੀ ਵਾਲਿਆਂ ਵਲੋਂ ਘੋੜੀ ਦੀ ਸੇਵਾ | ੨੭ |
| ੨੧ | ਪਠਾਣਕੇ ਵਾਲੇ ਦੇਵਾ ਸਿੰਘ ਦੀ ਸਾਖੀ | ੨੮ |
| ੨੨ | ਮਾਈ ਗੁਲਾਬੀ ਤੇ ਉਸ ਦੇ ਪਰਵਾਰ ਦੀ ਸਾਖੀ | ੨੮ |
| ੨੩ | ਰਾਮਪੁਰੇ ਦੇ ਬੁਢਾ ਸਿੰਘ ਸਿਖ ਦਾ ਪ੍ਰੇਮ ਤੇ ਦੇਹ ਛੱਡਣਾ | ੨੯ |
| ੨੪ | ਸੱਚੇ ਪਾਤਸ਼ਾਹ ਦੀ ਭੈਣ ਬੇਬੇ ਠਾਕਰੀ | ੩੦ |
| ੨੫ | ਸਾਖੀ ਸੱਚੇ ਪਾਤਸ਼ਾਹ ਜੋਤ ਸਰੂਪ ਬਾਬੇ ਮਨੀ ਸਿੰਘ ਨੂੰ ਹੁਕਮ ਦੇ ਕੇ ਕਲਜੁਗ ਦੇ ਵਰਤਮਾਨ ਬਚਨ ਲਿਖੌਣੇ | ੩੨ |
| ੨੬ | ਮਾਣਾ ਸਿੰਘ ਤੇ ਤੇਜਾ ਨੂੰ ਚਰਨੀ ਲਾਣਾ | ੩੩ |
| ੨੭ | ਚੁਤਾਲਿਆਂ ਤੋਂ ਬਲਵੰਤ ਸਿੰਘ ਅਤੇ ਉਸ ਦੇ ਘਰੋਂ ਬੀਬੀ ਬਸੰਤ ਕੌਰ ਦੀ ਸਾਖੀ | ੩੪ |
| ੨੮ | ਮਾਈ ਲਛਮੀ ਤੇ ਸੁੰਦਰ ਸਿੰਘ ਦੀ ਸਾਖੀ | ੩੭ |
| ੨੯ | ਤੇਜਾ ਸਿੰਘ ਤੇ ਝੰਡਾ ਸਿੰਘ ਤੇ ਦਇਆ ਕਰਨੀ | ੪੧ |

ਸੋਹੰ ਸੋਹੰ




| | | |
|---|---|---|
| ੩੦ | ਸੱਚੇ ਪਿਤਾ ਦੀ ਭੈਣ ਠਾਕਰੀ ਦੀ ਸਾਖੀ | ੪੨ |
| ੩੧ | ਭੰਗਾਲੀ ਪਿੰਡ ਦੇ ਸਿਖਾਂ ਦੀ ਸਾਖੀ | ੪੩ |
| ੩੨ | ਸਾਖੀ ਪਠਾਣਕਿਆਂ ਦੇ ਦੇਵਾ ਸਿੰਘ ਤੇ ਉਸ ਦੇ ਪੁੱਤਰ ਬਹਾਦਰ ਸਿੰਘ ਦੀ | ੪੪ |
| ੩੩ | ਨਵੀਂ ਸਿਖੀ ਨੇ ਸੱਚੇ ਪਿਤਾ ਦੀ ਸ਼ਰਨੀ ਔਣ | ੪੫ |
| ੩੪ | ਸੁੰਦਰ ਸਿੰਘ ਤੇ ਉਸ ਦੇ ਕੁੜਮ ਦਬੁਰਜੀ ਵਾਲੇ ਦੀ ਸਾਖੀ | ੪੭ |
| ੩੫ | ੯ ਸਿਖਾਂ ਪਾਤਸ਼ਾਹ ਦੀ ਬਾਣੀ ਲੈ ਕੇ ਬੜਖੀਂ | ੪੯ |
| ੩੬ | ਤੇਜਾ ਸਿੰਘ ਦਾ ਸੰਤ ਮਨੀ ਸਿੰਘ ਦੇ ਦਰਸ਼ਨਾਂ ਲਈ ਜਾਣਾ ਤੇ ਉਹਨਾਂ ਦਾ ਗਿਰਫਤਾਰ ਹੋਣਾ | ੫੦ |
| ੩੭ | ਸੱਚੇ ਪਾਤਸ਼ਾਹ ਦੀ ਗ੍ਰਿਫਤਾਰ ਹੋਣ ਦੀ ਸਾਖੀ | ੫੧ |
| ੩੮ | ਸੱਚੇ ਪਾਤਸ਼ਾਹ ਨੇ ਘਵਿੰਡ ਔਣਾ ਤੇ ਮਾਝੇ ਦੀ ਸੰਗਤ ਨੇ ਦਰਸ਼ਨ ਕਰਨ ਔਣਾ | ੫੪ |
| ੩੯ | ਮਹਾਰਾਜ ਜੀ ਦੀ ਸ਼ਾਦੀ ਦੀ ਸਾਖੀ | ੫੪ |
| ੪੦ | ਮਹਾਰਾਜ ਸ਼ੇਰ ਸਿੰਘ ਦੇ ਘਰ ਸਾਹਿਬਜਾਦੇ ਨੇ ਜਨਮ ਲੈਣਾ | ੫੬ |
| ੪੧ | ਗੁਰਮੁਖ ਸਿੰਘ ਮਗਰੋਂ ਚੇਤ ਸਿੰਘ ਦਾ ਸੇਵਾ ਵਿਚ ਹਾਜਰ ਹੋਣਾ | ੫੬ |
| ੪੨ | ਬੈਠਕ ਪੌਣ ਦੀ ਸਲਾਹ ਤੇ ਪਾਤਸ਼ਾਹ ਦਾ ਘੋੜਾ ਚੋਰੀ ਹੋਣਾ | ੫੭ |
| ੪੩ | ਸੱਚੇ ਪਾਤਸ਼ਾਹ ਗੁਜਰ ਸਿੰਘ ਦੇ ਪਿੰਡ ਬਾਲੇ ਚੱਕ ਜਾਣਾ | ੫੮ |
| ੪੪ | ਪਾਲ ਸਿੰਘ ਨੂੰ ਕ੍ਰਿਸ਼ਨ ਭਗਵਾਨ ਦੇ ਦਰਸ਼ਨ ਤੇ ਚਰਨੀ ਲਗਣਾ | ੫੯ |
| ੪੫ | ਪਾਤਸ਼ਾਹ ਦਾ ੨੭ ਚੱਕ ਜਾਣਾ | ੬੦ |
| ੪੬ | ਭੁਚਰ ਵਾਲੇ ਬਲਵੰਤ ਸਿੰਘ ਦੀ ਸਾਖੀ | ੬੧ |
| ੪੭ | ਬਾਲੇ ਚੱਕ ਵਾਲੇ ਬੁਧ ਸਿੰਘ ਦੀ ਸਾਖੀ | ੬੩ |
| ੪੮ | ਪਾਤਸ਼ਾਹ ਦੇ ਘੋੜੇ ਤੇ ਕੁੱਤੇ ਬਾਰੇ | ੬੪ |
| ੪੯ | ਰਤਨ ਸਿੰਘ ਆਲਮਗੀਰ ਵਾਲੇ ਸਿਖ ਦੀ ਸਾਖੀ | ੬੫ |
| ੫੦ | ਪਾਲ ਸਿੰਘ ਨੇ ਪਾਤਸ਼ਾਹ ਨੂੰ ੨੭ ਚੱਕ ਆਪਦੇ ਘਰ ਖੜਨਾ | ੬੬ |
| ੫੧ | ਘਵਿੰਡ ਦੀ ਇਕ ਮਾਈ ਦੀ ਸਾਖੀ | ੬੮ |
| ੫੨ | ਮਾਹਣਾ ਸਿੰਘ ਤੇ ਮਿਹਰ ਕਰਨੀ | ੭੦ |
| ੫੩ | ਸੁਰੈਣ ਸਿੰਘ ਘੰਵਿਡ ਵਾਲੇ ਦੀ ਸਾਖੀ | ੭੦ |
| ੫੪ | ਪਾਤਸ਼ਾਹ ਦੇ ਲੰਗੂਰ ਦੀ ਸਾਖੀ | ੭੦ |
| ੫੫ | ਬਾਜ ਸਿੰਘ ਤੇ ਮਿਹਰ ਕਰਨੀ | ੭੧ |
| ੫੬ | ਤੋੜੇ ਵਾਲੇ ਲਾਭ ਸਿੰਘ ਦੀ ਸਾਖੀ | ੭੨ |
| ੫੭ | ਗੁਜਰ ਸਿੰਘ ਤੇ ਚੇਤ ਸਿੰਘ ਦਾ ਸ਼ਰੀਰ ਛੁਟਣਾ | ੭੨ |
| ੫੮ | ਪਾਤਸ਼ਾਹ ਦੇ ਘੋੜਾ ਤੇ ਬੋਲਦ ਚੋਰੀ ਹੋਣੇ | ੭੩ |
| ੫੯ | ਸੱਚੇ ਪਾਤਸ਼ਾਹ ਦੇ ਸਿਖ ਚੇਤ ਸਿੰਘ ਤੇ ਹਰਸੁਖ ਲਾਲ ਖੱਤਰੀ ਦੀ ਸਾਖੀ | ੭੪ |
| ੬੦ | ਤੇਜਾ ਸਿੰਘ ਸਿਖ ਦੀ ਸਾਖੀ ਕਿਸ ਤਰ੍ਹਾਂ ਪਾਤਸ਼ਾਹ ਨੂੰ ਘੋੜਾ ਦਿਤਾ | ੭੬ |


ਸੋਹੰ ਸੋਹੰ

| | | |
|---|---|---|
| ੬੧ | ਇੰਦਰ ਸਿੰਘ ਝੁਬਾਲ ਵਾਲੇ ਨੇ ਪਾਤਸ਼ਾਹ ਦੀ ਸ਼ਰਨ ਔਣਾ | ੭੮ |
| ੬੨ | ਲੰਗਰ ਦੀ ਸਾਖੀ | ੮੧ |
| ੬੩ | ਚੇਤ ਸਿੰਘ ਕਲਸੀਆਂ ਵਾਲੇ ਨੇ ਸੁਖਣਾ ਸੁੱਖੀ | ੮੩ |
| ੬੪ | ਮਾਈ ਜਿਊਣੀ ਦੀ ਸੇਵਾ ਤੇ ਸੰਤ ਮਨੀ ਸਿੰਘ ਦੇਹ ਛੱਡਣੀ | ੮੪ |
| ੬੫ | ਸਿਖਾਂ ਪਾਤਸ਼ਾਹ ਲਈ ਬੈਠਕ ਬਣੌਣੀ | ੮੭ |
| ੬੬ | ਦਫਤੂ ਵਾਲੇ ਸਿਖਾਂ ਦੀ ਸਾਖੀ | ੮੮ |
| ੬੭ | ਬੀਬੀ ਠਾਕਰੀ ਤੇ ਕੇਹਰ ਸਿੰਘ ਦੀ ਪਾਤਸ਼ਾਹ ਕੋਲ ਬੇਨੰਤੀ | ੯੦ |
| ੬੮ | ਸਾਰਿਆਂ ਸਿਖਾਂ ਪਾਤਸ਼ਾਹ ਦਾ ਵਾੜਾ ਵਲਨਾ | ੯੨ |
| ੬੯ | ਤੇਜਾ ਸਿੰਘ ਪਾਤਸ਼ਾਹ ਨਾਲ ਗੁਸੇ ਹੋਣਾ ਤੇ ਘੋੜੀ ਭੇਟ ਕਰਨੀ | ੯੩ |
| ੭੦ | ਦਿਲੀ ਵਾਲੀ ਮਾਈ ਦੀ ਸਾਖੀ | ੯੪ |
| ੭੧ | ਮਾਈ ਅਤਰੀ ਤੇ ਦਿਸੌਂਦਾ ਸਿੰਘ ਦੀ ਸਾਖੀ | ੯੫ |
| ੭੨ | ਮਨੀ ਸਿੰਘ ਸਿਖਾਂ ਨੂੰ ਬਚਨ ਸੁਨੌਂਣੇ | ੯੫ |
| ੭੩ | ਅਤਰ ਸਿੰਘ ਖੀਰਾਂ ਵਾਲੇ ਦੀ ਸਾਖੀ | ੯੬ |
| ੭੪ | ਰਸੂਲ ਪੁਰ ਵਾਲੇ ਸਰਦਾਰ ਦੀ ਸਾਖੀ | ੯੭ |
| ੭੫ | ਘੀਕਾ ਸਿੰਘ ਦੀ ਸਾਖੀ | ੯੮ |
| ੭੬ | ਲਾਭ ਸਿੰਘ ਤੇ ਬੀਬੀ ਕਰਮੋ ਦੀ ਸਾਖੀ | ੯੯ |
| ੭੭ | ਮਾਈ ਬਸੰਤ ਕੌਰ ਤੇ ਉਸ ਦੀਆਂ ਧੀਆਂ ਦੀ ਸਾਖੀ | ੯੯ |
| ੭੮ | ਇਕ ਮਸਤਾਨੇ ( ਬੱਗਾ ਸਿੰਘ ) ਤੇ ਬੁਧ ਸਿੰਘ ਦੀ ਸਾਖੀ | ੧੦੧ |
| ੭੯ | ਬੇਬੇ ਰਾਮੀ ਤੇ ਉਸ ਦੀ ਬੱਚੀ ਦੀ ਸਾਖੀ | ੧੦੨ |
| ੮੦ | ਬੁਧ ਸਿੰਘ ਦੀ ਸੇਵਾ | ੧੦੨ |
| ੮੧ | ਆਸਾ ਸਿੰਘ ਮਜ਼੍ਹਬੀ ਸਿਖ ਦੀ ਸਾਖੀ | ੧੦੩ |
| ੮੨ | ਮਾਣਾ ਸਿੰਘ ਦੀ ਧੀ ਨਿਹਾਲੋ ਦੀ ਸਾਖੀ | ੧੦੩ |
| ੮੩ | ਬਾਬੇ ਰੰਗਾ ਸਿੰਘ ਦੀ ਸਾਖੀ | ੧੦੪ |
| ੮੪ | ਪਾਤਸ਼ਾਹ ਜੀ ਦੇ ਛੋਟੇ ਭਾਈ ਹਰਨਾਮ ਸਿੰਘ ਦੀ ਸਾਖੀ | ੧੦੫ |
| ੮੫ | ਪਾਤਸ਼ਾਹ ਦੇ ਨਵੇਂ ਪਲੰਘ ਬਾਰੇ | ੧੦੬ |
| ੮੬ | ਸੱਚੇ ਪਿਤਾ ਦੇ ਅੰਤਮ ਦਿਨਾਂ ਬਾਰੇ | ੧੦੭ |
| ੮੭ | ਸੱਚੇ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਵਾਰੇ | ੧੦੯ |



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ✪ ੨੦ ਫੱਗਣ ੨੦੦੮ ਬਿਕ੍ਰਮੀ ਦਿਨ ਐਤਵਾਰ ਨੂੰ ਜਨਮ ਸਾਖੀ ਲਿਖਣੀ ਸ਼ੁਰੂ ਕੀਤੀ ✪

ਮਾਲਵੇ ਦੇਸ ਵਿਚ ਇਕ ਮੱਲਾਹ ਪਿੰਡ ਹੈ । ਮਨੀ ਸਿੰਘ ਉਥੋਂ ਦੇ ਵਸਣ ਵਾਲਾ ਇਕ ਸਿਖ ਜ਼ਿਮੀਂਦਾਰ ਸੀ । ਉਹ ਭਜਨ ਕਰਨ ਨੂੰ ਤੇ ਸਾਧਨਾ ਕਰਨ ਨੂੰ ਬੜਾ ਉਦਾਸ ਰਹਿੰਦਾ ਸੀ । ਸਾਧਾਂ ਸੰਤਾਂ ਨੂੰ ਪੁਛਦਾ ਰਹਿੰਦਾ ਸੀ ਕਿ ਮੈਂ ਗੁਰੂ ਉਹ ਧਾਰਨਾ ਹੈ ਜੇਹੜਾ ਅੰਤਰਜਾਮੀ ਹੋਵੇ ਤੇ ਦਿਲ ਦੀਆਂ ਜਾਨਣ ਵਾਲਾ ਹੋਵੇ । ਇਕ ਸਿਖ ਨੇ ਉਪਦੇਸ਼ ਦਿਤਾ ਕਿ ਮਾਝੇ ਦੇਸ਼ ਵਿਚ ਬਰਕੀ ਪਿੰਡ ਹੈ । ਉਥੇ ਜਾਣ ਲਈ ਪਹਿਲਾਂ ਇਕ ਸੁਰ ਸਿੰਘ ਵੱਡਾ ਨਗਰ ਹੈ ਤੇ ਫਿਰ ਅੱਗੇ ਪੁੱਛ ਕੇ ਭਢਾਣੇ ਜਾਵੀਂ, ਉਥੋਂ ਅੱਗੇ ਦੋ ਤਿੰਨ ਮੀਲ ਹੈ । ਪੁਛਦਾ-ਪੁਛਦਾ ਮਨੀ ਸਿੰਘ ਭਢਾਣੇ ਆਇਆ । ਤੁਰਿਆਂ ਜਾਦਿਆਂ ਦਿਲ ਵਿਚ ਦਲੀਲ ਧਾਰੀ ਕਿ ਬਾਬੇ ਮਹਿਤਾਬ ਸਿੰਘ ਹੋਰੀਂ ਜੇ ਸਮਰਥ ਹੋਣਗੇ ਤੇ ਮੇਰੇ ਜਾਂਦੇ ਨੂੰ ਕੇਸੀ ਅਸ਼ਨਾਨ ਕਰਕੇ, ਕੇਸ ਪਿਛਾਂਹ ਸੁੱਟ ਕੇ ਤੇ ਪੈਰੀਂ ਪਊਏ ਪਾ ਕੇ ਬਾਹਰਲੇ ਦਰਵਾਜੇ ਅੱਗੇ ਟਹਿਲਦੇ ਹੋਣਗੇ । ਇਹ ਦਿਲ ਵਿਚ ਧਾਰਨਾ ਧਾਰਦਾ ਮਨੀ ਸਿੰਘ ਬਰਕੀ ਜਾ ਪਹੁੰਚਾ । ਚੜ੍ਹਦੇ ਪਾਸੇ ਬਰਕੀ ਦੇ ਪੁਛਿਆ ਕਿ ਮੈਂ ਸਿੰਘ ਸਾਹਿਬ ਬਾਬੇ ਮਹਿਤਾਬ ਸਿੰਘ ਦੇ ਗੁਰਦਵਾਰੇ ਜਾਣਾ ਹੈ । ਕਿਸੇ ਸਿਖ ਨੇ ਦੱਸਿਆ ਕਿ ਲਹਿੰਦੇ ਪਾਸੇ ਵੱਡਾ ਗੁਰਦਵਾਰਾ ਹੈ, ਜਿਥੇ ਬਾਬੇ ਹੋਰੀਂ ਹਨ ਜੀ । ਜੋ ਮਨੀ ਸਿੰਘ ਸਿਖ ਨੇ ਦਿਲ ਵਿਚ ਦਲੀਲ ਧਾਰੀ ਸੀ ਕਿ ਦਰਵਾਜੇ ਅੱਗੇ ਟਹਿਲਦੇ ਹੋਣਗੇ ਤੇ ਮੇਰਾ ਨਾਮ ਲੈ ਕੇ ਮੈਨੂੰ ਜਾਂਦੇ ਨੂੰ ਅਵਾਜ਼ ਮਾਰਨ, ਆਖਣ ਆ ਸਿਖਾ ਮਨੀ ਸਿੰਘ । ਫੇਰ ਜਿਸ ਵੇਲੇ ਮਨੀ ਸਿੰਘ ਗੁਰਦਵਾਰੇ ਦੇ ਅੱਗੇ ਗਿਆ ਤੇ ਓਸੇ ਤਰ੍ਹਾਂ ਅੱਗੇ ਜਾ ਕੇ ਦਰਸ਼ਨ ਹੋਏ । ਕੇਸੀ ਅਸ਼ਨਾਨ ਕਰਕੇ ਕੇਸ ਪਿਛਾਂਹ ਸੁੱਟੇ ਹੋਏ ਹਨ ਜੀ । ਪੈਰੀਂ ਪਊਏ ਪਾ ਕੇ ਦਰਵਾਜੇ ਅੱਗੇ ਟਹਿਲ ਰਹੇ ਹਨ ਜੀ । ਮਨੀ ਸਿੰਘ ਜਾਂਦੇ ਹੀ ਹੱਥ ਜੋੜ ਕੇ ਨਿਮਸਕਾਰ ਕੀਤੀ ਤੇ ਬਾਬੇ ਮਹਿਤਾਬ ਸਿੰਘ ਹੱਸ ਕੇ ਬਚਨ ਕੀਤਾ ਕਿ ਮਨੀ ਸਿੰਘ ਰਾਜੀ ਹੈਂ । ਮਨੀ ਸਿੰਘ ਬਚਨ ਸੁਣ ਕੇ ਨਿਹਾਲ ਹੋ ਗਿਆ ਕਿ ਇਹ ਪੂਰਨ ਗੁਰੂ ਹਨ ਤੇ ਦਿਲ ਦੀਆਂ ਜਾਨਣ ਵਾਲੇ ਹਨ । ਮੈਂ ਜੋ ਕੁਛ ਲੱਭਦਾ ਸਾਂ ਮੈਨੂੰ ਲੱਭ ਗਿਆ ਹੈ ਜੀ । ਬਾਬੇ ਮਹਿਤਾਬ ਸਿੰਘ ਹੋਰੀਂ ਅੰਦਰ ਚਲੇ ਗਏ ਹਨ ਤੇ ਜਾ ਕੇ ਸਿੰਘਾਸਣ ਪਰ ਬੈਠ ਗਏ ਹਨ ਤੇ ਮਗਰੇ ਮਨੀ ਸਿੰਘ ਪਿਛੇ ਪਿਛੇ ਚਲੇ ਗਏ ਹਨ ਜੀ । ਹੋਰ ਸੰਗਤ ਵੀ ਦਰਬਾਰ ਵਿਚ ਬੈਠੀ ਸੀ, ਸੇਵਾ ਵਾਲੇ ਸੇਵਾ ਵਿਚ ਹਾਜ਼ਰ ਸਨ । ਮਨੀ ਸਿੰਘ ਸੰਗਤ ਵਿਚ ਬੈਠ ਕੇ ਦਿਲ ਵਿਚ ਦਲੀਲ ਧਰੀ ਕਿ ਕਿਸ ਬਿਧ ਨਾਲ ਸ਼ਰਨ ਪਵਾਂ । ਇਹ ਸੋਚਿਆ ਕਿ ਮੈਂ ਸਿਖਾਂ ਕੋਲੋਂ ਪੁਛਦਾ ਹਾਂ ਕਿ ਮੈਂ ਬਾਬੇ ਮਹਿਤਾਬ ਸਿੰਘ ਹੋਰਾਂ ਨੂੰ ਗੁਰੂ ਧਾਰਨ ਕਰਨਾ ਹੈ ਤੇ ਮੈਨੂੰ ਰਸਤਾ ਦੱਸੋ, ਜਿਸ ਤਰ੍ਹਾਂ ਮੈਨੂੰ ਚਰਨੀ ਲਾ ਲੈਣ ਤੇ ਬਖ਼ਸ਼ ਲੈਣ । ਉਹਨਾਂ ਦੱਸਿਆ ਕਿ ਸਿਖਾ ਜਿਸ ਵਕਤ ਬਾਬੇ ਮਤਾਬ ਸਿੰਘ ਹੋਰੀਂ ਅਟੰਕ ਬਹਿਣਗੇ, ਉਸੇ ਵਕਤ ਗਲ ਵਿਚ ਪੱਲਾ ਪਾ ਕੇ ਪਰਸ਼ਾਦ ਭੇਟਾ ਰੱਖ ਕੇ ਬੇਨੰਤੀ ਕਰੀਂ ਤੇ ਇਹ ਤੈਨੂੰ ਪੱਕੀ ਹੈ । ਜੇ ਤੈਨੂੰ ਝਿੜਕ ਦੇਣਗੇ ਤੇ ਡੋਲ ਨਾ ਜਾਵੀਂ ਤੇ ਜੇ ਮਿੱਠਾ ਬੋਲਣਗੇ ਤੇ ਫੇਰ ਤੈਨੂੰ ਏਥੋਂ ਲੱਭਣਾ ਕੁਝ ਨਹੀਂ ਗਾ । ਤਕੜਾ ਹੋ ਕੇ ਸੇਵਾ ਨੂੰ ਲੱਗ ਪਵੀਂ । ਆਪੇ ਬਖ਼ਸ਼ ਦੇਣਗੇ । ਮਨੀ ਸਿੰਘ ਜਿਸ ਵਕਤ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਮੈਨੂੰ ਸ਼ਰਨ ਲਾਉ ਜੀ । ਮੈਨੂੰ ਆਪ ਜੀ ਦੇ ਦਰਸ਼ਨ ਤੇ ਸੇਵਾ ਦੀ ਭੁੱਖ ਹੈ । ਬਾਬੇ ਮਹਿਤਾਬ ਸਿੰਘ ਹੋਰੀਂ ਮੁਖੋਂ ਬੋਲੇ, ਸਿਖਾ ਸਾਨੂੰ ਤਾਂ ਸੇਵਾਂ ਦੀ ਕੋਈ ਲੋੜ ਨਹੀਂ ਤੂੰ ਇਕ ਦਿਨ ਰਹੋ ਦੋ ਦਿਨ ਰਹੋ, ਪਰਸ਼ਾਦ ਛਕ ਲੰਗਰ ਵਿਚੋਂ ਜਿਹੜਾ

ਰਿਧਾ ਹੈ । ਜਿਨੇ ਦਿਨ ਤੂੰ ਰਹਿਣਾ ਹੈ ਸੁਖ ਰਮਾਨ ਕਰਕੇ ਰਹੇ ਜਾਓ । ਓਸ ਵਕਤ ਦੂਸਰਿਆਂ ਸਿਖਾਂ ਰਮਜ ਮਾਰੀ ਕਿ ਵੇਖੀਂ ਡੋਲ ਨਾ ਜਾਵੀਂ । ਸੇਵਾ ਕਰ ਤਕੜਾ ਹੋ ਕੇ । ਬਾਬੇ ਮਹਿਤਾਬ ਸਿੰਘ ਹੋਰਾਂ ਫੇਰ ਬਚਨ ਕੀਤਾ, ਭਾਈ ਏਥੇ ਸੇਵਾ ਕਰਨ ਦਾ ਕੋਈ ਕੰਮ ਨਹੀਂ । ਫੇਰ ਮਨੀ ਸਿੰਘ ਗਲ ਵਿਚ ਪੱਲਾ ਪਾ ਕੇ ਬੇਨੰਤੀ ਕੀਤੀ ਕਿ ਸੱਚੇ ਪਿਤਾ ਆਪ ਦਾ ਦਰ ਪੁਛ ਕੇ ਮੈਂ ਆ ਗਿਆ ਹਾਂ ਤੇ ਮੇਰੇ ਤੇ ਮਿਹਰ ਕਰੋ ਤੇ ਜ਼ਿੰਦਗੀ ਆਪ ਦੇ ਚਰਨਾਂ ਨਾਲ ਨਿਭਾ ਦਿਉ । ਉਸ ਵਕਤ ਦਇਆ ਦੇ ਸਮੁੰਦਰ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਹੱਸ ਕੇ ਬਚਨ ਕੀਤਾ, ਕਿ ਚੰਗਾ ਜਿਥੇ ਦੂਸਰੇ ਸਿਖ ਸੇਵਾ ਕਰਦੇ ਹਨ ਤੂੰ ਵੀ ਕਰੀ ਜਾਹ । ਫੇਰ ਮਨੀ ਸਿੰਘ ਮਾਲ ਦੀ ਸੇਵਾ ਵਿਚ ਲਗ ਪਿਆ ਜੀ । ਮਾਲ ਰੱਖ ਵਿਚ ਚਾਰਨਾ ਤੇ ਘਾਹ ਖੋਤ ਕੇ ਪੌਣਾ । ਰਾਤ ਦਿਨ ਏਸੇ ਤਰ੍ਹਾ ਮਾਲ ਦੀ ਸੇਵਾ ਵਿਚ ਗੁਜਾਰੇ । ਤਿੰਨ ਮੀਲ ਭੰਗਾਲੀ ਪਿੰਡ ਬਰਕੀ ਤੋਂ ਸੀ ਤੇ ਬਾਬੇ ਮਹਿਤਾਬ ਸਿੰਘ ਹੋਰਾਂ ਮਾਲ ਦੇ ਕੇ ਭੰਗਾਲੀ ਘੱਲ ਦਿਤਾ । ਲਾਗੇ ਰੱਖ ਸੀ ਤੇ ਡੰਗਰ ਚਾਰ ਲਿਆਇਆ ਕਰੇ । ਰਾਤ ਦਿਨ ਮਾਲ ਉਥੇ ਰਖੇ । ਦੋਵੇਂ ਟੈਮ ਰਾਤ ਤੇ ਦਿਨੇ ਦੁੱਧ ਜੋਹ ਕੇ ਲਿਆਵੇ । ਵਹਿੰਗੀ ਮਨੀ ਸਿੰਘ ਬਣਾ ਲਈ ਸੀ, ਇਕ ਪਾਸੇ ਪਿੰਡ ਵਿਚੋਂ ਪਰਸ਼ਾਦੇ ਰੱਖ ਕੇ ਲੈ ਆਵੇ, ਇਕ ਪਾਸੇ ਦੁੱਧ ਰੱਖ ਲਿਆਵੇ । ਏਸੇ ਤਰ੍ਹਾਂ ਸੇਵਾ ਵਿਚ ਦਿਨ ਰਾਤ ਗੁਜਾਰੇ । ਲੰਗਰ ਵਿਚ ਸੇਵਾ ਕਰੇ ਤੇ ਫੇਰ ਸਾਰੀ ਰਾਤ ਪ੍ਰੀਤਮ ਦੀ ਯਾਦ ਵਿਚ ਗੁਜਾਰੇ ਤੇ ਭਜਨ ਕਰੇ । ਬਾਬੇ ਮਹਿਤਾਬ ਸਿੰਘ ਹੋਰਾਂ ਬਚਨ ਕੀਤਾ, ਮਨੀ ਸਿੰਘ ਰਾਤ ਏਨ੍ਹਾਂ ਨੀਂਦਰਾ ਨਾ ਕੱਟਿਆ ਕਰ, ਅਸੀਂ ਤੈਨੂੰ ਕੀਤੀ ਕਰਾਈ ਦਿਆਂਗੇ । ਬਾਬੇ ਮਹਿਤਾਬ ਸਿੰਘ ਹੋਰੀਂ ਬੜੇ ਸਮਰੱਥ ਗੁਰੂ ਸੀ । ਬਾਬਾ ਮਹਿਤਾਬ ਸਿੰਘ ਛੇਵੀਂ ਪਾਤਸ਼ਾਹੀ ਹਰਿ ਗੋਬਿੰਦ ਦਾ ਜਾਮਾ ਸਨ ਜੀ । ਬਾਬੇ ਮਹਿਤਾਬ ਸਿੰਘ ਦੀਆਂ ਮਈਆਂ ਗਾਈਆਂ ਰੱਖ ਵਿਚ ਖੁਲ੍ਹੀਆਂ ਚਰਦੀਆਂ ਰਹਿੰਦੀਆਂ ਸਨ । ਡਰਦੇ ਚੋਰ ਹੱਥ ਨਹੀਂ ਸੀ ਲੌਂਦੇ । ਜੇਹੜਾ ਚੋਰੀ ਕਰਦਾ ਸੀ ਅੱਖਾਂ ਤੋਂ ਅੰਨਾਂ ਹੋ ਜਾਂਦਾ ਸੀ । ਬਰਕੀ ਤੇ ਭੰਗਾਲੀ ਪਿੰਡ ਵਿਚ ਕੋਈ ਡਰਦਾ ਬਾਬੇ ਮਹਿਤਾਬ ਸਿੰਘ ਦੀ ਸੌਹ ਨਹੀਂ ਸੀ ਖਾਂਦਾ । ਇਕ ਦਿਨ ਰਾਤ ਦੀ ਗਲ ਹੈ ਕਿ ਮਨੀ ਸਿੰਘ ਜਿਸ ਵੇਲੇ ਦੁੱਧ ਤੇ ਪਰਸ਼ਾਦੇ ਲੈ ਕੇ ਤੁਰਿਆ ਮੀਂਹ ਅਨੇਰੀ ਵੀ ਬੜੇ ਜ਼ੋਰ ਵਿਚ ਆਈ ਤੇ ਹਨੇਰੀ ਵਿਚ ਹੱਥ ਪਸਾਰਿਆਂ ਨਾ ਦਿਸੇ । ਓਸ ਵਕਤ ਰਸਤੇ ਵਿਚ ਦਰਖ਼ਤ ਵੀ ਡਰਾ ਰਹੇ ਸਨ । ਸੱਚੇ ਸਾਹਿਬ ਦਾ ਆਸਰਾ ਲੈ ਕੇ ਮਨੀ ਸਿੰਘ ਤੁਰ ਪਿਆ ਜੀ । ਸਤਿਗੁਰਾਂ ਨੇ ਸਿਖ ਤੇ ਔਖਿਆਈ ਵੇਖ ਕੇ ਦਇਆ ਕਰ ਦਿਤੀ ਜੀ । ਜੋਤ ਦਾ ਪਰਕਾਸ਼ ਕਰ ਦਿਤਾ । ਅੱਗੇ ਅੱਗੇ ਜੋਤ ਦਾ ਚਾਨਣ ਤੇ ਪਿਛੇ ਪਿਛੇ ਮਨੀ ਸਿੰਘ ਤੁਰ ਪਿਆ । ਜੋਤ ਦਾ ਪਰਕਾਸ਼ ਏਸ ਤਰ੍ਹਾਂ ਹੈ ਕਿ ਜਿਵੇਂ ਗੈਸ ਜਗਦਾ ਹੈ । ਮੈਂ ਬਲਿਹਾਰ ਹਾਂ ਸੱਚੇ ਪਿਤਾ ਤੋਂ । ਤਿੰਨ ਮੀਲ ਜੋਤ ਏਸੇ ਤਰ੍ਹਾਂ ਆਈ । ਗੁਰੂਦਵਾਰੇ ਦੇ ਲਾਗੇ ਆ ਕੇ ਅਲੋਪ ਹੋ ਗਈ । ਅੰਦਰ ਜਾ ਕੇ ਮਨੀ ਸਿੰਘ ਦੁਧ ਤੇ ਪਰਸ਼ਾਦੇ ਜਾ ਕੇ ਲੰਗਰ ਵਿਚ ਰੱਖ ਦਿਤੇ ਤੇ ਬਾਬੇ ਹੋਰਾਂ ਨੂੰ ਨਿਮਸਕਾਰ ਕੀਤੀ । ਬਾਬੇ ਹੋਰੀਂ ਪੁਛਦੇ ਹਨ, ਮਨੀ ਸਿੰਘ ਤੂੰ ਅੱਜ ਡਰਿਆ ਤਾਂ ਨਹੀਂ, ਕੋਈ ਭੈ ਤਾਂ ਨਹੀਂ ਆਇਆ । ਤਾਂ ਮਨੀ ਸਿੰਘ ਹੱਸ ਕੇ ਬਚਨ ਕੀਤਾ ਸੱਚੇ ਪਿਤਾ ਦਿਆਲੂ ਕ੍ਰਿਪਾਲੂ ਜਦੋਂ ਹਰ ਵਕਤ ਮੇਰੇ ਨਾਲ ਤੁਸੀਂ ਜੇ ਤੇ ਫੇਰ ਮੈਨੂੰ ਭੈ ਕਾਹਦਾ । ਮਹਿਤਾਬ ਸਿੰਘ ਹੋਰਾਂ ਬਚਨ ਕੀਤਾ ਕਿ ਰਾਤ ਬੈਹ ਕੇ ਭਜਨ ਨਾ ਕਰਿਆ ਕਰ । ਅਸੀਂ ਤੈਨੂੰ ਕੀਤੀ ਕਰਾਈ ਦਿਆਂਗੇ । ਜੇਹੜੀ ਸੇਵਾ ਵਿਚ ਲੱਗਾ ਹੈਂ ਇਹੋ ਕਰੀ ਜਾ । ਸਿਖ ਸਤਿ ਬਚਨ ਮੰਨ ਕੇ ਸੇਵਾ ਕਰਨ ਲਗ ਪਿਆ ।

ਏਸੇ ਤਰ੍ਹਾਂ ਤਿੰਨ ਸਾਲ ਸੱਤ ਦਿਨ ਸੇਵਾ ਵਿਚ ਗੁਜਾਰੇ । ਫੇਰ ਬਾਬੇ ਮਹਿਤਾਬ ਸਿੰਘ ਦਾ ਅੰਤ ਸਮਾਂ ਆ ਗਿਆ । ਸਾਰਿਆਂ ਸਿਖਾਂ ਨੂੰ ਕੋਲ ਬਿਠਾ ਕੇ ਪੁਛਦੇ ਹਨ ਕਿ ਅਸਾਂ ਹੁਣ ਚੋਲਾ ਛੱਡ ਜਾਣਾ ਹੈ, ਪੁਰਾਣਾ ਹੋ ਗਿਆ ਹੈ ਤੇ ਤੁਸੀਂ ਮੰਗੋ ਜੋ ਕੁਛ ਮੰਗਣਾ ਹੈ । ਤੁਸੀਂ ਸੇਵਾ ਕੀਤੀ ਹੈ ਤੇ ਅਸੀਂ ਤੁਹਾਨੂੰ ਦੇਂਦੇ ਹਾਂ । ਇਕ ਮਾਈ ਬਰਕੀ ਦੀ ਸੀ, ਉਹ ਲੰਗਰ ਦੀ ਸੇਵਾ ਕਰਦੀ ਸੀ । ਉਸ ਮਾਈ ਨੇ ਮੱਝ ਗਾਈਂ ਜੋ ਦਿਲ ਕੀਤਾ ਮੰਗ ਲਿਆ । ਸਾਰਿਆਂ ਸਿਖਾਂ ਨੇ ਜੋ ਦਿਲ ਦੀ ਵਾਸਨਾ ਸੀ ਮੰਗ ਲਿਆ । ਫੇਰ

ਮਨੀ ਸਿੰਘ ਨੂੰ ਆਖਿਆ ਮਨੀ ਸਿੰਘ ਤੂੰ ਵੀ ਜੋ ਦਿਲ ਕਰਦਾ ਹੈ ਮੰਗ, ਅਸੀਂ ਤੈਨੂੰ ਦੇਨੇ ਆਂ । ਮਨੀ ਸਿੰਘ ਬੇਨੰਤੀ ਕੀਤੀ ਕਿ ਦੀਨ ਦਿਆਲ ਮੈਂ ਤਾਂ ਰੱਜ ਕੇ ਅਜੇ ਸੇਵਾ ਨਹੀਂ ਕੀਤੀ । ਮੈਨੂੰ ਤਾਂ ਆਪ ਦੇ ਦਰਸ਼ਨ ਤੇ ਸੇਵਾ ਦੀ ਭੁੱਖ ਹੈ । ਬਾਬੇ ਹੋਰਾਂ ਬਚਨ ਕੀਤਾ ਕਿ ਤੇਰੀ ਸੇਵਾ ਅਸੀਂ ਘਾਲ ਥਾਏਂ ਪਾਈ ਹੈ । ਤੂੰ ਜੋ ਮੰਗਣਾ ਹੈ ਮੰਗ । ਮਨੀ ਸਿੰਘ ਮੰਗ ਮੰਗੀ ਕਿ ਦੀਨ ਦਿਆਲ ਜੇ ਤੁਠੇ ਹੋ ਤੇ ਮੇਰੀ ਸੁਰਤ ਖੋਲ੍ਹ ਦਿਉ ਤੇ ਮੈਨੂੰ ਅੱਠੇ ਪਹਿਰ ਦੇ ਦਰਸ਼ਨ ਬਖ਼ਸ਼ੋ । ਬਾਬੇ ਹੋਰਾਂ ਸਾਰੀ ਸੰਗਤ ਨੂੰ ਹੁਕਮ ਦਿਤਾ ਕਿ ਸਾਰੇ ਪਰ੍ਹਾਂ ਹੋ ਜੋ, ਅਸਾਂ ਮਨੀ ਸਿੰਘ ਨਾਲ ਅਟੰਕ ਹੋ ਕੇ ਬਚਨ ਕਰਨਾ ਹੈ । ਮਨੀ ਸਿੰਘ ਨੂੰ ਕੋਲ ਬਿਠਾ ਬਾਬੇ ਮਹਿਤਾਬ ਸਿੰਘ ਹੋਰੀਂ ਬਚਨ ਦੱਸਦੇ ਹਨ ਕਿ ਅੱਜ ਤੋਂ ਵੀਹ ਸਾਲਾਂ ਨੂੰ ਨਿਹਕਲੰਕ ਅਵਤਾਰ ਘਵਿੰਡ ਪਿੰਡ ਵਿਚ ਅਵਤਾਰ ਧਾਰਨਗੇ । ਪਰੀ ਪੂਰਨ ਪਰਮੇਸ਼ਵਰ ਸੋਲਾਂ ਕਲਾ ਸੰਪੂਰਨ ਹੋਣਗੇ । ਮੁਸਲਮਾਨਾਂ ਦਾ ਅਮਾਮ ਮਹਿੰਦੀ ਵੀ ਉਹੋ ਹੀ ਹੋਵੇਗਾ । ਕਲਗੀਧਰ ਪ੍ਰੀ ਪੂਰਨ ਪਰਮੇਸ਼ਵਰ ਅਖਵੌਣਗੇ । ਨਿਹਕਲੰਕ ਅਵਤਾਰ ਵੀ ਉਹ ਅਖਵੌਣਗੇ । ਬਾਢੀਆਂ ਦੇ ਘਰ ਅਵਤਾਰ ਧਾਰਨਗੇ । ਚਾਰ ਭਰਾਵਾਂ ਚੋਂ ਵੱਡੇ ਦੇ ਘਰ ਜਿਸ ਦਾ ਨਾਮ ਜਵੰਦ ਸਿੰਘ ਹੈ ਜਾਮਾ ਧਾਰਨਗੇ । ਛੋਟੇ ਦਾ ਨਾਮ ਰੰਗਾ ਸਿੰਘ, ਇਕ ਦਾ ਨਾਮ ਆਸਾ ਸਿੰਘ, ਇਕ ਦਾ ਨਾਮ ਹਜ਼ਾਰਾ ਸਿੰਘ ਹੋਵੇਗਾ । ਰਾਮ ਗੜ੍ਹੀਆਂ ਸਿੰਘਾਂ ਦਾ ਘਰ ਪੁਛ ਲੈਣਾ ਤੇ ਮਨੀ ਸਿੰਘ ਹੁਣ ਤੂੰ ਏਸ ਗੁਰਦਵਾਰੇ ਵਿਚ ਕਿਸੇ ਚੀਜ ਦਾ ਲਾਲਚ ਨਹੀਂ ਕਰਨਾ । ਅਸੀਂ ਤੈਨੂੰ ਦੱਸ ਦਿਤਾ ਹੈ ਤੇ ਅਸੀਂ ਹੁਣ ਸ਼ਬਦ ਰੂਪ ਜਾਣਾ ਹੈ । ਅਸੀਂ ਹੁਣ ਚਾਦਰ ਤਾਣ ਕੇ ਲੰਮੇ ਪੈਣ ਲੱਗੇ ਹਾਂ । ਸਾਨੂੰ ਕਵਾਇਓ ਨਾ । ਸਾਡਾ ਇਹ ਵਿਹਾਰ ਭੁਗਤਾ ਕੇ ਦੇਸ਼ ਨੂੰ ਚਲਾ ਜਾਵੀਂ, ਏਥੇ ਨਾ ਰਹੀਂ । ਜਦੋਂ ਅਵਤਾਰ ਧਾਰਨਗੇ ਪ੍ਰੀ ਪੂਰਨ ਮਹਾਰਾਜ ਸ਼ੇਰ ਸਿੰਘ ਆਪੇ ਵਾਜ ਮਾਰ ਲੈਣਗੇ । ਫੇਰ ਤਕੜਾ ਹੋ ਕੇ ਸੇਵਾ ਨੂੰ ਲਗ ਪਈਂ ਡੋਲੀਂ ਨਾ । ਤੈਨੂੰ ਸਭ ਕੁਛ ਉਥੋਂ ਮਿਲ ਜਾਊਗਾ ਜੋ ਮੂੰਹੋਂ ਮੰਗੇਂਗਾ । ਅਸੀਂ ਵੀ ਉਥੇ ਹੋਵਾਂਗੇ । ਫੇਰ ਬਾਬਾ ਮਹਿਤਾਬ ਸਿੰਘ ਦੇਹ ਛੱਡ ਗਏ । ਮਨੀ ਸਿੰਘ ਮੋਛਾ ਕਰ ਕੇ ਗੁਰਾਂ ਦਾ ਹੁਕਮ ਮੰਨ ਕੇ ਆਪਣੇ ਨਗਰ ਮਾਲਵੇ ਨੂੰ ਚਲਿਆ ਆਇਆ । ਏਸ ਗੁਰਦਵਾਰੇ ਵਿਚੋਂ ਕਿਸੇ ਚੀਜ ਦਾ ਲਾਲਚ ਨਹੀਂ ਕੀਤਾ ।

## ਮਹਾਰਾਜ ਸ਼ੇਰ ਸਿੰਘ ਜੀ ਨੇ ਅਵਤਾਰ ਧਾਰਨਾ ਤੇ ਮਨੀ ਸਿੰਘ ਨੂੰ ਜਣਾਈ ❊

ਪੰਜ ਜੇਠ ਦਿਨ ਮੰਗਲਵਾਰ ਸੰਮਤ ਬਿਕ੍ਰਮੀ ੧੯੪੮ ਨੂੰ ਮਹਾਰਾਜ ਜੀ ਨੇ ਮਾਤਾ ਤਾਬੋ ਦੀ ਕੁਖੋਂ ਭਾਈ ਜਵੰਦ ਸਿੰਘ ਪੁੱਤਰ ਭਾਈ ਜੇਠਾ ਸਿੰਘ ਦੇ ਘਰ ਅਵਤਾਰ ਧਾਰਿਆ ਹੈ ਜੀ । ਪਿੰਡ ਦਾ ਨਾਂ ਘਵਿੰਡ, ਤਹਿਸੀਲ ਕਸੂਰ ( ਜੋ ਹੁਣ ਪਾਕਿਸਤਾਨ ਵਿਚ ਹੈ ) ਜ਼ਿਲਾ ਲਾਹੌਰ ਦਾ ਹੈ ਜੀ । ਸਾਰੇ ਪਿੰਡ ਨੇ ਖੁਸ਼ੀ ਮਨਾਈ ਹੈ । ਭਾਈ ਜਵੰਦ ਸਿੰਘ ਨੂੰ ਵਧਾਈਆਂ ਮਿਲਣ ਲਗ ਪਈਆਂ । । ਗਰੀਬ ਗੁਰਬਾ ਸਭ ਸੱਚੇ ਪਿਤਾ ਦੇ ਜਨਮ ਦੀ ਵਧਾਈ ਦੇ ਕੇ ਮਾਇਆ ਬਸਤਰ ਲੈ ਕੇ ਖ਼ੁਸ਼ੀ ਖ਼ੁਸ਼ੀ ਜਾ ਰਹੇ ਹਨ ਜੀ । ਸੰਸਾਰ ਉਤੇ ਭਾਈ ਜਵੰਦ ਸਿੰਘ ਵੀ ਸਾਰ ਨਹੀਂ ਪਾਈ ਕਿ ਨਿਹਕਲੰਕ ਅਵਤਾਰ ਕਲਜੁਗ ਵਿਚ ਮੇਰੇ ਘਰ ਗਰੀਬਾਂ ਨੂੰ ਤਾਰਨ ਲਈ ਅਵਤਾਰ ਧਾਰਿਆ ਹੈ ਜੀ । ਨਗਰ ਦੇ ਵਾਸੀਆਂ ਵੀ ਸਾਰ ਨਹੀਂ ਪਾਈ ਕਿ ਅਵਤਾਰ ਹਨ ਜੀ, ਸੱਚੇ ਪਾਤਸ਼ਾਹ ਐਸੀ ਮਾਇਆ ਸੰਸਾਰ ਤੇ ਪਾ ਛੱਡੀ ਹੈ ਜੀ । ਜਾਣੀ ਜਾਣ ਸੱਚੇ ਪਿਤਾ ਆਪ ਆਪੇ ਬਾਪ ਦੇ ਮੁੱਖੋਂ ਕਢਾ ਕੇ ਸ਼ੇਰ ਸਿੰਘ ਨਾਮ ਰਖਾਇਆ ਹੈ । ਕਿਉਂਕਿ ਬਾਬੇ ਮਹਿਤਾਬ ਸਿੰਘ ਦਾ ਉਧਰ ਬਚਨ ਸੀ ਕਿ ਮਹਾਰਾਜ ਸ਼ੇਰ ਸਿੰਘ ਨਾਮ ਹੋਵੇ ਗਾ । ਛੇ ਮਹੀਨੇ ਤੱਕ ਮਾਪੇ ਖ਼ੁਸ਼ੀਆਂ ਕਰਦੇ ਰਹੇ ਹਨ ਜੀ । ਛੇ ਮਹੀਨੇ ਤੋਂ ਬਾਅਦ ਮਨੀ ਸਿੰਘ ਨੂੰ ਮਾਲਵੇ ਦੇਸ਼ ਵਿਚ ਰਾਤ ਸੁੱਤੇ ਪਏ ਨੂੰ ਟੁੰਬ ਕੇ ਉਠਾਇਆ ਹੈ । ਏਹ ਮਨੀ ਸਿੰਘ ਦੇ ਮੁਖਵਾਕ ਹਨ ਕਿ ਮੈਨੂੰ ਤਿੰਨ ਦਿਨ ਰਾਤ ਵਾਜਾਂ ਵਜਦੀਆਂ ਰਹੀਆਂ ਹਨ ਜੀ । ਮਨੀ ਸਿੰਘ ਦਿਲ ਵਿਚ ਅਰਦਾਸ ਕੀਤੀ ਕਿ ਸੱਚੇ ਪਿਤਾ ਮੈਨੂੰ ਸਮਝ ਨਹੀਂ ਔਂਦੀ, ਦਇਆ ਕਰ ਕੇ ਮੈਨੂੰ ਸਪਸ਼ਟ ਬਚਨ ਦੱਸੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕ੍ਰਿਸ਼ਨ ਦੇ ਜਾਮੇਂ ਅਤੇ ਛੇਵੀਂ ਪਾਤਸ਼ਾਹੀ



ਸਤਿਗੁਰ ਸੰਤ ਮਨੀ ਸਿੰਘ

ਦੇ ਜਾਮੇਂ ਦਾ ਦਰਸ਼ਨ ਦਿਤਾ ਅਤੇ ਬਾਹੋਂ ਫੜ ਕੇ ਆਖਣ ਲੱਗੇ ਮਨੀ ਸਿੰਘ ਸਾਡੀ ਸੇਵਾ ਵਿਚ ਹਾਜ਼ਰ ਹੋ ਜਾ, ਅਸੀਂ ਘਵਿੰਡ ਪਿੰਡ ਵਿਚ ਅਵਤਾਰ ਧਾਰਿਆ ਹੈ । ਘਰ ਦੇ ਬੂਹੇ ਦਾ ਮੂੰਹ ਲੈਂਹਦੇ ਪਾਸੇ ਤੇ ਗਲੀ ਦੇ ਬੂਹੇ ਦਾ ਮੂੰਹ ਚੜ੍ਹਦੇ ਪਾਸੇ ਹੈ ਤੇ ਸਾਡੇ ਖੱਬੇ ਗਿਟੇ ਤੇ ਨਿਸ਼ਾਨ ਹੋਵੇਗਾ । ਸਾਡੇ ਨਾਂ ਦੇ ਸੰਸਾਰ ਵਿਚ ਤੂੰ ਢੋਲ ਮਾਰਨੇ ਹਨ ਤੇ ਅਸੀਂ ਕਿਸੇ ਨੂੰ ਉਠਣ ਨਹੀਂ ਦੇਣਾ, ਐਸੀ ਮਾਇਆ ਪਾਵਾਂਗੇ । ਏਨੇ ਬਚਨ ਕਰਕੇ ਸੱਚੇ ਪਿਤਾ ਅਲੋਪ ਹੋ ਗਏ ਹਨ ਜੀ । ਮਨੀ ਸਿੰਘ ਨੂੰ ਜਾਗ ਆਈ ਤੇ ਫੇਰ ਸਾਰੇ ਬਚਨ ਚੇਤੇ ਆਏ । ਸਾਰੇ ਵਿਹਾਰ ਛੱਡ ਕੇ ਘਵਿੰਡ ਪਿੰਡ ਨੂੰ ਉਠ ਭੱਜਾ । ਮੰਜ਼ਲੋ ਮੰਜ਼ਲੀ ਮਾਝੇ ਦੇਸ ਵਿਚ ਬਰਕੀ ਆ ਪਹੁੰਚਾ ਤੇ ਆਣ ਕੇ ਭੰਗਾਲੀ ਲਾਗੇ ਸਾਰੇ ਵਾਕਫ ਸਿਖਾਂ ਦੇ ਦਰਸ਼ਨ ਕੀਤੇ । ਸਾਰਿਆਂ ਬੜਾ ਆਦਰ

ਮਾਨ ਕੀਤਾ ਤੇ ਸਾਰੇ ਕਹਿਣ ਬਾਬਾ ਜੀ ਬੜੇ ਚਿਰਾਂ ਪਿਛੋਂ ਤੁਹਾਡੇ ਦਰਸ਼ਨ ਹੋਏ ਹਨ । ਮਨੀ ਸਿੰਘ ਬਚਨ ਕੀਤਾ ਕਿ ਪਰਮੇਸ਼ਵਰ ਦੇ ਹੁਕਮ ਵਿਚ ਹਾਂ । ਗੁਰਾਂ ਨੇ ਮੈਨੂੰ ਹੁਕਮ ਦਿਤਾ ਸੀ ਕਿ ਜਦੋਂ ਅਸੀਂ ਅਵਤਾਰ ਧਾਰਾਂਗੇ ਤੈਨੂੰ ਵਾਜ ਮਾਰਾਂਗੇ । ਸੋਈ ਹੁਣ ਬਚਨ ਪੂਰਾ ਹੋਇਆ ਹੈ । ਸੱਚੇ ਪਿਤਾ ਨੇ ਅਵਤਾਰ ਧਾਰਿਆ ਹੈ ਤੇ ਸਾਨੂੰ ਵਾਜ ਮਾਰੀ ਹੈ । ਅਸਾਂ ਹੁਣ ਓਨਾਂ ਨੂੰ ਲੱਭਣਾ ਤੇ ਢੂੰਡਣਾ ਹੈ । ਏਸੇ ਤਰ੍ਹਾਂ ਸਾਰੇ ਸਿਖਾਂ ਨਾਲ ਮਨੀ ਸਿੰਘ ਬਚਨ ਕਰਦਾ ਹੈ ਕਿ ਨਿਹਕਲੰਕ ਅਵਤਾਰ ਕਲਜੁਗ ਵਿਚ ਆਏ ਹਨ । ਜਿਸ ਵਕਤ ਬਚਨ ਸੁਣੇ ਤੇ ਸਿਖ ਬੜੇ ਖ਼ੁਸ਼ ਹੋਏ । ਇਕ ਕਾਨ੍ਹ ਸਿੰਘ ਭੰਗਾਲੀ ਦਾ ਸਿਖ ਹੈ, ਉਸ ਦੀ ਜਨਾਨੀ ਦਾ ਨਾਮ ਦੇਈ ਹੈ । ਓਨਾਂ ਪ੍ਰੇਮ ਕੀਤਾ ਤੇ ਆਖਿਆ ਮਨੀ ਸਿੰਘ ਸਾਨੂੰ ਵੀ ਦਰਸ਼ਨ ਕਰਾਓ ਜੀ । ਇਕ ਲਖਾਰਾ ਸਿੰਘ ਭੰਗਾਲੀ ਦਾ ਸਿਖ ਹੈ ਜੀ, ਓਸ ਵੀ ਬੇਨੰਤੀ ਕੀਤੀ ਬਾਬਾ ਜੀ ਸਾਨੂੰ ਵੀ ਦੀਨ ਦਿਆਲ ਦੇ ਦਰਸ਼ਨ ਕਰਾਓ । ਤੁਸੀਂ ਸਾਡੇ ਗੁਰੂ ਹੋਇਓ ਜੇ । ਕੋਰੀਆਂ ਦਾ ਬੋਲ ਸਿੰਘ ਸਿਖ ਹੈ, ਓਸ ਵੀ ਬੜਾ ਪ੍ਰੇਮ ਕੀਤਾ । ਇਕ ਕਾਹਨ ਸਿੰਘ ਕੋਰੀਆਂ ਦਾ ਸਿਖ ਕਾਰੀਗਰ ਸੀ ਓਸ ਵੀ ਬੜਾ ਪ੍ਰੇਮ ਕੀਤਾ । ਬਚਨ ਸੁਣ ਕੇ ਹੋਰ ਵੀ ਸਿਖ ਜੇਹੜੇ ਭਾ ਪ੍ਰੇਮ ਵਾਲੇ ਸਨ ਤਿਆਰ ਹੋ ਗਏ । ਫੇਰ ਭੰਗਾਲੀ ਮਾਈ ਦੇਈ ਨੂੰ ਬਾਬੇ ਹੋਰਾਂ ਸਾਰੀਆਂ ਨਿਸ਼ਾਨੀਆਂ ਦੱਸੀਆਂ ਤੇ ਆਖਿਆ ਜਾ ਬੇਬੇ ਘਵਿੰਡ ਜਾ ਕੇ ਦੀਨ ਦਿਆਲ ਦਾ ਪਤਾ ਲਿਆ । ਮਾਈ ਸਤਿ ਬਚਨ ਮੰਨ ਕੇ ਤੁਰ ਪਈ ਤੇ ਆਣ ਕੇ ਨਗਰ ਵਿਚ ਬੜਾ ਸ਼ੁਕਰ ਮਨਾਇਆ ਕਿ ਏਸ ਨਗਰ ਵਿਚ ਵੱਡੇ ਦਿਆਲੂਆਂ ਨੇ ਅਵਤਾਰ ਧਾਰਿਆ ਹੈ । ਘਰ ਪੁਛ ਕੇ ਆ ਗਈ ਜਲ ਛਕਣ ਦੇ ਪਜ, ਬੱਚੇ ਖੇਡਦਿਆਂ ਵਲ ਬੜਾ ਧਿਆਨ ਕਰਦੀ ਹੈ । ਮਾਈ ਤਾਬੋ ਸੱਚੇ ਪਿਤਾ ਦੀ ਮਾਤਾ ਨਾਲ ਬੇਬੇ ਬਚਨ ਕਰਦੀ ਹੈ, ਮਾਤਾ ਜੀ ਤੁਹਾਡੇ ਬੱਚੇ ਕੇਹੜੇ ਹਨ ? ਮਾਤਾ ਦੱਸਦੀ ਹੈ ਬੇਬੇ ਜੀ ਔਹ ਖੇਡਦੇ ਹਨ । ਮਾਈ ਦੇਈ ਨੂੰ ਸੱਚੇ ਪਿਤਾ ਦੀ ਪਰਖ ਨਹੀਂ ਆਈ । ਫੇਰ ਭੰਗਾਲੀ ਸੰਤਾਂ ਦੇ ਕੋਲ ਚਲੀ ਗਈ ਤੇ ਆਖਣ ਲੱਗੀ ਬਾਬਾ ਮਨੀ ਸਿੰਘ ਜੀ ਮੈਨੂੰ ਕੋਈ ਪਛਾਣ ਨਹੀਂ ਆਈ । ਏਧਰ ਮਾਤਾ ਤਾਬੋ ਤੇ ਭਾਈ ਜਵੰਦ ਸਿੰਘ ਸੋਚਦੇ ਵਿਚਾਰਦੇ ਹਨ ਕਿ ਮਾਈ ਜੇਹੜੀ ਆਈ ਸੀ ਪੁਛਦੀ ਸੀ ਕਿ ਆਪ ਦਾ ਬੱਚਾ ਕੇਹੜਾ ਹੈ । ਖੌਰੇ ਕੋਈ ਸਾਕ ਕਰਨ ਦੀ ਸਲਾਹ ਹੋਵੇਗੀ । ਏਨਾਂ ਨੂੰ ਵੀ ਦੀਨ ਦਿਆਲ ਦੀ ਸਾਰ ਕੋਈ ਨਹੀਂ ਸੀ, ਪੁੱਤਰ ਕਰ ਕੇ ਹੀ ਸਮਝਦੇ ਸਨ । ਓਧਰ ਬਾਬਾ ਮਨੀ ਸਿੰਘ ਨੇ ਭੰਗਾਲੀਉਂ ਭਾਈ ਕਾਨ੍ਹ ਸਿੰਘ, ਲਿਖਾਰਾ ਸਿੰਘ, ਮਾਈ ਦੇਈ, ਕੋਰੀਆਂ ਵਾਲਾ ਬੋਲ ਸਿੰਘ ਨੂੰ ਨਾਲ ਲੈ ਲਿਆ ਤੇ ਸਾਰੇ ਤੁਰ ਪਏ ਤੇ ਰਾਮ ਪੁਰ ਨਗਰ ਵਿਚ ਗੁਰਦਵਾਰੇ ਤੇ ਆ ਪਹੁੰਚੇ । ਓਥੇ ਇਕ ਸੰਤਨੀ ਸੀ ਗੁਰਦਵਾਰੇ ਵਿਚ ਰਹਿੰਦੀ । ਉਸ ਦਾ ਨਾਮ ਮਾਈ ਗੁਲਾਬੀ ਸੀ ਓਹ ਸਿਖਾਂ ਦਾ ਦਰਸ਼ਨ ਕਰ ਕੇ ਬੜੀ ਖ਼ੁਸ਼ ਹੋਈ ਤੇ ਬੜੀ ਸਿਖਾਂ ਦੀ ਟੈਹਲ ਸੇਵਾ ਕੀਤੀ । ਰਾਮ ਪੁਰੇ ਦਾ ਇਕ ਬੁੱਢਾ ਸਿੰਘ ਸਿਖ ਸੀ । ਬੜਾ ਉਹ ਗੁਰੂ ਘਰ ਦਾ ਪ੍ਰੇਮੀ ਸੀ ਤੇ ਆਖਣ ਲੱਗਾ ਬਾਬਾ ਜੀ ਬੜੇ ਚਿਰਾਂ ਪਿਛੋਂ ਦਰਸ਼ਨ ਦਿਤੇ ਹਨ । ਬਾਬੇ ਮਨੀ ਸਿੰਘ ਆਖਿਆ, ਸਿਖਾ, ਸਾਨੂੰ ਗੁਰ ਦਾ ਹੁਕਮ ਸੀ ਕਿ ਅੱਜ ਤੋਂ ੨੦ ਸਾਲਾਂ ਨੂੰ ਅਸਾਂ ਅਵਤਾਰ ਧਾਰਨਾ ਹੈ ਜਦੋਂ ਧਾਰਾਂਗੇ ਤੈਨੂੰ ਵਾਜ ਮਾਰਾਂਗੇ ਤੇ ਫੇਰ ਸੇਵਾ ਕਰ ਲਈਂ, ਸਾਨੂੰ ਹੁਣ ਦਰਸ਼ਨ ਹੋਇਆ ਹੈ ਤੇ ਅਸੀਂ ਸੱਚੇ ਪਿਤਾ ਨਿਹਕਲੰਕ ਅਵਤਾਰ ਤ੍ਰਿਲੋਕੀ ਨਾਥ ਨੂੰ ਭਾਲਣ ਆਏ ਹਾਂ । ਸਿਖ ਨੂੰ ਸੁਣ ਕੇ ਬੜੀ ਖ਼ੁਸ਼ੀ ਹੋਈ ਤੇ ਕਹਿਣ ਲੱਗੇ ਬਾਬਾ ਜੀ ਸਾਡੇ ਧੰਨ ਭਾਗ ਹਨ, ਤੇ ਤੁਸੀਂ ਸਾਡੇ ਗੁਰੂ ਹੋਏ ਜੋ, ਕਿਉਂਕਿ ਤੁਹਾਡੇ ਜਰੀਏ ਸਾਨੂੰ ਅਵਤਾਰ ਦੇ ਦਰਸ਼ਨ ਹੋਣੇ ਹਨ । ਫੱਗਣ ਦਾ ਮਹੀਨਾ ਹੈ । ਸੰਮਤ ੧੯੪੮ ਬਿਕ੍ਰਮੀ ਹੋਲੇ ਮਹੱਲੇ ਦੇ ਪਜ ਬਾਲਣ ਲੈਣ ਵਾਸਤੇ ਗੱਡਾ ਤਿਆਰ ਕਰ ਕੇ ਮਨੀ ਸਿੰਘ ਸਿਖਾਂ ਨੂੰ ਨਾਲ ਲੈ ਕੇ ਸਤਿਗੁਰਾਂ ਨੂੰ ਭਾਲਣ ਤੁਰ ਪਏ ਹਨ । ਦਰਖਤ ਵੱਢਣ ਦੇ ਪਜ ਘਵਿੰਡ ਪਿੰਡ ਵਿਚ ਆ ਵੜੇ ਹਨ । ਪਿੰਡ ਵਿਚ ਆ ਕੇ ਬਚਨ ਕਰਦੇ ਹਨ, ਕਿ ਭਾਈ ਜੀ ਅਸੀਂ ਹੋਲੇ ਮਹੱਲੇ ਵਾਸਤੇ ਲੰਗਰ ਵਿਚ ਗੁਰਦਵਾਰੇ ਬਾਲਣ ਖੜਨਾ ਹੈ । ਲੋਕਾਂ ਆਖਿਆ ਬਾਬਾ ਜੀ ਇਕ ਪਿਪਲ ਸੁੱਕਾ ਹੈਗਾ, ਓਹ ਤੁਸੀਂ ਲੈ ਲੋ ਤੇ ਜੋ ਹੋਰ ਆਖੋਗੇ ਤੇ ਹੋਰ ਦੇ ਦਿਆਂਗੇ । ਮਨੀ ਸਿੰਘ ਬਚਨ ਕਰਦੇ ਹਨ ਕਿ ਬੇਅੰਤ ਹੈ ਜੀ, ਗੱਡਾ ਭਰ ਜਾਵੇਗਾ । ਬਾਲਣ ਦਾ ਤਾਂ ਇਕ ਬਹਾਨਾ ਸੀ, ਭੁੱਖ ਤਾਂ ਸੱਚੇ

ਪਿਤਾ ਦੇ ਦਰਸ਼ਨਾ ਦੀ ਸੀ । ਏਨੇ ਬਚਨ ਕੀਤੇ ਹਨ ਤੇ ਮਹਾਰਾਜ ਸ਼ੇਰ ਸਿੰਘ ਦਾ ਪਿਤਾ ਜਵੰਦ ਸਿੰਘ ਕੋਲ ਦੀ ਲੰਘਿਆ ਹੈ ਤੇ ਪਰ੍ਹੇ ਦੇ ਜ਼ਿਮੀਦਾਰ ਵਾਜ ਮਾਰ ਕੇ ਆਖਦੇ ਹਨ, ਭਾਈ ਜਵੰਦ ਸਿੰਘ ਸੰਤਾਂ ਦਾ ਇਕ ਕੰਮ ਹੈ । ਓਨ ਆਖਿਆ ਦੱਸੋ ਜੀ, ਕੀ ਹੁਕਮ ਹੈ । ਸਾਰੇ ਆਖਣ ਲੱਗੇ ਸੰਤਾਂ ਨੇ ਬਾਲਣ ਖੜਨਾ ਹੈ, ਵੱਢ ਕੇ ਟੋਟੇ ਕਰ ਦੇਵੇਂ ਤਾਂ ਲੱਦ ਕੇ ਲੈ ਜਾਣ । ਓਨ ਸਤਿ ਬਚਨ ਮੰਨ ਕੇ, ਆਰੀ ਕੁਹਾੜਾ ਲਿਆ ਕੇ ਟੋਟੇ ਕਰਨ ਲਗ ਪਿਆ । ਟਹਿਣ ਵਢਦਿਆਂ ਨੂੰ ਰੋਟੀ ਵੇਲਾ ਹੋ ਗਿਆ ਤੇ ਪਿੰਡ ਦਿਆਂ ਵਾਸੀਆਂ ਘਰ ਘਰ ਦੀ ਰੋਟੀ ਲਿਆਂਦੀ ਤੇ ਬੇਨੰਤੀ ਕੀਤੀ, ਬਾਬਾ ਜੀ ਪਰਸ਼ਾਦ ਛਕ ਲਓ । ਸਾਰੇ ਬੈਹ ਕੇ ਜਿਸ ਵੇਲੇ ਪਰਸ਼ਾਦ ਛਕਣ ਲੱਗੇ ਤੇ ਬਾਬੇ ਮਨੀ ਸਿੰਘ ਹੋਰੀਂ ਪੁਛਦੇ ਹਨ ਕਿ ਭਾਈ ਕੇਹੜੇ ਸਿਖ ਨੇ ਪਰਸ਼ਾਦ ਤਿਆਰ ਕੀਤਾ ਹੈ । ਸਾਰਿਆਂ ਆਖਿਆ ਬਾਬਾ ਜੀ ਸਾਰੀ ਗਲੀ ਵਿਚੋਂ ਇਕ ਇਕ ਪਰਸ਼ਾਦਾ ਲਿਆਂਦਾ ਹੈ । ਬਾਬੇ ਹੋਰਾਂ ਬਚਨ ਕੀਤਾ ਭਾਈ ਜੀ ਅਸਾਂ ਘਰ ਘਰ ਦਾ ਪਰਸ਼ਾਦਾ ਨਹੀਂ ਛਕਣਾ । ਕੋਈ ਨਹੀਂ ਅਗੋਂ ਬੋਲਿਆਂ ਕਿ ਬਾਬਾ ਜੀ ਅਸੀਂ ਇਕ ਘਰੋਂ ਆਪ ਦਾ ਪਰਸ਼ਾਦ ਤਿਆਰ ਕਰਕੇ ਲਿਔਦੇ ਹਾਂ । ਜਿਸ ਵੇਲੇ ਸਾਰੇ ਚੁਪ ਕਰ ਗਏ ਤੇ ਭਾਈ ਜਵੰਦ ਸਿੰਘ ਸੱਚੇ ਪਿਤਾ ਦੇ ਬਾਪ ਨੇ ਬੇਨੰਤੀ ਕੀਤੀ, ਬਾਬਾ ਜੀ ਹੁਕਮ ਦਿਓ ਤੇ ਮੈਂ ਆਪ ਦਾ ਪਰਸ਼ਾਦ ਤਿਆਰ ਕਰਵਾ ਦਿੰਦਾ ਹਾਂ । ਸੰਤਾਂ ਨੇ ਪਰਸ਼ਾਦ ਮੰਨ ਲਿਆ । ਬਾਬੇ ਜਵੰਦ ਸਿੰਘ ਘਰ ਜਾ ਕੇ ਆਖਿਆ ਕਿ ਸੰਤ ਆਏ ਹਨ, ਪਰਸ਼ਾਦ ਤਿਆਰ ਕਰਨਾ ਹੈ । ਮਾਈ ਤਾਬੋ ਆਖਿਆ ਸਤਿ ਬਚਨ ਜੀ, ਬੜੀ ਖ਼ੁਸ਼ੀ ਹੈ । ਜਿਸ ਵੇਲੇ ਪਰਸ਼ਾਦ ਤਿਆਰ ਹੋ ਗਿਆ ਅਸੀਂ ਖ਼ਬਰ ਕਰ ਦਿਆਂਗੇ । ਭਾਈ ਜਵੰਦ ਸਿੰਘ ਆ ਕੇ ਲੱਕੜਾਂ ਵੱਢ ਕੇ ਟੋਟੇ ਕਰ ਕੇ ਗੱਡੇ ਤੇ ਲੱਦ ਦਿਤੀਆਂ । ਜਿਸ ਵੇਲੇ ਗੱਡਾ ਤਿਆਰ ਹੋ ਗਿਆ ਓਸੇ ਵਕਤ ਪਰਸ਼ਾਦ ਵੀ ਤਿਆਰ ਹੋ ਗਿਆ ਤੇ ਵਾਜ਼ ਵੱਜ ਪਈ । ਭਾਈ ਜਵੰਦ ਸਿੰਘ ਬਾਬੇ ਮਨੀ ਸਿੰਘ ਅਗੇ ਬੇਨੰਤੀ ਕਰਦੇ ਹਨ ਕਿ ਬਾਬਾ ਜੀ ਪਰਸ਼ਾਦ ਤਿਆਰ ਹੈ, ਦਇਆ ਕਰੋ । ਬਾਬਾ ਮਨੀ ਸਿੰਘ ਸਿਖਾਂ ਸਮੇਤ ਜੇਹੜੇ ਨਾਲ ਆਏ ਸਨ, ਪਰਸ਼ਾਦ ਛਕਣ ਘਰ ਨੂੰ ਤੁਰ ਪਏ ਹਨ । ਮਨੀ ਸਿੰਘ ਨਾਲ ਦੇ ਸਿਖਾਂ ਨਾਲ ਬਚਨ ਕਰਦਾ ਹੈ ਕਿ ਪਰਸ਼ਾਦ ਲੈ ਚਲੀਏ । ਦੁਕਾਨ ਤੋਂ ਕੂਜਿਆਂ ਦੀ ਮਿਸ਼ਰੀ ਤੇ ਪਤਾਸੇ ਪਰਸ਼ਾਦ ਲੈ ਲਿਆ ਹੈ ਜੀ ਤੇ ਭਾਈ ਜਵੰਦ ਸਿੰਘ ਦੇ ਨਾਲ ਤੁਰ ਪਏ ਹਨ । ਜਿਸ ਵਕਤ ਗਲੀ ਵਿਚ ਗਏ ਤੇ ਜਿਸ ਤਰ੍ਹਾਂ ਬਚਨ ਕੀਤਾ ਸੀ ਸਤਿ ਹੈ । ਚੜ੍ਹਦੇ ਪਾਸੇ ਬੂਹਾ ਹੈ ਤੇ ਅੰਦਰਲਾ ਦਰਵਾਜਾ ਲਹਿੰਦੇ ਪਾਸੇ ਹੈ । ਅੰਦਰ ਲੰਘ ਕੇ ਬਾਬਾ ਮਨੀ ਸਿੰਘ ਬਚਨ ਕਰਦੇ ਹਨ ਕਿ ਭਾਈ ਜੀ ਇਕ ਪਲੰਘ ਚੰਗਾ ਸਾਫ ਵਿਛਾ ਦਿਓ । ਨਵਾ ਬਿਸਤਰਾ ਵਿਛਾ ਦਿਓ । ਉਚਾ ਸੁੱਚਾ ਬਿਸਤਰਾ ਵਿਛਾ ਕੇ ਤੇ ਉਤੇ ਬਾਬੇ ਮਨੀ ਸਿੰਘ ਪਰਸ਼ਾਦ ਰਖ ਦਿਤਾ । ਸੱਚੇ ਪਾਤਸ਼ਾਹ ਬਾਹਰ ਖੇਡਦੇ ਹਨ । ਤੇ ਸਾਰਿਆਂ ਨਿਆਣਿਆਂ ਨੂੰ ਛੱਡ ਕੇ ਸੱਚੇ ਪਾਤਸ਼ਾਹ ਕੱਲੇ ਅੰਦਰ ਆ ਗਏ ਹਨ । ਪਲੰਘ ਦੇ ਲਾਗੇ ਖਲੋ ਕੇ ਤੇ ਪਰਸ਼ਾਦ ਵਿਚੋਂ ਇਕ ਪਤਾਸਾ ਫੜ ਕੇ ਸੱਚੇ ਪਿਤਾ ਦਿਲ ਦੀਆਂ ਜਾਨਣ ਵਾਲੇ ਨੇ, ਆਸਾਂ ਮੁਰਾਦਾਂ ਪੂਰੀਆਂ ਕਰਨ ਵਾਲੇ ਨੇ ਮੁਖ ਵਿਚ ਪਾ ਕੇ ਭੋਗ ਲਾਇਆ ਤੇ ਪਰਸ਼ਾਦ ਨੂੰ ਉਚਾ ਸੁੱਚਾ ਤੇ ਪਵਿੱਤਰ ਕੀਤਾ ਜੀ । ਪਤਾਸੇ ਮੁੱਠ ਵਿਚ ਫੜ ਕੇ ਰਿੜ ਕੇ ਜਾ ਬਾਬੇ ਮਨੀ ਸਿੰਘ ਹੋਰਾਂ ਨੂੰ ਪਰਸ਼ਾਦ ਦੇ ਕੇ ਨਿਹਾਲ ਕੀਤਾ । ਬਾਬੇ ਮਨੀ ਸਿੰਘ ਗਿਟੇ ਵਾਲੀ ਨਿਸ਼ਾਨੀ ਵੀ ਪਛਾਣ ਲਈ । ਮਨੀ ਸਿੰਘ ਨੂੰ ਨਿਸਚਾ ਹੋ ਗਿਆ ਕਿ ਏਹੋ ਈ ਮੇਰੇ ਦਿਲ ਦੀਆਂ ਜਾਨਣ ਵਾਲਾ ਸੱਚਾ ਸਾਹਿਬ ਹੈ ਤੇ ਸੰਤ ਢੈਹ ਕੇ ਚਰਨੀ ਪੈ ਗਏ । ਬਾਬੇ ਮਨੀ ਸਿੰਘ ਹੋਰੀਂ ਕੁਛੜ ਚੁਕ ਕੇ ਸੱਚੇ ਪਾਤਸ਼ਾਹ ਨੂੰ ਪਲੰਘ ਤੇ ਬਿਠਾ ਦੇਂਦੇ ਹਨ, ਤੇ ਆਪ ਦੇ ਦਾੜੇ ਨਾਲ ਚਰਨ ਝਾੜਦੇ ਹਨ ਜੀ । ਖ਼ੁਸ਼ੀ ਨਾਲ ਜਾਮੇ ਵਿਚ ਨਹੀ ਸਮੌਂਦੇ । ਨਾਲ ਜੇਹੜੇ ਸਿਖ ਸਨ ਓਹ ਭੀ ਦਾੜੇ ਨਾਲ ਚਰਨ ਝਾੜਦੇ ਹਨ । ਨਿਹਾਲੋ ਨਿਹਾਲ ਹੋ ਰਹੇ ਹਨ ਜੀ । ਸੱਚੇ ਪਾਤਸ਼ਾਹ ਮਘਨ ਹੋਏ ਪਲੰਘ ਤੇ ਬੈਠੇ ਹਨ । ਸਿਖ ਚਰਨਾਂ ਵਿਚ ਖਲੋਤੇ ਹਨ ਤੇ ਓਸ ਵਕਤ ਐਸਾ ਸਮਾਂ ਸੁਹਾਵਣਾ ਹੈ ਕਿ ਜਿਸ ਤਰ੍ਹਾਂ ਸਚਖੰਡ । ਪਾਤਸ਼ਾਹ ਦੀਆਂ ਪਰਕਰਮਾਂ ਕਰ ਰਹੇ ਹਨ ਜੀ ਤੇ ਆਪ ਦਾ ਜਨਮ ਸੁਫਲਾ ਕਰ ਰਹੇ ਹਨ । ਮਾਈ ਤਾਬੋ ਤੇ ਭਾਈ ਜਵੰਦ ਸਿੰਘ ਬੜੇ ਹੈਰਾਨ ਪਰੇਸ਼ਾਨ ਹੋ ਰਹੇ ਹਨ । ਭਾਈ ਜਵੰਦ ਸਿੰਘ ਨੂੰ ਸੰਤ ਪੱਕੀ ਕਰਦੇ ਹਨ ਕਿ ਭਾਈ

ਏਹ ਤੁਹਾਡਾ ਪੁੱਤਰ ਨਹੀਂ ਇਹ ਤਾਂ ਪ੍ਰੀ ਪੂਰਨ ਪਰਮੇਸ਼ਵਰ ਤੁਹਾਡੇ ਘਰ ਅਵਤਾਰ ਧਾਰਿਆ ਹੈ । ਏਹਨਾਂ ਦਾ ਤੁਸਾਂ ਮੂੰਹ ਨਹੀਂ ਫਿਟਕਰਨਾ ਤੇ ਬਿਸਤਰਾ ਮੈਲਾ ਨਹੀਂ ਵਿਛੌਣਾ । ਏਹ ਤਾਂ ਨਿਹਕਲੰਕ ਅਵਤਾਰ ਕਲਜੁਗ ਵਿਚ ਧਰਤੀ ਦਾ ਉਧਾਰ ਕਰਨ ਆਏ ਹਨ । ਪਾਪੀਆਂ ਦਾ ਨਾਸ ਕਰਨਗੇ । ਗਊਆਂ ਤੇ ਗਰੀਬਾਂ ਦੀ ਰਛਿਆ ਕਰਨਗੇ । ਭਾਈ ਜਵੰਦ ਸਿੰਘ ਜੀ ਅਸਾਂ ਰਾਮ ਪੁਰੇ ਹੋਲਾ ਮਹੱਲਾ ਮਨੌਣਾ ਹੈ । ਤੁਸੀਂ ਨਾਲ ਸੱਚੇ ਪਾਤਸ਼ਾਹ ਨੂੰ ਲਿਔਣਾ ਤੇ ਆਪ ਵੀ ਦਰਸ਼ਨ ਦੇਣੇ ਜੀ । ਏਨੇ ਬਚਨ ਹੋਏ ਤੇ ਫੇਰ ਭਾਈ ਜਵੰਦ ਸਿੰਘ ਨੇ ਬਾਬੇ ਮਨੀ ਸਿੰਘ ਹੋਰਾਂ ਨੂੰ ਪਰਸ਼ਾਦ ਛਕਾਇਆ । ਏਸ ਤਰ੍ਹਾਂ ਬਾਬੇ ਮਨੀ ਸਿੰਘ ਸੱਚੇ ਪਾਤਸ਼ਾਹ ਨੂੰ ਲੱਭਾ ਸੀ ।

## ❊ ਬਾਬੇ ਮਨੀ ਸਿੰਘ ਜਾ ਕੇ ੫ ਸਿਖ ਘਲਣੇ ਤੇ ਸੱਚੇ ਪਾਤਸ਼ਾਹ ਸਾਰੇ ਪਰਿਵਾਰ ਸਮੇਤ ਹੋਲੇ ਮਹੱਲੇ ਤੇ ਰਾਮ ਪੁਰੇ ਜਾਣਾ ❊

ਬਾਬੇ ਮਨੀ ਸਿੰਘ ਪੰਜ ਸਿਖ ਸੱਚੇ ਪਾਤਸ਼ਾਹ ਨੂੰ ਲੈਣ ਘਲਦੇ ਹਨ । ਬੋਹਲ ਸਿੰਘ ਕੋਰੀਆਂ ਵਾਲਾ, ਕਾਹਨ ਸਿੰਘ ਭੰਗਾਲੀ ਵਾਲਾ, ਲਿਖਾਰਾ ਸਿੰਘ ਭੰਗਾਲੀ ਵਾਲਾ, ਬੁੱਢਾ ਸਿੰਘ ਰਾਮਪੁਰੇ ਵਾਲਾ, ਦੇਵਾ ਸਿੰਘ ਪਠਾਣਕਿਆਂ ਵਾਲਾ । ਪੰਜ ਸਿਖ ਸੱਚੇ ਪਾਤਸ਼ਾਹ ਨੂੰ ਲੈਣ ਆਏ ਹਨ ਜੀ । ਤਿੰਨ ਮੀਲ ਪੈਂਡਾ ਸੀ ਘਵਿੰਡ ਦਾ ਰਾਮਪੁਰੇ ਤੋਂ । ਆ ਕੇ ਸਿਖਾਂ ਨੇ ਨਿਮਸਕਾਰ ਕੀਤੀ ਤੇ ਪਰਕਰਮਾਂ ਕੀਤੀਆਂ । ਭਾਈ ਜਵੰਦ ਸਿੰਘ ਨੂੰ ਆਖਦੇ ਹਨ ਕਿ ਬਾਬਾ ਜੀ ਅਸੀਂ ਸੱਚੇ ਪਾਤਸ਼ਾਹ ਜੀ ਨੂੰ ਲੈਣ ਆਏ ਹਾਂ, ਤੁਸਾਂ ਵੀ ਸਾਰੇ ਪਰਿਵਾਰ ਨੇ ਨਾਲ ਜਾਣਾ ਹੈ, ਤਿਆਰ ਹੋ ਜਾਓ । ਸਾਰਾ ਪਰਿਵਾਰ ਤਿਆਰ ਹੋਇਆ ਹੈ । ਮਾਤਾ ਤਾਬੋ ਵੀ ਸੱਚੇ ਪਿਤਾ ਨੂੰ ਗੋਦ ਵਿਚ ਲੈ ਕੇ ਜਾ ਰਹੀ ਹੈ । ਨਾਲ ਸੱਚੇ ਪਿਤਾ ਦੇ ਤਾਏ ਚਾਚੇ ਸਾਰੇ ਜਾ ਰਹੇ ਹਨ ਜੀ । ਰਾਮਪੁਰੇ ਸਾਰੇ ਜਾ ਪਹੁੰਚੇ ਹਨ । ਤੇ ਓਥੋਂ ਦੇ ਸਿਖ ਦਰਸ਼ਨ ਕਰ ਕੇ ਬੜੇ ਨਿਹਾਲ ਹੋਏ ਹਨ ਜੀ । ਬਾਬੇ ਮਨੀ ਸਿੰਘ ਸੱਚੇ ਪਾਤਸ਼ਾਹ ਨੂੰ ਪਲੰਘ ਤੇ ਬਿਠਾ ਕੇ ਨਿਮਸਕਾਰ ਕੀਤੀ ਤੇ ਸਾਰੀ ਸੰਗਤ ਨੇ ਪਰਕਰਮਾਂ ਕੀਤੀਆਂ ਤੇ ਨਿਮਸਕਾਰ ਕੀਤੀ । ਬਾਬੇ ਮਨੀ ਸਿੰਘ ਦਾੜ੍ਹੇ ਨਾਲ ਚਰਨ ਝਾੜੇ ਹਨ ਜੀ । ਸੱਚੇ ਪਿਤਾ ਦਾ ਆਦਰ ਮਾਣ ਕਰ ਕੇ ਫੇਰ ਸਾਰੇ ਪਰਿਵਾਰ ਦੀ ਸੇਵਾ ਵਿਚ ਹਾਜਰ ਹੋ ਗਏ ਹਨ ਜੀ । ਸੰਗਤ ਨੇ ਜਲ ਪਾਣੀ ਲੀੜਾ ਕਪੜਾ ਦੇ ਕੇ ਪਰਸੰਨ ਕੀਤਾ ਜੀ ਤੇ ਭਾਈ ਜਵੰਦ ਸਿੰਘ ਤੇ ਮਾਤਾ ਤਾਬੋ ਦੇ ਸਾਰੀ ਸੰਗਤ ਦਾੜ੍ਹੇ ਨਾਲ ਚਰਨ ਝਾੜ ਰਹੇ ਹਨ ਜੀ । ਤੇ ਕਹਿੰਦੇ ਹਨ ਕਿ ਤੁਸੀਂ ਬੜੇ ਭਾਗਾਂ ਵਾਲੇ ਜੇ ਜਿਨ੍ਹਾਂ ਦੇ ਘਰ ਸੱਚੇ ਪਾਤਸ਼ਾਹ ਨਿਹਕਲੰਕ ਅਵਤਾਰ ਧਾਰਿਆ ਹੈ ਜੀ । ਰਾਮਪੁਰੇ ਨਗਰ ਵਾਸੀ ਸਭ ਦਰਸ਼ਨ ਕਰਨ ਆਏ ਹਨ । ਅਨੇਕਾ ਪਰਕਾਰ ਦੇ ਭੋਜਨ ਤਿਆਰ ਹੋ ਰਹੇ ਹਨ ਜੀ । ਧਿਔਲੀ ਦਾ ਕੜਾਹ ਪਰਸ਼ਾਦ ਤਿਆਰ ਹੋ ਰਿਹਾ ਹੈ । ਅਨੇਕਾਂ ਪਰਕਾਰ ਦੇ ਪਕਵਾਨ ਤਿਆਰ ਕਰ ਕੇ, ਸੱਚੇ ਪਾਤਸ਼ਾਹ ਦੀ ਭੇਟਾ ਰੱਖੇ ਗਏ ਹਨ ਜੀ । ਓਸ ਵਕਤ ਸੰਖ ਵੱਜ ਰਹੇ ਹਨ । ਨਰ ਸਿੰਘੇ ਸੰਤਾਂ ਨੇ ਵਜਾਏ ਹਨ । ਰਾਗੀਆਂ ਨੇ ਰਾਗ ਸ਼ੁਰੂ ਕੀਤੇ । ਪਾਠ ਦਾ ਭੋਗ ਪੈ ਗਿਆ ਤੇ ਲੰਗਰ ਖੁਲ੍ਹ ਗਏ ਹਨ । ਸੰਗਤਾਂ ਦੇ ਛਕਣ ਨੂੰ ਅਤੁਟ ਭੰਡਾਰੇ ਹਨ । ਸੰਗਤਾਂ ਛਕ ਕੇ ਆਪੋ ਆਪਣੇ ਨਗਰਾਂ ਨੂੰ ਜਾ ਰਹੀਆਂ ਹਨ । ਆਪੋ ਆਪਣੇ ਘਰੀਂ ਜਾ ਕੇ ਬਚਨ ਕਰਦੇ ਹਨ ਕਿ ਅਜ ਦਿਹਾੜਾ ਭਾਗਾਂ ਵਾਲਾ ਹੈ, ਵਿਸ਼ਨੂੰ ਭਗਵਾਨ ਨਿਹਕਲੰਕ ਅਵਤਾਰ ਦੇ ਦਰਸ਼ਨ ਹੋਏ ਹਨ । ਏਹੋ ਜਸ ਕਰ ਰਹੇ ਹਨ ਕਿ ਘਵਿੰਡ ਪਿੰਡ ਵਿਚ ਮਹਾਰਾਜ ਸ਼ੇਰ ਸਿੰਘ ਰਾਮਗੜ੍ਹਿਆਂ ਸਿਖਾਂ ਦੇ ਘਰ ਅਵਤਾਰ ਧਾਰਿਆਂ ਹੈ । ਸੰਤ ਮਨੀ ਮਾਲਵੇ ਦੇਸ ਵਿਚੋਂ ਆਇਆ ਹੈ ਤੇ ਓਸ ਆਣ ਕੇ ਮਹਾਰਾਜ ਸ਼ੇਰ ਸਿੰਘ ਨੂੰ ਲੱਭਾ ਹੈ । ਬਾਬੇ ਮਨੀ ਸਿੰਘ ਹੋਰਾਂ ਸੱਚੇ ਪਾਤਸ਼ਾਹ ਨੂੰ ਵਿਦਾ ਕਰ ਦਿਤਾ । ਸੱਚੇ ਪਿਤਾ ਆਪ ਦੇ ਨਗਰ ਘਵਿੰਡ ਪਿੰਡ ਆ ਗਏ ਹਨ । ਸੰਗਤਾਂ ਵੀ ਸਾਰੀ ਰਾਤ ਸੱਚੇ ਪਾਤਸ਼ਾਹ ਦੇ ਜਸ ਕਰ ਰਹੀਆਂ ਹਨ ਜੀ । ਸਵੇਰੇ ਫਿਰ ਬਾਬੇ ਮਨੀ ਸਿੰਘ ਸਿਖਾਂ ਨੂੰ ਆਖਿਆ ਕਿ ਜਾਓ ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ ਨੂੰ ਚੁਕ ਕੇ ਲੈ ਆਓ ਜੀ । ਜੇਹੜਾ ਸਿਖ ਚੁਕ ਕੇ ਲਿਆਵੇਗਾ ਓਸ ਨੂੰ ਸੁਰਮਿਆਂ ਵਿਚ ਦਾਖਲ ਕਰ ਦਿਆਂਗੇ । ਏਨਾਂ ਬਚਨ ਸੁਣ ਕੇ ਬੋਹਲ ਸਿੰਘ ਉਠਿਆ ਇਕ ਸਿਖ ਨਾਲ ਹੋਰ ਹੈ । ਦੋਵੇਂਜਣੇ ਘਵਿੰਡ ਪਿੰਡ ਨੂੰ ਤੁਰ ਪਏ ਹਨ । ਘਵਿੰਡ ਆ ਪਹੁੰਚੇ ਹਨ ਤੇ ਸੱਚੇ ਪਾਤਸ਼ਾਹ ਦਾ ਦਰਸ਼ਨ ਕਰ ਕੇ ਬੜੀ ਖ਼ੁਸ਼ੀ ਪ੍ਰਾਪਤ ਹੋਈ । ਬੋਹਲ ਸਿੰਘ ਪਾਤਸ਼ਾਹ ਨੂੰ ਕੁਛੜ ਚੁੱਕ ਕੇ ਖਡੌਣ ਲਗ ਪਿਆ । ਮਾਈ ਤਾਬੋ ਵੀ ਵੇਖ ਲਿਆ ਕਿ ਓਹੋ ਸਿਖ ਹਨ ਜੇਹੜੇ ਅੱਗੇ ਆਏ ਸੀ । ਖਡੌਣ ਦੇ ਪਜ, ਅੱਜੀਂ ਪੱਜੀਂ ਬਾਹਰ ਲੈ ਆਏ ਤੇ ਸਿਧੇ ਰਾਮਪੁਰੇ ਚੁਕ ਕੇ ਲੈ ਆਏ ਹਨ । ਓਥੋਂ ਦੀ ਸੰਗਤ ਵੇਖ ਕੇ ਦਰਸ਼ਨ ਕਰ ਕੇ ਬੜੀ ਖ਼ੁਸ਼ ਹੋਈ । ਪਲੰਘ ਤੇ ਬਿਠਾ ਕੇ ਪਰਕਰਮਾਂ ਕੀਤੀਆਂ ਤੇ ਦਾੜੇ ਨਾਲ ਚਰਨ ਝਾੜੇ ਹਨ । ਪ੍ਰਾਤਾਂ ਮਠਿਆਈ ਦੀਆਂ ਭਰ ਕੇ ਅੱਗੇ ਰਖ ਦਿਤੀਆਂ ਹਨ । ਮਾਈ ਗੁਲਾਬੀ (ਸੰਤਨੀ ਰਾਮਪੁਰੇ ਵਾਲੀ) ਮਾਇਆ ਦੀ ਭੇਟਾ ਕੀਤੀ ਹੈ । ਸੱਚੇ ਪਾਤਸ਼ਾਹ ਦੇ ਬੋਜੇ ਰੁਪਇਆਂ ਨਾਲ ਭਰ ਦਿਤੇ । ਓਧਰ ਮਾਤਾ ਤਾਬੋ ਨੂੰ ਪਤਾ ਲਗਾ ਕਿ ਕਾਕੇ ਨੂੰ ਕਿਧਰ ਲੈ ਗਏ ਹਨ । ਲੱਭਦੇ ਫਿਰਦੇ ਨੇ ਕਿਤੇ ਲੱਭਦੇ ਨਹੀਂ । ਆਂਦੀ ਹੈ ਜੇਹੜੇ ਸਿਖ ਆਏ ਸੀ ਓ ਕਾਕੇ ਨੂੰ ਲੈ ਗਏ ਹਨ । ਮਾਤਾ ਤਾਬੋ ਸਿਖਾਂ ਨੂੰ ਗਾਲਾਂ ਕਢਦੀ ਹੈ । ਆਪ ਦੇ ਦਿਉਰਾਂ ਜੇਠਾਂ ਨੂੰ ਵੀ ਗਾਲਾਂ ਕੱਢਦੀ ਹੈ । ਆਖਦੀ ਹੈ, ਭੱਜੋ, ਜਾਓ ਛੇਤੀ ਸਿਖਾਂ ਨੂੰ ਲੱਭੋ ਤੇ ਪੁੱਛੋ ਕਿ ਸਾਡਾ ਬੱਚਾ ਚੁਕ ਕੇ ਲੈ ਗਏ ਹਨ । ਘਰ ਵਿਚ ਰੌਲਾ ਪਿਆ ਹੈ । ਰੰਗਾ ਸਿੰਘ ਹਜਾਰਾ ਸਿੰਘ ਡਾਗਾਂ ਫੜ ਕੇ ਰਾਹਾਂ ਵਲ ਤਿਆਰ ਹੋਏ ਹਨ । ਓਧਰ ਬਾਬੇ ਮਨੀ ਸਿੰਘ ਹੋਰਾਂ ਹੁਕਮ ਕੀਤਾ ਸਿਖਾਂ ਨੂੰ ਕਿ ਸੱਚੇ ਪਾਤਸ਼ਾਹ ਉਦਾਸ ਹੋ ਗਏ ਹਨ, ਏਨ੍ਹਾਂ ਨੂੰ ਘਵਿੰਡ ਛੱਡ ਆਓ । ਸੱਚੇ ਪਿਤਾ ਨੂੰ ਚੁਕ ਕੇ ਸਿਖ ਲਈ ਔਂਦੇ ਹਨ । ਸੱਚੇ ਪਾਤਸ਼ਾਹ ਬੋਹਲ ਸਿੰਘ ਦੇ ਮੋਢੇ ਤੇ ਬੈਠ ਗਏ ਹਨ । ਸਿਖ ਘਰ ਲੈ ਆਏ ਹਨ । ਅਗੇ ਸਾਰੇ ਉਡੀਕਦੇ ਸਨ ਕਿ ਕਦੋਂ ਔਣਗੇ । ਮਾਈ ਤਾਬੋ ਤੇ ਸਾਰਾ ਪਰਿਵਾਰ ਸਿਖਾਂ ਨੂੰ ਕਠੋਰ ਬਚਨ ਕਰਦੇ ਹਨ ਕਿ ਸਾਡੇ ਬੱਚੇ ਨੂੰ ਕਿਧਰ ਲੈ ਗਏ ਸੋ । ਸਿਖ ਆਖਦਾ ਹੈ ਤੁਹਾਡੇ ਭਾਣੇ ਅੰਞਾਣੇ ਹਨ ਤੇ ਸਾਡੇ ਤਾਂ ਪ੍ਰੀ ਪੂਰਨ ਪਰਮੇਸ਼ਵਰ ਹੈ । ਅਸੀਂ ਆਪਦੇ ਗੁਰਾਂ ਦਾ ਹੁਕਮ ਮੰਨ ਕੇ ਖੜਿਆ ਸੀ, ਓਹ ਆਖਦੇ ਸੀ ਲਿਆਓ ਦਰਸ਼ਨ ਕਰੀਏ । ਜਿਸ ਵੇਲੇ ਬਾਬੇ ਮਨੀ ਸਿੰਘ ਤੇ ਸੰਗਤਾਂ ਦਰਸ਼ਨ ਕਰ ਲਿਆ ਓਸੇ ਵਕਤ ਅਸੀਂ ਲੈ ਆਏ ਹਾਂ । ਭਾਈ ਜਵੰਦ ਸਿੰਘ ਆਖਦਾ ਹੈ ਕਿ ਭਾਈ ਜੀ ਸਿਖ ਭਾਵੇਂ ਕਿਤੇ ਏਨ੍ਹਾਂ ਨੂੰ ਚੁਕ ਕੇ ਲੈ ਜਾਣ ਤੁਸਾਂ ਖੋਟਾ ਬਚਨ ਨਹੀਂ ਬੋਲਣਾ । ਜੇਹੜਾ ਪਰਸ਼ਾਦ ਪ੍ਰਾਤਾਂ ਮਿਠਾਈਆਂ ਦੀਆਂ ਸਨ, ਮਾਇਆ ਦੀ ਭੇਟਾ ਸੀ ਜੀ ਓਹ ਸਿਖਾਂ ਨੇ ਭਾਈ ਜਵੰਦ ਸਿੰਘ ਨੂੰ ਦੇ ਦਿਤੀਆਂ । ਗਰੀਬ ਮਾਝੇ ਵਿਚ ਜਦੋਂ ਦਾ ਪਾਤਸ਼ਾਹ ਅਵਤਾਰ ਧਾਰਿਆ ਹੈ ਨੌ ਨਿੱਧੀ ਤੇ ਬਾਰਾਂ ਸਿਧੀ ਵਰਤ ਗਈ ਹੈ । ਘਰ ਵਿਚ ਵੀ ਬੜੇ ਅਤੁਟ ਭੰਡਾਰੇ ਵਰਤਣ ਲਗ ਪਏ ਹਨ ਜੀ । ਭਾਈ ਜਵੰਦ ਸਿੰਘ ਸਿਖਾਂ ਦਾ ਬੜਾ ਆਦਰ ਮਾਣ ਕੀਤਾ । ਸਿਖ ਸੱਚੇ ਪਾਤਸ਼ਾਹ ਕੋਲੋਂ ਖ਼ੁਸ਼ੀ ਲੈ ਕੇ ਜਾ ਰਹੇ ਹਨ ਜੀ । ਭਾਈ ਜਵੰਦ ਸਿੰਘ ਸਿਖਾਂ ਨੂੰ ਤੋਰਨ ਗਿਆ ਹੈ ਤੇ ਬਚਨ ਕਰਦਾ ਹੈ ਕਿ ਸਚੇ ਪਾਤਸ਼ਾਹ ਸਾਨੂੰ ਅੱਖਾਂ ਨਹੀਂ ਦਿਤੀਆਂ, ਨਹੀਂ ਤੇ ਅਸੀਂ ਵੀ ਪੁੱਤਰ ਨਹੀਂ ਸਮਝਦੇ । ਸਿਖ ਆਖਦੇ ਹਨ ਕਿ ਬਾਬੇ ਮਨੀ ਸਿੰਘ ਨੂੰ ਏਨ੍ਹਾਂ ਵਾਜ ਮਾਰੀ, ਦਰਸ਼ਨ ਦਿਤੇ ਤੇ ਸਾਨੂੰ ਵੀ ਸੁਰਤ ਆ ਗਈ । ਹੁਣ ਪਾਤਸ਼ਾਹ ਦਇਆ ਕਰਨ ਤੇ ਸਾਥੋਂ ਕੋਈ ਵਧ ਘਟ ਬਚਨ ਨਾ ਨਿਕਲੇ । ।

## ✻ ਸੰਤ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਨੂੰ ਲਿਖਣ ਦਾ ਹੁਕਮ ਦੇਣਾ ✻

ਸੰਤ ਬਾਬੇ ਮਨੀ ਸਿੰਘ ਸੰਗਤਾਂ ਸਮੇਤ ਸਾਰੇ ਘਵਿੰਡ ਦੀਆਂ ਪਰਕਰਮਾਂ ਲਈਆਂ ਹਨ ਜੀ । ਆਂਦੇ ਹਨ ਕਿ ਧੰਨ ਏ ਨਗਰ ਹੈ ਜਿਥੇ ਸੱਚੇ ਪਾਤਸ਼ਾਹ ਨੇ ਅਵਤਾਰ ਧਾਰਿਆ ਹੈ । ਜਿਉਂ ਜਿਉਂ ਬਾਬਾ ਮਨੀ ਸਿੰਘ ਪਿੰਡਾਂ ਵਿਚ ਹੋਕਾ ਦੇਂਦਾ ਹੈ, ਤਿਉਂ ਤਿਉਂ ਸੁਰਤ ਖੁਲ੍ਹਦੀ ਜਾਂਦੀ ਹੈ । ਸੱਚੇ ਪਾਤਸ਼ਾਹ ਸੰਸਾਰ ਨੂੰ ਮਾਇਆ ਪਾਈ ਜਾਂਦੇ ਹਨ । ਸੁਰਤ ਨਹੀਂ ਔਣ ਦੇਂਦੇ । ਸੰਤ ਦੀ ਅਕਾਸ਼ ਬਾਣੀ ਸੱਚੇ ਪਾਤਸ਼ਾਹ ਖੋਲ੍ਹ ਦਿਤੀ ਹੈ ।

ਮਨੀ ਸਿੰਘ ਬਿਲਕੁਲ ਪੜ੍ਹੇ ਹੋਏ ਨਹੀਂ ਸਨ ਜੀ । ਲਿਖਾਰਾ ਸਿੰਘ ਭੰਗਾਲੀ ਵਾਲਾ ਸਿਖ ਪੜ੍ਹਿਆ ਹੋਇਆ ਸੀ, ਇਕ ਨੇਤਰ ਸੀ । ਬਾਬੇ ਹੋਰਾਂ ਨੂੰ ਅਕਾਸ਼ ਬਾਣੀ ਕੰਨ ਵਿਚ ਹੁੰਦੀ ਸੀ । ਜਿਸ ਤਰ੍ਹਾਂ ਸੱਚੇ ਪਾਤਸ਼ਾਹ ਬਾਬੇ ਮਨੀ ਸਿੰਘ ਨੂੰ ਕੰਨ ਵਿਚ ਅਕਾਸ਼ ਬਾਣੀ ਦੇਂਦੇ ਸਨ ਓਸੇ ਤਰ੍ਹਾਂ ਮਨੀ ਸਿੰਘ ਲਿਖਾਰਾ ਸਿੰਘ ਸਿਖ ਨੂੰ ਬਚਨ ਦੱਸ ਕੇ ਲਿਖਾਈ ਜਾਂਦਾ ਸੀ । ਅਕਾਸ਼ ਬਾਣੀ ਬਹੁਤ ਜੋਰ ਨਾਲ ਆ ਰਹੀ ਹੈ ਤੇ ਲਿਖਾਰਾ ਸਿੰਘ ਤੋਂ ਲਿਖਿਆ ਨਹੀਂ ਜਾਂਦਾ । ਬਾਬੇ ਮਨੀ ਸਿੰਘ ਨੂੰ ਹੁਕਮ ਹੋਇਆ ਕਿ ਸੰਤਾਂ ਤੂੰ ਆਪ ਕਲਮ ਫੜ । ਬਾਬਾ ਮਨੀ ਸਿੰਘ ਜੋਤ ਅੱਗੇ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਮੈਂ ਤਾਂ ਅਨਪੜ੍ਹ ਹਾਂ । ਓਦੋਂ ਬਾਬਾ ਮਨੀ ਸਿੰਘ ਭੰਗਾਲੀ ਪਿੰਡ ਦੇ ਵਿਚ ਬੈਠੇ ਸਨ ਜਦੋ ਏਹ ਲਿਖਾਈ ਹੁੰਦੀ ਸੀ ਤੇ ਸੱਚੇ ਪਾਤਸ਼ਾਹ ਘਵਿੰਡ ਖੇਡ ਰਹੇ ਹਨ । ਏਹ ਹਨ ਪੂਰੇ ਗੁਰਾਂ ਦੀਆਂ ਵਡਿਆਈਆ । ਸੱਚੇ ਪਾਤਸ਼ਾਹ ਦੇਹ ਕਰ ਕੇ ਤਾਂ ਕੋਈ ਬਚਨ ਨਹੀਂ ਲਿਖੌਂਦੇ, ਜੋਤ ਨਾਲ ਵਿਹਾਰ ਕਰਦੇ ਸਨ । ਸੱਚੇ ਪਾਤਸ਼ਾਹ ਹੁਕਮ ਦਿਤਾ ਕਿ ਸੰਤਾ ਕੇਸੀ ਇਸ਼ਨਾਨ ਕਰ ਕੇ ਤੇ ਬੂਹੇ ਢੋਹ ਕੇ ਅੰਦਰ ਬੈਹ ਜਾ । ਜਿਸ ਤਰ੍ਹਾਂ ਅਕਾਸ਼ ਬਾਣੀ ਦਾ ਬਚਨ ਮਨੀ ਸਿੰਘ ਨੂੰ ਹੋਇਆ, ਓਸੇ ਤਰ੍ਹਾਂ ਕੀਤਾ । ਬੂਹੇ ਢੋਏ ਹਨ ਤੇ ਅੰਦਰ ਹਨੇਰਾ ਹੈ ਤੇ ਸੱਚੇ ਪਾਤਸ਼ਾਹ ਦੀ ਜੋਤ ਨੇ ਆਣ ਕੇ ਇਕ ਦਮ ਰੁਸ਼ਨਾਈ ਕਰ ਦਿਤੀ ਜਿਸ ਤਰ੍ਹਾਂ ਗੈਸ ਜਗਦਾ ਹੈ ਤੇ ਜਮੀਨ ਤੇ ਕੀੜੀ ਤੁਰੀ ਜਾਂਦੀ ਨਜ਼ਰ ਆ ਰਹੀ ਹੈ ਜੀ । ਜੋਤ ਦਾ ਦਰਸ਼ਨ ਕਰਦਿਆਂ ਹੀ ਸੰਤ ਮਨੀ ਸਿੰਘ ਦੇ ਕਿਵਾੜ ਖੁਲ੍ਹ ਗਏ । ਦਸਵੇਂ ਦਵਾਰ ਦੀ ਸੁਰਤ ਖੁਲ੍ਹਣ ਨਾਲ ਦੇਹ ਬੜੀ ਉਜਲੀ ਹੋ ਗਈ ਹੈ । ਹੱਥ ਵਿਚ ਬਾਬੇ ਮਨੀ ਸਿੰਘ ਕਲਮ ਫੜੀ ਹੋਈ ਸੀ । ਜੋਤ ਦੇ ਚਾਨਣ ਨਾਲ ਦਬਾ ਦਬ ਲਿਖਾਈ ਕਰੀ ਜਾਂਦਾ ਹੈ । ਸੱਚੇ ਪਾਤਸ਼ਾਹ ਸੰਤਾਂ ਨੂੰ ਪਹਿਲੀ ਕਰਾਮਾਤ ਵਖਾਈ ਹੈ । ਸੁਰਤ ਸ਼ਬਦ ਗਿਆਨ ਬਖ਼ਸ਼ਿਸ਼ ਕਰ ਦਿਤਾ ਤੇ ਸੱਚੇ ਪਾਤਸ਼ਾਹ ਬਾਬੇ ਮਨੀ ਸਿੰਘ ਨੂੰ ਬਚਨ ਦਿਤਾ ਕਿ ਸੰਤਾਂ, ਜੇਹੜਾ ਤੈਨੂੰ ਹੁਕਮ ਦਿਆਂਗੇ ਸਤਿ ਕਰ ਕੇ ਮੰਨਣਾ ਹੋਵੇਗਾ ਤੇ ਜਿਥੇ ਕਹਾਂਗੇ ਜਾਣਾ ਹੋਵੇਗਾ । ਸਾਡੇ ਸਿਖਾਂ ਵਿਛੜਿਆਂ ਨੂੰ ਬਾਹੋਂ ਫੜ ਕੇ ਚਰਨੀ ਲੌਣਾ ਹੋਵੇਗਾ । ਸੱਚੇ ਪਾਤਸ਼ਾਹ ਵਿਸ਼ਨੂੰ ਭਗਵਾਨ ਬਾਬੇ ਮਨੀ ਸਿੰਘ ਹੋਰਾਂ ਨਾਲ ਬਚਨ ਕਰਦੇ ਹਨ ਕਿ ਸੰਤਾ ਜੋ ਅਠਸਠ ਤੀਰਥ ਹਨ ਓਨਾਂ ਦੀ ਸਤਿਆ ਅਸਾਂ ਖਿਚ ਲੈਣੀ ਹੈ । ਜੋ ਕਲਜੁਗ ਦੇ ਵਿਚ ਗੁਰੂ ਤੇ ਧਾਮ ਬਣੇ ਬੈਠੇ ਹਨ ਸਾਰਿਆਂ ਦੀ ਸਤਿਆ ਅਸਾਂ ਖਿਚ ਲੈਣੀ ਹੈ । ਜੋ ਦੇਵੀਆਂ ਦੇ ਅਸਥਾਨ ਹਨ ਓਥੇ ਓਥੇ ਮਨੀ ਸਿੰਘ ਤੈਨੂੰ ਜਾਣਾ ਪਵੇਗਾ । ਜੋ ਤੀਰਥ ਹਨ ਓਥੇ ਵੀ ਜਾਣਾ ਪਵੇਗਾ । ਸਾਡੇ ਹੁਕਮ ਅਨੁਸਾਰ ਤੈਨੂੰ ਸਾਰੇ ਤੀਰਥਾਂ ਤੇ ਜਾਣਾ ਪਵੇਗਾ । ਅਸੀਂ ਖਿਜਰ ਖਵਾਜਾ ਦੀ ਵੀ ਪੂਜਾ ਭੇਟਾ ਬੰਦ ਕਰ ਦੇਣੀ ਹੈ । ਅਸਾਂ ਕੁਰਾਨ ਅੰਜੀਲ ਵਿਚੋਂ ਸਤਿਆ ਖਿਚ ਲੈਣੀ ਹੈ । ਸਾਰੀਆਂ ਕਰਾਮਾਤਾਂ ਅਸਾਂ ਦਿਤੀਆਂ ਹੋਈਆਂ ਸਨ ਤੇ ਸਾਡੀ ਮਿਹਰ ਨਾਲ ਤੀਰਥਾਂ ਦੀ ਮਨੌਂਤ ਹੋ ਰਹੀ ਸੀ । ਅਸਾਂ ਹੁਣ ਪ੍ਰੀ ਪੂਰਨ ਅਵਤਾਰ ਧਾਰਿਆ ਹੈ । ਕਲਜੁਗ ਦੇ ਵਿਚ ਗਊ ਗਰੀਬਾਂ ਦੀ ਪੁਕਾਰ ਸੁਣ ਮਾਤ ਵਿਚ ਆਏ ਹਾਂ । ਅਸੀਂ ਹੁਣ ਪਾਪੀਆਂ ਦਾ ਖੈ ਕਰ ਕੇ ਸਤਿਜੁਗ ਲਾਵਾਂਗੇ । ਸਾਡੇ ਸਿਖਾਂ ਕੋਲ ਜਾ ਕੇ ਅਕਾਸ਼ ਬਾਣੀ ਨਾਲ ਬਚਨ ਲਿਖਣੇ ਹੋਣਗੇ ਤੇ ਸਿਖਾਂ ਨੂੰ ਸਾਡੀ ਸ਼ਰਨ ਲੌਣਾ ਹੋਵੇਗਾ । ਇਹ ਸਾਰਾ ਹੁਕਮ ਬਾਬੇ ਮਨੀ ਸਿੰਘ ਨੂੰ ਦੇ ਕੇ ਹੱਥ ਵਿਚ ਕਲਮ ਫੜਾ ਦਿਤੀ ਓਸ ਵਕਤ ਸੱਚੇ ਪਾਤਸ਼ਾਹ ਦੀ ਉਮਰ ਇਕ ਸਾਲ ਦੀ ਸੀ । ਮੈਂ ਬਲਿਹਾਰ ਹਾਂ ਸੱਚੇ ਪਿਤਾ ਤੋਂ ਤੇ ਉਸ ਦੀ ਖੇਡ ਕਰਨ ਤੋਂ । ।

## ❊ ਸੱਚੇ ਪਾਤਸ਼ਾਹ ਦੀ ਬਾਲ ਲੀਲ੍ਹਾ ❊

ਜਦੋਂ ਪਾਤਸ਼ਾਹ ਢਾਈ ਕੁ ਸਾਲ ਦੇ ਹੋਏ ਹਨ ਤੇ ਕੁਕੜਾਂ ਕਬੂਤਰਾਂ ਦਾ ਬੜਾ ਪ੍ਰੇਮ ਕਰਦੇ ਹਨ । ਜਿਥੇ ਕੁਕੜ ਵੇਖਣਾ ਓਹੋ ਈ ਮੰਗਣਾ ਤੇ ਸਿਖਾਂ ਕੁਛੜ ਚੁੱਕੀ ਫਿਰਨਾ । ਜੋ ਸੱਚੇ ਪਾਤਸ਼ਾਹ ਰਸਨਾ ਵਿਚੋਂ ਬਚਨ ਕੱਢਣਾ ਓਹੋ ਸਿਖਾਂ ਪੂਰਾ ਕਰਨਾ, ਤੇ ਸਿਖਾਂ ਨੇ ਜਿਥੇ ਚੰਗਾ ਕੁਕੜ ਕਬੂਤਰ ਵੇਖਣਾ ਓਹੋ ਲਿਆ

ਕੇ ਦੀਨ ਦਿਆਲ ਨੂੰ ਖੇਡਣ ਵਾਸਤੇ ਦੇਣਾ । ਜਿਸ ਆ ਕੇ ਮੰਗਣਾ ਓਸੇ ਨੂੰ ਸ਼ਹਿਨਸ਼ਾਹ ਫੜਾ ਦੇਣਾ । ਘਵਿੰਡ ਨਗਰ ਵਿਚ ਇਕ ਮਜ਼੍ਹਬੀ ਸਿਖ ਸੀ ਤੇ ਓਹ ਸਾਧਾਂ ਦਾ ਭੇਖ ਧਾਰ ਕੇ ਮੰਗਦਾ ਫਿਰਦਾ ਹੁੰਦਾ ਸੀ । ਜੀਆਂ ਜੰਤ ਵਾਲਾ ਸਾਧ ਸੀ ਤੇ ਓਸ ਸਾਧ ਨੇ ਚਿੱਟਾ ਕੁਕੜ ਰੱਖਿਆ ਹੋਇਆ ਸੀ । ਸੱਚੇ ਪਾਤਸ਼ਾਹ ਗਰੀਬਾਂ ਨੂੰ ਤਾਰਨ ਵਾਲੇ ਖੈਹੜੇ ਪੈ ਗਏ, ਕਿ ਅਸਾਂ ਚਿੱਟਾ ਕੁਕੜ ਜਰੂਰ ਲੈਣਾ ਹੈ । ਬਾਬੇ ਜਵੰਦ ਸਿੰਘ ਜਾ ਕੇ ਮਜ਼੍ਹਬੀ ਸਾਧ ਨੂੰ ਆਖਿਆ ਕਿ ਸਾਧਾ ਏਹ ਕੁਕੜ ਸਾਨੂੰ ਮੁਲ ਦੇ ਦੇ, ਸੱਚੇ ਪਾਤਸ਼ਾਹ ਬਹੁਤ ਖੈਹੜੇ ਪੈਂਦੇ ਹਨ । ਚੂੜਾ ਸਾਧ ਬੋਲਿਆ ਕਿ ਇਹ ਮਹਾਰਾਜ ਅਖਵੌਂਦੇ ਹਨ ਸਾਰੀ ਨਗਰੀ ਸਾਡੀ ਸੋਨੇ ਦੀ ਕਰ ਦੇਣ ਤੇ ਕੁਕੜ ਲੈ ਜਾਣ ਨਹੀਂ ਤੇ ਅਸਾਂ ਮੁਲ ਨਹੀਂ ਦੇਣਾ । ਚੂੜੇ ਫਕੀਰ ਦੀ ਜਿਦ ਜਿਸ ਵੇਲੇ ਸਿਖਾਂ ਨੇ ਸੁਣੀ ਤੇ ਸਾਰੇ ਸਿਖ ਸੱਚੇ ਪਾਤਸ਼ਾਹ ਦਾ ਦਰਸ਼ਨ ਕਰਨ ਆਏ ਹਨ ਜੀ । ਕੋਰੀਆਂ ਵਾਲਾ ਬੌਹਲ ਸਿੰਘ, ਭੰਗਾਲੀ ਵਾਲਾ ਕਾਨ੍ਹ ਸਿੰਘ, ਲਿਖਾਰਾ ਸਿੰਘ ਕੋਰੀਆਂ ਵਾਲਾ, ਬੁੱਢਾ ਸਿੰਘ ਰਾਮਪੁਰ ਦਾ, ਦੇਵਾ ਸਿੰਘ ਪਠਾਣਿਆਂ ਵਾਲਾ ਸਾਰੇ ਸਿਖ ਘਵਿੰਡ ਆਏ ਹਨ । ਆਣ ਕੇ ਨਿਮਸਕਾਰ ਕੀਤੀ ਪਰਕਰਮਾਂ ਕੀਤੀਆਂ ਹਨ । ਜੋ ਪੁਜਿਆਂ ਪੂਜਾ ਭੇਟਾ ਕੀਤੀ ਹੈ । ਸਾਰੇ ਰਾਜ਼ੀ ਖ਼ੁਸ਼ੀ ਸਿਖਾਂ ਨੂੰ ਪੁਛਦੇ ਹਨ । ਸੱਚੇ ਪਾਤਸ਼ਾਹ ਕੁਕੜਾਂ ਤੇ ਕਬੂਤਰਾਂ ਦੇ ਲਾਲਚ ਲੱਗੇ ਹੋਏ ਹਨ । ਪਾਤਸ਼ਾਹ ਸਿਖਾਂ ਨਾਲ ਬਚਨ ਕਰਦੇ ਹਨ ਕਿ ਚੂੜਾ ਸਾਧ ਸਾਨੂੰ ਕੁਕੜ ਨਹੀਂ ਦੇਂਦਾ । ਬੜਾ ਚਿੱਟਾ ਸੋਹਣਾ ਚਿੱਟਾ ਕੁਕੜ ਹੈ । ਸਿਖ ਬੇਨੰਤੀ ਕਰਦੇ ਹਨ, ਸੱਚੇ ਪਿਤਾ ਦੀਨ ਦਿਆਲ ਅਸੀਂ ਕੁਕੜ ਲੈ ਲਵਾਂਗੇ । ਜੋ ਮੁਲ ਮੂੰਹੋਂ ਮੰਗੂ ਦੇ ਦਿਆਂਗੇ । ਸਾਰੇ ਇਕੱਠੇ ਹੋ ਕੇ ਗਏ ਹਨ ਨਾਲ ਹੋਰ ਵੀ ਨਗਰ ਦੇ ਵਾਸੀ ਵੇਖਣ ਵਾਸਤੇ ਗਏ ਹਨ ਕਿ ਪਾਤਸ਼ਾਹ ਨੂੰ ਚੂੜਾ ਕੁਕੜ ਦੇਂਦਾ ਹੈ ਕਿ ਨਹੀਂ । ਬੌਹਲ ਸਿੰਘ ਦੇ ਮੋਡੇ ਤੇ ਪਾਤਸ਼ਾਹ ਚੜੇ ਹੋਏ ਹਨ, ਚੂੜੇ ਦੇ ਘਰ ਚਲੇ ਹਨ । ਜਾ ਕੇ ਸਿਖ ਆਂਦੇ ਹਨ ਕਿ ਸੰਤ ਜੀ ਜਿੰਨੇ ਪੈਸੇ ਮੰਗੋਗੇ ਦੇ ਦਿਆਂਗੇ ਤੇ ਕੁਕੜ ਪਾਤਸ਼ਾਹ ਨੂੰ ਦੇ ਦਿਓ । ਚੂੜਾ ਸਾਧ ਬੋਲਿਆ ਭਾਈ ਜੀ ਏਹ ਮਹਾਰਾਜ ਸੱਚੇ ਪਾਤਸ਼ਾਹ ਅਖਵੌਂਦੇ ਹਨ, ਸਾਰੀ ਨਗਰੀ ਸੋਨੇ ਦੀ ਕਰ ਦੇਣ ਤੇ ਕੁਕੜ ਲੈ ਜਾਣ । ਸਿਖ ਆਖਦੇ ਹਨ ਸਾਧਾਂ ਕਰਾਮਾਤ ਵੇਖਣੀ ਕਹਿਰ ਦਾ ਨਾਂ ਹੈ ਤੇ ਅਸੀਂ ਪਾਤਸ਼ਾਹ ਨੂੰ ਨਹੀਂ ਆਖ ਸਕਦੇ ਕਰਾਮਾਤ ਵਖਾਓ । ਸਿਖ ਆਖਦੇ ਹਨ ਕਿ ਅਸੀਂ ਤੈਨੂੰ ਕੁਕੜ ਦੇ ਨਾਲ ਮਾਇਆ ਤੋਲ ਕੇ ਦੇ ਦਿਆਂਗੇ ਤੇ ਦੇ ਦਿਓ । ਸਾਧ ਬਿਲਕੁਲ ਨਹੀਂ ਮੰਨਦਾ । ਸਿਖ ਆਂਦੇ ਨੇ ਪੱਕੇ ਮਕਾਨ ਪਵਾ ਲੈ, ਖੂਹਾ ਲਵਾ ਲੈ, ਤੇ ਦੀਨ ਦਿਆਲ ਸਾਡੇ ਨੂੰ ਕੁਕੜ ਦੇ ਦੇ । ਚੂੜਾ ਨਹੀਂ ਮੰਨਦਾ । ਸਿਖ ਆਖਦੇ ਹਨ ਕਿ ਸਾਧਾਂ ਚਾਰ ਵਿਗੇ ਜ਼ਮੀਨ ਲੈ ਲੈ, ਨਹੀਂ ਤੇ ਅਸੀਂ ਇਕ ਸਿਖ ਸਾਰੀ ਉਮਰ ਤੇਰੇ ਨੌਕਰ ਰਹਿੰਦੇ ਹਾਂ ਤੇ ਪਿੰਡਾਂ ਵਿਚੋਂ ਮੰਗ ਕੇ ਤੈਨੂੰ ਖੁਆਵਾਂਗੇ । ਚੂੜਾ ਨਹੀਂ ਮੰਨਿਆ, ਬਿਲਕੁਲ ਨਾ ਕਰੀ ਜਾਂਦਾ ਹੈ । ਜਿਸ ਵੇਲੇ ਨਾ ਕਰੀ ਜਾਂਦਾ ਹੈ ਸ੍ਰੀ ਪੂਰਨ ਪਰਮੇਸ਼ਵਰ ਸੱਚੇ ਪਾਤਸ਼ਾਹ ਆਖਦੇ ਹਨ, ਬਾਬਾ ਚਲੋ ਚਲੀਏ, ਅਸਾਂ ਹੁਣ ਕੁਕੜ ਨਹੀਂ ਲੈਣਾ । ਸੱਚੇ ਪਾਤਸ਼ਾਹ ਜਵਾਬ ਦੇ ਕੇ ਆ ਗਏ ਹਨ ਜੀ । ਸਾਰੇ ਨਗਰ ਵਿਚ ਧੰਨ ਧੰਨ ਹੋ ਰਹੀ ਹੈ ਕਿ ਸੱਚੇ ਪਾਤਸ਼ਾਹ ਤੋਂ ਸਿਖਾਂ ਆਪਣਾ ਆਪ ਵਾਰ ਦਿਤਾ ਹੈ, ਪਰ ਚੂੜੇ ਨੇ ਵੀ ਜਿਦ ਨਹੀਂ ਛੱਡੀ । ਕੋਈ ਦਿਨ ਪਾ ਕੇ ਓਸ ਚੂੜੇ ਦਾ ਸਾਰਾ ਬੰਸ ਬੀਮਾਰੀ ਨਾਲ ਗੁਜਰ ਗਿਆ ਹੈ । ਗਲੀਆਂ ਵਿਚ ਧੱਕੇ ਖਾਂਦਾ ਤੇ ਰੋਂਦਾ ਪਿਟਦਾ ਫਿਰਦਾ ਹੈ । ਫਿਰ ਚੂੜਾ ਕੁਕੜ ਲੈ ਕੇ ਆਪੇ ਸੱਚੇ ਪਾਤਸ਼ਾਹ ਦੇ ਘਰ ਆਇਆ ਹੈ । ਸੱਚੇ ਪਾਤਸ਼ਾਹ ਆਖਿਆ ਸਾਧਾ ਏਥੋਂ ਕੁਕੜ ਚੁੱਕ ਲੈ, ਅਸਾਂ ਕੁਕੜ ਨਹੀਂ ਲੈਣਾ । ਸੱਚੇ ਪਾਤਸ਼ਾਹ ਆਪ ਦੇ ਚਾਚਿਆਂ ਨੂੰ ਇਸ਼ਾਰਾ ਕੀਤਾ ਕਿ ਏਨੂੰ ਝਿੜਕੋ, ਏਥੋਂ ਕੁਕੜ ਲੈ ਜਾਵੇ ਹੋਰ ਵੀ ਲੋਕੀ ਬਚਨ ਕਰਦੇ ਹਨ ਕਿ ਖ਼ਾਨਾ ਖ਼ਰਾਬ ਕਰਾ ਕੇ ਤੇ ਹੁਣ ਕੁਕੜ ਲੈ ਕੇ ਆਇਆ ਹੈ । ਫੇਰ ਬਦੋ ਬਦੀ ਚੂੜਾ ਕੁਕੜ ਵੇਹੜੇ ਵਿਚ ਸੁਟ ਕੇ ਚਲਾ ਗਿਆ ਹੈ । ਜਦੋਂ ਤੇਜਾ ਸਿੰਘ ਸਿਖ ਸ਼ਰਨ ਲੱਗਾ ਹੈ ਉਸ ਦੀ ਉਮਰ ਉਸ ਵਕਤ ੨੫ ਸਾਲ ਦੀ ਸੀ । ਪਾਤਸ਼ਾਹ ਦੀ ਉਮਰ ਓਸ ਵਕਤ ੨੧ ਸਾਲ ਦੀ ਸੀ । ਪਹਿਲੇ ਸਿਖਾਂ ਕੋਲੋਂ ਇਹ ਬਚਨ ਸੁਣੇ ਹਨ, ਤੇ ਸੱਚੇ ਪਾਤਸ਼ਾਹ ਦੀ ਮਹਿੰਮਾ ਲਿਖਾ ਰਿਹਾ ਹਾਂ ਜੀ । ।

## ❊ ਸੱਚੇ ਪਾਤਸ਼ਾਹ ਹਰਿਮੰਦਰ ਸਹਿਬ ਜਾਣਾ ❊

ਸੱਚੇ ਪਾਤਸ਼ਾਹ ਦੀ ਛੋਟੀ ਉਮਰ ਸੀ ਤੇ ਰਸਨਾ ਨਾਲ ਘਟ ਹੀ ਬਚਨ ਕਰਦੇ ਸੀ । ਜੋਤ ਨਾਲ ਬਾਬੇ ਮਨੀ ਸਿੰਘ ਨੂੰ ਬਚਨ ਦੱਸਦੇ ਹਨ ਜੀ । ਅਕਾਸ਼ ਬਾਣੀ ਨਾਲ ਬਾਬੇ ਮਨੀ ਸਿੰਘ ਨੂੰ ਹੁਕਮ ਦਿਤਾ, ਕਿ ਅਸਾਂ ਹਰਿ ਮੰਦਰ ਜਾਣਾ ਹੈ । ਅੰਮ੍ਰਿਤਸਰ ਵਡਾ ਦਰਬਾਰ ਜੇਹੜਾ ਹੈ, ਓਹਦਾ ਨਾਮ ਹਰਿਮੰਦਰ ਸਾਹਿਬ ਹੈ । ਪਾਤਸ਼ਾਹ ਹੁਕਮ ਦਿਤਾ ਸੰਤਾ ਅਸੀਂ ਨਿਹਕਲੰਕ ਅਵਤਾਰ ਕਲਜੁਗ ਵਿਚ ਆਏ ਹਾਂ ਤੇ ਅਸੀਂ ਆਪਣਾ ਬਚਨ ਪੂਰਾ ਕਰਨਾ ਹੈ । ਆਪਣੇ ਧਾਮ ਤੇ ਜਾਣਾ ਹੈ, ਜੇਹੜਾ ਬਚਨ ਹੈ ਹਰਿ ਜੂ ਹਰਿ ਮੰਦਰ ਆਵਣਗੇ । ਸੰਗਤਾਂ ਤੇ ਪਾਤਸ਼ਾਹ ਸਾਰੇ ਪਰਿਵਾਰ ਸਮੇਤ ਅੰਮ੍ਰਿਤਸਰ ਨੂੰ ਤੁਰ ਪਏ ਹਨ । ਜਿਸ ਵਕਤ ਸੰਗਤਾਂ ਸਮੇਤ ਅੰਮ੍ਰਿਤਸਰ ਸੱਚੇ ਪਾਤਸ਼ਾਹ ਪਹੁੰਚੇ ਗਏ ਹਨ ਤੇ ਸਿਖਾਂ ਨੇ ਸੱਚੇ ਪਾਤਸ਼ਾਹ ਨੂੰ ਮੋਢੇ ਤੇ ਚੁਕਿਆ ਹੋਇਆ ਹੈ ਜੀ, ਬਾਬੇ ਮਨੀ ਸਿੰਘ ਨਾਲ ਹਨ । ਦਰਸ਼ਨੀ ਡਿਉਡੀ ਲੰਘ ਕੇ ਸਿੱਧੇ ਦਰਬਾਰ ਸਾਹਿਬ ਚਲੇ ਗਏ ਹਨ ਤੇ ਮੰਜੀ ਸਾਹਿਬ ਦੇ ਉਤੇ ਸੱਚੇ ਪਾਤਸ਼ਾਹ ਨੂੰ ਬਹਾ ਦਿਤਾ ਹੈ ਜੀ । ਬਾਬੇ ਮਨੀ ਸਿੰਘ ਪੁਜਾਰੀਆਂ ਨੂੰ ਸੁਣਾਇਆ, ਸਾਰੇ ਹੋਕਾ ਦਿਤਾ ਕਿ ਏਹ ਨਿਹਕਲੰਕ ਅਵਤਾਰ ਹਨ, ਮੁਸਲਮਾਨਾਂ ਦੇ ਅਮਾਮ ਮਹਿੰਮੀ ਹਨ । ਏਹੋ ਹਰਿ ਜੀ ਹਨ ਅਤੇ ਅੱਜ ਆਪਣੇ ਧਾਮ ਤੇ ਆਪ ਸੁਹਾਏ ਹਨ । ਹਰਿ ਜੀ ਹਰਿ ਮੰਦਰ ਆਏ ਹਨ । ਪੂਰੇ ਬਚਨ ਗੁਰ ਅਰਜਨ ਦੇ ਕਰਾਏ ਹਨ ਜੀ । ਬਾਬੇ ਮਨੀ ਸਿੰਘ ਹੱਥ ਜੋੜ ਕੇ ਬੇਨੰਤੀ ਕੀਤੀ ਕਿ ਪੁਜਾਰੀਓ ਢੈਹ ਕੇ ਚਰਨੀ ਪੈ ਜਾਓ ਤੇ ਭੁਲਾਂ ਬਖ਼ਸ਼ਾਂ ਲਓ । ਏਹ ਦਰਬਾਰ ਰੈਹਣਗੇ ਨਹੀਂ ਤੇ ਸੱਚੇ ਪਿਤਾ ਕਰਾਮਾਤ ਖਿਚ ਕੇ ਲੈ ਜਾਣਗੇ ਜੀ । ਪੁਜਾਰੀਆਂ ਮੰਨਿਆਂ ਨਹੀਂ ਤੇ ਬਾਬੇ ਮਨੀ ਸਿੰਘ ਨੂੰ ਧੱਕੇ ਮਾਰੇ ਤੇ ਆਖਿਆ ਚੁਕ ਲੈ ਏਥੋਂ, ਇਕ ਬਾਲ ਨੂੰ ਤੂੰ ਮੰਜੀ ਸਾਹਿਬ ਦੇ ਉਤੇ ਲਿਆ ਬਿਠਾਇਆ ਹੈ । ਫੇਰ ਸਿਖ ਸੱਚੇ ਪਾਤਸ਼ਾਹ ਨੂੰ ਚੁਕ ਕੇ ਲੈ ਆਏ ਹਨ ਤੇ ਅਕਾਲ ਤਖ਼ਤ ਬੁੰਗੇ ਕੋਲ ਆ ਬੈਠੇ ਹਨ ਜੀ । ਓਥੇ ਸੱਚੇ ਪਾਤਸ਼ਾਹ ਬੈਠ ਗਏ ਹਨ । ਸੰਤ ਮਨੀ ਸਿੰਘ ਨੂੰ ਅਕਾਸ਼ ਬਾਣੀ ਹੋਈ ਹੈ, ਪਾਤਸ਼ਾਹ ਬਚਨ ਦਿਤਾ ਕਿ ਸੰਤਾਂ ਅਸੀਂ ਆਪਣੇ ਧਾਮ ਤੇ ਆਏ ਹਾਂ ਤੇ ਕੁੱਤਿਆਂ ਪੁਜਾਰੀਆਂ ਸਾਨੂੰ ਧੱਕੇ ਮਾਰੇ ਹਨ । ਪਾਤਸ਼ਾਹ ਜੋਤ ਸਰੂਪੀ ਬਚਨ ਕਰਦੇ ਹਨ ਕਿ ਸੰਤਾ ਅਸੀਂ ਏਨ੍ਹਾਂ ਪੁਜਾਰੀਆਂ ਨੂੰ ਭੂਤ ਪ੍ਰੇਤ ਦਾ ਜਨਮ ਦੇਣਾ ਹੈ । ਏਹ ਪੁਜਾਰੀ ਅੰਮ੍ਰਿਤਸਰ ਦੇ ਭੂਤ ਪ੍ਰੇਤ ਹੋ ਕੇ ਸ਼ਹਿਰ ਦੇ ਖੋਲਿਆਂ ਵਿਚ ਵਿਸ਼ਟਾ ਖਾਂਦੇ ਫਿਰਨਗੇ ਜੀ । ਅੱਜ ਅਸੀਂ ਅੰਮ੍ਰਿਤਸਰ ਦੀ ਕਰਾਮਾਤ ਖਿਚ ਲੈਣੀ ਹੈ । ਮੈਂ ਪ੍ਰੀ ਪੂਰਨ ਪਰਮੇਸ਼ਵਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਾਂ ਜੀ । ਮੈਂ ਜੁਗੋ ਜੁਗ ਅਵਤਾਰ ਧਾਰਦਾ ਹਾਂ ਤੇ ਸਤਿਜੁਗ ਵਿਚ ਮੈਂ ਹੰਸਾ ਅਵਤਾਰ ਧਾਰਿਆ ਸੀ, ਤ੍ਰੇਤੇ ਵਿਚ ਅਸੀਂ ਰਾਮ ਜੀ ਸਾਂ । ਭਗਤਾਂ ਦੇ ਤਾਰਨ ਨੂੰ ਤੇ ਦੁਸ਼ਟਾਂ ਦੇ ਸੰਘਾਰਨ ਨੂੰ ਹਾਂ ਜੀ । ਦੁਆਪਰ ਵਿਚ ਕ੍ਰਿਸ਼ਨ ਮਹਾਰਾਜ ਅਖਵਾਇਆ ਹੈ । ਜੁਗੋ ਜੁਗ ਭਗਤਾਂ ਦੀ ਜੈ ਦੁਸ਼ਟਾਂ ਦੀ ਖੈਹ ਕਰ ਰਿਹਾ ਹਾਂ ਜੀ । ਕਲਜੁਗ ਵਿਚ ਨਿਹਕਲੰਕ ਅਵਤਾਰ ਘਨਕ ਪੁਰੀ ਵਿਚ ਧਾਰਿਆ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਨਾਮ ਰਖਾਇਆ ਹੈ ਜੀ ਤੇ ਅੱਜ ਆਪ ਦੇ ਮੰਦਰ ਵਿਚ ਆਏ ਹਾਂ । ਪੁਜਾਰੀਆਂ ਧੱਕੇ ਮਾਰੇ ਹਨ । ਏਹਨਾਂ ਨੂੰ ਚੂੜਿਆਂ ਕੋਲੋਂ ਮਰਵਾਵਾਂਗਾ ਜੀ । ਕੋਹੜੀਆਂ ਕੁਸ਼ਟਾਂ ਦੀਆਂ ਜੂਨਾਂ ਪੈਣਗੇ ਤੇ ਰਾਮਦਾਸ ਦੀ ਨਗਰੀ ਹੁਣ ਥੇਹ ਹੋ ਜਾਏਗੀ । ਜੋ ਕਲਜੁਗ ਦੇ ਧਾਮ ਨੇ ਸਾਰੇ ਮਲੀਆ ਮੇਟ ਕਰ ਕੇ ਮੈਂ ਆਪਣੇ ਨਾਮ ਦੀ ਜੈ ਕਰਾਵਾਂ ਗਾ । ਜਿਸ ਤਰ੍ਹਾਂ ਮਨੀ ਸਿੰਘ ਨੂੰ ਅਕਾਸ਼ ਬਾਣੀ ਹੋਈ ਓਸੇ ਤਰਾਂ ਮਨੀ ਸਿੰਘ ਨੇ ਸਰਾਫ ਲਿਖ ਦਿਤੇ । ਫੇਰ ਅਕਾਸ਼ ਬਾਣੀ ਹੋਈ ਸੰਤਾ ਸਾਡੇ ਨਾਂ ਦੀ ਡੌਂਡੀ ਪਿਟਾ ਦੇ ਸਾਰੇ ਸ਼ਹਿਰ ਵਿਚ । ਸੰਤ ਨੇ, ਬਜਾਰ ਬਜਾਰ ਵਿਚ ਗਲੀ ਗਲੀ ਵਿਚ ਢੋਲ ਮਾਰ ਦਿਤੇ ਕਿ ਨਿਹਕਲੰਕ ਅਵਤਾਰ ਪ੍ਰੀ ਪੂਰਨ ਪਰਮੇਸ਼ਵਰ ਬੁੰਗੇ ਵਿਚ ਬੈਠੇ ਹਨ । ਜਿਸ ਮਾਈ ਭਾਈ ਨੇ ਦਰਸ਼ਨ ਕਰਨੇ ਹੋਣ ਦਰਸ਼ਨ ਕਰ ਕੇ ਆਪ ਦਾ ਜਨਮ ਸੁਫਲਾ ਕਰਨਾ ਹੋਵੇ ਕਰ ਸਕਦੇ ਹਨ । ਮਹਾਰਾਜ ਸ਼ੇਰ ਸਿੰਘ ਕਲਜੁਗ ਵਿਚ ਨਾਮ ਰਖਾਇਆ ਹੈ ਤੇ ਗਊ ਗਰੀਬ ਦਾ ਉਧਾਰ ਕਰਨ ਲਈ ਮਹਾਰਾਜ ਅਵਤਾਰ ਧਾਰਿਆ ਹੈ । ਘਵਿੰਡ ਪਿੰਡ ਵਿਚ ਮਹਾਰਾਜ ਅਵਤਾਰ ਧਾਰਿਆ ਹੈ ਜੀ । ਸਾਰਾ ਸ਼ਹਿਰ ਹੁਮ ਹੁਮਾ ਕੇ ਸੱਚੇ ਪਿਤਾ ਦੇ ਦਰਸ਼ਨਾ ਨੂੰ ਆਏ ਹਨ ਜੀ ।

ਓਧਰ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਹੋਈ ਕਿ ਸੰਤਾ ਜਿੰਨਾਂ ਮਰਜੀ ਹੋਕਾ ਦੇ, ਅਸੀਂ ਇਕ ਵੀ ਜੀਅ ਨੂੰ ਨਹੀਂ ਸ਼ਰਨ ਲੱਗਣ ਦੇਣਾ । ਜਿਸ ਵਕਤ ਸਾਰਾ ਸ਼ਹਿਰ ਦਰਸ਼ਨਾਂ ਨੂੰ ਆਇਆ ਹੈ ਤੇ ਸੱਚੇ ਪਾਤਸ਼ਾਹ ਕਬੂਤਰ ਫੜ ਕੇ ਮੂੰਹ ਨਾਲ ਖੰਬ ਪੁੱਟਣ ਲਗ ਪਏ ਹਨ ਜੀ । ਜੇਹੜੇ ਦਰਸ਼ਨ ਕਰਨ ਆਏ ਸਨ ਓਹਨਾਂ ਦੇ ਦਿਲ ਬੜੇ ਕਰੈਹਤੇ ਗਏ, ਸਾਰਿਆਂ ਦਾ ਪ੍ਰੇਮ ਟੁੱਟ ਗਿਆ ਜੀ । ਆਖਣ ਲੱਗੇ ਕਿ ਐਵੇਂ ਇਸ ਸਾਧ ਨੇ ਢੰਗ ਬਣਾਇਆ ਹੋਇਆ ਹੈ । ਜੇ ਪ੍ਰੀ ਪੂਰਨ ਪਰਮੇਸ਼ਵਰ ਹੁੰਦੇ ਤੇ ਕਬੂਤਰਾਂ ਦੇ ਖੰਬ ਖੋਂਦੇ ? ਸਾਰੀ ਦੁਨੀਆਂ ਸੱਚੇ ਪਾਤਸ਼ਾਹ ਨੇ ਏਸੇ ਤਰ੍ਹਾਂ ਟਾਲ ਛੱਡੀ, ਸ਼ਰਨ ਨਹੀਂ ਲੱਗਣ ਦਿਤੀ ਏ । ਵਿਹਾਰ ਅੰਮ੍ਰਿਤਸਰ ਸੱਚੇ ਪਾਤਸ਼ਾਹ ਭੁਗਤਾਇਆ ਹੈ ਜੀ ਫੇਰ ਦੀਨ ਦਿਆਲ ਘਨਕਪੁਰੀ ਵਿਚ ਆ ਗਏ ਹਨ ਜੀ । ।

## ❊ ਸਾਖੀ ਰਾਮ ਪੁਰੇ ਦੀ ਚਲੀ ਮਾਈ ਗੁਲਾਬੀ ਸੰਤਨੀ ਦੀ ❊

ਇਕ ਰਾਮ ਪੁਰੇ ਦੀ ਸੰਤਨੀ ਸੀ । ਓਸ ਦੀ ਇਕ ਲੜਕੀ ਪੰਜੀ ਸਾਲ ਦੀ ਨੌਜਵਾਨ ਸੀ । ਜਿਸ ਦਾ ਨਾਮ ਨੌਂ ਨਿਧਾ ਸੀ । ਸੱਚੇ ਪਾਤਸ਼ਾਹ ਦੀ ਉਮਰ ਓਸ ਵਕਤ ੫ ਸਾਲ ਦੀ ਸੀ । ਸਾਰੀ ਸੰਗਤ ਹਾਜਰ ਹੈ । ਬਾਬਾ ਮਨੀ ਸਿੰਘ ਸ਼ਬਦ ਨਾਲ ਜੁੜੇ ਹਨ ਜੀ । ਮਾਈ ਸੰਤਨੀ ਬੇਨੰਤੀ ਕੀਤੀ ਕਿ ਸੰਗਤੇ ਮੈਂ ਆਪ ਦੀ ਲੜਕੀ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਮੱਥਾ ਟੇਕਦੀ ਹਾਂ । ਦੀਨ ਦਿਆਲ ਮਨੀ ਸਿੰਘ ਨੂੰ ਬਚਨ ਦਿਤਾ ਕਿ ਅਸੀ ਅਨੰਦਪੁਰ ਜਾ ਕੇ ਪਰਵਾਨ ਕਰਾਂਗੇ । ਬਾਬੇ ਮਨੀ ਸਿੰਘ ਸਾਰੀ ਸੰਗਤ ਨੂੰ ਤੇ ਮਾਈ ਸੰਤਨੀ ਨੂੰ ਬਚਨ ਸੁਣਾ ਦਿਤਾ ਕਿ ਪਾਤਸ਼ਾਹ ਆਖਦੇ ਹਨ ਅਸੀਂ ਅਨੰਦਪੁਰ ਜਾ ਕੇ ਤੁਹਾਡੀ ਬੇਨੰਤੀ ਪਰਵਾਨ ਕਰਾਂਗੇ । ਸੰਤਨੀ ਰਾਮਪੁਰੇ ਗੁਰਦਵਾਰੇ ਵਿਚ ਸਿਖਾਂ ਦਾ ਬੜਾ ਪ੍ਰੇਮ ਕਰਦੀ ਹੈ । ੫੦ ਵਿਘੇ ਗੁਰਦਵਾਰੇ ਦੀ ਜਮੀਨ ਸੀ । ਤਿੰਨ ਮੀਲ ਘਵਿੰਡੋਂ ਰਾਮਪੁਰਾ ਹੈ ਤੇ ਸੰਤਨੀ ਰੋਜ਼ ਸੱਚੇ ਪਾਤਸ਼ਾਹ ਦਾ ਥਾਲ ਪਰਸ਼ਾਦ ਪਕਾ ਕੇ ਲਿਔਂਦੀ ਹੈ ਜੀ । ਸੰਤਨੀ ਦਿਲ ਵਿਚ ਦਲੀਲ ਧਾਰੀ ਕਿ ਮੈਂ ਗੁਰਦਵਾਰੇ ਖੂਹ ਲਵੌਣਾ ਹੈ, ਸੱਚੇ ਪਾਤਸ਼ਾਹ ਨੂੰ ਸੱਦ ਕੇ ਟੱਕ ਲਵਾਈਏ ਜੀ । ਬਾਬਾ ਮਨੀ ਸਿੰਘ ਜਿਆਦਾ ਰਾਮਪੁਰੇ ਰਹਿੰਦਾ ਸੀ । ਮਾਈ ਸੰਤਨੀ ਨੇ ਪਾਤਸ਼ਾਹ ਅਗੇ ਬੇਨੰਤੀ ਕੀਤੀ ਕਿ ਪਾਤਸ਼ਾਹ, ਮੈਂ ਖੂਹਾ ਲਵੌਣਾ ਹੈ । ਦਇਆ ਕਰ ਕੇ ਟੱਪ ਲਾ ਕੇ ਮਿਹਰ ਕਰ ਦਿਓ । ਪਾਤਸ਼ਾਹ ਦੀ ਛੋਟੀ ਦੇਹ ਸੀ ਤੇ ਦੇਹ ਕਰਕੇ ਬਚਨ ਬਿਲਕੁਲ ਘਟ ਕਰਦੇ ਸੀ ਜੀ । ਸੰਤ ਨੂੰ ਅਕਾਸ਼ ਬਾਣੀ ਦਿਤੀ ਕਿ ਬਾਬਾ ਘੋੜੇ ਤੇ ਸਾਨੂੰ ਚੜ੍ਹਾ ਲੈ ਤੇ ੫ ਸਿਖ ਨਾਲ ਲੈ ਕੇ ਚਲੋ, ਅਸਾਂ ਸੰਤਨੀ ਦੀ ਬੇਨੰਤੀ ਪਰਵਾਨ ਕੀਤੀ ਹੈ ਜੀ । ਨਾਲ ਸਿਖ ਤੇ ਪਾਤਸ਼ਾਹ ਅਤੇ ਪਾਤਸ਼ਾਹ ਦੇ ਪਿਤਾ ਤੇ ਚਾਚਾ ਨਾਲ ਬਾਬਾ ਮਨੀ ਸਿੰਘ ਸਾਰੇ ਰਾਮਪੁਰੇ ਨੂੰ ਚਲੇ ਗਏ ਹਨ । ਜਿਸ ਵਕਤ ਗੁਰਦਵਾਰੇ ਦੇ ਕੋਲ ਗਏ ਹਨ ਤੇ ਸੰਤਨੀ ਦੂਰੋਂ ਵੇਖ ਕੇ ਆਣ ਕੇ ਢੈਹ ਕੇ ਚਰਨੀ ਪੈ ਗਈ ਹੈ ਜੀ । ਚਰਨ ਚੁੰਮ ਕੇ ਸੱਚੇ ਪਿਤਾ ਦੇ ਤੇ ਘੋੜੇ ਤੇ ਬੈਠਿਆਂ ਦੀਆਂ ਪਰਕਰਮਾਂ ਲੈਣ ਲੱਗ ਪਈ ਹੈ ਜੀ । ਓਸ ਵਕਤ ਖ਼ੁਸ਼ੀ ਨਾਲ ਜਾਮੇ ਵਿਚ ਨਹੀਂ ਸਮੌਂਦੀ । ਘੋੜੇ ਦੀ ਵਾਗ ਫੜ ਕੇ ਗੁਰਦਵਾਰੇ ਦੇ ਅੰਦਰ ਲੈ ਗਈ ਹੈ । ਸੰਤਾਂ ਦਾ ਬੜਾ ਆਦਰ ਮਾਨ ਕੀਤਾ ਹੈ ਜੀ । ਸੱਚੇ ਪਾਤਸ਼ਾਹ ਨੂੰ ਪਲੰਘ ਵਿਛਾ ਕੇ ਉਪਰ ਬਹਾ ਦਿਤਾ ਹੈ ਜੀ । ਸੱਚੇ ਪਿਤਾ ਦੇ ਚਰਨ ਝਾੜੇ ਹਨ ਤੇ ਪਰਸ਼ਾਦ ਅੱਗੇ ਰੱਖੇ ਹਨ । ਸਿਖਾਂ ਨੂੰ ਬੜਾ ਆਦਰ ਮਾਨ ਦਿਤਾ ਹੈ । ਓਸ ਵਕਤ ਸੰਤ ਮਨੀ ਸਿੰਘ ਨੂੰ ਧੰਨ ਧੰਨ ਕਰ ਰਹੀ ਹੈ ਜਿਨ ਨਿਹਕਲੰਕ ਅਵਤਾਰ ਪ੍ਰੀ ਪੂਰਨ ਸਿੰਘ ਪਰਮੇਸ਼ਵਰ ਦੇ ਦਰਸ਼ਨ ਕਰਾਏ ਹਨ ਜੀ । ਓਸ ਵਕਤ ਸਣੇ ਮਲਾਈ ਮਿਸ਼ਰੀ ਪਾ ਕੇ ਸੱਚੇ ਪਾਤਸ਼ਾਹ ਨੂੰ ਦੁਧ ਛਕਾਇਆ ਹੈ । ਓਸੇ ਤਰ੍ਹਾਂ ਸੰਤਾਂ ਦਾ ਆਦਰ ਮਾਨ ਕੀਤਾ ਹੈ । ਸਾਰੇ ਸਿਖਾਂ ਦਾ ਆਦਰ ਮਾਨ ਬੜਾ ਕੀਤਾ ਹੈ । ਓਸ ਵੇਲੇ ਧਿਔਲੀ ਦੇ ਕੜਾਹ ਪਰਸ਼ਾਦ ਤਿਆਰ ਹੋ ਰਹੇ ਹਨ । ਕਈ ਪਰਕਾਰ ਦੇ ਭੋਜਨ ਤਿਆਰ ਹੋ ਰਹੇ ਹਨ ਤੇ ਥਾਲ ਲਗਾ ਕੇ ਸੱਚੇ ਪਿਤਾ ਨੂੰ ਛਕਾਏ ਜਾ ਰਹੇ ਹਨ । ਸੰਗਤਾਂ ਵੀ ਛਕ ਰਹੀਆਂ ਹਨ ਜੀ । ਬਹੁਤ ਸਾਰੀ ਭੇਟਾ ਸੱਚੇ ਪਾਤਸ਼ਾਹ ਦੀ ਰੱਖੀ ਗਈ ਹੈ ਜੀ । ਸੱਚੇ ਪਾਤਸ਼ਾਹ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਦਿਤੀ ਕਿ ਸੰਤਾਂ ਚਲ ਸੰਤਨੀ ਦੇ ਮਨੋਰਥ ਪੂਰੇ ਕਰੀਏ,

ਖੂਹਾ ਲਵਾਈਏ । ਸੱਚੇ ਪਾਤਸ਼ਾਹ ਘੋੜੇ ਤੇ ਚੜ੍ਹ ਕੇ, ਸਾਰੀ ਸੰਗਤ ਨਾਲ, ਅੱਗੇ ਅੱਗੇ ਸੰਤਨੀ, ਖੂਹ ਵਾਲੀ ਜਗਾ ਤੇ ਗਏ ਹਨ ਜੀ । ਹੋਰ ਨਗਰ ਦੇ ਵਾਸੀ ਵੀ ਨਾਲ ਪ੍ਰੇਮ ਕਰ ਕੇ ਤੁਰ ਪਏ ਹਨ ਜੀ । ਸੰਤਨੀ ਆਪ ਦੇ ਖੇਤ ਵਿਚ ਜਾ ਕੇ ਖਲੋ ਗਈ ਹੈ ਤੇ ਪਾਤਸ਼ਾਹ ਨੂੰ ਦੱਸਦੀ ਹੈ ਕਿ ਸੱਚੇ ਪਿਤਾ ਆਹ ਮੇਰੇ ਖੇਤ ਹਨ । ਸੱਚੇ ਪਾਤਸ਼ਾਹ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਦੇਂਦੇ ਹਨ ਕਿ ਸੰਤਨੀਏ ਸਾਰੇ ਖੇਤਾਂ ਵਿਚ ਸਾਡੇ ਚਰਨ ਪਵਾ । ਅੱਗੇ ਸੰਤਨੀ ਤੁਰੀ ਜਾਂਦੀ ਹੈ ਤੇ ਪਿਛੇ ਪਿਛੇ ਸੱਚੇ ਪਿਤਾ ਘੋੜੇ ਤੇ, ਸਾਰੀ ਸੰਗਤ ਨਾਲ ਦਰਸ਼ਨ ਕਰ ਕਰ ਨਿਹਾਲ ਹੋ ਰਹੀ ਹੈ । ਸੱਚੇ ਪਿਤਾ ਦੀ ਓਸ ਵਕਤ ੫ ਸਾਲ ਦੀ ਉਮਰ ਸੀ ਜੀ । ਜੇਹੜੀ ਜਗਾ ਤੇ ਕਿਰਪਾ ਕਰਨੀ ਸੀ ਓਥੇ ਆਪੇ ਘੋੜੇ ਤੋਂ ਲੰਮਕ ਕੇ ਉਤਰ ਬੈਠੇ ਹਨ ਤੇ ਸਾਰੀ ਸੰਗਤ ਓਥੇ ਨਾਲ ਹੀ ਖਲੋ ਗਈ ਹੈ ਅਤੇ ਘਾਹ ਖੋਤਣ ਵਾਲੇ ਵੀ ਦਰਸ਼ਨ ਕਰ ਰਹੇ ਹਨ ਜੀ । ਸੱਚੇ ਪਿਤਾ ਦਿਲਾਂ ਦੀਆਂ ਜਾਨਣ ਵਾਲੇ ਨੇ ਇਕ ਜ਼ਿਮੀਂਦਰ ਦੇ ਹੱਥ ਵਿਚੋਂ ਰੰਬਾ ਫੜ ਕੇ ਓਸ ਵਕਤ ੫ ਟੱਪ ਰੰਬੇ ਦੇ ਮਾਰੇ ਅਤੇ ਓਸ ਵੇਲੇ ਪਾਤਸ਼ਾਹ ਰਸਨਾ ਨਾਲ ਵਰ ਦਿਤਾ ਤੇ ਬਚਨ ਕੀਤਾ ਕਿ ਏਸ ਖੂਹੇ ਦਾ ਨਾਮ ਅੰਮ੍ਰਿਤ ਕੁੰਡ ਹੋਵੇਗਾ । ਏਥੇ ਬੜਾ ਭਾਰੀ ਤਲਾ ਬਣੇਗਾ । ਤਲਾ ਏਥੇ ਏਡਾ ਬਣੇਗਾ ਕਿ ਮੀਲ ਦੀ ਇਕ ਬਾਹੀ ਹੋਵੇਗੀ । ਜੇਹੜਾ ਇਕ ਫੇਰਾ ਪਰਕਰਮਾ ਦਾ ਲਿਆਵੇਗਾ ਚਾਰ ਮੀਲ ਪੈਂਡਾ ਹੋ ਜਾਵੇਗਾ । ਨੇਜੇ ਜਿਡੀ ਉਚੀ ਦਵਾਰ ਚਾਰ ਚੁਫੇਰੇ ਹੋਵੇਗੀ । ਇਕ ਦਰਵਾਜਾ ਰੱਖਿਆ ਜਾਵੇਗਾ । ਉਗਣ ਆਥਣ ਤਾਈਂ ਸੰਗਤਾਂ ਅਸ਼ਨਾਨ ਕਰਿਆ ਕਰਨਗੀਆਂ ਜੀ । ਏਹ ਵਰ ਦੇ ਕੇ ਫੇਰ ਮੇਰੇ ਦੀਨ ਦਿਆਲ ਓਥੇ ਪਰਸ਼ਾਦ ਵਰਤਾ ਦੇਂਦੇ ਹਨ ਅਤੇ ਫੇਰ ਸੱਚੇ ਪਿਤਾ ਆਪ ਦੇ ਨਗਰ ਘਨਕਾ ਪੁਰੀ ਵਿਚ ਆ ਜਾਂਦੇ ਹਨ ਜੀ । ।

## ❊ ਸੱਚੇ ਪਾਤਸ਼ਾਹ ਦਾ ਬਾਲ ਉਮਰ ਵਿਚ ਵਿਆਹ ❊

ਛੋਟੀ ਦੇਹ ਵਿਚ ਸੱਚੇ ਪਾਤਸ਼ਾਹ ਬੜੀਆਂ ਬੇਨੰਤੀਆਂ ਪਰਵਾਨ ਕਰਦੇ ਸੀ । ਬੜੇ ਦਿਆਲੂ ਸਨ ਜੀ । ਓਸ ਵਕਤ ਮੇਰੇ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਏਹ ਧਾਰਨ ਰੱਖੀ ਸੀ ਕਿ ਜਦੋਂ ਕੋਈ ਸਿਖ ਦੁਖ ਦਲਿੱਦਰ ਵਾਲਾ ਬੇਨੰਤੀ ਕਰਦਾ ਸੀ, ਓਸ ਵਕਤ ਕੱਚਾ ਤੰਦ ਲੈ ਕੇ ਤੇ ਗੰਢਾਂ ਦੇ ਕੇ ਚੁਪ ਕਰ ਕੇ ਫੜਾ ਦੇਂਦੇ ਸੀ ਤੇ ਦਇਆ ਹੋ ਜਾਂਦੀ ਸੀ ਜੀ । ਨਜ਼ਰੀ ਨਜ਼ਰ ਨਿਹਾਲ ਕਰਦੇ ਸੀ । ਧਾਗੇ ਨਾਲ ਸਿਖ ਨੂੰ ਯਕੀਨ ਹੋ ਜਾਂਦਾ ਸੀ ਕਿ ਪਾਤਸ਼ਾਹ ਸਾਡੀ ਬੇਨੰਤੀ ਪਰਵਾਨ ਕਰ ਲਈ ਆ । ਫੇਰ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਹੋਈ ਸੰਤਾਂ ਅਸਾਂ ਹੁਣ ਅਨੰਦ ਪੁਰ ਜਾਣਾ ਹੈ ਤੇ ਸਾਰੇ ਸਿਖਾਂ ਨੂੰ ਖ਼ਬਰ ਕਰ ਦੇ । ਬਾਬੇ ਮਨੀ ਸਿੰਘ ਸਤਿ ਬਚਨ ਮੰਨ ਕੇ ਵਿਸਾਖ ਦੇ ਮਹੀਨੇ ਸਾਰੇ ਸਿਖਾਂ ਨਾਲ ਤੁਰ ਪਏ ਹਨ ਜੀ । ਬਾਬਾ ਮਨੀ ਸਿੰਘ ਕਰਾਏ ਤੇ ਮਕਾਨ ਲੈ ਕੇ ਸਿਖਾਂ ਸਮੇਤ ਅਨੰਦ ਪੁਰ ਬੈਠੇ ਹਨ ਜੀ । ਸੰਤਨੀ ਰਾਮ ਪੁਰੇ ਵਾਲੀ ਵੀ ਸੰਗਤਾਂ ਦੇ ਨਾਲ ਅਨੰਦ ਪੁਰ ਹੈ ਜੀ । ਓਥੋਂ ਚਿਠੀ ਸੱਚੇ ਪਾਤਸ਼ਾਹ ਨੂੰ ਘਵਿੰਡ ਘੱਲੀ ਕਿ ਜੰਞ ਬਣ ਕੇ ਅਨੰਦ ਪੁਰ ਆਓ ਤੇ ਨੌਂ ਨਿਧਾਂ ਦੇ ਫੇਰੇ ਲੈ ਜਾਓ । ਫੇਰ ਜੇਠ ਦੇ ਮਹੀਨੇ ਘਵਿੰਡੋਂ ਸਾਰੇ ਚਾਚੇ ਤਾਏ ਸੱਚੇ ਪਾਤਸ਼ਾਹ ਨਾਲ ਸਾਰੇ ਪਰਵਾਰ ਸਮੇਤ ਜੰਞ ਬਣ ਕੇ ਗਏ ਹਨ । ਜਿਸ ਵਕਤ ਅਨੰਦ ਪੁਰ ਜਾ ਪਹੁੰਚੇ ਬਾਬੇ ਮਨੀ ਸਿੰਘ ਨੂੰ ਸੱਚੇ ਪਾਤਸ਼ਾਹ ਵਿਆਹ ਦਾ ਸਾਰਾ ਵਿਹਾਰ ਦੱਸਿਆ ਹੋਇਆ ਸੀ ਜੀ । ਓਸੇ ਤਰ੍ਹਾਂ ਸ਼ਬਦ ਦੇ ਅਨੁਸਾਰ ਸਾਰਾ ਵਿਹਾਰ ਕੀਤਾ ਗਿਆ ਜੀ । ਸੱਚੇ ਪਿਤਾ ਦੀ ਉਮਰ ੫ ਸਾਲ ਦੀ ਤੇ ਨੌਂ ਨਿਧਾਂ ਦੀ ਉਮਰ ੨੫ ਸਾਲ ਦੀ ਸੀ । ਅਨੇਕ ਪਰਕਾਰ ਦੇ ਭੋਜਨ ਤਿਆਰ ਕੀਤੇ ਗਏ ਹਨ ਜੀ । ਗਰੀਬ ਗੁਰਬਾ ਸਭ ਅਨੰਦ ਪ੍ਰਸੰਨ ਹੋ ਕੇ ਜਾ ਰਹੇ ਹਨ ਜੀ । ਪਰਸ਼ਾਦ ਤਿਆਰ ਹੈ । ਸੰਤਨੀ ਓਸ ਵਕਤ ਬਹੁਤ ਮਾਇਆ ਭੇਟਾ ਕੀਤੀ ਹੈ ਜੀ । ਸੰਤਾਂ ਦੀ ਪਾਤਸ਼ਾਹਾਂ ਅਕਾਸ਼ ਬਾਣੀ ਖੋਲ੍ਹੀ ਹੋਈ ਸੀ ਜੀ । ਸੰਤ ਮਨੀ ਸਿੰਘ ਸੰਗਤ ਨੂੰ ਬਚਨ ਦਸਦੇ ਹਨ ਕਿ ਐਸ ਵਕਤ ਦੇਵੀਆਂ ਦੇਵਤੇ ਫੁਲ ਬਰਸਾ ਰਹੇ ਹਨ ਜੀ । ਓਸ ਵਕਤ ਕੁਮੇਰ ਭੰਡਾਰੀ ਵੀ ਆਇਆ ਹੈ । ਅਨੰਦ ਪੁਰ ਵਿਚ ਧੰਨ ਧੰਨ ਤੇ ਜੈ ਜੈ ਕਾਰ ਸੱਚੇ ਪਿਤਾ ਦੇ

ਨਾਮ ਦੀ ਹੋ ਰਹੀ ਹੈ । ਪਾਤਸ਼ਾਹ ਸੰਤਾਂ ਨੂੰ ਅਕਾਸ਼ ਬਾਣੀ ਦਿਤੀ ਕਿ ਸੰਤਾ ਅਨੰਦ ਪੁਰ ਵਿਚ ਗਲੀ ਗਲੀ ਵਿਚ ਢੰਡੋਰਾ ਫੇਰ ਦੇ । ਅਸੀਂ ਐਸੀ ਮਾਇਆ ਪਾਵਾਂਗੇ, ਕਿਸੇ ਜੀ ਨੂੰ ਨਹੀਂ ਉਠਣ ਦੇਣਾ । ਅਸੀਂ ਗੁਰੂ ਗੋਬਿੰਦ ਸਿੰਘ ਨਹੀਂਗੇ, ਕੱਚੀ ਵੱਢਾਂਗੇ, ਅਸੀਂ ਹੁਣ ਪਕਾ ਕੇ ਵੱਢਾਂਗੇ । ਬਾਰਾਂ ਕੋਹਾਂ ਵਾਲਾ ਬਚਨ ਸਤਿ ਕਰਾਂਗੇ । ਸੰਤ ਨੇ ਸਤਿ ਬਚਨ ਮੰਨ ਕੇ ਤੇ ਨੀਲਾ ਚੋਗਾ ਰੰਗਾਇਆ ਤੇ ਸੱਚੇ ਪਾਤਸ਼ਾਹ ਦੇ ਗਲ ਵਿਚ ਪਾਇਆ ਤੇ ਗਲੀ ਗਲੀ ਵਿਚ ਢੰਡੋਰਾ ਫਿਰਵਾਇਆ । ਢੋਲ ਸੁਣ ਕੇ ਸਾਰੇ ਬਾਲ ਬਿਰਧ ਗਲੀ ਵਿਚ ਔਂਦੇ ਹਨ । ਸੰਤ ਮਨੀ ਸਿੰਘ ਬਚਨ ਕਰਦੇ ਹਨ ਕਿ ਲੋਕੋ ਏਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਅਵਤਾਰ ਘਵਿੰਡ ਪਿੰਡ ਵਿਚ ਆਏ ਹਨ । ਭਗਤਾਂ ਦੀ ਜੈ ਤੇ ਦੁਸ਼ਟਾਂ ਦੀ ਖੈ ਕਰਨ ਵਾਸਤੇ । ਕਲਗੀ ਧਰ ਅਵਤਾਰ ਵੀ ਏਹੋ ਹਨ । ਮੁਸਲਮਾਨੋ ਭਾਈ ਏਹ ਤੁਹਾਡੇ ਅਮਾਮ ਮੈਹਦੀ ਵੀ ਏਹੋ ਹਨ । ਢੈਹ ਕੇ ਚਰਨੀ ਪੈ ਜੋ ਫੇਰ ਵੇਲਾ ਹੱਥ ਨਹੀਂ ਔਣਾ । ਸੰਤ ਨੇ ਆਪਣਾ ਹੋਕਾ ਸਾਰੇ ਪਿੰਡ ਵਿਚ ਸੁਣਾ ਦਿਤਾ ਹੈ । ਪਾਤਸ਼ਾਹ ਐਸੀ ਮਾਇਆ ਪਾਈ ਕਿਸੇ ਨੂੰ ਏਸ ਪਾਸੇ ਲੱਗਣ ਨਹੀਂ ਦਿਤਾ ਸਾਰੇ ਆਪਸ ਵਿਚ ਲੋਕੀਂ ਆਖਦੇ ਹਨ ਕਿ ਸੰਤ ਨੇ ਐਵੇਂ ਖਾਣ ਦਾ ਬਹਾਨਾ ਬਣਾਇਆ ਹੋਇਆ ਹੈ । ਏਸ ਤਰ੍ਹਾਂ ਏਹ ਅਨੰਦ ਪੁਰ ਸੱਚੇ ਪਿਤਾ ਨੇ ਖੇਡ ਰਚੀ ਸੀ । ।

## ❊ ਦੇਵੀਆਂ ਦੀ ਪੂਜਾ ਭੇਟਾ ਬੰਦ ਕਰਾਉਣੀ ❊

ਫੇਰ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਹੋਈ ਕਿ ਸੰਤਾ ਅਸਾਂ ਹੁਣ ਨੈਣਾਂ ਦੇਵੀ ਨੂੰ ਜਾਣਾ ਹੈ । ਸੰਤ ਸੱਚੇ ਪਾਤਸ਼ਾਹ ਨੂੰ ਨਾਲ ਲੈ ਕੇ ਤੇ ਨਾਲ ਸੰਗਤਾਂ ਨੈਣਾਂ ਦੇਵੀ ਨੂੰ ਚਲੇ ਗਏ ਹਨ ਜੀ । ਤੇ ਕਰਾਮਾਤ ਸਾਰੀ ਖਿਚ ਕੇ ਲੈ ਆਏ ਹਨ ਜੀ । ਏਹ ਜੇਹੜਾ ਵਿਆਹ ਨੌਂ ਨਿਧਾਂ ਨਾਲ ਹੋਇਆ ਹੈ, ਏਸ ਦੀ ਗਤੀ ਨੂੰ ਮੇਰੇ ਸੱਚੇ ਪਿਤਾ ਹੀ ਜਾਣਦੇ ਹਨ ਜੀ । ਏਹ ਸੰਸਾਰ ਤੇ ਨਿੰਦਿਆ ਕਰੌਣ ਵਾਸਤੇ ਪਾਤਸ਼ਾਹ ਏਹ ਖੇਡ ਰਚੀ ਸੀ । ਈਸ਼ਵਰ ਦੀ ਖੇਡ ਨੂੰ ਈਸ਼ਵਰ ਹੀ ਜਾਣਦਾ ਹੈ ਜੀ । ਫੇਰ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਨਾਲ ਲਿਖਤ ਕਰ ਰਹੇ ਹਨ ਜੀ । ਛੇ ਮਹੀਨੇ ਸੱਚੇ ਪਿਤਾ ਅਨੰਦ ਪੁਰ ਰਹੇ ਹਨ ਜੀ । ਛੋਟੇ ਹੁੰਦੇ ਪਾਤਸ਼ਾਹ ਮਨੀ ਸਿੰਘ ਨੂੰ ਅਕਾਸ਼ ਬਾਣੀ ਦਿਤੀ ਕਿ ਸੰਤਾ ਦੇਵੀਆਂ ਸਾਰੀਆਂ ਨੂੰ ਤੂੰ ਲਿਔਣਾ ਹੈ । ਜਿਥੇ ਜਿਥੇ ਜਾਵੇਂਗਾ ਓਥੋਂ ਅਸੀਂ ਆਪੇ ਕਰਾਮਾਤ ਖਿਚੀ ਆਵਾਂਗੇ ਜੀ । ਸੱਚੇ ਪਾਤਸ਼ਾਹ ਆਪ ਦੇ ਮਾਪਿਆਂ ਨਾਲ ਘਨਕਾ ਪੁਰੀ ਵਿਚ ਆ ਗਏ ਹਨ ਜੀ । ਬਾਬਾ ਮਨੀ ਸਿੰਘ ਸਿਖਾਂ ਸਮੇਤ ਅਨੰਦਪੁਰ ਹਨ ਜੀ । ਮਨੀ ਸਿੰਘ ਨੂੰ ਆਕਾਸ਼ ਬਾਣੀ ਹੋਈ ਕਿ ਸੰਤਾ ਸਾਰੀਆਂ ਦੇਵੀਆਂ ਬੰਨ ਕੇ ਸ਼ਬਦ ਨਾਲ ਸਾਡੇ ਚਰਨਾਂ ਵਿਚ ਢੇਣੀਆਂ ਹੋਣਗੀਆਂ ਜੀ । ਸੰਤਾ, ਦੇਵੀਆਂ ਦੇ ਧਾਮ ਉਤੇ ਤੈਨੂੰ ਜਾਣਾ ਪਵੇਗਾ । ਸੰਤਾ, ਤੇਰੇ ਹੱਥ ਅਸਾਂ ਕਲਮ ਫੜਾਈ ਹੈ, ਕਲਮ ਦੀ ਮਾਰ ਨਾਲ ਸਾਰਿਆਂ ਦੀ ਪੂਜਾ ਭੇਟਾ ਖੋਹਣੀ ਹੈ ਜੀ । ਆਪ ਸੱਚੇ ਪਾਤਸ਼ਾਹ ਘਵਿੰਡ ਬੈਠੇ ਹਨ ਤੇ ਅਕਾਸ਼ ਬਾਣੀ ਨਾਲ ਲਿਖਤ ਅਨੰਦ ਪੁਰ ਬਾਬੇ ਮਨੀ ਸਿੰਘ ਦੇ ਹੱਥੀਂ ਹੋ ਰਹੀ ਹੈ ਜੀ । ਲਿਖਾਈ ਹੋ ਰਹੀ ਅਸਾਂ ਸਰਬਤ ਤੀਰਥਾਂ ਤੇ ਭੇਖਾਂ ਦੀ ਸਤਿਆ ਖਿਚ ਲੈਣੀ ਹੈ । ਇਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੋਂ ਬਗੈਰ ਕਿਸੇ ਦੀ ਪੂਜਾ ਭੇਟਾ ਨਾ ਰਹੇਗੀ । ਅਗੇ ਅਸੀਂ ਜੁਗੋ ਜੁਗ ਹੱਥਾਂ ਨਾਲ ਲੜਦੇ ਆਏ ਹਾਂ ਤੇ ਹੁਣ ਅਸੀਂ ਹੱਥਾਂ ਨਾਲ ਕੁਛ ਨਹੀਂ ਕਰਨਾ, ਜੋ ਕਰਾਂਗੇ ਜੋਤ ਨਾਲ ਕਰਾਂਗੇ । ਧੌਣਾਂ ਤੋਂ ਫੜ ਫੜ ਰਾਜੇ ਰਾਣੇ ਬੰਨ ਕੇ ਮਾਰ ਦੇਣੇ ਹਨ ਜੀ । ਗਊਆਂ ਦਾ ਉਧਾਰ ਕਰਨ ਆਏ ਹਾਂ ਤੇ ਅਸੀਂ ਦੁਨੀਆਂ ਤੇ ਮਾਸੀ ਸ਼ਰਾਬੀ ਕੋਈ ਨਹੀਂ ਰਹਿਣ ਦੇਣਾ । ਬਾਬਾ ਮਨੀ ਸਿੰਘ ਜਿਥੇ ਜਿਥੇ ਤੂੰ ਜਾਵੇਗਾ ਅਸੀਂ ਓਥੋਂ ਓਥੋਂ ਸਤਿਆ ਖਿਚ ਲਵਾਂਗੇ । ਬਾਬਾ ਮਨੀ ਸਿੰਘ ਸਤਿ ਬਚਨ ਮੰਨ ਕੇ ਦੇਵੀਆਂ ਕੋਲ ਗਿਆ ਹੈ ਤੇ ਦੇਵੀਆਂ ਜੋਤ ਸਰੂਪੀ ਅਨੰਦ ਪੁਰ ਆਈਆ ਹਨ ਜੀ । ਅਨੰਦ ਪੁਰ ਵਿਚ ਇਕ ਲੜਕੀ ਸੀ । ਦੇਵੀ ਲੜਕੀ ਵਿਚ ਪਰਵੇਸ਼ ਹੋ ਕੇ ਲਲਕਾਰੇ ਮਾਰੇ ਹਨ ਜੀ । ਮਾਝੇ ਦੇਸ ਦੇ ਕਾਹਨ ਸਿੰਘ ਭੰਗਾਲੀ ਵਾਲੇ ਦੀ ੧੦ ਸਾਲ ਦੀ ਲੜਕੀ ਸੀ ਜੀ । ਓਸ ਵਿਚ ਪਰਵੇਸ਼ ਹੋ ਕੇ ਦੇਵੀ ਬਚਨ ਕਰਦੀ ਹੈ ਕਿ ਸੰਤਾ ਸਾਡੀ

ਪੂਜਾ ਭੇਟਾ ਬੰਨ੍ਹ । ਸੰਤ ਬਚਨ ਕਰਦੇ ਹਨ ਕਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋਂ ਬਿਨਾਂ ਕਿਸੇ ਦੀ ਪੂਜਾ ਨਹੀਂ ਰਹਿਣੀ । ਦੇਵੀ ਬਹੁਤ ਸਖਤ ਬਚਨ ਕੀਤੇ ਕਿ ਸੰਤਾਂ ਮੇਰੀ ਪੂਜਾ ਨਾ ਬੱਧੀ ਤੇ ਮੈਂ ਏਸ ਬੀਬੀ ਦਾ ਸਿਰ ਲੈ ਜਾਵਾਂਗੀ । ਸੰਤਾਂ ਬਚਨ ਕੀਤਾ ਸਾਨੂੰ ਪਾਤਸ਼ਾਹ ਹੁਕਮ ਨਹੀਂ ਦੇਂਦੇ । ਓਸ ਲੜਕੀ ਦੀ ਦੇਹ ਛੁਟ ਗਈ ਤੇ ਦੇਵੀ ਦੀ ਜੋਤ ਅਲੋਪ ਹੋ ਗਈ । ਮਰਯਾਦਾ ਅਨੁਸਾਰ ਓਸ ਬੀਬੀ ਦਾ ਅਨੰਦ ਪੁਰ ਸਸਕਾਰ ਕੀਤਾ ਗਿਆ ਜੀ । ਸੱਚੇ ਪਾਤਸ਼ਾਹ ਦਇਆ ਕੀਤੀ ਤੇ ਓਸ ਬੀਬੀ ਦਾ ਜਰਮ ਖੀਰਾਂ ਵਾਲੀ ਪਾਤਸ਼ਾਹ ਦਾ ਦੁਆਬੇ ਵਿਚ ਇਕ ਸਿਖ ਸੀ, ਓਸ ਦੇ ਘਰ ਪੁੱਤਰ ਹੋ ਕੇ ਦੇ ਦਿਤਾ । ਪਾਤਸ਼ਾਹ ਓਸ ਦਾ ਨਾਮ ਸਾਧੂ ਸਿੰਘ ਰੱਖ ਦਿਤਾ । ਦੀਨ ਦਿਆਲਾਂ ਨੇ ਏਡੀ ਦਇਆ ਕੀਤੀ ਜਿਸ ਵਕਤ ਦੇਵੀਆਂ ਦੀ ਲਿਖਤ ਪੈ ਗਈ ਦੇਵੀਆਂ ਪਹਾੜਾਂ ਤੋਂ ਹਿਲ ਉਠੀਆਂ । ਮਾਝੇ ਦੇਸ ਵਿਚ ਆ ਕੇ ਛੋਟੀਆਂ ਛੋਟੀਆਂ ਲੜਕੀਆਂ ਵਿਚ ਪਰਵੇਸ਼ ਹੋ ਗਈਆਂ, ਪਿੰਡਾਂ ਵਿਚ ਫਿਰਨ ਲਗ ਪਈਆਂ । ਕੋਈ ਆਖੇ ਮੈਂ ਜਵਾਲਾ ਦੇਵੀ ਆਂ, ਕੋਈ ਆਖੇ ਮੈਂ ਫਲਾਣੀ ਆਂ । ਸੱਚੇ ਪਾਤਸ਼ਾਹ ਨੂੰ ਲਭਦੀਆਂ ਫਿਰਦੀਆਂ ਹਨ ਅੜੋ ਅੱਡ । ਨਾਲ ਢੋਲਕੀਆਂ ਛੈਣਿਆਂ ਵਾਲੇ, ਨਾਲ ਨਾਲ ਕਰਾਮਾਤਾਂ ਵਖੌਣ ਲਗ ਪਈਆਂ ਹਨ ਜੀ । ਹੌਲੀ ਹੌਲੀ ਲੱਭਦੀਆਂ ਘਵਿੰਡ ਪਿੰਡ ਵਿਚ ਆ ਗਈਆਂ ਹਨ ਜੀ । ਦੇਵੀਆਂ ਦੇ ਦਵਾਨ ਵਿਚ ਸਾਰਾ ਪਿੰਡ ਬੈਠਾ ਹੋਇਆ ਹੈ ਜੀ । ਸੰਤ ਮਨੀ ਸਿੰਘ ਤੇ ਸੱਚੇ ਪਾਤਸ਼ਾਹ ਸਿਖਾਂ ਸਮੇਤ ਵਿਚ ਜਾ ਬੈਠੇ ਹਨ ਜੀ । ਜਿਸ ਵਕਤ ਭੇਟਾ ਪੜ੍ਹਦੇ ਹਨ ਦੇਵੀਆਂ ਅਸਥਾਨ ਵਿਚ ਵੜ ਕੇ ਲਲਕਾਰੇ ਮਾਰਦੀਆਂ ਹਨ ਜੀ । ਜਿਸ ਵਕਤ ਸੱਚੇ ਪਾਤਸ਼ਾਹ ਦਵਾਨ ਵਿਚ ਜਾ ਬੈਠੇ ਹਨ ਤੇ ਦੇਵੀਆਂ ਖੇਡਣੋਂ ਹਟ ਗਈਆਂ ਹਨ ਜੀ । ਪਾਤਸ਼ਾਹ ਜੋਤ ਨਹੀਂ ਔਣ ਦਿਤੀ । ਦੇਵੀਆਂ ਦੇ ਭਗਤ ਬਹੁਤ ਭੇਟਾ ਪੜ੍ਹ ਰਹੇ ਹਨ । ਪਾਤਸ਼ਾਹ ਪੌਣ ਨਹੀਂ ਔਣ ਦਿਤੀ । ਸਖਣੀਆਂ ਕੰਨਿਆਂ ਬੈਠੀਆਂ ਹਨ ਜੀ । ਦੁਨੀਆਂ ਸਾਰੀ ਆਖਦੀ ਹੈ ਕਿ ਦੇਵੀਆਂ ਖੇਡਦੀਆਂ ਬੜਾ ਸੀ ਹੁਣ ਕੀ ਗਲ ਹੋ ਗਈ ਖੇਡਦੀਆਂ ਨਹੀਂ ਜੀ । ਆਈਆਂ ਤਾਂ ਸੱਚੇ ਪਾਤਸ਼ਾਹ ਨੂੰ ਢੂੰਡਣ ਸੀ, ਪਰ ਪਾਤਸ਼ਾਹ ਦਿਸਣ ਨਾ । ਜਿਸ ਨੂੰ ਜਣਾਵੇ ਸੋ ਜਨ ਜਾਣੇ ਬਾਬੇ ਮਨੀ ਸਿੰਘ ਤੋਂ ਬਗੈਰ ਤੇ ਸਿਖਾਂ ਤੋਂ ਬਗੈਰ ਪਿੰਡ ਨੂੰ ਵੀ ਕੋਈ ਖਬਰ ਨਹੀਂ ਸੀ ਕਿ ਸੱਚੇ ਪਾਤਸ਼ਾਹ ਦੀਨ ਦੁਨੀ ਦੇ ਵਾਲੀ ਏਸ ਨਗਰ ਵਿਚ ਅਵਤਾਰ ਧਾਰਿਆ ਹੈ । ਪਾਤਸ਼ਾਹ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਦਿਤੀ ਕਿ ਸੰਤਾ ਜੇ ਅੱਜ ਦੇਵੀਆਂ ਢੈਹ ਕੇ ਚਰਨੀ ਪੈ ਜਾਦੀਆਂ, ਤੇ ਅੱਜ ਏਹਨਾਂ ਦੀ ਪੂਜਾ ਭੇਟਾ ਬੰਨ ਦੇਣੀ ਸੀ । ਏਨ੍ਹਾਂ ਸਾਨੂੰ ਲੱਭਾ ਨਹੀਂ । ਸੰਤ ਮਨੀ ਸਿੰਘ ਲਿਖਤ ਪਾ ਦਿਤੀ ਕਿ ਦੇਵੀਆਂ ਦੀ ਪੂਜਾ ਭੇਟਾ ਬੰਦ ਕਰ ਦਿਤੀ ਆ । ਲਿਖਤ ਪਾ ਕੇ ਸੰਤ ਮਨੀ ਸਿੰਘ ਤੇ ਪਾਤਸ਼ਾਹ ਸੰਗਤ ਸਮੇਤ ਘਰ ਨੂੰ ਚਲੇ ਗਏ ਹਨ ਜੀ । ਜਿਸ ਵੇਲੇ ਉਠ ਕੇ ਚਲੇ ਗਏ ਹਨ ਤੇ ਦੇਵੀਆਂ ਫੇਰ ਲਲਕਾਰੇ ਮਾਰਨ ਲੱਗੀਆਂ ਤੇ ਲੋਕਾਂ ਨੂੰ ਵਰ ਵਰੂਹੀ ਦੇਣ ਲੱਗੀਆਂ । ਦੇਵੀਆਂ ਤੇ ਸਾਰੀ ਦੁਨੀਆਂ ਖਾਲੀ ਦੇ ਖਾਲੀ ਰਹਿ ਗਏ ਹਨ । ਸੱਚੇ ਪਾਤਸ਼ਾਹ ਸੁਰਤ ਨਹੀਂ ਔਣ ਦਿਤੀ । ਏਹ ਛੋਟੀ ਦੇਹ ਕਰ ਕੇ ਦੇਵੀਆਂ ਨੂੰ ਕਰਾਮਾਤ ਵਖਾਈ ਹੈ ਤੇ ਕਿਸੇ ਨੂੰ ਪਰਖ ਨਹੀਂ ਆਈ ਸੱਚੇ ਪਾਤਸ਼ਾਹ ਦੀ । ੧੫ ਦਿਨ ਦੇਵੀਆਂ ਘਵਿੰਡ ਪਿੰਡ ਵਿਚ ਫਿਰਦੀਆਂ ਰਹੀਆਂ ਹਨ ਤੇ ਸੱਚੇ ਪਾਤਸ਼ਾਹ ਗਲੀਆਂ ਵਿਚ ਖੇਡਦੇ ਰਹੇ ਹਨ ਜੀ । ਕਿਸੇ ਪਛਾਤਾ ਨਹੀਂ । ਫੇਰ ਦੇਵੀਆਂ ਆਪੋ ਆਪਣੀ ਥਾਈਂ ਚਲੀਆਂ ਗਈਆਂ ਹਨ ਜੀ । ਮਹਾਰਾਜ ਨੂੰ ਪਛਾਨਣ ਵਾਸਤੇ ਮਾਝੇ ਦੇਸ ਵਿਚ ਦੇਵੀਆਂ ਦੀ ਜੋਤ ਪਰਗਟ ਹੋਈ ਸੀ ਤੇ ਪਾਤਸ਼ਾਹ ਲੱਭੇ ਨਹੀਂ । ਫੇਰ ਜੋਤ ਅਲੋਪ ਹੋ ਗਈ ਜੀ । ।

## ❊ ਮਨੀ ਸਿੰਘ ਨੂੰ ਦਿਲੀ ਜਾ ਕੇ ਬਾਣੀ ਲਿਖਣ ਦਾ ਹੁਕਮ ❊

ਸਾਢੇ ਤਿੰਨ ਸਾਲ ਮਨੀ ਸਿੰਘ ਅਕਾਸ਼ ਬਾਣੀ ਨਾਲ ਲਿਖਾਈ ਕਰਦੇ ਰਹੇ ਹਨ । ਅਨੰਦ ਪੁਰ ਸਾਹਿਬ, ਫੇਰ ਦਿਲੀ ਜਾ ਕੇ ਛੇ ਮਹੀਨੇ ਬਹੁਤ ਸਖਤ ਲਿਖਾਈ ਹੋਈ ਹੈ । ਦਿਲੀ ਓਸ ਗੁਰਦਵਾਰੇ ਵਿਚ ਲਿਖਾਈ ਹੋਈ ਹੈ ਜਿਥੇ ਗੁਰੂ ਤੇਗ ਬਹਾਦਰ ਦਾ ਸੀਸ ਕੱਟਿਆ ਗਿਆ ਸੀ । ਐਡੀ ਸਖ਼ਤ ਲਿਖਾਈ ਹੋ

ਰਹੀ ਸੀ, ਸੰਤਾਂ ਨੂੰ ਗਰਾਹੀ ਵੀ ਛਕਣ ਦਾ ਟਾਈਮ ਨਹੀਂ ਸੀ ਮਿਲਦਾ । ਬਾਬੇ ਮਨੀ ਸਿੰਘ ਦੇ ਬੈਠਿਆਂ ਬੈਠਿਆਂ ਪੈਰਾਂ ਦੀਆਂ ਤਲੀਆਂ ਵਿਚੋਂ ਲਹੂ ਨਿਕਲਦਾ ਸੀ ਤੇ ਰੇਸ਼ਾ ਪੈ ਗਿਆ ਸੀ । ਸਿਖ ਬਾਬੇ ਮਨੀ ਸਿੰਘ ਨੂੰ ਫੁਲਕਾ ਛਕੌਂਦੇ ਸੀ । ਤੇ ਓਨ੍ਹਾਂ ਨੂੰ ਕਲਮ ਰੱਖਣ ਦਾ ਹੁਕਮ ਨਹੀਂ ਸੀ । ਸਿਖਾਂ ਰੂੰ ਦੀਆਂ ਗੱਦੀਆਂ ਚਰਨਾਂ ਥੱਲੇ ਰੱਖਣੀਆਂ । ਓਹ ਖ਼ੂਨ ਨਾਲ ਭਿਜ ਜਾਣੀਆਂ, ਤੇ ਫੇਰ ਹੋਰ ਰੱਖਣੀਆਂ । ਇਹ ਛੇ ਮਹੀਨੇ ਲਿਖਾਈ ਜੇਹੜੀ ਹੋਈ ਹੈ, ਕਲਜੁਗ ਦੇ ਨਾਸ ਕਰਨ ਵਾਸਤੇ ਹੋਈ ਹੈ । ਆਪ ਤਾਂ ਸੱਚੇ ਪਿਤਾ ਦਿਲ ਦੀਆਂ ਜਾਨਣ ਵਾਲੇ ਘਵਿੰਡ ਪਿੰਡ ਵਿਚ ਖੇਡ ਰਹੇ ਹਨ ਤੇ ਲਿਖਾਈ ਬਾਬੇ ਮਨੀ ਸਿੰਘ ਦੇ ਹੱਥੀਂ ਦਿਲੀ ਹੋ ਰਹੀ ਹੈ । ਇਹ ਹੈ ਪੂਰੇ ਗੁਰ ਦੀ ਵਡਿਆਈ । ਲਿਖਤ ਇਹ ਹੋ ਰਹੀ ਹੈ ਕਿ ਅਸੀਂ ਕਲਜੁਗ ਦਾ ਨਾਸ ਕਰ ਕੇ ਸਤਿਜੁਗ ਲਿਆਵਾਂਗੇ । ਪਾਪੀਆਂ ਦੀ ਖੈ ਕਰਾਂਗੇ, ਭਗਤਾਂ ਦੀ ਜੈ ਕਰਾਂਗੇ । ਛੇ ਮਹੀਨੇ ਤੋਂ ਬਾਅਦ ਫੇਰ ਜੋ ਹੁਕਮ ਹੋਵੇ ਤੇ ਬਚਨ ਸੰਤ ਲਿਖਦੇ ਸੀ, ਨਹੀਂ ਤੇ ਕਲਮ ਰੱਖ ਦੇਂਦੇ ਸੀ । ਫੇਰ ਸਾਰੀ ਸਿਖੀ ਨੂੰ ਹੁਕਮ ਦਿਤਾ ਕਿ ਪਾਤਸ਼ਾਹ ਬਚਨ ਦੇਂਦੇ ਹਨ ਸਾਰੇ ਘਰੋ ਘਰੀਂ ਚਲੇ ਜਾਓ । ਮਹਾਰਾਜ ਆਕਾਸ਼ ਬਾਣੀ ਵਿਚ ਹੁਕਮ ਦਿਤਾ ਕਿ ਸੰਤਾ ਜਿਥੋਂ ਜਿਥੋਂ ਅਸੀਂ ਆਖਾਂਗੇ, ਜਾ ਕੇ ਸਾਡੇ ਸਿਖ ਬਾਹੋਂ ਫੜ ਕੇ ਲਿਆ ਕੇ ਸਾਡੇ ਚਰਨੀ ਲੌਣੇ । ਜੁਗਾਂ ਦੇ ਵਿਛੜੇ ਸਿਖ ਅਸਾਂ ਹੁਣ ਆਪ ਵਾਜ ਮਾਰ ਕੇ ਜਗੌਣੇ ਹਨ ਜੀ । ਫੇਰ ਸੰਤਾਂ ਨੂੰ ਜਿਸ ਤਰਾਂ ਹੁਕਮ ਹੋਇਆ ਓਸੇ ਤਰਾਂ ਸਤਿ ਬਚਨ ਮੰਨ ਕੇ ਤੁਰ ਪੈਂਦੇ ਹਨ ਜੀ । ।

## ✻ ਹਰੀ ਮਕਈ ਦਾ ਸੜ ਜਾਣਾ ✻

ਸੌਣ ਦੇ ਮਹੀਨੇ ਵਿਚ ਬਾਬਾ ਜਵੰਦ ਸਿੰਘ ਸੱਚੇ ਪਾਤਸ਼ਾਹ ਦਾ ਪਿਤਾ ਮਕਈ ਬੀਜਣ ਦੀ ਤਿਆਰੀ ਕਰ ਰਹੇ ਹਨ ਜੀ । ਪਾਤਸ਼ਾਹ ਦੀ ਮਾਤਾ ਨੂੰ ਹੁਕਮ ਦਿਤਾ ਕਿ ਛੱਲੀਆਂ ਮਕਈ ਦੀਆਂ ਭੋਰੋ, ਮਕਈ ਬੀਜਣੀ ਜੇ । ਛੱਲੀਆਂ ਭੋਰ ਰਹੇ ਹਨ ਤੇ ਪਾਤਸ਼ਾਹ ਖੇਡਦੇ ਖੇਡਦੇ ਆਏ ਹਨ । ਤੇ ਆਣ ਕੇ ਛੱਲੀ ਹੱਥ ਵਿਚ ਫੜ ਲਈ ਹੈ । ਜਿਸ ਤਰ੍ਹਾਂ ਮਾਤਾ ਹੋਰੀਂ ਸਮਝਾ ਰਹੇ ਹਨ ਕਿ ਇਹ ਮਕਈ ਬੀਜਣੀ ਹੈ, ਫੇਰ ਛੱਲੀਆਂ ਲੱਣਗੀਆਂ ਤੇ ਫੇਰ ਭੁੰਨ ਕੇ ਚੱਬਿਆਂ ਕਰਾਂਗੇ । ਪਾਤਸ਼ਾਹ ਜਿਦੇ ਪੈ ਗਏ ਹਨ ਕਿ ਅਸਾਂ ਹੁਣੇ ਛੱਲੀ ਭੁੰਨਣੀ ਹੈ । ਜਿਸ ਵਕਤ ਖੈੜੇ ਪੈ ਗਏ ਹਨ ਤੇ ਸੱਚੇ ਪਿਤਾ ਦੀ ਦਾਦੀ ਗੁੱਸੇ ਹੁੰਦੀ ਹੈ । ਕਿ ਕਿਉਂ ਰੁਵੌਂਦੇ ਜੇ, ਤੁਹਾਨੂੰ ਬੱਚੇ ਵਰਚੌਣ ਦੀ ਜਾਚ ਨਹੀਂ ਗੀ । ਓਨ੍ਹਾਂ ਓਸ ਵਕਤ ਪਾਤਸ਼ਾਹ ਨੂੰ ਛੱਲੀ ਦਿਤੀ ਤੇ ਜਾ ਕੇ ਮੇਰੇ ਦੀਨ ਦਿਆਲ ਚੁੱਲੇ ਵਿਚ ਦੱਬ ਆਏ ਜੀ । ਆਪ ਫੇਰ ਬਾਹਰ ਬੱਚਿਆਂ ਨਾਲ ਖੇਡਣ ਚਲੇ ਗਏ ਹਨ । ਮਾਤਾ ਨੇ ਓਸ ਵਕਤ ਛੱਲੀ ਚੁੱਲੇ ਵਿਚੋਂ ਕੱਢ ਲਈ ਤੇ ਤੁੱਕਾ ਚੁੱਲੇ ਵਿਚ ਪਾ ਦਿਤਾ । ਪਾਤਸ਼ਾਹ ਫੇਰ ਥੋੜੇ ਚਿਰ ਬਾਅਦ ਖੇਡ ਕੇ ਆਏ ਹਨ ਤੇ ਆਣ ਕੇ ਛੱਲੀ ਮੰਗਦੇ ਹਨ ਕਿ ਸਾਡੀ ਛੱਲੀ ਭੁੱਜ ਗਈ ਹੋਣੀ ਆ, ਦਿਓ । ਮਾਤਾ ਨੇ ਤੁੱਕਾ ਕੱਢ ਕੇ ਵਖਾ ਦਿਤਾ ਤੇ ਬਚਨ ਕੀਤਾ ਕਿ ਤੁਹਾਡੀ ਛੱਲੀ ਤਾਂ ਸੜ ਗਈ, ਲੌ ਵੇਖ ਲੌ, ਤੁੱਕਾ ਵੀ ਸੜ ਗਿਆ ਹੈ । ਪਾਤਸ਼ਾਹ ਹੱਥ ਤੇ ਹੱਥ ਮਾਰ ਕੇ ਓਸ ਵਕਤ ਹੱਸ ਪਏ ਹਨ ਕਿ ਸਾਰੀ ਸੜ ਗਈ ਹੈ । ਤਿੰਨ ਵਾਰੀ ਪਾਤਸ਼ਾਹ ਬਚਨ ਕੀਤਾ ਹੈ ਕਿ ਸਾਰੀ ਸੜ ਗਈ ਹੈ । ਓਸ ਵਕਤ ਕਿਸੇ ਨਹੀਂ ਆਖਿਆ ਕਿ ਪਾਤਸ਼ਾਹ ਅਸਾਂ ਤੁੱਕਾ ਪਾਇਆ ਸੀ ਤੇ ਛੱਲੀ ਕੱਢ ਲਈ ਹੈ । ਸਗੋਂ ਪਾਤਸ਼ਾਹ ਦੀ ਦਾਦੀ ਓਸ ਵਕਤ ਬਚਨ ਕਰਦੀ ਹੈ ਕਿ ਐਸ ਤਰ੍ਹਾਂ ਅੰਞਾਣਾ ਵਰਚਾ ਲਈ ਦਾ ਹੈ । ਬੱਚੇ ਦੀ ਕੇਹੜੀ ਗਲ ਹੈ । ਫੇਰ ਖੇਤ ਵਿਚ ਜਾ ਕੇ ਮਕਈ ਬੀਜੀ ਤੇ ਬਹੁਤ ਸਾਰੀ ਉਗੀ, ਗੋਡੇ ਗੋਡੇ ਜਿਡੀ ਹੋ ਗਈ ਜੀ । ਇਕ ਦਿਨ ਤਕਾਲੀ ਖੇਤੋਂ ਬਾਬਾ ਜਵੰਦ ਸਿੰਘ ਆਇਆ ਤੇ ਕਹਿਣ ਲੱਗਾ ਬਹੁਤ ਸੋਹਣੀ ਮਕਈ ਹੈ । ਲੈ ਲੈ ਕਰ ਰਹੀ ਹੈ । ਸਵੇਰੇ ਉਠ ਕੇ ਖੇਤ ਨੂੰ ਗਏ ਤੇ ਓਸ ਵਕਤ ਇਕ ਤੀਲਾ ਵੀ ਹਰਿਆ ਨਹੀਂ ਹੈ । ਸਾਰੀ ਸੜ ਗਈ ਹੈ । ਸਾਰੀ ਮਕਈ ਸੁੱਕੀ ਵੇਖ ਕੇ ਭਾਈ ਜਵੰਦ ਸਿੰਘ ਦੀਆਂ ਅੱਖਾਂ ਹੰਝੂ ਕਿਰ ਗਈਆਂ ਹਨ । ਦਿਲ ਵਿਚ ਦਲੀਲਾਂ ਕਰਦਾ ਹੈ ਕਿ ਮੈਂ

ਹੁਣ ਕੀ ਕਰਾਂਗਾ । ਬੜੀ ਔਖਿਆਈ ਹੋਵੇਗੀ । ਮਕਈ ਬੀਜਣ ਦੀ ਰੁਤ ਲੰਘ ਗਈ ਹੈ । ਕਿਸ ਤਰ੍ਹਾਂ ਸਿਆਲ ਲੰਘੇਗਾ ਜੀ । ਨਿਰਾਸ਼ ਹੋ ਕੇ ਘਰ ਆ ਬੈਠਾ ਹੈ । ਘਰ ਦੇ ਵੇਖ ਕੇ ਪੁਛਦੇ ਹਨ ਕੀ ਗਲ ਹੈ ਅੱਜ ਬੜੇ ਉਦਾਸ ਬੈਠੇ ਜੇ । ਆਖਦੇ ਹਨ ਕਿ ਮਕਈ ਤਾਂ ਇਕ ਰਾਤ ਵਿਚ ਸੜ ਗਈ ਹੈ ਤੇ ਸਾਰਾ ਸਿਆਲ ਕੀ ਖਾਵਾਂਗੇ । ਸਾਰਾ ਟੱਬਰ ਬਚਨ ਸੁਣ ਕੇ ਨਿਰਾਸ ਹੋ ਗਿਆ ਹੈ । ਜਵੰਦ ਸਿੰਘ ਜੀ ਪੁਛਦਾ ਹੈ ਕਿ ਤੁਸਾਂ ਕੋਈ ਪਾਤਸ਼ਾਹ ਨੂੰ ਬਚਨ ਵਧ ਘਟ ਤਾਂ ਨਹੀਂ ਕੀਤਾ । ਮਾਤਾ ਹੋਰੀਂ ਬਚਨ ਕਰਦੇ ਹਨ, ਕਿ ਹੋਰ ਤਾਂ ਕੋਈ ਨਹੀਂ ਗਲ ਆਖੀ, ਜਦੋਂ ਮਕਈ ਭੋਰਦੇ ਸਾਂ ਓਦੋਂ ਛੱਲੀ ਮੰਗਦੇ ਸਨ ਤਾਂ ਅਸਾਂ ਛੱਲੀ ਦਿਤੀ । ਚੁੱਲੇ ਵਿਚ ਦੱਬ ਕੇ ਖੇਡਣ ਚਲੇ ਗਏ ਤੇ ਅਸੀਂ ਛੱਲੀ ਕੱਢ ਲਈ ਤੇ ਤੁੱਕਾ ਪਾ ਦਿਤਾ ਸੀ । ਜਿਸ ਵਕਤ ਖੇਡ ਕੇ ਆਏ ਤੇ ਛੱਲੀ ਮੰਗੀ ਓਸ ਵਕਤ ਤੁੱਕਾ ਕੱਢ ਕੇ ਦਿਤਾ ਤੇ ਆਖਿਆ ਪਾਤਸ਼ਾਹ ਛੱਲੀ ਤਾਂ ਸਾਰੀ ਸੜ ਗਈ । ਓਸ ਵਕਤ ਹੱਥ ਤੇ ਹੱਥ ਮਾਰ ਕੇ ਹੱਸ ਪਏ ਤੇ ਆਖਣ ਲੱਗੇ ਸਾਰੀ ਸੜ ਗਈ, ਅਸੀਂ ਵੀ ਏਹੋ ਹੰਗਾਰ ਦੇਂਦੇ ਰਹੇ ਕਿ ਪਾਤਸ਼ਾਹ ਸਾਰੀ ਸੜ ਗਈ ਹੈ । ਜਵੰਦ ਸਿੰਘ ਓਸ ਵਕਤ ਬਚਨ ਕੀਤਾ ਕਿ ਤੁਸਾਂ ਆਪ ਹੀ ਕਾਲ ਪਵਾ ਲਿਆ ਹੈ, ਮੇਰੇ ਹੁਣ ਕੀ ਅਖਤਿਆਰ ਹੈ । ਫੇਰ ਪਰਸ਼ਾਦ ਲਿਆ ਕੇ ਜਵੰਦ ਸਿੰਘ ਗਲ ਵਿਚ ਪੱਲਾ ਪਾ ਕੇ ਬੇਨੰਤੀ ਕੀਤੀ ਕਿ ਦੀਨ ਦਿਆਲ ਸੱਚੇ ਪਾਤਸ਼ਾਹ ਦਿਆਲੂ ਕਿਰਪਾਲੂ ਸਾਡੇ ਤੇ ਦਇਆ ਕਰੋ, ਸਾਡਾ ਨਿੱਕਾ ਨਿੱਕਾ ਜੀਆ ਜੰਤ ਆ, ਸਿਆਲ ਅਸੀਂ ਕੀ ਕਰਾਂਗੇ । ਪਾਤਸ਼ਾਹ ਪਿਤਾ ਦੀ ਬੇਨੰਤੀ ਸੁਣ ਕੇ ਬਚਨ ਕੀਤਾ ਕਿ ਫੇਰ ਬੀਜ ਦਿਓ ਪਛੇਤਰੀ ਮਕਈ । ਪਾਤਸ਼ਾਹ ਦਾ ਹੁਕਮ ਮੰਨ ਕੇ ਫੇਰ ਬੀਜ ਦਿਤੀ । ਮਕਈ ਬਹੁਤ ਹੋਈ । ਤਿੰਨ ਤਿੰਨ ਚਾਰ ਚਾਰ ਇਕ ਇਕ ਟਾਂਡੇ ਨੂੰ ਛੱਲੀਆਂ ਲੱਗੀਆਂ ਹਨ ਜੀ । ਸਾਰਾ ਸਿਆਲ ਮੁੱਕੀ ਨਹੀਂ, ਐਡੀ ਬਰਕਤ ਪਾਈ ਹੈ ਜੀ । ਨਿਕੀ ਦੇਹ ਕਰ ਕੇ ਝੂਠ ਬੋਲਿਆ ਜਾਂਦਾ ਹੈ ਪਾਤਸ਼ਾਹ ਅੱਗੇ, ਕਿਉਂ ਕਿ ਸਾਨੂੰ ਏਨ੍ਹਾਂ ਦੀ ਸਾਰ ਨਹੀਂ ਔਂਦੀ ਤੇ ਅਸੀਂ ਹਰ ਵਕਤ ਏਹਨਾਂ ਨਾਲ ਵਲ ਛਲ ਕਰਦੇ ਹਾਂ । ਆਪ ਦਾ ਕੀਤਾ ਅਸੀਂ ਪਾ ਲੈਂਦੇ ਹਾਂ । ਪੁੱਤਰ ਕਰ ਕੇ ਸੱਚ ਝੂਠ ਮਾਤਾ ਹੋਰੀਂ ਬੋਲ ਦੇਂਦੇ ਸਨ । ਪਾਤਸ਼ਾਹ ਬਚਨ ਕਰਦੇ ਹਨ ਕਿ ਜੁਗੋ ਜੁਗ ਸਾਡੇ ਸੇਵਦਾਰ ਭਗਤ ਹੀ ਸਾਡੇ ਚਰਨਾਂ ਵਿਚ ਔਂਦੇ ਹਨ ਜੀ । ਸਾਡੇ ਜੇਹੜੇ ਸਿਖ ਹਨ ਸੁਰਤ ਨਹੀਂ ਮੰਗਦੇ, ਬੇਨੰਤੀ ਕਰ ਕੇ ਹੋਰ ਮੰਗਾਂ ਮੰਗਦੇ ਹਨ, ਕੋਈ ਦੁੱਧ ਦੀ, ਕੋਈ ਪੁਤ ਦੀ । ਸਿਖ ਨਹੀਂ ਸਾਨੂੰ ਲੱਭ ਸਕਦੇ, ਅਸੀਂ ਸਿਖਾਂ ਨੂੰ ਭਾਲ ਭਾਲ ਕੇ ਜਨਮਾਂ ਦੇ ਵਿਛੜੇ ਮਿਲਾ ਲੈਂਦੇ ਹਾਂ ।।

## ❊ ਸੱਚੇ ਪਾਤਸ਼ਾਹ ਦਾ ਕੋਠੇ ਤੋਂ ਗਿਰਨਾ ❊

ਪਾਤਸ਼ਾਹ ਦੀ ਭੈਣ ਦਾ ਨਾਮ ਬੀਬੀ ਠਾਕਰੀ ਸੀ । ਪਿਛਲੇ ਜਨਮ ਵਿਚ ਬੀਬੀ ਨਾਨਕੀ ਦਾ ਜਾਮਾ ਸੀ । ਮੰਗ ਤਾਂ ਮੰਗੀ ਦੀਨ ਦਿਆਲਾਂ ਦੇ ਨਾਲ ਰਵ੍ਹਾਂ, ਸੁਰਤ ਨਹੀਂ ਮੰਗੀ ਏ । ਖਡੌਂਦੀ ਤਾਂ ਹੈ ਪ੍ਰੇਮ ਕਰ ਕੇ, ਭੈਣ ਭਰਾਵਾਂ ਵਾਲਾ ਮੋਹ ਹੈ । ਅਵਤਾਰ ਕਰ ਕੇ ਤਾਂ ਨਹੀਂ ਭੇਤ ਪਾਇਆ । ਪਾਤਸ਼ਾਹ ਇਕ ਸਾਲ ਦੇ ਸੀ, ਬੀਬੀ ਠਾਕਰੀ ਖਡੇਂਦੀ ਹੈ ਕੋਠੇ ਤੇ, ਪਾਤਸ਼ਾਹ ਜਿਉਂ ਹੱਥਾਂ ਵਿਚੋਂ ਨਿਕਲੇ ਥੱਲੇ ਆਣ ਪਏ । ਥੱਲੇ ਕੰਡਿਆਂ ਦੀ ਪੰਡ ਪਈ ਸੀ, ਓਹਦੇ ਵਿਚ ਆ ਡਿਗੇ । ਦੀਨ ਦਿਆਲ ਦੇਹ ਕਰ ਕੇ ਬੜੇ ਬੇਪਰਵਾਹ ਸਨ ਤੇ ਜੀਆਂ ਦੇ ਕੀ ਅਖਤਿਆਰ ਹੈ ।।

## ❊ ਬਕਾਲਾ ਸਿੰਘ ਤੇ ਮਿਹਰ ਕਰਨੀ ❊

ਉਸ ਸਮੇਂ ਦਾ ਬਚਨ ਹੈ ਪਾਤਸ਼ਾਹ ਜਿਸ ਵਕਤ ਛੇ ਸਾਲ ਦੇ ਸਨ ਤੇ ਸਿਖ ਵੀ ਦਰਸ਼ਨ ਨੂੰ ਆਏ ਹਨ । ਬਲਾਕਾ ਸਿੰਘ ਕਲਸੀਆਂ ਦਾ ਸਿਖ ਸੀ । ਘਵਿੰਡੋਂ ਇਕ ਮੀਲ ਪੈਂਡਾ ਸੀ । ਬੜਾ ਦਰਦਾਂ ਦੁੱਖਾਂ ਤਕਲੀਫਾਂ ਦਾ ਘੇਰਿਆ ਹੋਇਆ ਸੀ । ਸਰੀਰ ਹਿਲਦਾ ਨਹੀਂ ਸੀ । ਦਵਾ ਦਾਰੂ ਕਰ ਕੇ ਥੱਕ ਬੈਠਾ ਸੀ । ਆਪਣਿਆਂ ਪੁੱਤਾਂ ਨੂੰ ਆਖਦਾ ਹੈ ਕਿ ਮੈਨੂੰ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ

ਦੇ ਦਰਬਾਰ ਲੈ ਚਲੋ । ਉਸ ਸਿੱਖ ਦੇ ਚਾਰ ਪੁੱਤਰ ਸਨ, ਆਸਾ ਸਿੰਘ ਚੇਤ ਸਿੰਘ ਸੋਹਣ ਸਿੰਘ ਮੋਹਣ ਸਿੰਘ । ਉਸ ਦੇ ਪੁੱਤਰ ਓਨੂੰ ਚੁਕ ਕੇ ਪਾਤਸ਼ਾਹ ਦੇ ਚਰਨਾਂ ਵਿਚ ਲੈ ਗਏ ਹਨ ਜੀ । ਜਿਸ ਵੇਲੇ ਪਾਤਸ਼ਾਹ ਦੇ ਘਰ ਸੰਗਤ ਵਿਚ ਚਲਿਆ ਗਿਆ, ਦਰਸ਼ਨ ਕਰ ਕੇ ਬਹੁਤ ਅਨੰਦ ਪਰਸਨ ਹੋਇਆ ਹੈ । ਪਾਤਸ਼ਾਹ ਓਸ ਵਕਤ ਖੇਡ ਰਹੇ ਹਨ । ਸੌਣ ਦੇ ਮਹੀਨੇ ਅੱਕਾਂ ਨਾਲ ਖੱਖੜੀਆਂ ਲੱਗੀਆਂ ਹਨ ਤੇ ਪਾਣੀ ਸਿਖਾਂ ਤੋਂ ਮੰਗਾ ਕੇ ਖੱਖੜੀਆਂ ਨੂੰ ਮੋਰੀਆਂ ਕਰ ਕੇ ਪਚਕਾਰੀਆਂ ਬਣਾ ਬਣਾ ਕੇ ਖੇਡ ਰਹੇ ਹਨ । ਸਿਖਾਂ ਨੂੰ ਹੁਕਮ ਕਰਦੇ ਹਨ ਕਿ ਬਾਬਾ ਹੁਣ ਤੇਰੀ ਵਾਰੀ ਆ । ਜੇਹੜੇ ਸਿਖ ਨੂੰ ਬਚਨ ਕਰਦੇ ਹਨ ਸਿਖ ਸਤਿ ਬਚਨ ਮੰਨ ਕੇ ਤੁਰ ਪੈਂਦਾ ਹੈ । ਫੇਰ ਬਾਬੇ ਬਲਾਕਾ ਸਿੰਘ ਨੂੰ ਹੁਕਮ ਕੀਤਾ ਮੇਰੇ ਚੋਜੀ ਪ੍ਰੀਤਮ ਨੇ ਕਿ ਬਾਬਾ ਹੁਣ ਤੇਰੀ ਵਾਰੀ ਹੈ, ਤੂੰ ਪਾਣੀ ਲਿਆ । ਬਾਬਾ ਬਲਾਕਾ ਸਿੰਘ ਅਜੇ ਮੂੰਹੋਂ ਆਖਣ ਹੀ ਲੱਗਾ ਸੀ ਕਿ ਪਾਤਸ਼ਾਹ ਮੇਰਾ ਸਰੀਰ ਜੁੜਿਆ ਹੈ । ਮੈਥੋਂ ਤੁਰਿਆ ਨਹੀਂ ਜਾਂਦਾ । ਓਸ ਵਕਤ ਬਾਬੇ ਬੌਹਲ ਸਿੰਘ ਮੂੰਹ ਅੱਗੇ ਹੱਥ ਦੇ ਦਿਤਾ ਤੇ ਇਸ਼ਾਰਾ ਕੀਤਾ ਸਤਿ ਬਚਨ ਮੰਨ, ਤੇਰੇ ਤੇ ਮਿਹਰ ਕਰਨ ਲੱਗੇ ਹਨ । ਬਾਬੇ ਬਲਾਕਾ ਸਿੰਘ ਗਲ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਅਰਜ ਕੀਤੀ ਸਤਿ ਬਚਨ ਪਾਤਸ਼ਾਹ ਮੈਂ ਜਲ ਲਿਔਦਾ ਹਾਂ । ਓਸ ਵਕਤ ਇਕ ਸਿਖ ਨੇ ਪਾਣੀ ਲਿਆ ਕੇ ਬਾਬੇ ਬਲਾਕਾ ਸਿੰਘ ਨੂੰ ਫੜਾ ਦਿਤਾ ਤੇ ਉਸ ਪਾਤਸ਼ਾਹ ਨੂੰ ਜਲ ਫੜਾ ਦਿਤਾ । ਦੀਨ ਦਿਆਲ ਪਰਵਾਨ ਕਰ ਲਿਆ । ਤਿੰਨ ਵੇਰਾਂ ਬਾਬੇ ਕੋਲੋਂ ਪਾਤਸ਼ਾਹ ਜਲ ਮੰਗਾਇਆ । ਏਸੇ ਤਰ੍ਹਾਂ ਸਿਖ ਲਿਆ ਦੇਣ ਤੇ ਬਾਬਾ ਪਾਤਸ਼ਾਹ ਨੂੰ ਫੜਾ ਦੇਵੇ । ਸੱਚੇ ਪਾਤਸ਼ਾਹ ਉਸ ਵਕਤ ਜੇਹੜੇ ਸਰੀਰ ਨੂੰ ਜੂੜ ਪਾਏ ਸੀ ਦਇਆ ਕਰ ਦਿਤੀ । ਨੈਣ ਪਰਾਣ ਹਿਲਣ ਲਗ ਪਏ ਤੇ ਪਾਤਸ਼ਾਹ ਬਚਨ ਕੀਤਾ, ਬਾਬਾ ਬਲਾਕਾ ਸਿੰਘ ਤਿੰਨ ਦਿਨ ਸਾਡੇ ਕੋਲ ਆਵੀਂ ਫੇਰ ਰਾਜੀ ਹੋ ਜਾਏਂਗਾ । ਸੱਚੇ ਪਾਤਸ਼ਾਹ ਨਜ਼ਰੀ ਨਜ਼ਰ ਨਿਹਾਲ ਹਨ ਜੀ, ਜੁਗੋ ਜੁਗ ਅਵਤਾਰ ਧਾਰਦੇ ਹਨ । ਪਰ ਏਸ ਜਾਮੇ ਵਿਚ ਪਾਤਸ਼ਾਹ ਸਿਰਫ਼ ਗਰੀਬਾਂ ਨੂੰ ਤਾਰਨ ਆਏ ਹਨ ਜੀ । ਅਗਲੇ ਦਿਨ ਸਿਖ ਆਪ ਦੇ ਨੈਣੀ ਪਰਾਣੀ ਤੁਰ ਕੇ ਪਾਤਸ਼ਾਹ ਦੇ ਦਰਸ਼ਨਾਂ ਨੂੰ ਗਿਆ ਹੈ ਜੀ ।

## ✳ ਸੱਚੇ ਪਾਤਸ਼ਾਹ ਦੇ ਸਿਰ ਵਿਚ ਸੱਟ ਲਗਣੀ ✳

ਇਕ ਸਮੇਂ ਬੀਬੀ ਠਾਕਰੀ ਤੇ ਬੇਬੇ ਬੁੱਢੋ ( ਪਾਤਸ਼ਾਹ ਦੀ ਭੂਆ ਲਗਦੀ ਸੀ) ਖੇਤ ਨੂੰ ਰੋਟੀ ਲੈ ਕੇ ਜਾ ਰਹੀਆਂ ਹਨ ਤੇ ਨਾਲ ਸੱਚੇ ਪਾਤਸ਼ਾਹ ਜਾ ਰਹੇ ਹਨ । ਨਹਿਰ ਦੇ ਨਜ਼ਦੀਕ ਇਕ ਡਲ ਦੇ ਜ਼ਿਮੀਦਾਰ ਨੇ ਇਕ ਰਾਈਂ ਕੋਲੋਂ ਬਾਗ ਲਵਾਇਆ ਸੀ । ਓਹ ਪਹੇ ਦੇ ਉਤੇ ਬਾਗ ਸੀ । ਰੋਟੀਆਂ ਵਾਲੀਆਂ ਅੱਗੇ ਅੱਗੇ ਤੇ ਮਗਰ ਸੱਚੇ ਪਾਤਸ਼ਾਹ ਜਾ ਰਹੇ ਹਨ ਜੀ । ਪਾਤਸ਼ਾਹ ਨੇ ਇਕ ਫੁੱਲ ਬਾਗ ਵਿਚੋਂ ਤੋੜ ਲਿਆ । ਜਿਸ ਵੇਲੇ ਫੁੱਲ ਤੋੜਿਆ, ਰਾਈਂ ਪਾਪੀ ਨੇ ਸਿਰ ਵਿਚ ਦਾਤਰੀ ਮਾਰੀ ਤੇ ਪਾਤਸ਼ਾਹ ਨੂੰ ਸਿਰ ਵਿਚ ਖੁਬ ਗਈ । ਓਸ ਵੇਲੇ ਲਹੂ ਲੁਹਾਣ ਹੋਏ ਤੇ ਰੋਂਦੇ ਹਨ । ਦੋਵੇਂ ਜਣੀਆਂ ਬੀਬੀ ਠਾਕਰੀ ਤੇ ਭੂਆ ਬੁਢੋ ਪਛਾਂਹ ਆ ਕੇ ਰਾਈਂ ਦੇ ਗਲ ਪੈ ਗਈਆਂ ਹਨ । ਰੌਲਾ ਪੈ ਗਿਆ ਤੇ ਸਾਰੇ ਲੋਕਾਂ ਨੇ ਰਾਈਂ ਨੂੰ ਫਿਟਕਾਂ ਪਾਈਆਂ ਕਿ ਮੂਰਖਾਂ ਤੂੰ ਇਕ ਫੁੱਲ ਪਿਛੇ ਬੱਚੇ ਨੂੰ ਲਹੂ ਲੁਹਾਨ ਕਰ ਦਿਤਾ । ਲਾਗੇ ਨਜ਼ਦੀਕ ਨਹਿਰ ਸੀ ਦੋਵਾਂ ਜਣੀਆਂ ਸੱਚੇ ਪਾਤਸ਼ਾਹ ਦੇ ਕਪੜੇ ਧੋਤੇ ਤੇ ਸਿਰ ਧੋਤਾ ਤੇ ਚੁਪ ਕਰਾਇਆ । ਖੇਤ ਜਾ ਕੇ ਅੰਨ ਪਾਣੀ ਛਕਾਇਆ ਤੇ ਸਾਰਿਆਂ ਨੂੰ ਦੱਸਿਆ ਕਿ ਏਸ ਤਰ੍ਹਾਂ ਪਾਤਸ਼ਾਹ ਨੂੰ ਸੱਟ ਲੱਗ ਗਈ ਹੈ । ।

## ✳ ਸੱਚੇ ਪਾਤਸ਼ਾਹ ਦਾ ਘਵਿੰਡ ਵਿਚ ਮੰਗਣ ਜਾਣਾ ✳

ਏਹ ਬਚਨ ਹੈ ਜਦ ਸੱਚੇ ਪਾਤਸ਼ਾਹ ੮-੧੦ ਸਾਲ ਦੇ ਹੋ ਗਏ ਹਨ । ਤੇ ਮਾਲ ਢਾਡਾਂ ਚਾਰਨ ਲਗ ਪਏ ਹਨ ਜੀ । ਸੰਤਨੀ ਰਾਮਪੁਰਿਉਂ ਪਾਤਸ਼ਾਹ ਦਾ ਥਾਲ ਰੋਜ਼ ਲਵਾਂ ਕੇ ਲਿਔਦੀ ਸੀ । ਤਿੰਨ ਮੀਲ ਪੈਂਡਾ ਸੀ ਘਵਿੰਡੋਂ । ਇਕ ਦਿਨ ਮਾਈ ਥਾਲ ਲਈ ਔਂਦੀ ਸੀ ਤੇ ਘਵਿੰਡ ਦੇ ਇਕ ਜ਼ਿਮੀਂਦਾਰ ਨੇ ਡਾਂਗ

ਮਾਰ ਕੇ ਥਾਲ ਭੰਨ ਦਿਤਾ । ਵੇਖੋ ਘਵਿੰਡ ਦੇ ਐਸੇ ਪਾਪੀ ਸਨ, ਆਪ ਨਹੀਂ ਸੀ ਸੇਵਾ ਕਰਨ ਜੋਗੇ ਤੇ ਸੰਗਤਾਂ ਆਈਆ ਨੂੰ ਡਾਗਾਂ ਮਾਰਦੇ ਸਨ ਜੀ । ਏਹਨਾਂ ਦੇ ਕੀ ਅਖਤਿਆਰ ਹੈ, ਸਰਾਫੇ ਜੂ ਗਏ । ਸਰਾਫਿਆਂ ਦੀ ਮਤ ਮਾਰੀ ਜਾਂਦੀ ਹੈ । ਅੱਠ-ਦਸ ਸਾਲਾਂ ਦੇ ਪਾਤਸ਼ਾਹ ਸਨ ਜਦੋਂ ਘਵਿੰਡ ਪਿੰਡ ਵਿਚ ਮੰਗਣ ਚੜ੍ਹੇ ਸੀ । ਸੰਤਾਂ ਨੂੰ ਆਕਾਸ਼ ਬਾਣੀ ਹੋਈ ਕਿ ਸੰਤਾ ਅਸਾਂ ਘਵਿੰਡ ਪਿੰਡ ਵਿਚ ਮੰਗਣ ਚੜ੍ਹਨਾ ਹੈ । ਜੇ ਸਾਨੂੰ ਕਿਸੇ ਮੰਨਿਆ ਤੇ ਘਵਿੰਡ ਨੂੰ ਵਰ ਵਰੂਹੀ ਦਿਆਂਗੇ ਨਹੀਂ ਤੇ ਘਵਿੰਡ ਨੂੰ ਸਰਾਫ ਦੇ ਦਿਆਂਗੇ ਜੀ । ਵੱਡਾ ਨੀਲਾ ਚੋਲਾ ਸੰਤਾਂ ਵਾਲਾ ਸੱਚੇ ਪਾਤਸ਼ਾਹ ਓਸ ਵਕਤ ਪੈਹਨ ਲਿਆ ਹੈ । ਅੱਗੇ ਅੱਗੇ ਪਾਤਸ਼ਾਹ ਤੇ ਮਗਰ ਸੰਤ ਬਾਬਾ ਮਨੀ ਸਿੰਘ ਹਨ ਜੀ । ਗਲੀ ਗਲੀ ਤੇ ਘਰ ਘਰ ਅਲਖ ਜਗਾਈ ਹੈ । ਤੇ ਮਗਰ ਸੰਤ ਬਚਨ ਕਰਦੇ ਹਨ, ਕਿ ਏਹ ਨਿਹਕਲੰਕ ਅਵਤਾਰ ਮੰਗਣ ਚੜ੍ਹੇ ਹਨ । ਜੋ ਪੁਜਦਾ ਸਰਦਾ ਦਾਨ ਦਿਓ ਤੇ ਮੂੰਹੋਂ ਮੰਗੀਆਂ ਮੁਰਾਦਾਂ ਲਓ ਜੀ । ਸੱਤ ਪਤੀਆਂ ਘਵਿੰਡ ਪਿੰਡ ਦੀਆਂ ਹਨ, ਕਿਸੇ ਖੈਰ ਨਹੀਂ ਪਾਇਆ । ਸੰਤ ਨਾਲ ਨਾਲ ਹੋਕਾ ਦੇ ਰਹੇ ਹਨ ਕਿ ਕੋਈ ਪਾਤਸ਼ਾਹ ਨੂੰ ਪਲੰਘ ਡਾਹ ਕੇ ਪਰਸ਼ਾਦ ਛਕਾਵੇ ਤੇ ਮੂੰਹ ਮੰਗੀਆਂ ਮੁਰਾਦਾਂ ਪਾਵੇ । ਕਿਸੇ ਨਹੀਂ ਛਕਾਇਆ । ਹੋਕਾ ਦੇ ਕੇ ਸੱਚੇ ਪਾਤਸ਼ਾਹ ਸੰਤਾਂ ਸਮੇਤ ਘਰ ਆ ਗਏ ਹਨ । ਪਿੰਡ ਖਾਲੀ ਦਾ ਖਾਲੀ ਰਹਿ ਗਿਆ । ਕਿਸੇ ਸੇਵਾ ਨਹੀਂ ਕੀਤੀ । ਇਕ ਮਾਈ ਨੇ ਨਗਰ ਵਿਚੋਂ ਫੱਕਾ ਦਾਣੇ ਪਾਏ ਹਨ । ਓਹ ਸੱਚੇ ਪਾਤਸ਼ਾਹ ਆ ਕੇ ਕੁਕੜਾਂ ਕਬੂਤਰਾਂ ਅੱਗੇ ਪਾ ਦਿਤੇ ਹਨ । ਸੱਚੇ ਪਾਤਸ਼ਾਹ ਦੇਹ ਕਰ ਕੇ ਹੋਰ ਹਨ ਜੋਤ ਸਰੂਪੀ ਹੋਰ ਹਨ । ਜਿਸ ਵੇਲੇ ਸੰਤ ਆਣ ਕੇ ਘਰ ਬੈਠੇ ਹਨ ਤੇ ਪਾਤਸ਼ਾਹ ਮਨੀ ਸਿੰਘ ਨੂੰ ਆਕਾਸ਼ ਬਾਣੀ ਦਿਤੀ ਕਿ ਸੰਤਾਂ ਘਵਿੰਡ ਪਿੰਡ ਥੇਹ ਹੋ ਜਾਵੇਗਾ । ਜੇਹੜਾ ਮਰਿਆ ਕਰੇਗਾ ਭੂਤ ਪ੍ਰੇਤ ਹੋ ਜਾਇਆ ਕਰੇਗਾ । ਘਵਿੰਡ ਪਿੰਡ ਵਿਚੋਂ ਇਕ ਰੰਗਾ ਸਿੰਘ ਪਾਤਸ਼ਾਹ ਦਾ ਸਕਾ ਚਾਚਾ ਸੀ । ਓਹਨੂੰ ਸੱਚੇ ਪਾਤਸ਼ਾਹ ਸੁਰਤ ਦਿਤੀ ਸੀ । ਸੱਚੇ ਪਾਤਸ਼ਾਹ ਬਚਨ ਦਿਤਾ ਸੰਤਾ ਜੇਹੜੇ ਸਕੇ ਨੇ ਸਾਰੇ ਸਾਨੂੰ ਸੰਗਤਾਂ ਸਮੇਤ ਵਰਜ ਕੇ ਪਰਸ਼ਾਦ ਛਕੌਣਗੇ ਤੇ ੫੦੦ ਮਣ ਅਨਾਜ਼ ਸਾਲ ਵਿਚ ਇਕ ਘਰ ਨੂੰ ਲਿਖ ਦਿਆਂਗੇ । ਪਰਸ਼ਾਦ ਛਕਾਇਆ ਕਿਸੇ ਨਹੀਂ ਤੇ ਦੀਨ ਦਿਆਲਾਂ ਆਪ ਸਾਰਿਆਂ ਸ਼ਰੀਕਾਂ ਦਾ ਪਰਸ਼ਾਦ ਵਰਜਿਆ ਹੈ । ਆਪ ਤਾਂ ਦੀਨ ਦਿਆਲ ਦੇਹ ਕਰ ਕੇ ਬਚਨ ਨਹੀਂ ਕਰਦੇ । ਆਕਾਸ਼ ਬਾਣੀ ਬਾਬੇ ਮਨੀ ਸਿੰਘ ਨੂੰ ਦੇਂਦੇ ਸੀ । ਓਸੇ ਤਰ੍ਹਾਂ ਸਤਿ ਬਚਨ ਮੰਨ ਕੇ ਓਹ ਭੁਗਤਾਈ ਜਾਂਦਾ ਸੀ । ਜਿਸ ਵੇਲੇ ਪਰਸ਼ਾਦ ਤਿਆਰ ਹੋਇਆ, ਸਾਰੇ ਸ਼ਰੀਕ ਛਕਣ ਆਏ ਤੇ ਹੱਥ ਧੁਆਏ ਹਨ । ਓਸ ਵੇਲੇ ਸੰਤ ਬਚਨ ਕਰਦੇ ਹਨ ਕਿ ਭਾਈ ਤੁਸਾਂ ਸਾਰਿਆਂ ਪਾਤਸ਼ਾਹ ਨੂੰ ਪਰਸ਼ਾਦ ਛਕਾਇਆ ਸੀ ? ਸ਼ਰੀਕ ਆਖਦੇ ਹਨ, ਨਹੀਂ । ਸੰਤ ਆਖਦੇ ਹਨ ਜੇ ਤੁਸਾਂ ਨਹੀਂ ਛਕਾਇਆ ਤੇ ਤੁਸੀਂ ਕਿਸ ਮੂੰਹ ਨਾਲ ਛਕਣ ਆ ਗਏ ਜੇ । ਸਾਰੇ ਸੰਤਾਂ ਨਾਲ ਨਰਾਜ਼ ਹੋ ਗਏ ਕਿ ਤੂੰ ਸਾਨੂੰ ਘਰ ਸੱਦ ਕੇ ਇੱਜਤ ਲਾਹੀ ਹੈ । ਸਾਰੇ ਗੁੱਸੇ ਹੋ ਕੇ ਚਲੇ ਗਏ ਹਨ ਜੀ । ਵਰ ਦੇ ਬਜਾਏ ਸੰਤਾਂ ਨੂੰ ਗਾਲਾਂ ਕੱਢ ਕੇ ਸਰਾਫ ਲੈ ਲਿਆ ਹੈ ਜੀ । ਆਕਾਸ਼ ਬਾਣੀ ਵਿਚ ਸੱਚੇ ਪਾਤਸ਼ਾਹ ੫੦੦ ਜਾਮਾਂ ਭੂਤ ਦਾ ਲਿਖਾਇਆ ਹੈ ਜੀ । ਪਾਤਸ਼ਾਹ ਬਚਨ ਦੇਂਦੇ ਹਨ ਕਿ ਸਾਡਾ ਪਰਸ਼ਾਦ ਪੱਕਿਆ ਪਿਆ ਰਿਹਾ ਹੈ । ਅਸੀਂ ਜਨਮ ਦਵਾ ਕੇ ਏਨ੍ਹਾਂ ਨੂੰ ਪਰਸ਼ਾਦ ਵਖਾਵਾਂਗੇ ਨਾ । ਭੂਤ ਪ੍ਰੇਤ ਹੋ ਕੇ ਮਲ ਮੂਤਰ ਖਾਂਦੇ ਫਿਰਨਗੇ । ਘਵਿੰਡ ਵਾਲਿਆਂ ਏਹ ਖੱਟੀ ਪਾਤਸ਼ਾਹ ਤੋਂ ਖੱਟੀ ਹੈ ਜੀ । ।

## ❋ ਸੱਚੇ ਪਾਤਸ਼ਾਹ ਜੀ ਆਪਣੇ ਹਾਣੀਆਂ ਨਾਲ ਖੇਡਣਾ ❋

ਭੰਗਾਲੀ ਵਾਲਾ ਕਾਹਨ ਸਿੰਘ ਪਾਤਸ਼ਾਹ ਦਾ ਸਿਖ ਸੀ । ਉਸ ਦੇ ਤਿੰਨ ਪੁੱਤਰ ਸਨ । ਦਿਆਲ ਸਿੰਘ ਕਛਾਲ ਸਿੰਘ ਭਾਗ ਸਿੰਘ । ਦਿਆਲ ਸਿੰਘ ਦਾ ਨਾਮ ਸੱਚੇ ਪਾਤਸ਼ਾਹ ਫੇਰ ਗੁਰਮੁਖ ਸਿੰਘ ਰਖਾਇਆ ਸੀ । ਓਹ ਛੋਟੇ ਹੁੰਦੇ ਪਾਤਸ਼ਾਹ ਨੂੰ ਬੜਾ ਖਡੌਦਾ ਰਿਹਾ । ਗਲੀਆਂ ਵਿਚ ਹਰ ਵਕਤ ਮੋਡਿਆਂ ਤੇ ਚੁੱਕੀ ਫਿਰਦਾ ਸੀ । ਪਾਤਸ਼ਾਹ ਬਚਨ ਕਰਦੇ ਹੁੰਦੇ ਸਨ ਕਿ ਗੁਰਮੁਖ ਸਿੰਘ ਸਾਡਾ ਘੋੜਾ ਹੈ । ਸੱਚੇ ਪਾਤਸ਼ਾਹ ਬੜਾ ਪ੍ਰੇਮ ਕਰਦੇ ਸੀ । ਓਹ ਵੀ ਹਰ ਵਕਤ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਹਾਜ਼ਰ ਰੈਂਦਾ ਸੀ । ਜੇ

ਭੰਗਾਲੀ ਜਾਣ ਤੇ ਨਾਲ । ਸੱਚੇ ਪਾਤਸ਼ਾਹ ਕਈ ਕੁ ਦਿਨ ਸਿਖਾਂ ਦੇ ਘਰੀਂ ਦਰਸ਼ਨ ਦੇਂਦੇ ਰਹਿੰਦੇ ਸਨ ਜੀ । ਘਵਿੰਡ ਦੇ ਲੋਕਾਂ ਭੰਗਾਲੀ ਦੇ ਲੋਕਾਂ ਗੁਰਮੁਖ ਸਿੰਘ ਦਾ ਨਾਮ ਪਾਤਸ਼ਾਹ ਦਾ ਘੋੜਾ ਰੱਖਿਆ ਹੋਇਆ ਸੀ । ਸੱਚੇ ਪਿਤਾ ਓਨਾਂ ਮਾਪਿਆ ਨਾਲ ਪਿਆਰ ਨਹੀਂ ਸੀ ਰਖਦੇ, ਜਿੰਨਾਂ ਸਿਖਾਂ ਨਾਲ ਰਖਦੇ ਸੀ । ਪਾਤਸ਼ਾਹ ਹਰ ਵਕਤ ਗੁਰਮੁਖ ਸਿੰਘ ਨੂੰ ਨਾਲ ਰਖਦੇ ਸੀ । ਇਕ ਦਿਨ ਸੱਚੇ ਪਾਤਸ਼ਾਹ ਨਹਿਰ ਤੇ ਨੌਂਣ ਲੱਗੇ । ਨਹਿਰ ਦੇ ਵਿਚ ਝਾੜੀਆਂ ਦੇ ਬੂਝੇ ਬੜੇ ਸੀ । ੧੦ ਜਾਂ ੨੦ ਵਾਗੀ ਰੋਜ ਨਹਿਰ ਵਿਚ ਛਾਲਾਂ ਮਾਰਦੇ ਹੁੰਦੇ ਸਨ । ਪਾਣੀ ਦੇ ਵਿਚ ਇਕ ਦੂਜੇ ਨੂੰ ਫੜਨ ਫੜਨ ਖੇਡਦੇ ਸਨ ਜੀ । ਜਿਸ ਵਕਤ ਇਕ ਮੁੰਡਾ ਪਾਤਸ਼ਾਹ ਨੂੰ ਫੜਨ ਲੱਗਾ ਤੇ ਪਾਤਸ਼ਾਹ ਨਹਿਰ ਵਿਚੋਂ ਨਿਕਲ ਕੇ ਝਾੜੀਆਂ ਵਿਚ ਵੜ ਗਏ ਹਨ । ਓਹ ਮੁੰਡਾਂ ਆਂਦਾ ਹੈ ਜਦੋਂ ਨਹਿਰ ਉਤੇ ਆਉਗੇ ਓਦੋਂ ਫੜਾਂਗਾ । ਪਾਤਸ਼ਾਹ ਝਾੜੀ ਵਿਚੋਂ ਦੋ ਸੱਪ ਕਾਲੇ ਨਾਗ ਹੱਥਾਂ ਵਿਚ ਫੜ ਲਏ ਹਨ । ਕਾਲੇ ਨਾਗ ਜਿਸ ਵਕਤ ਲਈ ਔਂਦੇ ਹਨ ਤੇ ਓਸ ਮੁੰਡੇ ਨੂੰ ਲਲਕਾਰਦੇ ਹਨ ਕਿ ਸਾਨੂੰ ਹੁਣ ਫੜ ਕੇ ਵਖਾ । ਜਿਸ ਵੇਲੇ ਮੁੰਡਿਆਂ ਹੱਥਾਂ ਵਿਚ ਸੱਪ ਵੇਖੇ ਹਨ ਡਰਦੇ ਮਾਰੇ ਤਰਕੇ ਨਹਿਰੋਂ ਪਾਰ ਚਲੇ ਗਏ ਹਨ ਜੀ । ਮਹਾਰਾਜ ਪਟੜੀ ਤੇ ਖਲੋਤੇ ਹਨ । ਮੁੰਡੇ ਡਰਦੇ ਮਾਰੇ ਨਾ ਨਹਿਰ ਵਿਚ ਵੜਦੇ ਹਨ ਤੇ ਨਾ ਲਾਗੇ ਔਂਦੇ ਹਨ । ਸੱਚੇ ਪਾਤਸ਼ਾਹ ਬਚਨ ਕਰਦੇ ਹਨ ਕਿ ਤੁਸੀਂ ਐਵੇ ਡਰਦੇ ਜੇ, ਸੱਪ ਤੇ ਮਰੇ ਹੋਏ ਹਨ । ਪਾਤਸ਼ਾਹ ਲੱਕ ਨਾਲ ਦੋਵੇਂ ਨਾਗ ਬੱਧੇ ਹਨ ਤੇ ਨਹਿਰ ਦੀ ਪਟੜੀ ਤੇ ਤੁਰੇ ਫਿਰਦੇ ਹਨ । ਫੇਰ ਪਾਤਸ਼ਾਹ ਖੇਡ ਮਲ ਕੇ ਓਹਨਾਂ ਨੂੰ ਸੁੱਟ ਦਿੰਦੇ ਹਨ, ਪਾਤਸ਼ਾਹ ਦੀ ਮਹਿੰਮਾ ਨੂੰ ਪਾਤਸ਼ਾਹ ਹੀ ਜਾਣਦੇ ਹਨ । ।

## ✳ ਖਰਬੂਜਿਆਂ ਦੀ ਖੇਡ ✳

ਇਕ ਦਿਨ ਹਾੜ ਦੇ ਮਹੀਨੇ ਵਿਚ ਖਰਬੂਜੇ ਪੱਕੇ ਹੋਏ ਹਨ ਜੀ । ਪਾਤਸ਼ਾਹ ਨੇ ਪੰਡ ਖਰਬੂਜਿਆਂ ਦੀ ਸਿਖਾਂ ਤੋਂ ਤੁੜਾ ਕੇ ਨਹਿਰ ਤੇ ਲੈ ਆਂਦੀ ਹੈ ਤੇ ਸੱਚੇ ਪਾਤਸ਼ਾਹ ਨਹਿਰੋਂ ਪਾਰ ਖਰਬੂਜੇ ਸੁੱਟੀ ਜਾਂਦੇ ਹਨ । ਨਾਲ ਦੇ ਵਾਗੀਆਂ ਨੂੰ ਬਚਨ ਕਰਦੇ ਹਨ ਤੁਸੀਂ ਵੀ ਜੋਰ ਨਾਲ ਖਰਬੂਜੇ ਸੁਟੋ, ਨਹਿਰੋਂ ਪਾਰ । ਤੁਹਾਥੋਂ ਜਾਂਦੇ ਹਨ ਕਿ ਨਹੀਂ । ਵਾਗੀਆਂ ਸਮੇਤ ਸੱਚੇ ਪਿਤਾ ਜ਼ੋਰ ਨਾਲ ਨਹਿਰੋਂ ਪਾਰ ਸੁੱਟ ਰਹੇ ਹਨ । ਆਪ ਦੀਨ ਦਿਆਲ ਮੇਰੇ ਅੰਤਰਜਾਮੀ ਦੁਪੈਹਰੇ ਨਹਿਰ ਤੇ ਏਹ ਖੇਡ ਕਰ ਰਹੇ ਹਨ । ਸੰਤ ਮਨੀ ਸਿੰਘ ਘਵਿੰਡ ਆਕਾਸ਼ ਬਾਣੀ ਨਾਲ ਲਿਖਾਈ ਕਰ ਰਹੇ ਹਨ ਕਿ ਸੱਚੇ ਪਿਤਾ ਮਹਾਰਾਜ ਸ਼ੇਰ ਸਿੰਘ ਅੱਜ ਸਮੁੰਦਰਾਂ ਤੇ ਪਾਰ ਗੋਲੇ ਸੁੱਟ ਰਹੇ ਹਨ । ਅਗੰਮੀ ਗੋਲੇ ਹਨ । ਬਚਨ ਲਿਖੌਂਦੇ ਹਨ ਕਿ ਮਲਕਾ ਬਾਦਸ਼ਾਹੀ ਦਾ ਰਾਜ ਅਸਾਂ ਖੋਹ ਲਿਆ ਹੈ । ਹੁਣ ਮਾਝੇ ਦੇਸ ਵਿਚ ਅੰਗਰੇਜ਼ ਨਾ ਰਹਿਣਗੇ । ਸਮੁੰਦਰਾਂ ਤੋਂ ਪਾਰ ਚਲੇ ਜਾਣਗੇ । ਏਹ ਮੇਰੇ ਸੱਚੇ ਪਿਤਾ ਅੰਤਰਜਾਮੀ ਦਿਆਲੂ ਕਿਰਪਾਲੂ ਦੀਆਂ ਲੀਲ੍ਹਾ ਹਨ ਜੀ । ਲੋਕਾਂ ਨੂੰ ਜਾਪਦਾ ਹੈ ਕਿ ਐਵੇਂ ਬੱਚੇ ਖੇਡਦੇ ਹਨ ਖਰਬੂਜੇ ਸੁੱਟ ਸੁੱਟ ਕੇ । ਸੱਚੇ ਪਿਤਾ ਵਲੈਤ ਫਨਾਹ ਕਰ ਦਿਤੀ ਹੈ ਜੀ । ਸੰਤਾਂ ਨੂੰ ਲਖੌਂਦੇ ਹਨ, ਅੰਗਰੇਜ਼ਾਂ ਦਾ ਦਾਰੂ ਸਿਕਾ ਸਭ ਮਿਟੀ ਕਰ ਦਿਤਾ ਹੈ । ਏਨ੍ਹਾਂ ਨੂੰ ਚਲੌਣਾ ਨਾ ਮਿਲੇਗਾ । ਏਸ ਮਾਝੇ ਵਿਚੋਂ ਕੱਢ ਦਿਤੇ ਹਨ । ਸਖਣੀ ਹੱਥੀਂ ਤੁਰ ਜਾਣਗੇ ਤੇ ਜੋ ਰਜਵਾੜੇ ਹਨ, ਸਾਰਿਆਂ ਦੇ ਰਾਜ ਖੁਸ਼ ਜਾਣਗੇ । ਇਕ ਹਲ ਦੀ ਪੈਲੀ ਹਰ ਇਕ ਕੋਲ ਰਹਿ ਜਾਵੇਗੀ । ਮਹਾਰਾਜ ਸੰਤਾਂ ਤੋਂ ਲਿਖਾਈ ਕਰਵਾ ਰਹੇ ਹਨ ਕਿ ਅਸਾਂ ਗਊਆਂ ਗਰੀਬਾਂ ਦਾ ਉਧਾਰ ਕਰਨ ਵਾਸਤੇ ਤੇ ਪਾਪੀਆਂ ਦਾ ਨਾਸ ਕਰਨ ਵਾਸਤੇ ਅਵਤਾਰ ਧਾਰਿਆਂ ਹੈ । ਕਲਜੁਗ ਦਾ ਨਾਸ ਕਰ ਕੇ ਸਤਿਜੁਗ ਲਿਔਣਾ ਹੈ । ਅਸੀਂ ਏਸ ਧਰਤੀ ਉਤੇ ਪਾਪੀ ਰਾਜਾ ਕੋਈ ਨਹੀਂ ਰਹਿਣ ਦੇਣਾ । ਐਸਾ ਜੋਤ ਸਰੂਪੀ ਕਹਿਰ ਵਰਤਾਵਾਂਗੇ ਤੇ ਵੈਰ ਵਿਰੋਧ ਵਧਾਵਾਂਗੇ ਸਭ ਆਪੇ ਹੀ ਲੜ ਲੜ ਮਰ ਜਾਣਗੇ । ਸੰਤਾਂ ਨੂੰ ਬਚਨ ਲਿਖਾ ਰਹੇ ਹਨ ਕਿ ਕਲਜੁਗ ਦੀਆਂ ਜੜਾਂ ਪੁੱਟ ਦਿਤੀਆਂ ਹਨ । ਅੱਗੇ ਅਸੀਂ ਜੁਗੋ ਜੁਗ ਹੱਥੀਂ ਲੜਦੇ ਰਹੇ ਹਾਂ, ਤੇ ਹੁਣ ਅਸਾਂ ਸ਼ਬਦ ਦੀ ਮਾਰ ਨਾਲ ਧਰਤੀ ਸੋਧਣੀ ਹੈ । ਮੈਂ ਨਰ ਅਵਤਾਰ ਹਾਂ । ਮੈਂ ਜੋਤ ਨਾਲ ਬੰਨ

ਕੇ ਰਾਜੇ ਰਾਣੇ ਮਾਰ ਦੇਣੇ ਹਨ ਜੀ । ਸ਼ਬਦ ਵਿਚ ਪਾਤਸ਼ਾਹ ਕਲਜੁਗ ਦੀ ਅਲਖ ਮੁਕਾ ਦਿਤੀ ਹੈ ਜੀ । ਸੰਤ ਮਨੀ ਸਿੰਘ ਲਿਖੇ ਬਚਨ ਸਿਖਾਂ ਨੂੰ ਸੁਣਾ ਰਹੇ ਹਨ ਜੀ । ਸੰਸਾਰ ਨੂੰ ਏਸ ਖੇਡ ਦੀ ਕੋਈ ਸਾਰ ਨਹੀਂ ਜਿਸ ਨੂੰ ਜਣੌਂਦੇ ਹਨ ਓਹੋ ਜਾਣਦਾ ਹੈ । ।

## ☀ ਤੀਰਥ ਅਸਥਾਨਾਂ ਦੀ ਸਤਿਆ ਖਿਚਣੀ ☀

ਪਾਤਸ਼ਾਹ ਮਨੀ ਸਿੰਘ ਨੂੰ ਬਚਨ ਦਿਤਾ ਕਿ ਸੰਤਾ ਨੈਣਾਂ ਦੇਵੀ ਜਾ ਕੇ ਓਥੋਂ ਸੱਤ ਮੁਠਾ ਹੋਮ ਵਿਚੋਂ ਸੁਵਾ ਦੀਆਂ ਲਿਔਣੀਆਂ ਹਨ । ਜਿਥੇ ਜਿਥੇ ਦੇਵੀਆਂ ਦੇ ਅਸਥਾਨ ਹਨ ਸਾਰੇ ਥਾਈਂ ਇਕ ਵਾਰੀ ਜਰੂਰ ਜਾਣਾ ਪਵੇਗਾ । ਮਨੀ ਸਿੰਘ ਸਤਿ ਬਚਨ ਮੰਨ ਕੇ ਨੈਣਾਂ ਦੇਵੀ ਨੂੰ ਤੁਰ ਪਏ ਹਨ । ਫੇਰ ਹੁਕਮ ਹੋਇਆ ਕਿ ਸੰਤਾ ਦਿਲੀ ਜਾ ਕੇ ਲਿਖਾਈ ਕਰਨੀ ਹੈ । ਬਾਬੇ ਮਨੀ ਸਿੰਘ ਹੋਰਾਂ ਪੰਜ ਸਿਖ ਨਾਲ ਖੜੇ, ਦਿਲੀ ਲਾਲ ਕਿਲੇ ਤਖ਼ਤ ਉਤੇ ਬੈਠ ਕੇ ਲਿਖਾਈ ਕੀਤੀ ਕਿ ਕਲਜੁਗ ਦਾ ਨਾਸ ਕਰਕੇ ਧਰਮੀ ਰਾਜਾ ਏਸ ਤਖ਼ਤ ਤੇ ਬੈਠਾਵਾਂਗੇ । ਓਹ ਰਾਜਾ ਸਾਡੇ ਨਾਂ ਦਾ ਸਿੱਕਾ ਚਲਾਵੇਗਾ । ਊਗਣ ਆਥਣ ਤਾਈਂ ਰਾਜ ਕਰੇਗਾ ਤੇ ਧਰਮ ਦਾ ਰਾਜ ਹੋਵੇਗਾ । ਓਹਦੇ ਰਾਜ ਵਿਚ ਝੂਠਾ ਗਵਾਹ ਤੇ ਝੂਠਾ ਵਕੀਲ ਕੋਈ ਨਾ ਹੋਵੇਗਾ । ਓਸ ਦੀ ਅਦਾਲਤ ਵਿਚ ਜੇਹੜਾ ਝੂਠਾ ਹੋਵੇਗਾ ਆਪਣੀ ਜਬਾਨੀ ਆਖਿਆ ਕਰੇਗਾ, ਜੀ ਮੈਂ ਝੂਠਾ ਹਾਂ, ਮੈਨੂੰ ਸਜਾ ਚਾਹੀਦੀ ਹੈ । ਧਰਮ ਦੀਆਂ ਅਦਾਲਤਾਂ ਸਤਿਜੁਗ ਵਿਚ ਹੋਣਗੀਆਂ ਜੀ ।

ਫੇਰ ਆਕਾਸ਼ ਬਾਣੀ ਹੋਈ ਕਿ ਸੰਤਾ ਖਵਾਜਾ ਖਿਜਰ ਦੀ ਸਤਿਆ ਜਾ ਕੇ ਲੈ ਆ । ਪੋਹ ਮਾਘ ਦਾ ਮਹੀਨਾ ਸੀ ਤੇ ਸਿਖਾਂ ਨੂੰ ਕੜਾਹ ਪਰਸ਼ਾਦ ਦੀ ਦੇਗ ਸਿਰ ਤੇ ਚੁਕਾ ਕੇ ਦਰਯਾ ਵਿਚ ਖਲੋ ਕੇ ਤੇ ਕੰਡੇ ਤੇ ਮੰਨੀ ਸਿੰਘ ਬੈਠ ਕੇ ਲਿਖਾਈ ਕਰ ਰਹੇ ਸਨ । ਤਿੰਨ ਦਿਨ ਏਸੇ ਤਰ੍ਹਾਂ ਸਿਖ ਜਲ ਵਿਚ ਖਲੋਤੇ ਰਹੇ ਪਰਸ਼ਾਦ ਚੁਕ ਕੇ । ਇਕ ਜਦੋਂ ਸੁੰਨ੍ਹ ਹੋ ਜੇ ਤੇ ਦੂਸਰਾ ਦਰਯਾ ਵਿਚ ਖਲੋ ਜੇ । ਏਸ ਤਰ੍ਹਾਂ ਤਿੰਨ ਦਿਨ ਸਿਖ ਕਰਦੇ ਰਹੇ । ਬਾਬੇ ਹੁਰੀ ਲਿਖਾਈ ਕਰ ਰਹੇ ਹਨ ਕਿ ਅਜ ਤੋਂ ਖਿਜਰ ਖਵਾਜਾ ਨੂੰ ਕੋਈ ਨਾ ਮੰਨੇਗਾ । ਅਸਾਂ ਸੱਤਿਆ ਖਿਚ ਲਈ ਹੈ । ਜੋ ਬੇੜੇ ਵਿਚ ਚੜਿਆ ਕਰੇਗਾ, ਮਹਾਰਾਜ ਸ਼ੇਰ ਸਿੰਘ ਦਾ ਨਾਮ ਲੈ ਕੇ ਚੜ੍ਹਿਆ ਕਰੇਗਾ । ਕੋਰੀਆਂ ਦਾ ਇਕ ਈਦਾ ਮੁਸਲਮਾਨ ਸਿਖ ਸੀ । ਓਸ ਦੀ ਲਿਖਾਈ ਕੀਤੀ ਹੈ ਕਿ ਹੁਣ ਖਵਾਜਾ ਖਿਜਰ ਦੀ ਜਗਹ ਤੈਨੂੰ ਦਿਆਂਗੇ । ਜੋ ਦੇਵੀਆਂ ਦੇ ਉਤੇ ਹਨ ਸਭ ਤਖ਼ਤਾਂ ਤੋਂ ਲਾਹ ਦੇਣੇ ਹਨ ਤੇ ਮੈਂ ਆਪਣੇ ਸਿਖ ਬਿਠਾ ਦੇਣੇ ਹਨ । ਦਿਲੀ ਵਿਚ ਪਾਤਸ਼ਾਹ ਦਾ ਖੜਕ ਸਿੰਘ ਸਿਖ ਸੀ । ਓਸ ਦੇ ਘਰ ਲਿਖਾਈ ਹੋ ਰਹੀ ਸੀ । ਪਾਤਸ਼ਾਹ ਬਚਨ ਲਿਖੌਂਦੇ ਹਨ ਮੈਂ ਸਾਰਿਆਂ ਸਿਖਾਂ ਨੂੰ ਦਿਲੀ ਵਿਚ ਜਾ ਕੇ ਸੁਖ ਭੁਗੌਣਾ ਹੈ । ਦਿਲੀ ਦਾ ਵਿਹਾਰ ਕਰਕੇ ਫੇਰ ਸਿਖ ਮਾਝੇ ਦੇਸ ਨੂੰ ਆ ਗਏ ਹਨ ਜੀ । ।

## ☀ ਤਾਊਨ ਦੀ ਬੀਮਾਰੀ ਪੈਣੀ ☀

ਫੇਰ ਮਾਝੇ ਦੇਸ ਵਿਚ ਤਾਊਨ ਦੀ ਬੀਮਾਰੀ ਬਹੁਤ ਪਈ ਹੈ । ਓਸ ਵਕਤ ਸੱਚੇ ਪਿਤਾ ਬਾਰਾਂ ਜਾਂ ਤੇਰਾਂ ਸਾਲ ਦੇ ਸਨ । ਓਦੋਂ ਮਹਾਰਾਜ ਦਾ ਵੱਡਾ ਭਰਾ ਫੌਜਾ ਸਿੰਘ ਸੀ । ਉਸਨੂੰ ਬੀਮਾਰੀ ਨਿਕਲ ਆਈ । ਪਾਤਸ਼ਾਹ ਨੂੰ ਵੀ ਬੀਮਾਰੀ ਨਿਕਲ ਆਈ । ਦੋ ਚਾਰ ਦਿਨ ਪਾਤਸ਼ਾਹ ਤੇ ਫੌਜਾ ਸਿੰਘ ਬੀਮਾਰ ਰਹੇ ਹਨ ਜੀ । ਪਾਤਸ਼ਾਹ ਨੂੰ ਤਾਂ ਰਮਾਨ ਆ ਗਿਆ ਤੇ ਫੌਜਾ ਸਿੰਘ ਦਾ ਸਰੀਰ ਛੁੱਟ ਗਿਆ । ਜਿਸ ਵਕਤ ਫੌਜਾ ਸਿੰਘ ਦਾ ਸਸਕਾਰ ਕਰਕੇ ਆਏ ਹਨ ਤੇ ਪਾਤਸ਼ਾਹ ਦੇ ਪਿਤਾ ਨੂੰ ਬੀਮਾਰੀ ਨਿਕਲ ਆਈ ਹੈ । ਬਹੁਤ ਬੇਹੋਸ਼ ਹੋ ਗਿਆ ਹੈ । ਇਕ ਰੰਗਾ ਸਿੰਘ ਪਾਤਸ਼ਾਹ ਦਾ ਚਾਚਾ ਸੀ । ਵਡੇ ਭਰਾ ਨੂੰ ਤੰਗ ਵੇਖ ਕੇ, ਰੰਗਾ ਸਿੰਘ ਬਹੁਤ ਵੈਰਾਗ ਕਰਦਾ ਹੈ । ਓਸ ਵਕਤ ਰੰਗਾ ਸਿੰਘ ਗਲ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਸੱਚੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ, ਕਿ ਦੀਨ ਦਿਆਲ ਮੇਰਾ ਭਰਾ ਹੈ ਤੇ ਮਿਹਰ ਕਰੋ ਬਖ਼ਸ਼ ਲੌ ।

ਅਸੀਂ ਦੋਵੇਂ ਭਰਾ ਆਪ ਦੀ ਸੇਵਾ ਵਿਚ ਰਵਾਂਗੇ । ਬੇਨੰਤੀ ਸੁਣਕੇ ਸੱਚੇ ਪਾਤਸ਼ਾਹ ਦਾ ਚੇਹਰਾ ਐਸ ਤਰ੍ਹਾਂ ਲਾਲੋ ਲਾਲ ਹੋ ਗਿਆ ਕਿ ਜਿਸ ਤਰ੍ਹਾਂ ੧੦੦ ਸੂਰਜ ਦਾ ਤੇਜ ਹੋਵੇ । ਪਿਤਾ ਦੇ ਕੋਲ ਬੈਠਕੇ ਪਾਤਸ਼ਾਹ ਬਚਨ ਕੀਤਾ, ਲਿਆ ਰੰਗਾ ਸਿੰਘ ਜਲ । ਸੱਚੇ ਪਾਤਸ਼ਾਹ ਦਇਆ ਕਰਨ ਵਾਸਤੇ ਮਿਹਰ ਕੀਤੀ । ਇਕ ਸੱਚੇ ਪਾਤਸ਼ਾਹ ਦਾ ਚਾਚਾ ਆਸਾ ਸਿੰਘ ਸੀ । ਓਸ ਓਸ ਵਕਤ ਮੇਹਣਾ ਮਾਰਿਆ ਕਿ ਪਾਤਸ਼ਾਹ ਘਰ ਦਿਆਂ ਜੋਗੇ ਨਹੀਂ ਲੋਕਾਂ ਜੋਗੇ ਨੇ । ਓਸ ਵਕਤ ਪਾਤਸ਼ਾਹ ਗੁੱਸੇ ਨਾਲ ਜਲ ਭੁਵਾ ਕੇ ਮਾਰਿਆਂ ਤੇ ਆਪ ਉਠ ਕੇ ਬਾਹਰ ਆ ਗਏ । ਕੋਈ ੩ ਜਾਂ ਚਾਰ ਘੰਟੇ ਬਾਅਦ ਭਾਈ ਜਵੰਦ ਸਿੰਘ ਪਾਤਸ਼ਾਹ ਦੇ ਪਿਤਾ ਨੇ ਸਰੀਰ ਛਡ ਦਿਤਾ । ਪਰੀ ਪੂਰਨ ਪਰਮੇਸਵਰ ਮਹਾਰਾਜ ਸ਼ੇਰ ਸਿੰਘ ਦੇ ਚਰਨਾਂ ਵਿਚ ਜੋ ਨਿਉਂ ਜਾਂਦਾ, ਓਹ ਖੱਟ ਜਾਂਦਾ ਹੈ । ਐਡੀ ਬਿਮਾਰੀ ਓਸ ਵਕਤ ਪਈ ਸੀ ਪਿੰਡ ਵਿਚ ੫੦ ਜਾਂ ੬੦ ਰੋਜ ਦੇਹ ਛਡਦੇ ਸਨ । ਬਾਬੇ ਜਵੰਦ ਸਿੰਘ ਦਾ ਸਸਕਾਰ ਕਰ ਦਿਤਾ ਗਿਆ । ਸੱਚੇ ਪਿਤਾ ਓਸ ਵਕਤ ੧੩ ਸਾਲ ਦੇ ਸਨ । ਪਾਤਸ਼ਾਹ ਦੀ ਇਕ ਛੋਟੀ ਭੈਣ ਸੀ ਉਸ ਦਾ ਨਾਮ ਬੀਬੀ ਨਾਮੋ ਸੀ ਤੇ ਬੀਬੀ ਤੋਂ ਛੋਟਾ ਇਕ ਪਾਤਸ਼ਾਹ ਦਾ ਭਰਾ ਸੀ । ਜਦੋਂ ਭਾਈ ਜਵੰਦ ਸਿੰਘ ਦੇਹ ਛੱਡੀ ਹੈ ਪਾਤਸ਼ਾਹ ਦੀ ਵੱਡੀ ਭੈਣ ਬੀਬੀ ਠਾਕਰੀ ਸੀ ਤੇ ਵੱਡਾ ਭਰਾ ਠਾਕਰ ਸਿੰਘ ਸੀ । ਉਸ ਵਕਤ ਸੰਸਾਰੀ ਵਿਹਾਰਾਂ ਵਲੋਂ ਤਕਲੀਫ ਦੇ ਦਿਹਾੜੇ ਸਨ । ਕਿਉਂਕਿ ਛੋਟੀ ਉਮਰੇ ਪਿਤਾ ਦੇਹ ਛੱਡ ਗਏ । ਮਾਈ ਤਾਬੋ ਵੀ ਕੁਛ ਤਕੜੀ ਨਹੀਂ ਸੀ ਰਹਿੰਦੀ । ਆਈਆਂ ਸੰਗਤਾਂ ਨੂੰ ਮਾਤਾ ਤਾਬੋ ਚੱਕੀ ਪੀਹ ਕੇ ਪਰਸ਼ਾਦ ਛਕੋਂਦੀ ਹੁੰਦੀ ਸੀ । ਓਸ ਵਕਤ ਖਰਾਸ ਬਿਲਕੁਲ ਹੈ ਨਹੀਂ ਸਨ ਤੇ ਨਾ ਮਸ਼ੀਨਾਂ ਸਨ । ਕਿਸੇ ਵਕਤ ਮਾਤਾ ਦੇ ਨਾਲ ਲੱਗ ਕੇ ਮਹਾਰਾਜ ਆਪ ਵੀ ਚੱਕੀ ਤੇ ਆਟਾ ਪੀਂਹਦੇ ਹੁੰਦੇ ਸਨ । ਕੁਝ ਸਮੇਂਬਾਅਦ ਮਾਤਾ ਤਾਬੋ ਦਾ ਵੀ ਸਰੀਰ ਛੁਟ ਗਿਆ । ਪਾਤਸ਼ਾਹ ਓਸ ਵਕਤ ੧੫ ਸਾਲ ਦੇ ਸਨ । ਬੀਬੀ ਨਾਮੋ ੧੨ ਸਾਲ ਦੀ ਸੀ । ਬੀਬੀ ਜਿੰਨਾਂ ਹੋ ਸਕੇ ਸੰਗਤਾਂ ਦਾ ਅੰਨ ਪਾਣੀ ਬੜੇ ਪ੍ਰੇਮ ਨਾਲ ਕਰੇ । ਸਿਖ ਆਣ ਕੇ ਆਪ ਭੰਗਾਲੀਉਂ ਤੇ ਕੋਰੀਆਂ ਤੋਂ ਪਾਤਸ਼ਾਹ ਦੀ ਪੈਲੀ ਬੀਜ ਜਾਂਦੇ ਸਨ । ਬਾਲਣ ਤੂੜੀ ਤੇ ਚਰ ਵੀ ਜਿਸ ਚੀਜ ਦੀ ਲੋੜ ਹੋਵੇ ਘਰਾਂ ਤੋਂ ਸੇਵਾ ਵਿਚ ਲਈ ਔਂਦੇ ਸਨ । ਰੰਗਾ ਸਿੰਘ ਪਾਤਸ਼ਾਹ ਦਾ ਚਾਚਾ ਓਸ ਵਕਤ ਨੌਕਰ ਹੁੰਦਾ ਸੀ । ਤੇ ਓਹ ਫੇਰ ਨਾਵਾਂ ਕਟਾ ਕੇ ਆ ਗਿਆ । ਸੱਚੇ ਪਿਤਾ ਦੀ ਸੇਵਾ ਵਿਚ ਓਨ ਪਾਤਸ਼ਾਹ ਨੂੰ ਭਤੀਜਾ ਕਰਕੇ ਨਹੀਂ ਜਾਣਿਆ ਪ੍ਰੀ ਪੂਰਨ ਪਰਮੇਸ਼ਵਰ ਵਿਸ਼ਨੂੰ ਭਗਵਾਨ ਕਰਕੇ ਜਾਣਦਾ ਰਿਹਾ । ਜਦੋਂ ਪਾਤਸ਼ਾਹ ਨੂੰ ਬੁਲੌਂਦਾ ਹੁੰਦਾ ਸੀ ਜਾਂ ਪਿਤਾ ਜੀ ਆਖਣਾ ਜਾਂ ਮਹਾਰਾਜ ਜੀ ਕਰਕੇ ਬੁਲੌਣਾ । ਭਤੀਜੇ ਵਾਲਾ ਸਾਕ ਦਿਲ ਤੋਂ ਹਟਾ ਦਿਤਾ ਸੀ । ਸੱਚੇ ਪਿਤਾ ਆਪ ਦੇ ਛੋਟੇ ਭਰਾ ਹਰਨਾਮ ਸਿੰਘ ਨੂੰ ਬੁਰਕੀਆਂ ਦੇ ਦੇ ਕੇ ਪਾਲਿਆ ਸੀ । ।

## ❊ ਭੰਗਾਲੀ ਵਾਲਿਆਂ ਵਲੋਂ ਘੋੜੀ ਦੀ ਸੇਵਾ ❊

ਭੰਗਾਲੀ ਵਾਲਿਆਂ ਸਿਖਾਂ ਦੀ ਘਰ ਦੀ ਵਛੇਰੀ ਪਾਲੀ ਹੋਈ ਸੀ । ਸਿਖਾਂ ਪਾਤਸ਼ਾਹ ਦੇ ਚੜ੍ਹਨ ਵਾਸਤੇ ਸੇਵਾ ਵਿਚ ਦੇ ਦਿਤੀ । ਮਹਾਰਾਜ ਹੋਰੀਂ ਚੜ੍ਹ ਕੇ ਖੇਤ ਗਏ ਹਨ ਤੇ ਜਾ ਕੇ ਖੇਤ ਬੰਨ ਦਿਤੀ ਹੈ । ਡਲ ਦੇ ਜ਼ਿਮੀਂਦਾਰ ਲਾਗੇ ਗਵਾਂਡ ਸਨ । ਓਨ੍ਹਾਂ ਘੋੜੀ ਚੁਰਾ ਲਈ, ਤੇ ਚੋਰਾਂ ਨੇ ਘੋੜੀ ਅਗਾਂਹ ਘੱਲ ਦਿਤੀ । ਕੋਈ ਦਿਨ ਪਾ ਕੇ ਬਾਬਾ ਮਨੀ ਸਿੰਘ ਸਿਖਾਂ ਦੇ ਘਰ ਭੰਗਾਲੀ ਪਿੰਡ ਲਿਖਾਈ ਕਰ ਰਹੇ ਹਨ ਜੀ । ਓਸ ਪਿੰਡ ਵਿਚ ਇਕ ਬੀਬੀ ਦਾ ਵਿਆਹ ਹੈ । ਤੇ ਪਾਤਸ਼ਾਹ ਦੀ ਘੋੜੀ ਜੰਞ ਨਾਲ ਜਾਈ ਲਿਆਂਦੇ ਹਨ, ਜੇਹੜੀ ਚੁਰਾਈ ਗਈ ਸੀ । ਓਹ ਘੋੜੀ ਨੀਗਰ ਦੇ ਹੇਠਾਂ ਸੀ । ਜਿਨ੍ਹਾਂ ਸਿਖਾਂ ਭੰਗਾਲੀ ਵਾਲਿਆ ਘੋੜੀ ਦਿਤੀ ਸੀ, ਓਨ੍ਹਾਂ ਸਿਆਣ ਲਈ ਤੇ ਪਿੰਡ ਦੇ ਲੋਕਾਂ ਨੇ ਵੀ ਸਿਆਣ ਲਈ । ਸਾਰਿਆਂ ਆਖਿਆਂ ਏਹ ਪਾਤਸ਼ਾਹ ਵਾਲੀ ਘੋੜੀ ਹੈ ਜੇਹੜੀ ਚੋਰੀ ਹੋ ਗਈ ਸੀ । ਕਾਹਨ ਸਿੰਘ ਦਾ ਪੁੱਤਰ ਦੇਵਾ ਸਿੰਘ ਸੀ । ਓਨ ਜਾ ਕੇ ਘੋੜੀ ਨੂੰ ਵਾਗੋਂ ਫੜ ਲਿਆ । ਸੰਤ ਮਨੀ ਸਿੰਘ ਬਚਨ ਕਰਦੇ ਹਨ । ਏਹ ਨੀਗਰ ਦੇ ਥੱਲੇ ਘੋੜੀ ਹੈ ਫੜੋ ਨਾ । ਨੀਗਰ ਜੇਹੜਾ ਹੁੰਦਾ ਪਰਮੇਸ਼ਵਰ ਦਾ ਰੂਪ ਹੁੰਦਾ ਹੈ । ਫੇਰ ਸਿਖ

ਜਾ ਕੇ ਆਖਦੇ ਹਨ ਕਿ ਸਰਦਾਰ ਜੀ ਘੋੜੀ ਪਿੰਡੋਂ ਜਾ ਘਲਾ ਦਿਉ ਜੇ । ਸੰਤ ਮਨੀ ਸਿੰਘ ਨੂੰ ਪਰਮੇਸ਼ਵਰ ਦੀ ਸਾਰ ਸੀ । ਓਨ੍ਹਾਂ ਵਕਤ ਪਰਮੇਸ਼ਵਰ ਦਾ ਰੂਪ ਜਾਣ ਕੇ ਘੋੜੀ ਨੀਗਰ ਦੇ ਥੱਲਿਉਂ ਨਹੀਂ ਕਢਾਈ । ਘੋੜੀ ਚਰੌਣ ਵਾਲਿਆ ਨਹੀਂ ਜਾਣਿਆ, ਕਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਹੈ । ਜਾਈਆਂ ਵੀ ਕਰਾਰ ਕਰਕੇ ਫੇਰ ਘੋੜੀ ਨਹੀਂ ਘਲੀ । ਸੱਚੇ ਪਿਤਾ ਨੂੰ ਕਿਸੇ ਗਲ ਦਾ ਘਾਟਾ ਨਹੀਂ ਸੀ । ਸਾਰੇ ਸੰਸਾਰ ਨੂੰ ਦੇ ਰਹੇ ਹਨ ਜੀ । ਭੰਗਾਲੀ ਵਾਲੇ ਸਿਖ ਗੁਰਮੁਖ ਸਿੰਘ ਹੋਰਾਂ ਬੱਗੀ ਘੋੜੀ ਬਹੁਤ ਸੋਹਣੀ ਘਲ ਦਿਤੀ । ਓਦੋਂ ਸੱਚੇ ਪਿਤਾ ੧੫-੧੬ ਸਾਲ ਦੇ ਹਨ ਜੀ । ।

## ✻ ਪਠਾਣਕੇ ਵਾਲੇ ਦੇਵਾ ਸਿੰਘ ਦੀ ਸਾਖੀ ✻

ਸੱਚੇ ਪਾਤਸ਼ਾਹ ਦੇ ਸਿਖ ਮਸਤਾਨੇ ਵੀ ਹੁੰਦੇ ਸਨ ਜੀ । ਪਠਾਣਕੇ ਪਿੰਡ ਘਵਿੰਡੋਂ ਤਿੰਨ ਮੀਲ ਹੈ । ਓਥੋਂ ਦਾ ਨੰਬਰਦਾਰ ਇਕ ਦੇਵਾ ਸਿੰਘ ਸਿਖ ਸੀ ਜੀ । ਬਾਬਾ ਮਨੀ ਸਿੰਘ ਪਠਾਣਕੀ ਲਿਖਾਈ ਕਰ ਰਹੇ ਹਨ ਜੀ । ਦੇਵਾ ਸਿੰਘ ਦਾ ਪੁੱਤਰ ਮਸਤ ਰਹਿੰਦਾ ਸੀ । ਦੇਵਾ ਸਿੰਘ ਬਚਨ ਕੀਤਾ ਕਿ ਪਾਤਸ਼ਾਹ ਮੇਰੇ ਪੁਤਰ ਨੂੰ ਮਸਤ ਕੀਤਾ, ਮੈਂ ਤਾਂ ਜਾਣਦਾ ਸੱਚੇ ਪਾਤਸ਼ਾਹ ਨੂੰ ਜੇ ਮੈਨੂੰ ਮਸਤ ਕਰਨ ਤਾਂ । ਸੱਚੇ ਪਾਤਸ਼ਾਹ ਓਸ ਦੇ ਪੁੱਤਰ ਨੂੰ ਛੱਡ ਦਿਤਾ ਤੇ ਦੇਵਾ ਸਿੰਘ ਨੰਬਰਦਾਰ ਨੂੰ ਪਕੜ ਲਿਆ । ਐਸਾ ਮਸਤਾਨਾ ਹੋਇਆ ਕਿ ਕੋਈ ਸਰੀਰ ਦੀ ਸੁਰਤ ਨਹੀਂ ਰਹੀ । ਕਰਾਮਾਤ ਪਾਤਸ਼ਾਹ ਦੀ ਵੇਂਹਦਾ ਵੇਂਹਦਾ ਆਪ ਦੀ ਸੁਧ ਬੁਧ ਭੁਲਾ ਬੈਠਾ । ਜੋ ਖਾਣਾ ਪੀਣਾ ਸੀ ਸਭ ਓਹਨੂੰ ਭਿਟੜ ਨਜ਼ਰ ਔਂਦਾ ਹੈ । ਜੋ ਖੂਹਾਂ ਦੇ ਜਲ ਹਨ ਓਹ ਵੀ ਓਹਨੂੰ ਭਿਟੜ ਨਜ਼ਰ ਔਂਦੇ ਹਨ ਜੀ । ਦੋ ਮੀਲ ਪਠਾਣਕਿਆਂ ਤੋਂ ਨਹਿਰ ਸੀ ਤੇ ਦੋਵੇਂ ਟੈਮ ਨਹਿਰ ਤੋਂ ਜਲ ਲਿਆ ਕੇ ਪੀਂਦਾ ਸੀ । ਜੇ ਨੂੰਹ ਪੁਤ ਪਰਸ਼ਾਦਾ ਦੇਂਦੇ ਹਨ ਤੇ ਓਹ ਵੀ ਉਸਨੂੰ ਭਿਟੜ ਜਾਪਦਾ ਹੈ । ਆਪਣੀ ਹੱਥੀਂ ਪਰਸ਼ਾਦਾ ਪਕਾ ਕੇ ਛਕਦਾ । ਠਾਣੇਦਾਰਾਂ ਤੇ ਤਸੀਲਦਾਰਾਂ ਨੂੰ ਜਾ ਕੇ ਕਚੈਹਰੀ ਵਿਚ ਗਾਲਾਂ ਕੱਡੇ । ਕਮਲਾ ਕਮਲਾ ਕਰਕੇ ਲੋਕੀਂ ਗਾਲਾਂ ਕੱਢਣ । ਦਿਨੇ ਮਸਾਲ ਜਗਾ ਕੇ ਲਹੌਰ ਅਦਾਲਤਾਂ ਵਿਚ ਲਈ ਫਿਰੇ । ਲਹੌਰ ਸ਼ਹਿਰ ਵਿਚ ਤੇ ਅਦਾਲਤਾਂ ਵਿਚ ਸੱਚੇ ਪਾਤਸ਼ਾਹ ਦੇ ਨਾਂ ਦੀ ਦੁਹਾਈ ਦੇਂਦਾ ਫਿਰੇ, ਕਿ ਸੱਚੇ ਪਿਤਾ ਅਵਤਾਰ ਧਾਰਿਆ ਹੈ । ਅਦਾਲਤਾਂ ਵਿਚ ਜਾ ਕੇ, ਮੜੀਆਂ ਬਣਾ ਕੇ ਲਕੜੀਆਂ ਕੱਠੀਆਂ ਕਰਕੇ ਤੇ ਅੱਗ ਲਾ ਕੇ ਤੇ ਰਾਜਿਆਂ ਦਾ ਨਾਂ ਲੈ ਕੇ ਸਿਆਪਾ ਕਰਦਾ ਤੇ ਬਚਨ ਕਰਦਾ, ਜੋ ਕਲਜੁਗ ਦੇ ਰਾਜੇ ਨੇ ਸਾਰੇ ਮਾਰੇ ਜਾਣਗੇ । ਪਾਤਸ਼ਾਹ ਦਾ ਹੋਕਾ ਦੇਂਦਾ ਸੀ । ਲੋਕ ਏਸ ਰਾਜ਼ ਨੂੰ ਨਹੀਂ ਸੀ ਸਮਝਦੇ । ਕਮਲਾ ਕਮਲਾ ਆਂਦੇ ਸੀ ਤੇ ਇੱਟਾਂ ਢੀਮਾਂ ਮਾਰਦੇ ਸੀ । ਰਾਤ ਦਿਨ ਪਾਤਸ਼ਾਹ ਦਾ ਨਾਮ ਬੜਾ ਜਪਦਾ ਸੀ । ਦੋਹੀਂ ਹੱਥੀਂ ਸਿਮਰਨੇ ਫੇਰਦਾ ਸੀ । ਸੰਤ ਮਨੀ ਸਿੰਘ ਨੇ ਬੁਲੌਣਾ, ਦੇਵਾ ਸਿੰਘ ਕੀ ਹਾਲ ਹੈ । ਅਗੋਂ ਬਚਨ ਕਰਨਾ ਗੁਰੂ ਜੀ ਤੁਸੀਂ ਵੀ ਭਿਟੜ ਹੋ ਗਏ ਜੇ । ਆਖੇ ਪਾਤਸ਼ਾਹ ਵੀ ਭਿਟੜ ਹੋ ਗਏ ਨੇ ਸੰਸਾਰੀ ਲੋਕਾਂ ਨਾਲ ਵਰਤ ਕੇ । ਜੇ ਕਿਸੇ ਸਿਖ ਨੇ ਪ੍ਰੇਮ ਨਾਲ ਕਵੌਣਾ ਤੇ ਅਗੋਂ ਆਖਣਾ, ਸਿਖੋ ਤੁਸੀਂ ਵੀ ਭਿਟੜ ਹੋ ਗਏ ਜੇ ਲੋਕਾਂ ਨਾਲ ਵਰਤ ਕੇ । ਕਰਾਮਾਤ ਲੈਂਦਾ ਲੈਂਦਾ ਆਪ ਦੀ ਸੁਰਤ ਵੀ ਗੁਵਾ ਬੈਠਾ । ਐਸਾ ਮਸਤਾਨਾ ਹੋਇਆ ਕਿ ਜੋ ਚੀਜ ਹੈ ਸਭ ਭਿਟੜ ਤੇ ਜੂਠੀ ਦਿਸ ਰਹੀ ਹੈ । ।

## ✻ ਮਾਈ ਗੁਲਾਬੀ ਤੇ ਉਸ ਦੇ ਪਰਵਾਰ ਦੀ ਸਾਖੀ ✻

ਸੰਤਨੀ (ਮਾਈ ਗੁਲਾਬੀ) ਦਾ ਸੱਚੇ ਪਿਤਾ ਦੇ ਚਰਨਾਂ ਵਿਚ ਬੜਾ ਪ੍ਰੇਮ ਰਹਿੰਦਾ ਸੀ । ਮਾਇਆ ਵੀ ਸੰਤਨੀ ਕੋਲ ਬਹੁਤ ਸੀ । ਮਾਇਆ ਕਰ ਕੇ ਮਨ ਭੌਂਦੀ ਸੇਵਾ ਪਾਤਸ਼ਾਹ ਤੇ ਸਿਖਾਂ ਦੀ ਕਰਦੀ ਸੀ । ਸੰਤ ਮਨੀ ਸਿੰਘ ਵੀ ਲਿਖਾਈ ਬਹੁਤੀ ਰਾਮਪੁਰੇ ਸੰਤਨੀ ਕੋਲ ਕਰਦੇ ਸਨ । ਮਾਈ ਸੰਤਨੀ ਦੇ ਦੋ ਪੁੱਤਰ ਸਨ । ਇਕ ਦਾ ਨਾਮ ਬੁਧ ਦਾਸ ਤੇ ਇਕ ਦਾ ਨਾਮ ਸੁਧ ਦਾਸ । ਓਹ ਗੈਰਤ ਕਰਨ ਲਗ ਪਏ ਕਿ ਸਾਰਾ ਪੈਸਾ ਸੰਤ ਨੂੰ ਖੁਵਾਈ ਜਾਂਦੀ ਹੈ । ਸੰਤਨੀ ਦਾ ਮਾਲਕ ਪ੍ਰਾਗਦਾਸ ਸਾਧੂ ਹੁੰਦਾ ਸੀ । ਓਹ

ਗੁਜਰ ਗਿਆ ਸੀ । ਉਸ ਦੇ ਪੁੱਤਰ ਐਸੇ ਪਾਪੀ ਸਨ ਕਿ ਓਨਾਂ ਗਲ ਘੁਟ ਕੇ ਮਾਈ ਗੁਲਾਬੀ ਨੂੰ ਮਾਰ ਦਿਤਾ । ਜਿਸ ਮਾਇਆ ਤੋਂ ਲੜ ਕੇ ਓਨ੍ਹਾਂ ਆਪ ਦੀ ਮਾਤਾ ਨੂੰ ਮਾਰਿਆਂ ਸੀ ਓਸੇ ਮਾਇਆ ਨੇ ਫੇਰ ਡੰਗ ਮਾਰੇ । ਸੁਧ ਦਾਸ ਨੂੰ ਬੁਧ ਦਾਸ ਨੇ ਮਾਰ ਦਿਤਾ । ਬੁਧ ਦਾਸ ਨੂੰ ਅਦਾਲਤ ਨੇ ਫਾਹੇ ਲਾ ਦਿਤਾ । ਓਹੋ ਮਾਇਆ ਭਰਾਵਾਂ ਨੂੰ ਸੱਪ ਵਾਗੂੰ ਲੜ ਗਈ ਹੈ । ਜੇਹੜੀਆਂ ਓਨ੍ਹਾਂ ਦੀ ਘਰੀਂ ਸਾਧਨੀਆਂ ਸਨ, ਓਹ ਜ਼ਿਮੀਂਦਾਰਾਂ ਦੇ ਘਰੀਂ ਜਾ ਬੈਠੀਆਂ ਹਨ । ਓਸ ਗੁਰਦਵਾਰੇ ਵਿਚ ਸੰਤਨੀ ਦੇ ਮਾਰਨ ਦਾ ਪਾਪ ਕਰਕੇ ਉਜਾੜ ਹੋ ਗਈ । ਸੰਗਤਾਂ ਦਾ ਪ੍ਰੇਮ ਕਰ ਕੇ ਏਹ ਮਹਿੰਮਾ ਸੱਚੇ ਪਿਤਾ ਦੀ ਲਿਖੀ ਜਾ ਰਹੀ ਹੈ । ਪਾਤਸ਼ਾਹ ਤੇ ਸੰਗਤ ਦੀ ਮਿਹਰ ਨਾਲ ।

## ✻ ਰਾਮਪੁਰੇ ਦੇ ਬੁਢਾ ਸਿੰਘ ਸਿਖ ਦਾ ਪ੍ਰੇਮ ਤੇ ਦੇਹ ਛੱਡਣਾ ✻

ਰਾਮਪੁਰੇ ਦਾ ਬੁੱਢਾ ਜ਼ਿਮੀਦਾਰ ਸੀ । ਬੋਲੀ ਵਿਚ ਬੜਾ ਹਸੀਲਾ ਰਸੀਲਾ ਸੀ । ਘਰ ਵਿਚ ਬੜੀ ਗਰੀਬੀ ਸੀ । ਮਨ ਭੌਂਦੀ ਸੇਵਾ ਨਹੀਂ ਸੀ ਕਰ ਸਕਦਾ । ਸੱਚੇ ਪਾਤਸ਼ਾਹ ਰਾਮ ਪੁਰੇ ਬੁੱਢਾ ਸਿੰਘ ਦੇ ਘਰ ਚਲੇ ਗਏ ਹਨ । ਕੱਤੇ ਦਾ ਮਹੀਨਾ ਸੀ । ਪੈਲੀ ਉਸ ਦੀ ਵਤ ਆਈ ਸੀ । ਕਿਸੇ ਕੋਲੋਂ ਉਧਾਰਾ ਪੈਲੀ ਵਿਚ ਬੀਅ ਪੌਣ ਵਾਸਤੇ ਕਣਕ ਦਾ ਆਂਦਾ ਹੈ । ਗਲੀ ਵਿਚ ਬੀਅ ਚੁਕ ਕੇ ਤੁਰਿਆਂ ਜਾਂਦਾ ਹੈ ਅਗੇ ਪਾਤਸ਼ਾਹ ਸਿਖਾਂ ਸਮੇਤ ਮਿਲ ਪਏ ਹਨ ਜੀ । ਬੀਅ ਗਲੀ ਵਿਚ ਰੱਖ ਕੇ ਸੱਚੇ ਪਿਤਾ ਦੀ ਚਰਨੀ ਢੈਹ ਕੇ ਪੈ ਗਿਆ ਹੈ । ਸਾਰੇ ਸਿਖਾਂ ਦਾ ਧੰਨਵਾਦ ਕੀਤਾ ਹੈ । ਦਰਸ਼ਨ ਕਰਕੇ ਐਨਾ ਖ਼ੁਸ਼ ਹੈ ਕਿ ਧੰਨ ਦਿਹਾੜਾ ਅੱਜ ਹੈ ਸੱਚੇ ਪਿਤਾ ਦੇ ਦਰਸ਼ਨ ਹੋਏ ਹਨ ਜੀ । ਗਰੀਬ ਦੀ ਗ਼ਮੀ ਚਿੰਤਾ ਸਾਰੀ ਉਡ ਗਈ ਹੈ । ਜਿਸ ਤਰ੍ਹਾਂ ਸੌਣ ਦੇ ਮਹੀਨੇ ਘਟਾਂ ਵੇਖ ਕੇ ਮੋਰ ਖ਼ੁਸ਼ ਹੁੰਦਾ ਹੈ ਤੇ ਚੰਦਰਮਾ ਨੂੰ ਵੇਖ ਕੇ ਚਕੋਰ ਖ਼ੁਸ਼ ਹੁੰਦਾ ਹੈ ਏਸ ਤਰ੍ਹਾਂ ਮੇਰੇ ਅੰਤਰਜਾਮੀ ਦੀਨ ਦਿਆਲ ਦੇ ਦਰਸ਼ਨ ਕਰ ਕੇ ਸਿਖ ਖ਼ੁਸ਼ ਹੋਇਆ ਹੈ । ਅੱਗੇ ਅੱਗੇ ਲਗ ਕੇ ਸੰਗਤਾਂ ਸਮੇਤ ਪਾਤਸ਼ਾਹ ਨੂੰ ਘਰ ਲੈ ਗਿਆ ਹੈ ਤੇ ਪਲੰਘ ਡਾਹ ਕੇ ਪਾਤਸ਼ਾਹ ਨੂੰ ਉਤੇ ਬਿਠਾ ਦਿਤਾ ਹੈ । ਸਿਖਾਂ ਦਾ ਬੜਾ ਆਦਰ ਮਾਨ ਕੀਤਾ ਗਿਆ, ਮਹਾਰਾਜ ਹੋਰਾਂ ਨੂੰ ਤੇ ਸੰਗਤਾਂ ਨੂੰ ਘਰ ਬਹਾ ਕੇ ਓਹੋ ਬੀਅ ਵਾਲੀ ਕਣਕ ਦੀ ਪੰਡ ਲੈ ਕੇ ਹੱਟੀ ਚਲਾ ਗਿਆ ਹੈ । ਰਸਤ ਲਿਆ ਕੇ ਪਾਤਸ਼ਾਹ ਦਾ ਭੋਜਨ ਤਿਆਰ ਕੀਤਾ ਹੈ । ਬੜੀ ਖ਼ੁਸ਼ੀ ਵਿਚ ਸ਼ਬਦ ਪੜ੍ਹਦਾ ਹੈ ਕਿ ਅੱਜ ਕੀੜੀ ਦੇ ਘਰ ਨਰੈਣ ਆਏ ਹਨ ਜੀ । ਓਸ ਵਕਤ ਸਿਖ ਦੇ ਪ੍ਰੇਮ ਦੀ ਉਸਤਤ ਨਹੀਂ ਕੀਤੀ ਜਾਂਦੀ, ਐਨੀਆਂ ਖ਼ੁਸ਼ੀਆਂ ਚੜ੍ਹੀਆਂ ਹਨ ਜੀ । ਜੇਹੜੀ ਸਿਖ ਦੇ ਘਰੋਂ ਸਿਖਣੀ ਸੀ ਓਹ ਓਸ ਵਕਤ ਸੜ ਬਲ ਕੇ ਕੋਲਾ ਹੋ ਗਈ ਹੈ ਜੀ । ਨਾਲੇ ਅੰਨ ਪਾਣੀ ਕਰਦੀ ਫਿਰਦੀ ਹੈ ਨਾਲੇ ਸੜੂੰ ਬਲੂੰ ਕਰਦੀ ਹੈ ਜੀ । ਜੇਹੜਾ ਕੰਮ ਸਿਖ ਦੱਸਦਾ ਹੈ ਓਹ ਮੰਨਦੀ ਨਹੀਂ ਜੀ । ਏਸ ਤਰ੍ਹਾਂ ਕਰਦੀ ਨੇ ਪਾਤਸ਼ਾਹ ਦਾ ਪਰਸ਼ਾਦ ਤਿਆਰ ਕੀਤਾ ਹੈ ਜੀ । ਸਿਖ ਨੇ ਆਣ ਕੇ ਨਿਗਾਹ ਕੀਤੀ । ਪਰਸ਼ਾਦ ਪ੍ਰੇਮ ਨਾਲ ਨਹੀਂ ਹੋਇਆ । ਹੌਲੀ ਜਹੀ ਆਂਦਾ, ਭਲੀਏ ਲੋਕੇ, ਤੂੰ ਅੰਨ ਪਾਣੀ ਪ੍ਰੇਮ ਨਾਲ ਨਹੀਂ ਕੀਤਾ ਦਾਲ ਬਹੁਤ ਪਤਲੀ ਹੈ । ਓਹ ਆਂਦੀ ਹੈ ਮੇਰੇ ਸਿਰ ਵਿਚ ਪਾਂਦੇ, ਦਾਲ ਪਤਲੀ ਆ । ਸਿਖ ਨੇ ਓਸ ਵਕਤ ਸਤਿ ਬਚਨ ਮੰਨ ਕੇ ਦਾਲ ਸਿਰ ਵਿਚ ਤੱਤੀ ਤੱਤੀ ਪਾ ਦਿਤੀ ਹੈ । ਓਹ ਓਸੇ ਵਕਤ ਪਿਟਣ ਤੇ ਰੋਣ ਲਗ ਪਈ ਹੈ ਜੀ । ਸਿਖ ਆਖਣ ਲੱਗੇ ਬੁੱਢਾ ਸਿੰਘ ਬੜਾ ਮਾੜਾ ਕੀਤਾ ਹੈ । ਬੇਬੇ ਨੂੰ ਸਾੜ ਦਿਤਾ ਹੈ । ਓਹ ਆਂਦਾ ਹੈ, ਸੱਚੇ ਪਾਤਸ਼ਾਹ ਅਸਾਂ ਸਤਿ ਬਚਨ ਮੰਨਣਾ ਹੈ । ਮੈਂ ਆਖਿਆ ਸੀ ਦਾਲ ਪਤਲੀ ਹੈ ਤੇ ਏਨ ਆਖਿਆ ਮੇਰੇ ਸਿਰ ਵਿਚ ਪਾ ਦੇ ਅਸਾਂ ਪਾ ਦਿਤੀ । ਓਸ ਵਕਤ ਹੋਰ ਭਾਜੀਆਂ ਤਿਆਰ ਓਨ੍ਹਾਂ ਕਰਕੇ ਨਾਲ ਪਾਤਸ਼ਾਹ ਨੂੰ ਪਰਸ਼ਾਦ ਛਕਾਇਆ ਗਿਆ ਹੈ ਜੀ । ਪਰਸ਼ਾਦ ਛਕਾ ਕੇ ਪੁਜ ਆਈ ਮਾਇਆ ਦੀ ਸੇਵਾ ਕੀਤੀ ਹੈ । ਨਾਲੇ ਪਾਤਸ਼ਾਹ ਦੀਆਂ ਪਰਕਰਮਾਂ ਕਰਦਾ ਹੈ, ਨਾਲੇ ਧੰਨ ਧੰਨ ਕਰਦਾ ਹੈ । ਸਿਖ ਆਂਦੇ ਹਨ, ਬੁੱਢਾ ਸਿੰਘ ਪੈਲੀ ਨਾ ਸੁੱਕ ਜਾਂਦੀ

ਹੋਵੇ । ਹੱਥ ਜੋੜ ਕੇ ਬੇਨੰਤੀ ਕਰਦਾ ਹੈ ਕਿ ਮੈਂ ਤਾਂ ਜੁਗਾ ਜੁਗੰਤਰ ਅੱਜ ਦੀ ਪੈਲੀ ਬੀਜੀ ਹੋਈ ਖਾਣੀ ਹੈ । ਆਂਦਾ ਹੈ ਸਿਖੋ ਏਹ ਵੱਤ ਤਾਂ ਅੱਗੇ ਮੈਨੂੰ ਸਾਰੀ ਜਿੰਦਗੀ ਵਿਚ ਨਹੀਂ ਲੱਭਾ, ਜੇਹੜਾ ਅੱਜ ਦਿਹਾੜਾ ਹੈ, ਧੰਨ ਹੈ । ਸੱਚੇ ਪਿਤਾ ਅੰਤਰਜਾਮੀ ਦਿਲ ਦੀਆਂ ਜਾਨਣ ਵਾਲੇ ਦੇ ਤੇ ਪਵਿੱਤਰ ਉਚੀ ਸੁੱਚੀ ਸੰਗਤ ਦੇ ਦਰਸ਼ਨ ਹੋਏ ਹਨ ਜੀ । ਸੱਚੇ ਪਾਤਸ਼ਾਹ ਫੇਰ ਪਰਸ਼ਾਦ ਵਰਤਾ ਕੇ ਸਿਖ ਨੂੰ ਦੇ ਕੇ ਆ ਜਾਂਦੇ ਹਨ । ਸੱਚੇ ਪਾਤਸ਼ਾਹ ਨੂੰ ਤੋਰਨ ਆਇਆ ਹੈ ਤੇ ਪਿਛਾਂਹ ਮੁੜਨ ਨੂੰ ਦਿਲ ਨਹੀਂ ਕੀਤਾ । ਤਿੰਨ ਮੀਲ ਪੈਂਡਾ ਘਵਿੰਡ ਤਕ ਨਾਲ ਹੀ ਆ ਗਿਆ ਹੈ । ਘਵਿੰਡ ਖ਼ੁਸ਼ੀ ਲੈ ਕੇ ਰਾਮ ਪੁਰੇ ਗਿਆ ਹੈ ।

ਕੋਈ ਦਿਨ ਪਾ ਕੇ ਬੁੱਢਾ ਸਿੰਘ ਦਾ ਪੁੱਤਰ ਬਿਮਾਰ ਹੋ ਜਾਂਦਾ ਹੈ । ਐਸਾ ਬਿਮਾਰ ਹੈ ਕਿ ਸਰੀਰ ਦਾ ਕੋਈ ਪਤਾ ਨਹੀਂ, ਘੜੀ ਹੈ ਕਿ ਪਲ ਹੈ । ਨਗਰ ਦੇ ਲੋਕ ਬੜੇ ਵੇਖਣ ਵਾਲੇ ਆਂਦੇ ਹਨ ਕਿ ਬੁੱਢਾ ਸਿੰਘ ਦਾ ਪੁੱਤ ਬਹੁਤ ਔਖਾ ਹੈ । ਅੰਗ ਸਾਕ ਵੀ ਬੀਮਾਰ ਸੁਣਕੇ ਆਏ ਹਨ । ਬੁੱਢਾ ਸਿੰਘ ਬਚਨ ਕਰਦਾ ਹੈ ਕਿ ਪਾਤਸ਼ਾਹ ਦਾ ਭਾਣਾ ਕੋਈ ਮੇਟ ਨਹੀਂ ਸਕਦਾ, ਜੋ ਹੋਣਾ ਹੈ ਹੋ ਕੇ ਰਹਿਣਾ ਹੈ । ਓਸ ਵਕਤ ਬੁੱਢਾ ਸਿੰਘ ਦੀ ਜਨਾਨੀ ਮੇਹਣੇ ਮਾਰਦੀ ਹੈ ਕਿ ਅੱਜ ਮੈਂ ਤੇਰਾ ਮਹਾਰਾਜ ਵੇਖ ਲਵਾਂਗੀ, ਜੇ ਮੇਰੇ ਪੁੱਤ ਨੂੰ ਬਚਾਵੇਗਾ । ਅੱਗੋਂ ਬੁੱਢਾ ਸਿੰਘ ਆਂਦਾ ਹੈ ਮਾੜਿਆਂ ਭਾਗਾਂ ਵਾਲੀਏ ਮੇਰੇ ਤੇ ਪ੍ਰੀ ਪੂਰਨ ਸੋਲਾਂ ਕਲਾ ਸੰਪੂਰਨ ਤ੍ਰਿਲੋਕੀ ਨਾਥ ਸੱਚੇ ਪਿਤਾ ਹਨ । ਤੂੰ ਜੇਹੜਾ ਬੋਲ ਕੱਢਿਆ ਹੈ ਮੈਥੋਂ ਸਹਾਰਾ ਨਹੀਂ ਜਾਂਦਾ । ਸੰਸਾਰ ਤੇ ਜੰਮਣ ਮਰਨ ਤਾਂ ਜਰੂਰ ਬਣਿਆ ਹੈ ਮੈਂ ਕਿਸ ਤਰ੍ਹਾਂ ਸੱਚੇ ਪਿਤਾ ਨੂੰ ਆਖਾਂ ਏਸ ਭਾਣੇ ਨੂੰ ਡੱਕ ਦਿਓ । ਓਸ ਵਕਤ ਸਿਖਣੀ ਨੇ ਹੋਰ ਵੀ ਦੋ ਚਾਰ ਬਚਨ ਕਠੋਰ ਬੋਲੇ ਹਨ । ਓਸ ਵੇਲੇ ਕਰੋਧ ਨਾਲ ਸਿਖ ਉਠ ਕੇ ਘੜੇ ਵਿਚੋਂ ਜਲ ਲੈ ਕੇ ਅਸ਼ਨਾਨ ਕਰਨ ਲਗ ਪਿਆ ਹੈ । ਅਸ਼ਨਾਨ ਕਰਕੇ ਚਾਦਰ ਤਾਣਕੇ ਲੰਮਾ ਪੈ ਗਿਆ ਹੈ ਤੇ ਬਚਨ ਕਰਦਾ ਹੈ ਕਿ ਨਿਭਾਗੀਏ ਤੂੰ ਮੇਹਣੇ ਨਾ ਮਾਰ । ਪਾਤਸ਼ਾਹ ਅੱਗੇ ਬੇਨੰਤੀ ਕਰਕੇ ਮੈਂ ਸਰੀਰ ਛਡ ਦੇਂਦਾ ਹਾਂ ਤੇ ਤੇਰਾ ਪੁਤ ਰਾਜੀ ਹੋ ਜਾਵੇਗਾ । ਕਲਜੁਗ ਦੇ ਜੀ ਮਾੜਿਆਂ ਭਾਗਾਂ ਵਾਲੇ ਹੱਥਾਂ ਤੇ ਸਰੋਂ ਜੰਮੌਦੇ ਨੇ । ਸੱਚੇ ਪਿਤਾ ਬੁਢਾ ਸਿੰਘ ਸਿਖ ਦੀ ਬੇਨੰਤੀ ਪਰਵਾਨ ਕਰ ਲਈ । ਬੁਢਾ ਸਿੰਘ ਦਾ ਸਰੀਰ ਛੁਟ ਗਿਆ ਉਸ ਦਾ ਪੁੱਤਰ ਰਾਜੀ ਹੋ ਗਿਆ । ਸਿਖ ਕੋਲੋਂ ਪਾਤਸ਼ਾਹ ਨੂੰ ਮੇਹਣੇ ਵੱਜਦੇ ਸਹਾਰੇ ਨਹੀਂ ਗਏ ਤੇ ਸਰੀਰ ਛੱਡ ਦਿਤਾ ਹੈ । ਫੇਰ ਘਰ ਦਿਆਂ ਤੇ ਹੋਰ ਲੋਕਾਂ ਰਲ ਕੇ ਸਸਕਾਰ ਕਰ ਦਿਤਾ ਗਿਆ ਹੈ ਜੀ । ਸੱਚੇ ਪਾਤਸ਼ਾਹ ਦੇ ਸਿਖ ਹੋ ਕੇ ਕੋਈ ਖੋਟਾ ਬਚਨ ਨਹੀਂ ਕੱਢਣਾ ਚਾਹੀਦਾ । ਹਰ ਵਕਤ ਸੱਚੇ ਪਿਤਾ ਦੀਨ ਦਿਆਲ ਕੋਲੋਂ ਮਿਹਰ ਮੰਗਣ ਦੀ ਲੋੜ ਹੈ ਜੀ । ।

## ❊ ਸੱਚੇ ਪਾਤਸ਼ਾਹ ਦੀ ਭੈਣ ਬੇਬੇ ਠਾਕਰੀ ❊

ਅੱਗੇ ਸਾਖੀ ਹੋਰ ਚਲੀ ਹੈ । ਸੱਚੇ ਪਿਤਾ ਦਿਆਲੂ ਕਿਰਪਾਲੂ ਦੀ ਵੱਡੀ ਭੈਣ ਠਾਕਰੀ ਸੀ । ਓਹ ਗਾਗੇ ਪਿੰਡ ਵਿਆਹੀ ਹੋਈ ਸੀ । ਪ੍ਰੇਮ ਪਾਤਸ਼ਾਹ ਦਾ ਬਹੁਤ ਕਰਦੀ ਸੀ ਪਰ ਫੇਰ ਵੀ ਘਰ ਵਿਚ ਅਵਤਾਰ ਦੀ ਸਾਰ ਨਹੀਂ ਪਾਈ ਜਾਂਦੀ ਜੀ । ਉਸ ਦੇ ਘਰ ਪੁੱਤਰ ਸੀ ਦੋ ਢਾਈ ਸਾਲ ਦਾ । ਉਸ ਨੂੰ ਲੈ ਕੇ ਆਪਣੇ ਪੇਕੇ ਘਵਿੰਡ ਪਿੰਡ ਆਈ ਹੋਈ ਹੈ ਪਾਤਸ਼ਾਹ ਕੋਲ । ਉਸ ਵਕਤ ਬੱਚਿਆਂ ਨੂੰ ਸਿਰ ਗੁੰਦ ਕੇ ਛੱਬੇ ਬਹੁਤ ਲੋਕੀ ਪੌਂਦੇ ਸਨ । ਸੱਚੇ ਪਾਤਸ਼ਾਹ ਨੇ ਆਪਣੀ ਭੈਣ ਨੂੰ ਛੱਬਾ ਬਣਵਾ ਕੇ ਦਿਤਾ ਤੇ ਬਚਨ ਕੀਤਾ ਠਾਕਰੀਏ ਜਿਦਣ ਅਸੀਂ ਆਖਾਂਗੇ ਓਸ ਦਿਨ ਕਾਕੇ ਦੇ ਸਿਰ ਪਾਵੀਂ । ਸੱਚੇ ਪਾਤਸ਼ਾਹ ਏਹ ਬਚਨ ਕਰਕੇ ਬਾਹਰ ਚਲੇ ਗਏ ਹਨ । ਬੀਬੀ ਠਾਕਰੀ ਓਸੇ ਵਕਤ ਬੱਚੇ ਨੂੰ ਨੁਹਾ ਕੇ ਸਿਰ ਗੁੰਦਣ ਲਗ ਪਈ ਹੈ । ਮੁੰਡਾ ਓਸ ਵਕਤ ਬਹੁਤ ਰੋਂਦਾ ਹੈ । ਲੱਤਾਂ ਵਿਚ ਘੁਟ ਕੇ ਦਬਾ ਦਬ ਮੀਡੀਆਂ ਗੁੰਦ ਰਹੀ ਹੈ ਜੀ । ਜਿਸ ਵਕਤ ਬੱਚਾ ਹਿਲਦਾ ਹੈ ਓਸ ਵਕਤ ਦੋ ਚਾਰ ਧੱਫੇ ਵੀ ਮਾਰੇ ਹਨ । ਓਨੇ ਚਿਰ ਨੂੰ ਸੱਚੇ

ਪਿਤਾ ਜਾਣੀ ਅੰਤਰਜਾਮੀ ਬਾਹਰੋਂ ਆ ਗਏ ਹਨ ਤੇ ਬਚਨ ਕਰਦੇ ਹਨ, ਠਾਕਰੀਏ ਅਸਾਂ ਆਖਿਆਂ ਸੀ ਜਿਦਣ ਅਸੀਂ ਆਖਾਂਗੇ ਓਦਣ ਪਾਵੀਂ, ਤੂੰ ਹੁਣੇ ਲਗ ਪਈ ਹੈਂ । ਪਾਤਸ਼ਾਹ ਨੂੰ ਵੇਖ ਕੇ ਕਾਕੇ ਸਗੋਂ ਜਿਆਦਾ ਰੌਲਾ ਪਾਇਆ ਹੈ ਕਿ ਪਾਤਸ਼ਾਹ ਮੈਨੂੰ ਛੁਡਾ ਲੈਣਗੇ । ਪਾਤਸ਼ਾਹ ਕੋਲੋਂ ਰੋਂਦਾ ਵੇਖ ਕੇ ਸਹਾਰਿਆ ਨਹੀਂ ਗਿਆ । ਕਾਕੇ ਨੂੰ ਗੋਦ ਵਿਚ ਬੈਠੇ ਨੂੰ ਦੋਵਾਂ ਬਾਹਾਂ ਤੋਂ ਫੜ ਕੇ ਆਖਦੇ ਹਨ । ਠਾਕਰੀਏ ਛੱਡਦੇ ਰੁਵਾ ਨਾ, ਫੇਰ ਸਿਰ ਕਰ ਲਵਾਂਗੇ । ਓਸ ਵਕਤ ਠਾਕਰੀ ਪਾਤਸ਼ਾਹ ਨੂੰ ਭੱਜ ਕੇ ਪਈ, ਤੁਹਾਨੂੰ ਕੀ ਮਹਾਰਾਜ ਜੀ ਏਨ੍ਹਾਂ ਗੱਲਾਂ ਨਾਲ, ਕਿਤੇ ਨਹੀਂ ਏਹਦਾ ਕੁਛ ਵਿਗੜ ਚਲਿਆ । ਤੁਸਾਂ ਸਗੋਂ ਏਨੂੰ ਵਿਗਾੜ ਛੱਡਿਆ ਹੈ । ਮੇਰਾ ਮੁੰਡਾ ਹੈ ਤੁਹਾਨੂੰ ਕੀ । ਰੋਂਦਾ ਤੇ ਰੋਣ ਦਿਓ । ਏਨੇ ਬਚਨ ਕਰ ਕੇ ਪਾਤਸ਼ਾਹ ਦੇ ਹੱਥੋਂ ਮੁੰਡਾ ਖੋਹ ਲਿਆ ਹੈ ਜੀ । ਪਾਤਸ਼ਾਹ ਓਸ ਵਕਤ ਗੁੱਸੇ ਨਾਲ ਬਚਨ ਕੀਤਾ । ਚੰਗਾ ਹੁਣ ਤਾਂ ਮੁੰਡਾ ਰੋਂਦਾ ਹੈ ਤੇ ਘੜੀ ਪਲ ਤਾਈਂ ਤੂੰ ਰੋਵੇਂਗੀ । ਪਾਤਸ਼ਾਹ ਦਾ ਕਰੋਧ ਨਾਲ ਬਚਨ ਕੀਤਾ ਓਸ ਬੱਚੇ ਨੂੰ ਕਾਲੇ ਨਾਗ ਵਾਗੂੰ ਲੜ ਗਿਆ ਹੈ । ਏਨ੍ਹਾਂ ਬਚਨ ਕਰਕੇ ਪਾਤਸ਼ਾਹ ਬਾਹਰ ਚਲੇ ਗਏ ਹਨ । ਠਾਕਰੀ ਭਰਾ ਵਾਲਾ ਸਾਕ ਜਾਣ ਕੇ ਪਾਤਸ਼ਾਹ ਦੇ ਹੱਥ ਛਿਣਕ ਦਿਤੇ ਹਨ ਜੀ । ਜੇ ਪਰਮੇਸ਼ਵਰ ਕਰ ਕੇ ਸਾਰ ਹੁੰਦੀ ਤੇ ਗਲ ਵਿਚ ਪੱਲਾ ਪਾ ਕੇ ਢੈਹ ਕੇ ਚਰਨੀ ਪੈ ਜਾਂਦੀ ਤੇ ਭੁੱਲਾਂ ਬਖ਼ਸ਼ਾਂ ਲੈਂਦੀ । ਬੱਚਾ ਰੋਣੋਂ ਚੁਪ ਕਰ ਗਿਆ ਹੈ ਅੱਖਾਂ ਮੀਟ ਲਈਆਂ ਤੇ ਗੋਡੇ ਤੇ ਧੌਣ ਸੁਟ ਦਿਤੀ । ਠਾਕਰੀ ਦੇ ਦਿਲ ਵਿਚ ਕਿ ਸੌਂ ਗਿਆ ਹੈ । ਦਬਾ ਦਬ ਸਿਰ ਕਰੀ ਜਾਂਦੀ ਹੈ । ਛੇਤੀ ਛੇਤੀ ਸਿਰ ਕਰ ਰਹੀ ਹੈ ਕਿ ਹੁਣ ਸੁੱਤਾ ਹੈ ਫੇਰ ਜਾਗ ਪਿਆ ਤੇ ਰੋਵੇਗਾ । ਸਿਰ ਕਰਕੇ ਤੇ ਫੇਰ ਸੁੱਤੇ ਪਏ ਨੂੰ ਮੋਢੇ ਲਾ ਲਿਆ ਹੈ ਤੇ ਖ਼ੁਸ਼ੀ ਨਾਲ ਤਾਈਆਂ ਚਾਚੀਆਂ ਨੂੰ ਵਖੌਂਦੀ ਹੈ ਕਿ ਮੈਂ ਅਜ ਕਾਕੇ ਦਾ ਸਿਰ ਗੁੰਦਿਆਂ ਹੈ ਛੱਬਾ ਪਾ ਕੇ, ਨਾਲੇ ਪਤਾਸੇ ਵੰਡਦੀ ਹੈ । ਜਦ ਜਨਾਨੀਆਂ ਉਠ ਕੇ ਪਿਆਰ ਦੇਣ ਲਗੀਆਂ ਹਨ ਤੇ ਕਾਕੇ ਦੀ ਧੌਣ ਕਦੀ ਏਧਰ ਡਿਗ ਪਏ ਕਦੇ ਓਦਰ ਡਿਗ ਪਏ । ਪ੍ਰਾਣ ਨਹੀਂ ਹਨ । ਗੁਜਰੇ ਹੋਏ ਨੂੰ ਮੋਢੇ ਲਾਈ ਫਿਰਦੀ ਹੈ । ਵੇਖ ਕੇ ਸਾਰੀਆਂ ਜਨਾਨੀਆਂ ਰੋਣ ਲਗ ਪਈਆਂ ਹਨ । ਰੌਲਾ ਪੈ ਗਿਆ ਕਿ ਕੀ ਹੋ ਗਿਆ । ਰੌਲਾ ਸੁਣ ਕੇ ਪਾਤਸ਼ਾਹ ਵੀ ਘਰ ਨੂੰ ਆ ਗਏ ਹਨ ਜੀ । ਘਰ ਘਰ ਏਸ ਗਲ ਦੀ ਬੜੀ ਚਰਚਾ ਹੋਈ ਕਿ ਭਈ ਜੇ ਸੱਚੇ ਪਾਤਸ਼ਾਹ ਐਡੇ ਸਮਰੱਥ ਨਾ ਹੋਣ ਤੇ ਸਿਖ ਕਿਉਂ ਮੱਥੇ ਟੇਕਣ । ਮਾਈ ਭੰਗਾਲੀਉਂ ਸੱਤਾਂ ਕੋਹਾਂ ਤੋਂ ਪਰਸ਼ਾਦ ਲਿਆ ਕੇ ਛਕੌਂਦੀ ਹੈ । ਘਵਿੰਡ ਦੇ ਲੋਕ ਬਚਨ ਕਰਦੇ ਹਨ ਕਿ ਭਾਈ ਭੰਗਾਲੀ ਵਾਲੇ ਅੰਞਾਣੇ ਨਹੀਂ ਜਿਨ੍ਹਾਂ ਇਕ ਪੁੱਤਰ ਆਪਣਾ ਗੁਰਮੁਖ ਸਿੰਘ ਅੱਠੇ ਪਹਿਰ ਪਾਤਸ਼ਾਹ ਦੀ ਸੇਵਾ ਵਿਚ ਦਿਤਾ ਹੈ । ਨਾਲੇ ਮਾਈ ਗੁਲਾਬੀ ਸੰਤਨੀ ਰਾਮ ਪੁਰੇ ਵਾਲੀ ਰੋਜ਼ ਸੱਚੇ ਪਾਤਸ਼ਾਹ ਦਾ ਥਾਲ ਲੁਵਾ ਕੇ ਲਿਔਂਦੀ ਹੈ । ਸੱਚੇ ਪਿਤਾ ਦੇ ਨਾਮ ਦੀ ਧੰਨ ਧੰਨ ਹੋ ਰਹੀ ਹੈ । ਸਮਰੱਥ ਦੇ ਅਗੇ ਜੇਹੜਾ ਬਚਨ ਮੋੜਨਾ ਹੈ ਬਹੁਤ ਮਾੜਾ ਹੈ । ਫੇਰ ਬੀਬੀ ਠਾਕਰੀ ਪਾਤਸ਼ਾਹ ਅੱਗੇ ਬਹੁਤ ਬੇਨੰਤੀਆਂ ਤੇ ਮਿੰਨਤਾਂ ਕਰ ਰਹੀ ਹੈ । ਪਾਤਸ਼ਾਹ ਮਗਨ ਬੈਠੇ ਹਨ । ਗਾਗੇ ਵੀ ਬੰਦਾ ਚਲਿਆ ਗਿਆ ਹੈ ਕਿ ਕਾਕਾ ਗੁਜਰ ਗਿਆ ਹੈ । ਅਗਲੇ ਦਿਨ ਸਸਕਾਰ ਕੀਤਾ ਗਿਆ ਹੈ । ਸਮਰੱਥ ਦੇ ਕੋਲ ਰਹਿਣਾ ਵੀ ਇਕ ਬੜੀ ਕਠਨ ਤਪਸਿਆ ਹੈ । ਸੱਚੇ ਪਿਤਾ ਦੇ ਕੋਲ ਧੰਨ ਧੰਨ ਤੇ ਸਤਿ ਸਤਿ ਕਰਨ ਦੀ ਲੋੜ ਹੈ । ਛੋਟੇ ਭੈਣ ਭਰਾ ਕਰ ਕੇ ਬੀਬੀ ਠਾਕਰੀ ਪ੍ਰੇਮ ਬਹੁਤ ਕਰਦੀ ਸੀ । ਮਹੀਨੇ ਵਿਚ ਦੋ ਚਾਰ ਵੇਰਾਂ ਆਣ ਕੇ ਦਰਸ਼ਨ ਜਰੂਰ ਕਰਦੀ ਸੀ । ਸੱਚੇ ਪਿਤਾ ਵੀ ਭੈਣ ਨਾਲ ਬਹੁਤ ਪ੍ਰੇਮ ਕਰਦੇ ਸੀ । ਕੋਈ ਵਿਹਾਰ ਕਰਨਾ ਹੋਵੇ ਬਿਨਾਂ ਪੁਛਿਆਂ ਭੈਣ ਤੋਂ ਨਹੀਂ ਸੀ ਕਰਦੇ । ਗੁਰ ਨਾਨਕ ਸਾਹਿਬ ਦੇ ਵਕਤ ਬੀਬੀ ਨਾਨਕੀ ਦਾ ਜਾਮਾ ਸੀ ਬੀਬੀ ਠਾਕਰੀ ਦਾ । ਏਹ ਸੱਚੇ ਪਿਤਾ ਪ੍ਰੀ ਪੂਰਨ ਸਨ । ਓਸ ਵਕਤ ਦੇ ਪ੍ਰੇਮ ਨਾਲ ਫੇਰ ਪਾਤਸ਼ਾਹ ਦੀ ਭੈਣ ਬਣੀ ਹੈ ਜੀ । ਪਿਛਲਾ ਪ੍ਰੇਮ ਕਰ ਕੇ ਪਾਤਸ਼ਾਹ ਭੈਣ ਨਾਲ ਪ੍ਰੇਮ ਕਰੀ ਔਂਦੇ ਹਨ ਜੀ । ਬੀਬੀ ਵਿਚ ਗੁੱਸਾ ਬਹੁਤ ਸੀ ਓਸ ਗੁੱਸੇ ਕਾਰਨ ਏਹ ਵਿਹਾਰ ਭੁਗਤਾਇਆ ਸੀ । ਗੁੱਸਾ ਤੇ ਮਾਣ ਵਾਲਾ ਪਾਤਸ਼ਾਹ ਕੋਲੋਂ ਕੁਛ ਖੱਟ ਨਹੀਂ ਸਕਦਾ । ਏਥੇ ਨਿਰਮਾਣ ਰਹਿਣ ਦੀ ਲੋੜ ਹੈ ਜੀ ।।

## ✳ ਸਾਖੀ ਸੱਚੇ ਪਾਤਸ਼ਾਹ ਜੋਤ ਸਰੂਪ ਬਾਬੇ ਮਨੀ ਸਿੰਘ ਨੂੰ ਹੁਕਮ ਦੇ ਕੇ ਕਲਜੁਗ ਦੇ ਵਰਤਮਾਨ ਬਚਨ ਲਿਖੌਣੇ ✳

ਸੱਚੇ ਪਿਤਾ ਦੀ ਉਮਰ ਹੁਣ ੧੭ ਵਰੇ ਦੀ ਹੈ । ਗੁਰਮੁਖ ਸਿੰਘ ਹਰ ਵਕਤ ਪਾਤਸ਼ਾਹ ਦੇ ਨਾਲ ਸੇਵਾ ਵਿਚ ਹਾਜ਼ਰ ਹੈ । ਘੋੜੀਆਂ ਦੇ ਥਾਂ ਘੋੜੀਆਂ ਹਨ । ਜੇਹੜੀ ਚੀਜ ਦੀ ਲੋੜ ਹੋਵੇ ਉਸੇ ਵਕਤ ਸਿਖ ਹਾਜਰ ਕਰਦੇ ਹਨ ਜੀ । ਕੋਰੀਆਂ ਵਾਲਾ ਬੋਹਲ ਸਿੰਘ ਤੇ ਈਦਾ ਦੋ ਦੋ ਮਹੀਨੇ ਪਾਤਸ਼ਾਹ ਦੀ ਸੇਵਾ ਵਿਚ ਹਾਜਰ ਰਹਿੰਦੇ ਹਨ ਜੀ । ਸੱਚੇ ਪਿਤਾ ਜਵਾਨ ਹੋ ਕੇ ਹੁਣ ਜੋਰ ਕਰਨ ਘੁਲਣ ਵਾਲੇ ਖਿਆਲ ਰਖਦੇ ਹਨ ਜੀ । ਘਵਿੰਡ ਦਾ ਸਰੈਣ ਸਿੰਘ ਜ਼ਿਮੀਦਾਰ ਘੁਲਦਾ ਹੁੰਦਾ ਸੀ ਤੇ ਪਾਤਸ਼ਾਹ ਓਹਦੇ ਨਾਲ ਮੁਹੱਬਤ ਬੜੀ ਕਰਦੇ ਸੀ । ਸਰੈਣ ਸਿੰਘ ਨਾਲ ਐਡਾ ਪ੍ਰੇਮ ਕਰਦੇ ਸੀ ਕਿ ਉਸਨੂੰ ਖੁਰਾਕ ਵੀ ਆਪਣੇ ਕੋਲੋਂ ਖੁਵੌਂਦੇ ਹੁੰਦੇ ਸਨ । ਪੀਪੇ ਘਿਓ ਦੇ ਖਰੀਦ ਦੇਣੇ ਜਿਸ ਤਰ੍ਹਾਂ ਆਪ ਬਦਾਮ ਪੀਣੇ ਓਸੇ ਤਰ੍ਹਾਂ ਉਸਨੂੰ ਛਕੌਣੇ । ਸੱਚੇ ਪਾਤਸ਼ਾਹ ਉਸ ਵਕਤ ਤੇਲ ਮਲਣ ਕਰਕੇ ਕਪੜੇ ਤੇਲ ਨਾਲ ਕੁਛ ਮੈਲੇ ਰਖਦੇ ਹਨ । ਜਿਸ ਤਰ੍ਹਾਂ ਭਲਵਾਨ ਰੱਖਦੇ ਹਨ । ਸਿਖਾਂ ਤੋਂ ਬਗੈਰ ਕਿਸੇ ਪਤਾ ਨਹੀਂ ਸੀ ਕਿ ਏਹ ਪ੍ਰੀ ਪੂਰਨ ਪਰਮੇਸ਼ਵਰ ਸੋਲਾਂ ਕਲਾਂ ਸਮਰੱਥ ਹਨ । ਸਿਖਾਂ ਤੇ ਪਾਤਸ਼ਾਹ ਦਇਆ ਕੀਤੀ ਆਪ ਸੱਚੇ ਪਿਤਾ ਖੇਡ ਮਲ ਰਹੇ ਹਨ । ।

ਸੰਤਾਂ ਨੂੰ ਆਕਾਸ਼ ਬਾਣੀ ਰਾਤ ਦਿਨ ਹੋ ਰਹੀ ਹੈ । ਬਾਬੇ ਮਨੀ ਸਿੰਘ ਨੂੰ ਲਿਖਾ ਰਹੇ ਹਨ ਕਿ ਸੰਤਾ ਦਿਲੀਓ ਤਿੰਨ ਮੀਲ ਰਕਾਬ ਗੰਜ ਹੈ । (ਜਿਥੇ ਤੇਗ ਬਹਾਦਰ ਦੇ ਧੜ ਦਾ ਸਸਕਾਰ ਹੋਇਆ ਸੀ ) ਰਕਾਬ ਗੰਜ ਕੋਲ ਸੁਵੀ ਜਗਾ ਪਈ ਹੈ । ਸੰਤ ਨੂੰ ਬਚਨ ਹੋਇਆ ਕਿ ਸੰਤਾ ਕਰਮਾਂ ਮਾਰਕੇ ਨਿਸ਼ਾਨੀਆਂ ਲਾ ਦੇ । ਪਾਤਸ਼ਾਹ ਦੇਹ ਕਰਕੇ ਘਵਿੰਡ ਬੈਠੇ ਹਨ । ਜੋਤ ਕਰਕੇ ਏਹ ਵਿਹਾਰ ਦਿਲੀ ਬਾਬੇ ਮਨੀ ਸਿੰਘ ਥਾਣੀਂ ਭੁਗਤਾ ਰਹੇ ਹਨ । ਜੋ ਆਕਾਸ਼ ਬਾਣੀ ਦਾ ਹੁਕਮ ਹੋਇਆ ਹੈ, ਉਸੇ ਤਰ੍ਹਾਂ ਸੰਤਾਂ ਨਿਸ਼ਾਨੀਆਂ ਲਾ ਦਿਤੀਆਂ ਹਨ ਜੀ । ਉਥੇ ਸੰਤਾਂ ਲਿਖਾਈ ਕਿਤੀ ਕਿ ਬੜਾ ਭਾਰੀ ਕਿਲਾ ਪੱਥਰ ਦਾ ਬਣੇਗਾ । ਤੇ ਅਠ ਅਰਬ ਰੁਪੈਯਾ ਲਗੇਗਾ । ਏਸ ਕਿਲੇ ਵਿਚ ਸੱਚੇ ਪਾਤਸ਼ਾਹ ਅੰਤਰਜਾਮੀ ਰਿਹਾ ਕਰਨਗੇ ਤੇ ਨਾਲ ਸੱਚੇ ਪਾਤਸ਼ਾਹ ਦੇ ਸਿਖ ਰਿਹਾ ਕਰਨਗੇ । ਮੀਲ ਮੀਲ ਤੇ ਸਿਖਾਂ ਦੀਆਂ ਕੋਠੀਆਂ ਪੈ ਜਾਣਗੀਆਂ । ਦਿਨੇ ਸਿਖ ਪਾਤਸ਼ਾਹ ਕੋਲ ਰਿਹਾ ਕਰਨਗੇ ਤੇ ਰਾਤ ਨੂੰ ਆਪਦੀਆਂ ਕੋਠੀਆਂ ਵਿਚ ਚਲੇ ਜਾਇਆ ਕਰਨਗੇ । ਬਵੰਜਾ ਸਾਲ ਸੱਚੇ ਪਾਤਸ਼ਾਹ ਘਵਿੰਡ ਪਿੰਡ ਵਿਚ ਰੈਹਣਗੇ । ਪਾਤਸ਼ਾਹ ਜੋਤ ਸਰੂਪੀ ਸਾਰੇ ਰਾਜੇ ਰਾਣਿਆਂ ਨੂੰ ਡੇਗ ਦੇਵੇਗਾ ਜੀ । ਜੋਤ ਸਰੂਪ ਪਾਤਸ਼ਾਹ ਲਿਖੌਂਦੇ ਹਨ ਨਾ ਮੈਂ ਆਪ ਲੜਾਂਗਾ ਨਾ ਸਿਖ ਲੜਾਵਾਂਗਾ । ਚਾਰ ਕੁੰਟ ਧਰਤੀ ਸ਼ਬਦ ਨਾਲ ਸਾਧ ਲਵਾਂਗਾ ਜੀ । ਮੇਰੇ ਐਸੇ ਹਥਿਆਰ ਹਨ ਜਿਨ੍ਹਾਂ ਨੂੰ ਕੋਈ ਝੱਲ ਨਹੀਂ ਸਕਦਾ । ਮੈਂ ਜੋਤ ਰੂਪ ਰਾਜੇ ਭੇੜ ਭੇੜ ਕੇ ਮਾਰ ਦਿਆਂਗਾ । ਵੱਡੇ ਵੱਡੇ ਮੀਂਹ ਪਾ ਕੇ, ਹੜ ਲਿਆ ਕੇ, ਕਲਜੁਗ ਦੇ ਜੀਵ ਨਾਸ ਕਰ ਦਿਆਂਗਾ । ਬਵੰਜਾ ਸਾਲ ਘਵਿੰਡ ਵਿਚ ਰਹਿ ਕੇ ਫੇਰ ਚਰਨ ਚੁਕ ਕੇ ਦਿਲੀ ਵਿਚ ਜਾਣਾ ਹੈ । ਐਸਾ ਸਾਂਗ ਪਾਤਸ਼ਾਹ ਹੈ ਕੋਈ ਪਛਾਣ ਨਹੀਂ ਸਕਦਾ । ।

ਪ੍ਰੀ ਪੂਰਨ ਪਰਮੇਸ਼ਵਰ ਹੈ ਜਿਸ ਨੂੰ ਜਣਾਵੇ ਸੋਈ ਜਾਣਦਾ ਹੈ । ਸੰਤਾਂ ਦੀ ਕਲਮ ਨਾਲ ਸਭ ਕੁਛ ਕਰ ਦੇਣਾ ਹੈ ਜੀ । ਮੈਂ ਨਰ ਨਰਾਇਣ ਅਵਤਾਰ ਮਹਾਰਾਜ ਸ਼ੇਰ ਸਿੰਘ ਹਾਂ ਜੀ । ਨਿਹਕਲੰਕ, ਅਮਾਮ ਮੈਂਹਦੀ ਵੀ ਅਸੀਂ ਹਾਂ ਜੀ । ਮੈਂ ਜੁਗੋ ਜੁਗ ਅਵਤਾਰ ਧਾਰਦਾ ਹਾਂ । ਚਾਰ ਜੁਗ ਹਨ । ਚਾਰ ਜਾਮੇ ਅਸੀਂ ਔਨੇ ਹਾਂ । ਫੇਰ ਜਦੋਂ ਮੇਰੇ ਭਗਤਾਂ ਤੇ ਕੋਈ ਭੀੜ ਬਣੇ ਉਸ ਵਕਤ ਜੋਤ ਸਰੂਪੀ ਪਰਗਟ ਹੋ ਕੇ ਭੀੜ ਕੱਟ ਦੇਂਦੇ ਹਾਂ । ਸਤਿਜੁਗ ਵਿਚ ਅਸੀਂ ਹੰਸਾ ਅਵਤਾਰ ਸਾਂ । ਰਾਵਣ ਨੂੰ ਮਾਰਨ ਵਾਸਤੇ ਅਸਾਂ ਰਾਮ ਜੀ ਅਖਵਾਇਆ । ਕ੍ਰਿਸ਼ਨ ਮਹਾਰਾਜ ਅਖਵਾਕੇ, ਅਸਾਂ ਬਹੁਤ ਲੀਲ੍ਹਾ ਕੀਤੀਆਂ ਹਨ ਜੀ । ਹੁਣ ਕਲਜੁਗ ਵਿਚ ਅਸੀਂ ਅਵਤਾਰ ਧਾਰਿਆ ਹੈ ਤੇ ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ ਹੈ । ਜੋਤ ਸਰੂਪ

ਏਹ ਸਾਰੀ ਲਿਖਤ ਹੋ ਰਹੀ ਹੈ । ਦੇਹ ਕਰਕੇ ਕੋਈ ਬਚਨ ਨਹੀਂ ਕਰਦੇ, ਮਘਨ ਰੈਂਦੇ ਹਨ । ਮਨੀ ਸਿੰਘ ਨੂੰ ਲਿਖੌਦੇ ਹਨ ਕਿ ਸੰਤਾਂ ਘਵਿੰਡ ਪਿੰਡ ਵਿਚ ਸਾਨੂੰ ਕੋਈ ਪਛਾਣੇਗਾ ਨਹੀਂ । ਏਹ ਬਚਨ ਪਾਤਸ਼ਾਹ ਪੰਜ ਸਾਲ ਦੇ ਕਰਦੇ ਸਨ ਕੇ ਪਿੰਡ ਘਵਿੰਡ ਦੇ ਸਾਡੇ ਨਾਲ ਵੈਰ ਕਰਨਗੇ । ਚੋਰੀਆਂ ਵੀ ਸਾਡੇ ਨਾਂ ਲੌਣਗੇ । ਸਾਨੂੰ ਕੋਈ ਪਛਾਣੂ ਨਾ । ਇੱਟਾਂ ਢੀਮਾਂ ਵੀ ਮਾਰਨਗੇ । ਸਾਨੂੰ ਲੁੱਟਣ ਠੱਗਣਗੇ ਵੀ ।

ਐਸ ਵਕਤ ਪਾਤਸ਼ਾਹ ੧੯ ਸਾਲ ਦੇ ਹਨ । ਤੇ ਘਵਿੰਡ ਕੋਈ ਚੋਰੀ ਹੋਵੇ ਤੇ ਲੋਕੀ ਆਖਣ ਲੱਗ ਪੈਂਦੇ ਸਨ, ਪਾਤਸ਼ਾਹ ਨਾਲ ਹੋਣੇ ਨੇ । ਕਾਰਨ ਏਹ ਕਿ ਜੇ ਕੈਦ ਨਾ ਹੋਣਗੇ ਤੇ ਪੈਸੇ ਤਾਂ ਲੌਣਗੇ ਹੀ । ਏਹੀ ਬੇਈਮਾਨੀ ਦੁਨੀਆਂ ਦੀ ਸੀ । ਪਿੰਡ ਵਿਚ ਇਕ ਲਹਿੰਦੇ ਪਾਸੇ ਚੋਰੀ ਹੋਈ ਸੀ । ਉਸ ਵਿਚ ਸੱਚੇ ਪਿਤਾ ਦਾ ਨਾਮ ਵੀ ਲਗਦਾ ਹੈ । ਚੋਰ ਤਾਂ ਆਖਣ ਪਾਤਸ਼ਾਹ ਸਾਡੇ ਨਾਲ ਨਹੀਂ ਹਨ ਤੇ ਲੋਕੀਂ ਆਖੀਂ ਜਾਣ ਨਾਲ ਨੇ । ਸਿਖਾਂ ਨੂੰ ਪਤਾ ਲੱਗਾ ਤੇ ਸੁਣ ਕੇ ਉਸੇ ਵਕਤ ਆਏ ਹਨ ਜੀ । ਸਿਖਾਂ ਨੇ ਆਖਿਆ ਠਾਣੇਦਾਰਾ ਸੋਚ ਕੇ ਹੱਥ ਪਾਈਂ, ਅਸੀਂ ਵੀ ਹੈਂਗੇ ਹਾਂ । ਕੋਈ ਬਚਨ ਵਧ ਘਟ ਹੋਇਆ ਤੇ ਆਪ ਜਾਣੇਗਾ । ਠਾਣੇਦਾਰ ਝਿਝਕ ਕੇ ਪਿਛਾਂਹ ਹਟ ਗਿਆ । ਸਿਖਾਂ ਦੇ ਗਲ ਨਹੀਂ ਪਿਆ ਜੀ । ਸਿਖਾਂ ਨੇ ੩੦ ਰੁਪੈ ਠਾਣੇਦਾਰ ਨੂੰ ਬੁਕਲ ਵਿਚ ਦੇ ਦਿਤੇ ਹਨ ਜੀ । ਠਾਣੇਦਾਰ ਫੇਰ ਪਿੰਡ ਦਿਆਂ ਲੋਕਾਂ ਨੂੰ ਗਾਲਾਂ ਕੱਢਦਾ ਹੈ ਕਿ ਸੱਚੇ ਪਾਤਸ਼ਾਹ ਚੋਰ ਨਹੀਂ ਹਨ ਜੀ, ਜਿਨ੍ਹਾਂ ਨੂੰ ਸਾਰੀ ਦੁਨੀਆਂ ਮੰਨਦੀ ਹੈ । ਏਸੇ ਤਰ੍ਹਾਂ ਸੱਚੇ ਪਾਤਸ਼ਾਹ ਗਬਰੂਆਂ ਨਾਲ ਫਿਰਦੇ ਹਨ ਤੇ ਲੋਕ ਵੇਖ ਨਹੀਂ ਸਖਾਦੇ । ਪਾਤਸ਼ਾਹ ਦੀ ਦੇਹ ਐਡੀ ਜਵਾਨ ਹੈ ਕਿ ੧੯ ਹੱਥ ਛਾਲ ਮਾਰ ਜਾਂਦੇ ਹਨ ਜੀ । ਜੋ ਜੋਤ ਨਾਲ ਬਚਨ ਲਿਖਾਏ ਹਨ ਓਹੋ ਭੁਗਤਦੇ ਹਨ ਜੀ । ਏਹ ਸਾਰੇ ਬਚਨ ਮੇਰੇ ਅੱਖੀਂ ਵੇਖੇ ਨਹੀਂ ਹਨ ਜੀ, ਪੁਰਾਣੇ ਸਿਖਾਂ ਤੋਂ ਸੁਣੇ ਹਨ ਜੀ । ।

## ❊ ਮਾਣਾ ਸਿੰਘ ਤੇ ਤੇਜਾ ਨੂੰ ਚਰਨੀ ਲਾਣਾ ❊

ਤੇਜਾ ਸਿੰਘ ਦਾ ਚਾਚਾ ਬਾਜ ਸਿੰਘ ਸੀ । ਓਹ ਪਾਤਸ਼ਾਹ ਦਾ ਸਿਖ ਸੀ । ਉਸ ਦੇ ਘਰ ਪਾਤਸ਼ਾਹ ਤੇ ਬਾਬਾ ਮਨੀ ਸਿੰਘ ਔਂਦੇ ਸਨ ਜੀ । ਉਸ ਦੇ ਘਰ ਪਾਤਸ਼ਾਹ ਦੇ ਦਰਸ਼ਨ ਕੀਤੇ ਹਨ । ਸਾਡੇ ਘਰ ਉਸ ਵਕਤ ਚਾਰ ਮੱਝਾਂ ਸੂਈਆਂ ਸਨ । ਸਾਡਾ ਬਾਪ ਕੋਈ ਸਾਧੂ ਆਵੇ ਤੇ ਬਹੁਤ ਭਾ ਪ੍ਰੇਮ ਕਰਦਾ ਸੀ । ਸੰਤ ਮਨੀ ਸਿੰਘ ਚਾਚੇ ਦੇ ਘਰ ਆਏ ਹਨ । ਤੇਜਾ ਸਿੰਘ ਦੀ ਮਾਈ ਨੇ ਆਪਣੇ ਪਤੀ ਨੂੰ ਆਖਿਆ ਕਿ ਤੇਰੇ ਭਰਾ ਦੇ ਘਰ ਸੰਤ ਆਏ ਨੇ, ਦੁਧ ਛਕਾ ਆ । ਤੇਜਾ ਸਿੰਘ ਦਾ ਬਾਪ ਸਣੇ ਮਲਾਈ ਦੁਧ ਪਾ ਕੇ ਲੈ ਗਿਆ ਹੈ ਜੀ । ਦੁਧ ਬਾਬੇ ਮਨੀ ਜੀ ਅੱਗੇ ਜਾ ਕੇ ਰੱਖ ਦਿਤਾ ਹੈ ਜੀ । ਮਨੀ ਸਿੰਘ ਪੁਛਿਆ ਕਿ ਬਾਜ ਸਿੰਘ ਏਹ ਤੇਰਾ ਕੀ ਲਗਦਾ ਹੈ । ਉਸ ਆਖਿਆ ਜੀ ਮੇਰੇ ਚਾਚੇ ਦਾ ਪੁਤ ਭਰਾ ਹੈ । ਬਾਬੇ ਮਨੀ ਸਿੰਘ ਬਚਨ ਕੀਤਾ ਕਿ ਭਾਈ ਅਸਾਂ ਤੇਰਾ ਦੁੱਧ ਨਹੀਂ ਛਕਣਾ । ਮਾਣਾ ਸਿੰਘ ਉਸ ਵਕਤ ਬੇਨੰਤੀ ਕੀਤੀ ਕਿ ਬਾਬਾ ਜੀ ਗਰਿਸਤੀਆਂ ਦਾ ਕੰਮ ਆ ਸੰਤਾਂ ਦੀ ਸੇਵਾ ਕਰਨੀ ਤੇ ਸੰਤਾਂ ਦਾ ਕੰਮ ਆ ਮਿਹਰ ਕਰਨੀ । ਬਾਬੇ ਹੋਰਾਂ ਬਚਨ ਕੀਤਾ ਕਿ ਸਾਨੂੰ ਪਾਤਸ਼ਾਹ ਹੁਕਮ ਨਹੀਂ ਦੇਂਦੇ ਜੀ । ਓਹ ਆਖਣ ਲੱਗਾ ਬਾਬਾ ਜੀ ਮੈਨੂੰ ਸਮਝ ਨਹੀਂ ਆਈ ਕਿ ਪਾਤਸ਼ਾਹ ਕਿਸ ਤਰ੍ਹਾਂ ਹੁਕਮ ਨਹੀਂ ਦੇਂਦੇ । ਬੌਹਲ ਸਿੰਘ ਸਿਖ ਓਸ ਵਕਤ ਕੋਲ ਸੀ । ਹੋਰ ਵੀ ਸਿਖ ਨਾਲ ਸਨ । ਫੇਰ ਬੌਹਲ ਸਿੰਘ ਬਚਨ ਕੀਤਾ ਕਿ ਘਵਿੰਡ ਪਿੰਡ ਵਿਚ ਮਹਾਰਾਜ ਸ਼ੇਰ ਸਿੰਘ ਨਿਹਕਲੰਕ ਅਵਤਾਰ ਧਾਰਿਆ ਹੈ । ਏਨਾਂ ਸੰਤਾਂ ਨੂੰ ਚਾਨਣ ਹੈ, ਆਕਾਸ਼ ਬਾਣੀ ਹੁੰਦੀ ਹੈ । ਹੋਰ ਕਿਸੇ ਨੂੰ ਪਤਾ ਨਹੀਂ ਹੈ ਜੀ । ਸਾਡੇ ਏਹ ਗੁਰੂ ਹਨ । ਸਾਨੂੰ ਏਨ੍ਹਾਂ ਪਾਤਸ਼ਾਹ ਦੀ ਸ਼ਰਨ ਲਾਇਆ ਹੈ ਜੀ । ਬਚਨ ਸੁਣ ਕੇ ਮਾਣਾ ਸਿੰਘ ਗਲ ਵਿਚ ਪਲਾ ਪਾ ਕੇ ਢੈ ਕੇ ਚਰਨੀ ਪੈ ਗਿਆ ਹੈ । ਸੰਤਾਂ ਬਚਨ ਕੀਤਾ ਕਿ ਪਾਤਸ਼ਾਹ ਮਾਸੀਆਂ ਸ਼ਰਾਬੀਆਂ ਨੂੰ ਨਹੀਂ ਸ਼ਰਨ ਲੌਂਦੇ ਜੀ । ਬਾਬੇ ਮਨੀ ਸਿੰਘ ਹੁਕਮ ਲੈ ਕੇ ਪਾਤਸ਼ਾਹ ਤੋਂ ਮਾਣਾ ਸਿੰਘ ਤੇ ਉਸ ਦਾ ਪੁੱਤਰ ਤੇਜਾ ਸਿੰਘ ਦੋਵਾਂ ਕੋਲੋਂ

ਕਸਮ ਪਵਾਈ ਹੈ ਜੀ । ਉਸ ਵਕਤ ਮਾਣਾ ਸਿੰਘ ਤੇਜਾ ਸਿੰਘ ਬੇਨੰਤੀ ਕਰਦੇ ਹਨ ਕਿ ਆਪ ਈ ਨਿਭਾਓਗੇ ਤੇ ਨਿਭ ਜੂ । ।

## ❊ ਚੁਤਾਲਿਆਂ ਤੋਂ ਬਲਵੰਤ ਸਿੰਘ ਅਤੇ ਉਸ ਦੇ ਘਰੋਂ ਬੀਬੀ ਬਸੰਤ ਕੌਰ ਦੀ ਸਾਖੀ ❊

ਵਿਸਾਖੀ ਦਾ ਦਿਹਾੜਾ ਸੀ ਜਿਦਣ ਸੱਚੇ ਪਾਤਸ਼ਾਹ ਸ਼ਰਨ ਲਾਇਆ ਸੀ । ਪੰਜ ਜੇਠ ਦਾ ਚਤਾਲੀਂ ਮੇਲਾ ਸੀ । ਲਾਭ ਸਿੰਘ ਚੁਤਲਿਆਂ ਦਾ ਜਿਮੀਂਦਾਰ ਸੀ । ਉਸ ਦੀ ਜਨਾਨੀ ਬਸੰਤ ਕੌਰ ਦਾ ਮਾਲਵੇ ਵਿਚ ਭਾਈ ਕੀ ਡਰੋਲੀ ਦਾ ਜਰਮ ਸੀ । ਓਸ ਘਰ ਛੇਵੀਂ ਪਾਤਸ਼ਾਹੀ ਦਾ ਵਰ ਵਰੂਹੀ ਸਨ ਜੀ । ਲਾਭ ਸਿੰਘ ਦੀ ਜਨਾਨੀ ਨੂੰ ਕੁਝ ਪਕੜ ਰੈਂਦੀ ਸੀ । ਬੇਹੋਸ਼ ਹੋ ਜਾਂਦੀ ਸੀ, ਤੇ ਲੋਕੀ ਆਖਣ ਕਿ ਕੁਝ ਚੰਬੜਿਆਂ ਹੋਇਆ ਹੈ । ਕਦੀ ਕਿਸੇ ਨੂੰ ਮੰਨਦੀ ਸੀ ਤੇ ਕਦੀ ਕਿਸੇ ਨੂੰ । ਏਸੇ ਤਰ੍ਹਾਂ ਤਰਲੇ ਲੈਂਦੀ ਬਿਰਧ ਹੋ ਗਈ ਹੈ ਜੀ । ਮੜੀਆਂ ਮਸਾਣਾਂ ਨੂੰ ਮੰਨਦੀ ਫਿਰਦੀ ਹੈ । ਭੁਚਰ ਵਾਲੇ ਬਾਜ ਸਿੰਘ ਦੀ ਓਹ ਮਾਈ ਸੱਸ ਲਗਦੀ ਸੀ । ਬਾਜ ਸਿੰਘ ਮਨੀ ਸਿੰਘ ਅਗੇ ਹੱਥ ਜੋੜ ਕੇ ਬੇਨੰਤੀ ਕਰਦਾ ਹੈ । ਕਿ ਪਾਤਸ਼ਾਹ ਚਤਾਲੀ ਪਿੰਡ ਵਿਚ ਮੇਰੀ ਮਾਈ ਸੱਸ ਲਗਦੀ ਹੈ ਤੇ ਬੀਮਾਰ ਰੈਂਦੀ ਹੈ । ਸਾਰੀ ਉਮਰ ਦੁਖ ਵਿਚ ਗੁਜਾਰੀ ਹੈ । ਦਇਆ ਕਰਕੇ ਉਸ ਦੇ ਘਰ ਚਰਨ ਪਾਓ । ਬਾਬੇ ਮਨੀ ਸਿੰਘ ਨੂੰ ਬਾਜ ਸਿੰਘ ਬੇਨੰਤੀ ਕਰਕੇ ਚੁਤਾਲੀਂ ਪਿੰਡ ਵਿਚ ਲੈ ਗਿਆ ਹੈ ਤੇ ਓਨਾਂ ਵੀ ਜਾਂਦਿਆਂ ਦਾ ਆਦਰ ਮਾਣ ਬੜਾ ਕੀਤਾ ਹੈ । ਮਨੀ ਸਿੰਘ ਆਕਾਸ਼ ਬਾਣੀ ਨਾਲ ਜੁੜਿਆ ਹੈ । ਤੇ ਪਾਤਸ਼ਾਹ ਬਚਨ ਕੀਤਾ ਕਿ ਸੰਤਾ ਏਸ ਮਾਈ ਨੂੰ ਪਕੜ ਹੈ । ਸੰਤਾਂ ਬਚਨ ਕੀਤਾ ਕਿ ਬਾਜ ਸਿੰਘ ਏਹ ਬੇਬੇ ਪਾਤਸ਼ਾਹ ਨੂੰ ਪੂਜੇਗੀ ਤਾਂ ਰਾਜੀ ਰਹੇਗੀ ਤੇ ਪਾਤਸ਼ਾਹ ਏਹਦੀ ਸੁਰਤ ਵੀ ਖੋਲ੍ਹ ਦੇਣਗੇ । ਮਨੀ ਸਿੰਘ ਦਾ ਹੁਕਮ ਮਾਈ ਨੇ ਸਤਿ ਕਰਕੇ ਮੰਨ ਲਿਆ ਹੈ ਤੇ ਉਸ ਦੀ ਸੁਰਤ ਖੁਲ੍ਹ ਗਈ ਹੈ । ਪਾਤਸ਼ਾਹ ਬਚਨ ਕਰਦੇ ਹਨ ਕਿ ਮਾਈ ਦੀ ਸੁਰਤ ਅਸਾਂ ਤਾਂ ਖੋਲ੍ਹੀ ਹੈ, ਏਥੇ ਅਸਾਂ ਵੱਡਾ ਭਾਰੀ ਧਾਮ ਬਣੌਣਾ ਹੈ । ਓਥੇ ਫੇਰ ਲਿਖਤ ਹੁੰਦੀ ਹੈ ਤੇ ਸੰਤ ਮਨੀ ਸਿੰਘ ਓਥੇ ਰੈਂਹਦੇ ਹਨ ਜੀ । ਉਸ ਮਾਈ ਦੇ ਤਿੰਨ ਪੁੱਤਰ ਸਨ ਦੋ ਧੀਆਂ ਸੀ । ਇਕ ਧੀ ਭੁਚਰ ਸੀ । ਓਹ ਵੀ ਬਹੁਤ ਸੇਵਾ ਵਿਚ ਲਗ ਪਈ ਹੈ । ਦੋ ਪੁੱਤਰ ਵੀ ਸੇਵਾ ਵਿਚ ਲਗ ਪਏ ਹਨ । ਜਿਨ੍ਹਾਂ ਦੇ ਨਾਮ ਬੱਗਾ ਸਿੰਘ ਤੇ ਹਰਨਾਮ ਸਿੰਘ ਸੀ । ਭਾਵ ਉਸ ਮਾਈ ਦਾ ਸਾਰਾ ਬੰਸ ਸੇਵਾ ਵਿਚ ਲਗ ਪਿਆ । ਕੋਈ ਦਿਨ ਪਾ ਕੇ ਓਥੇ ਮੇਲਾ ਰਚਿਆ ਗਿਆ । ਜੋ ਪਾਤਸ਼ਾਹ ਦਾ ਸਿਖ ਹੈ ਸਾਰਿਆਂ ਨੂੰ ਚਿਠੀਆਂ ਪਾਈਆ ਗਈਆਂ ਕਿ ਚੁਤਾਲੀ ਸੱਚੇ ਪਾਤਸ਼ਾਹ ਦਾ ਮੇਲਾ ਹੈ । ੧੫ ਦਿਨ ਸੰਗਤ ਮੇਲੇ ਤੇ ਰਹੇਗੀ । ਜੇਠ ਦੇ ਮਹੀਨੇ ਵਿਚ ਮੇਲਾ ਹੈ । ਉਸ ਵਕਤ ਸੱਚੇ ਪਾਤਸ਼ਾਹ ਨੂੰ ਤੇਈਆਂ ਸਾਲ ਚੜ੍ਹਿਆ ਹੈ । ਜੇਠ ਦੇ ਮਹੀਨੇ ਵਿਚ ਦਿਲੀਓ ਸੰਗਤਾਂ ਵੀ ਆਈਆ ਹਨ । ਮਾਲਵੇ ਦੁਆਬੇ ਵਿਚੋਂ ਵੀ ਸੰਗਤਾਂ ਹੁਮ ਹੁਮਾ ਕੇ ਦਰਸ਼ਨਾਂ ਨੂੰ ਆਈਆ ਹਨ ਜੀ । ਸਾਰੀ ਸਿਖੀ ਆਈ ਹੈ । ਬੁਗੇ ਪਿੰਡ ਦਾ ਨੰਬਰਦਾਰ ਸੁੰਦਰ ਸਿੰਘ ਪਾਤਸ਼ਾਹ ਦਾ ਸਿਖ ਸੀ ਓਹ ਵੀ ਗੁਰੂ ਸਾਹਿਬ ਦੀ ਮਹਿੰਮਾ ਸੁਣ ਕੇ ਆ ਗਿਆ । ਬੜੀ ਸਖਤ ਕਰਾਮਾਤ ਪਾਤਸ਼ਾਹ ਚੁਤਾਲੀ ਵਰਤੀ ਸੀ । ਜੋ ਜੂਠਾ ਝੂਠਾ ਪਾਤਸ਼ਾਹ ਦੇ ਦਰਬਾਰ ਤੇ ਜਾਂਦਾ ਸੀ ਉਸੇ ਵਕਤ ਪਕੜ ਹੋ ਜਾਂਦੀ ਸੀ । ਜੇ ਕੋਈ ਜੂਠਾ ਭਾਂਡਾ ਜਾਂ ਜੁਤੀ ਲੈ ਕੇ ਪਾਤਸ਼ਾਹ ਦੇ ਦਰਬਾਰ ਦੀ ਛੱਤ ਉਤੇ ਜਾਂਦਾ ਸੀ ਓਸੇ ਵਕਤ ਛੱਤ ਥਰ ਥਰ ਕੰਬਣ ਲਗ ਪੈਂਦੀ ਸੀ ਤੇ ਉਸਨੂੰ ਪਕੜ ਹੋ ਜਾਂਦੀ ਸੀ । ਉਸ ਮਾਈ ਨੂੰ ਹਰ ਵਕਤ ਜੋਤ ਪਕੜ ਰੱਖਦੀ ਸੀ । ਘਵਿੰਡ ਸੱਚੇ ਪਾਤਸ਼ਾਹ ਜੋ ਕਾਰ ਵਿਹਾਰ ਕਰਦੇ ਸੀ, ਮਾਈ ਚੁਤਾਲੀਂ ਬੈਠੀ ਨੂੰ ਨਜ਼ਰ ਔਂਦਾ ਸੀ । ਜਦੋਂ ਏਸ ਤਰ੍ਹਾਂ ਹੋਣ ਲਗ ਪਿਆ ਮਾਈ ਦੇ ਦਿਲ ਵਿਚ ਮਾਣ ਹੋ ਗਿਆ । ਸੰਗਤ ਨਾਲ ਮਾਈ ਬਚਨ ਕਰਨ ਲਗ ਪਈ, ਕਿ ਮੇਰੇ ਪੇਕਿਆਂ ਨੂੰ ਛੇਵੀਂ ਪਾਤਸ਼ਾਹੀ ਦਾ ਵਰ ਸੀ । ਓਹ ਮੇਰੇ ਤੇ ਦਇਆ ਹੈ । ਛੇਵੀਂ ਪਾਤਸ਼ਾਹੀ ਦਾ ਜਸ ਗੌਂਦੀ ਸੀ, ਸੱਚੇ ਪਾਤਸ਼ਾਹ ਨੂੰ ਘਟ ਯਾਦ ਰਖਦੀ ਸੀ । ਸੰਗਤਾਂ ਸਾਰੀਆਂ ਪਾਤਸ਼ਾਹ ਦੇ ਹੁਕਮ ਅਨੁਸਾਰ ਦਰਸ਼ਨਾਂ ਨੂੰ ਆ ਗਈਆਂ ਹਨ । ਓਧਰੋਂ ਗੁਰਮੁਖ ਸਿੰਘ

ਤੇ ਸੱਚੇ ਪਾਤਸ਼ਾਹ ਨਾਲ ਮਾਤਾ ਹੋਰੀਂ ਵੀ ਗੱਡੀ ਚੜ੍ਹਨ ਲਈ ਚਲ ਪਏ ਹਨ । ਸੰਗਤਾਂ ਸੱਚੇ ਪਿਤਾ ਨੂੰ ਅੱਗੋਂ ਵਾਂਡੀ ਲੈਣ ਲਈ ਤਿਆਰ ਹੋਈਆਂ ਹਨ । ਪਾਤਸ਼ਾਹ ਗੱਡੀ ਪਛੜ ਗਏ ਸਨ । ਮਾਈ ਦੀ ਸੱਚੇ ਪਿਤਾ ਐਸੀ ਸੁਰਤ ਖੋਲ੍ਹੀ ਸੀ, ਸਿਖਾਂ ਨੂੰ ਮਾਈ ਬਚਨ ਦੱਸੇ ਕਿ ਸਿਖੋ ਅਜੇ ਅੱਗੋ ਵਾਡੀ ਨਾ ਜਾਓ, ਅਜੇ ਸੱਚੇ ਪਾਤਸ਼ਾਹ ਕਸੂਰੋਂ ਵੀ ਗੱਡੀ ਨਹੀਂ ਚੜ੍ਹੇ ਹਨ । ਓਸ ਦਿਨ ਪਾਤਸ਼ਾਹ ਠੀਕ ਨਹੀਂ ਚੜ੍ਹੇ ਹਨ । ਅਗਲੇ ਦਿਨ ਕੁਕੜ ਦੀ ਬਾਂਗ ਨਾਲ ਗੱਡੀ ਚੜ੍ਹਦੇ ਹਨ । ਜਿਸ ਵਕਤ ਗੱਡੀ ਚੜ੍ਹੇ ਹਨ ਤੇ ਓਧਰ ਮਾਈ ਬਚਨ ਕੀਤਾ ਹੈ ਕਿ ਸੱਚੇ ਪਾਤਸ਼ਾਹ ਹੁਣ ਗੱਡੀ ਚੜ੍ਹੇ ਹਨ । ਜਿਸ ਵਕਤ ਚੁਤਾਲਿਆਂ ਦੇ ਲਾਗੇ ਗੱਡੀ ਆਈ, ਓਸ ਵਕਤ ਬਾਬੇ ਮਨੀ ਸਿੰਘ ਵੀ ਬਚਨ ਕੀਤਾ, ਕਿ ਸਿਖੋ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੰਗਤਾਂ ਦੇ ਵਾਲੀ, ਐ ਗੱਡੀ ਵਿਚ ਆ ਰਹੇ ਹਨ । ਜਿਸ ਡੱਬੇ ਵਿਚ ਮੇਰੇ ਦੀਨ ਦਿਆਲ ਦੁਨੀਆਂ ਦੇ ਵਾਲੀ ਬੈਠੇ ਸਨ, ਓਹ ਡੱਬਾ ਜੋਤ ਦੇ ਪਰਕਾਸ਼ ਨਾਲ ਝਿਰਮਲ ਝਿਰਮਲ ਕਰ ਰਿਹਾ ਹੈ ਜੀ । ਸੰਤਾਂ ਨੇ ਆਖਿਆ ੫ ਸਿਖ ਘੋੜੀਆਂ ਲੈ ਜਾਓ ਤੇ ਸੱਚੇ ਪਿਤਾ ਨੂੰ ਆਦਰ ਮਾਨ ਨਾਲ ਲੈ ਆਓ ਜੀ । ਸਿਖ ਸਤਿ ਬਚਨ ਮੰਨ ਕੇ ਘੋੜੀਆਂ ਲੈ ਕੇ ਚਲੇ ਗਏ ਹਨ । ਹੋਰ ਸੰਗਤਾਂ ਵੀ ਸੇਵਾ ਬੜੇ ਪ੍ਰੇਮ ਨਾਲ ਕਰ ਰਹੀਆਂ ਹਨ ਜੀ । ਅਨੇਕ ਪਰਕਾਰ ਦੇ ਭੋਜਨ ਤੇ ਸੱਚੇ ਪਿਤਾ ਦੇ ਥਾਲ ਦਾ ਪਰਸ਼ਾਦ ਤਿਆਰ ਹੋ ਰਿਹਾ ਹੈ ਜੀ । ਸੱਚੇ ਪਾਤਸ਼ਾਹ ਸ਼ਹਿਰ ਵਿਚ ਘੁੰਮਣ ਕਰ ਕੇ ੧ ਦਾ ਟਾਈਮ ਕਰ ਦਿਤਾ ਹੈ । ਤੇ ਫੇਰ ਚੁਤਾਲੇ ਪਿੰਡ ਵਿਚ ਆਏ ਹਨ । ਹੁਮ ਹੁਮਾ ਕੇ ਪਿੰਡ ਦਰਸ਼ਨ ਕਰਨ ਆਇਆ ਹੈ । ਛੋਟੇ ਛੋਟੇ ਬੱਚੇ ਕੋਠੇ ਤੇ ਖੇਡ ਰਹੇ ਹਨ ਤੇ ਇਕ ਬੱਚਾ ਕੋਠੇ ਤੋਂ ਥੱਲੇ ਡਿਗ ਪਿਆ ਹੈ । ਸਾਰੀ ਦੁਨੀਆਂ ਭੱਜ ਕੇ ਓਸ ਮੁੰਡੇ ਵਲ ਹੋ ਗਈ ਹੈ । ਤੇ ਪਾਤਸ਼ਾਹ ਦੀ ਕਿਸੇ ਨੂੰ ਸੁਰਤ ਨਹੀਂ ਰਹੀ । ਸੱਚੇ ਪਿਤਾ ਮੇਰੇ ਦੀਨ ਦਿਆਲ ਅਛਲ ਛਲਨ ਛਲ ਕਰਕੇ ਤੇ ਆਪ ਘੋੜੇ ਤੋਂ ਉਤਰ ਕੇ ਸਿਖ ਦੇ ਘਰ ਦਬਾ ਦਬ ਚਲੇ ਗਏ ਹਨ ਜੀ । ਸੰਗਤਾਂ ਪਰਦੇਸ਼ਾਂ ਵਿਚੋਂ ਦਰਸ਼ਨਾਂ ਨੂੰ ਆਈਆਂ ਸਨ ਤੇ ਦਬਾ ਦਬ ਸੇਵਾ ਵਿਚ ਲਗ ਪਈਆਂ ਹਨ । ਦੀਨ ਦਿਆਲ ਦੀਆਂ ਪਰਕਰਮਾਂ ਕਰ ਕੇ ਆਪਣਾ ਜਨਮ ਸੁਫਲਾ ਕਰਦੀਆਂ ਹਨ ਤੇ ਨਾਲੇ ਪ੍ਰੇਮ ਨਾਲ ਸ਼ਬਦ ਪੜ੍ਹਦੀਆਂ ਹਨ ਕਿ ਅੱਜ ਦੀ ਸੁਲੱਖਣੀ ਘੜੀ ਗੁਰਾਂ ਦੇ ਦਰਸ਼ਨ ਹੋਏ । ਸੰਗਤਾਂ ਨੂੰ ਬਹੁਤ ਉਤਮ ਦਿਹਾੜਾ ਹੱਥ ਆਇਆ ਹੈ ਜੀ । ਸੱਚੇ ਪਿਤਾ ਦਾ ਥਾਲ ਲੁਵਾ ਕੇ ਤੇ ਲੰਗਰ ਵਰਤੀ ਦਾ ਹੈ । ਸੰਗਤਾਂ ਛਕ ਛਕ ਕੇ ਅਨੰਦ ਪਰਸੰਨ ਹੋ ਰਹੀਆਂ ਹਨ । ਜੇਹੜਾ ਮੁੰਡਾ ਕੋਠੇ ਤੋਂ ਡਿਗਾ ਹੈ ਉਸ ਨੂੰ ਚੁੱਕ ਕੇ ਸੱਚੇ ਪਿਤਾ ਦੇ ਧਾਮ ਤੇ ਮੱਥਾ ਟਿਕਾਇਆ ਤੇ ਓਹ ਖੇਡਣ ਲਗ ਪਿਆ ਹੈ । ਸੱਚੇ ਪਿਤਾ ਮੁੰਡੇ ਦਾ ਬਹਾਨਾ ਬਣਾ ਕੇ ਕਿਸੇ ਪਿੰਡ ਦੇ ਨੂੰ ਪਾਤਸ਼ਾਹ ਆਪ ਦੇ ਚਰਨਾਂ ਤੇ ਨਿਮਸਕਾਰ ਨਹੀਂ ਕਰਨ ਦਿਤੀ । ਲੋਕੀ ਆਖਣ ਲਗ ਪਏ ਕਿ ਚੰਗਾ ਮਹਾਰਾਜ ਆਇਆ ਓਨ੍ਹਾਂ ਦਾ ਮੁੰਡਾ ਮਰ ਚਲਿਆ ਸੀ । ਏਸ ਤਰ੍ਹਾਂ ਸੱਚੇ ਪਿਤਾ ਦਿਆਲੂ ਕਿਰਪਾਲੂ ਆਪਣੀ ਸੰਸਾਰ ਕੋਲੋਂ ਨਿੰਦਿਆ ਕਰਾ ਰਹੇ ਸਨ । ਸੰਗਤਾਂ ਪਰਸ਼ਾਦ ਛਕ ਕੇ ਸੱਚੇ ਪਿਤਾ ਦੀ ਸੇਵਾ ਵਿਚ ਹਾਜ਼ਰ ਹਨ । ਪਾਤਸ਼ਾਹ ਪਲੰਘ ਤੇ ਹਨ ਤੇ ਸੰਗਤਾਂ ਰੁੱਗੇ ਛਕਾ ਰਹੀਆਂ ਹਨ । ਸੱਚੇ ਪਿਤਾ ਐਸ ਤਰ੍ਹਾਂ ਸੰਗਤਾਂ ਵਿਚ ਸੋਂਹਦੇ ਹਨ ਕਿ ਜਿਸ ਤਰ੍ਹਾਂ ਤਾਰਿਆਂ ਵਿਚ ਚੰਦਰਮਾਂ ਸੋਭਾ ਪਾ ਰਿਹਾ ਹੈ ਜੀ । ਧੰਨ ਓਹ ਧਰਤੀ ਹੈ ਜਿਥੇ ਮੇਰੇ ਦੀਨ ਦਿਆਲ ਚਰਨ ਪਾਏ ਹਨ । ।

ਸੱਚੇ ਪਿਤਾ ਦੇ ਪੱਟ ਉਤੇ ਉਪਰ ਚਾਰ ਫੋੜੇ ਸਨ । ਸੰਗਤਾਂ ਰੁੱਗੇ ਛਕਾ ਰਹੀਆਂ ਸਨ । ਫੋੜੇ ਸਾਰੇ ਫਿਸ ਗਏ । ਸਾਰੀ ਚਾਦਰ ਤੇ ਲੱਤ ਖੂਨ ਨਾਲ ਭਰ ਗਈ ਹੈ । ਅਠ ਦਿਨ ਮੇਲਾ ਰਿਹਾ ਹੈ ਤੇ ਪਾਤਸ਼ਾਹ ਜੀ ਸੰਗਤ ਵਿਚ ਅਠ ਦਿਨ ਰਹੇ ਹਨ ਜੀ । ਜਿਸ ਦਿਨ ਪਾਤਸ਼ਾਹ ਨੂੰ ਗਿਆਂ ਨੂੰ ਚਾਰ ਦਿਨ ਹੋਏ ਸਨ, ਸੰਤਾਂ ਨੂੰ ਪਾਤਸ਼ਾਹ ਬਚਨ ਦਿਤਾ ਅਸੀਂ ੨੧ ਸਾਲ ਗਰੀਬੀ ਵਾਲਾ ਬਾਣਾ ਪਹਿਨਿਆਂ ਹੈ । ਕਿਸੇ ਨੂੰ ਜਤਾਇਆ ਨਹੀਂ । ਹੁਣ ਅਸੀਂ ਅੱਜ ਤੋਂ ਮਾੜਾ ਕਪੜਾ ਨਹੀਂ ਪਹਿਨਣਾ ਤੇ ਅੱਠੀਂ ਪਹਿਰੀਂ ਜਰੂਰ ਵਰਦੀ ਸਾਫ ਕਰਿਆ ਕਰਾਂਗੇ । ਬਾਵੀਵੇਂ ਸਾਲ ਵਿਚ ਸਤਿਜੁਗੀ ਚਿੱਟਾ ਬਾਣਾ ਰਾਜਧਾਨੀ ਪਹਿਨਣਾ ਹੈ । ਛੋਟੇ

ਭੁਚਰੋਂ ਮਾਣਾ ਸਿੰਘ ਸਿਖ ਹੈ । ਉਸ ਨੇ ਉਠ ਕੇ ਗੱਲ ਵਿਚ ਪੱਲਾ ਪਾ ਕੇ ਬੇਨੰਤੀ ਕੀਤੀ, ਕਿ ਸੱਚੇ ਪਿਤਾ ਦੀਨ ਦਿਆਲ ਮੈਂ ਆਪ ਦੀ ਪੁਸ਼ਾਕ ਸੁਵਾ ਕੇ ਲਿਔਂਦਾ ਹਾਂ, ਮੇਰੇ ਤੇ ਦਇਆ ਕਰੋ ਜੀ । ਸੱਚੇ ਪਿਤਾ ਸਿਖ ਦੀ ਬੇਨੰਤੀ ਮਨਜ਼ੂਰ ਕਰ ਲਈ ਹੈ । ਸਿਖ ਨੇ ਤਰਨ ਤਾਰਨ ਜਾ ਕੇ ਬਨਾਰਸੀ ਪੱਗ, ਰੇਸ਼ਮੀ ਵਧੀਆ ਚਾਦਰ ਕੁੜਤਾ ਤੇ ਤਿਲੇ ਦਾ ਸਾਰਾ ਕੱਢਿਆ ਜੋੜਾ ਲੈ ਆਇਆ ਹੈ । ਅਗਲੇ ਦਿਨ ਪਾਤਸ਼ਾਹ ਅਸ਼ਨਾਨ ਕਰ ਕੇ ਪੁਸ਼ਾਕ ਪਹਿਨ ਕੇ ਪਲੰਘ ਤੇ ਬੈਠ ਗਏ ਹਨ ਜੀ । ਓਸ ਵਕਤ ਬੁਗਿਆਂ ਵਾਲੇ ਸੁੰਦਰ ਸਿੰਘ ਨੇ ਘੋੜੀ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਭੇਟ ਕੀਤੀ । ਹੋਰ ਸੰਗਤ ਨੇ ਵੀ ਸੇਵਾ ਪੁਜਦੀ ਸਰਦੀ ਕੀਤੀ ਹੈ ਜੀ । ੧੪ ਸੌ ਰੁਪੈਆ ਓਸ ਵਕਤ ਸੱਚੇ ਪਿਤਾ ਨੂੰ ਭੇਟਾ ਹੋਈ ਹੈ ਜੀ । ਪਰਾਤਾਂ ਮਠਿਆਈ ਦੀਆਂ ਅੱਗੇ ਰੱਖੀਆਂ ਹਨ ਜੀ । ਫੁਲਾਂ ਦੇ ਹਾਰ ਸੱਚੇ ਪਾਤਸ਼ਾਹ ਦੇ ਗੱਲ ਵਿਚ ਪਾਏ ਹਨ । ਸੰਗਤਾਂ ਦਰਸ਼ਨ ਕਰ ਕੇ ਨਿਹਾਲ ਹੋ ਰਹੀਆਂ ਹਨ ਜੀ । ਸੰਗਤਾਂ ਫੇਰ ਲੰਗਰ ਵਰਤੌਣ ਲਗ ਪਈਆਂ ਹਨ ਜੀ ।

ਚੁਤਾਲਿਆਂ ਵਾਲਿਆਂ ਸਿਖਾਂ ਦੇ ਖਰਬੂਜੇ ਪੱਕੇ ਸਨ ਤੇ ਲਿਆ ਕੇ ਪ੍ਰੇਮ ਨਾਲ ਫਾੜੀਆਂ ਕਰ ਕੇ ਪਰਾਤ ਭਰ ਕੇ ਪਾਤਸ਼ਾਹ ਅੱਗੇ ਰੱਖੀ ਹੈ ਤੇ ਸੰਗਤਾਂ ਨੂੰ ਵਰਤਾ ਰਹੇ ਹਨ । ਫੇਰ ਬਾਹਰ ਨੂੰ ਸੱਚੇ ਪਿਤਾ ਚਲੇ ਗਏ ਹਨ । ਖਰਬੂਜਿਆਂ ਦੀਆਂ ਫਾੜੀਆਂ ਵਾਲੀ ਪਰਾਤ ਸੱਚੇ ਪਾਤਸ਼ਾਹ ਪਲੰਘ ਤੇ ਰੱਖ ਗਏ ਹਨ ਜੀ । ਮਾਹਵਿਓ ਇਕ ਘੁਮਿਆਰੀ ਸੀ ਸਿਧ ਪਧਰੀ, ਉਸ ਨੇ ਪਲੰਘ ਉਤੋਂ ਖਰਬੂਜੇ ਦੀ ਫਾੜੀ ਫੜ ਕੇ ਖਾ ਲਈ । ਓਸੇ ਵੇਲੇ ਜੂੜੀ ਗਈ ਤੇ ਤੜਫਣ ਲਗ ਪਈ । ਮੱਛੀ ਵਾਗੂੰ ਤੜਫੇ ਤੇ ਨਾਲੇ ਸੱਪ ਦਾ ਭੈ ਪਾਤਸ਼ਾਹ ਦੇ ਰਹੇ ਹਨ । ਸਾਰੀ ਸੰਗਤ ਹੈਰਾਨ ਪਰੇਸ਼ਾਨ ਹੋ ਰਹੀ ਹੋ । ਬਾਬੇ ਮਨੀ ਸਿੰਘ ਪੁਛਿਆ ਬੇਬੇ ਜੀ ਤੈਨੂੰ ਕੀ ਗਲ ਹੈ । ਓਹ ਆਪਣੀ ਜਬਾਨੀ ਦੱਸਦੀ ਹੈ ਕਿ ਮੈਂ ਪਾਤਸ਼ਾਹ ਦੇ ਪਲੰਘ ਤੋਂ ਚੋਰੀ ਖਰਬੂਜੇ ਦਾ ਪਰਸ਼ਾਦ ਖਾ ਲਿਆ ਹੈ । ਮਾਈ ਓਥੇ ਜੂੜੀ ਪਈ ਸੀ । ਪਾਤਸ਼ਾਹ ਕੋਲ ਨਹੀਂ ਜਾ ਸਕਦੀ ਸੀ । ਬਾਬੇ ਮਨੀ ਸਿੰਘ ਬਚਨ ਕੀਤਾ ਕਿ ਸੰਗਤੇ ਤੁਸੀਂ ਪਾਤਸ਼ਾਹ ਅੱਗੇ ਬੇਨੰਤੀ ਕਰ ਕੇ ਇਸ ਨੂੰ ਭੁੱਲ ਬਖ਼ਸ਼ਾ ਦਿਓ । ਸੱਚੇ ਪਿਤਾ ਓਨੇ ਚਿਰ ਨੂੰ ਬਾਹਰੋਂ ਆ ਗਏ ਹਨ । ਸਿਖਾਂ ਰਲ ਕੇ ਗੱਲ ਵਿਚ ਪੱਲੇ ਪਾ ਕੇ ਬੇਨੰਤੀ ਕੀਤੀ, ਪਾਤਸ਼ਾਹ ਦਇਆ ਕਰੋ । ਮਾਈ ਗਰੀਬਣੀ ਨੂੰ ਬਖ਼ਸ਼ ਦਿਓ, ਬੜੀ ਔਖੀ ਹੈ । ਜੀਵ ਹਰ ਵਕਤ ਭੁਲਣਹਾਰ ਹਨ ਤੇ ਆਪ ਬਖ਼ਸ਼ਣਜੋਗ ਜੇ । ਪਾਤਸ਼ਾਹ ਬਚਨ ਕਰਦੇ ਹਨ ਕਿ ਬਾਬਾ ਅਸੀਂ ਓਹੋ ਖਰਬੂਜੇ ਦੀ ਫਾੜੀ ਲੈਣੀ ਹੈ । ਸਿਖ ਬੇਨੰਤੀ ਕਰਦੇ ਹਨ ਕਿ ਅਸੀਂ ਚੰਗੇ ਚੰਗੇ ਖਰਬੂਜਿਆਂ ਦੀ ਪੰਡ ਲਿਆ ਦਿੰਦੇ ਹਾਂ । ਪਾਤਸ਼ਾਹ ਆਖਦੇ ਹਨ ਅਸਾਂ ਬਹੁਤੇ ਲੈਣੇ ਨਹੀਂ, ਓਹੋ ਫਾੜੀ ਲੈਣੀ ਹੈ । ਤਰਲੇ ਮਿੰਨਤਾਂ ਕੱਢ ਕੇ, ਸਿਖਾਂ ਨੇ ਪਾਤਸ਼ਾਹ ਮਨਾਏ ਹਨ । ।

ਬੁਗਿਆਂ ਵਾਲਾ ਸੁੰਦਰ ਸਿੰਘ ਜਦੋਂ ਪੰਜਵੇਂ ਦਿਨ ਮੁੜ ਕੇ ਵਾਪਸ ਆਪਦੇ ਘਰ ਨੂੰ ਗਿਆ ਹੈ । ਉਸ ਦੀ ਭਰਜਾਈ ਗੁੱਸੇ ਹੁੰਦੀ ਹੈ ਕਿ ਐਨੇ ਦਿਨ ਤੂੰ ਕਿਥੇ ਲਾ ਕੇ ਆਇਆ ਹੈਂ । ਤੈਨੂੰ ਪਿਛਲਾ ਫਿਕਰ ਨਹੀਂ । ਸੁੰਦਰ ਸਿੰਘ ਬਚਨ ਕਰਦਾ ਹੈ ਕਿ ਭਾਗਾਂ ਵਾਲੀਏ ਮੈਂ ਪ੍ਰੀ ਪੂਰਨ ਸੋਲਾਂ ਕਲਾਂ ਸੰਪੂਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇ ਦਰਸ਼ਨ ਕਰ ਕੇ ਆਇਆ ਹਾਂ । ਓਹ ਆਖਣ ਲੱਗੀ ਕੇਹੜਾ ਤੇਰਾ ਪਿਓ ਐਡਾ ਕਰਾਮਾਤੀ ਹੈ, ਮੈਂ ਭਲਕੇ ਜਾ ਕੇ ਵੇਖ ਲਵਾਂਗੀ । ਅਗਲੇ ਦਿਨ ਗਈ ਤੇ ਓਹ ਭੀ ਜੂੜੀ ਗਈ । ਕੱਟੇ ਵਾਗੂੰ ਅੜਿੰਗ ਰਹੀ ਹੈ । ਫੇਰ ਉਠ ਕੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ । ਮਾੜਾ ਬਚਨ ਬੋਲਣ ਵਾਲੀ ਭੁਲ ਬਖ਼ਸ਼ਾਈ । ਸੱਚੇ ਪਿਤਾ ਬੜੇ ਦਇਆ ਦੇ ਸਮੁੰਦਰ ਸਨ ਤੇ ਸਿਖਾਂ ਤੇ ਬੜੀ ਦਇਆ ਕਰਦੇ ਸਨ । ਮਾਈ ਨੂੰ ਬਖ਼ਸ਼ ਕੇ ਆਪਣੀ ਚਰਨੀ ਲਾ ਲਿਆ । ।

ਅੱਠ ਦਿਨ ਪਾਤਸ਼ਾਹ ਚੁਤਾਲੀ ਰਹੇ ਸਨ । ਅੱਠ ਦਿਨ ਸ਼ਬਦ ਬਾਣੀ ਦੀ ਘਨਘੋਰ ਹੋ ਰਹੀ ਸੀ ।

ਇਕ ਮਾਈ ਘੁਮਿਆਰੀਵਾਂ ਪਿੰਡ ਦੀ ਸੀ ਤੇ ਵੀਰ ਸਿੰਘ ਗਗੋ ਬੂਏ ਵਾਲਾ ਏਹ ਦੋਵੇਂ ਨਾਮਧਾਰੀਆਂ ਦੀ ਸਿਖੀ ਵਿਚ ਸਨ, ਫੇਰ ਸੱਚੇ ਪਿਤਾ ਦੀ ਸ਼ਰਨ ਲੱਗੇ ਹਨ ਜੀ । ਮਾਈ ਮਸਤਾਨੀ ਤੇ ਦਿਲੀ ਦੀਆਂ ਬੀਬੀਆਂ ਗੋਪੀਆਂ ਦਾ ਵੇਸ ਕਰ ਕੇ ਪਾਤਸ਼ਾਹ ਦੇ ਪਲੰਘ ਦੇ ਚਾਰ ਚੁਫੇਰੇ ਰਾਸ ਮੰਡਲ ਪੌਂਦੀਆਂ ਹੁੰਦੀਆਂ ਸਨ ਤੇ ਪ੍ਰੇਮ ਨਾਲ ਬਿਸ਼ਨ ਪੱਤੇ ਪੜ੍ਹਦੀਆਂ ਹੁੰਦੀਆਂ ਸਨ, ਪਲੰਘ ਦੀਆਂ ਪਰਕਰਮਾਂ ਕਰਦੀਆਂ ਹੁੰਦੀਆਂ ਸਨ । ਅੱਠ ਦਿਨ ਏਸ ਤਰ੍ਹਾਂ ਚੁਤਾਲੀ ਰੌਣਕ ਰਹੀ ਸੀ । ਫੇਰ ਪਾਤਸ਼ਾਹ ਸਿਖਾਂ ਨੂੰ ਖ਼ੁਸ਼ੀਆਂ ਦੇ ਕੇ ਆਪ ਨਾਲ ਮਾਤਾ ਨੈਣੋਂ ਤੇ ਗੁਰਮੁਖ ਸਿੰਘ ਘਵਿੰਡ ਆ ਗਏ ਹਨ । ਮਗਰੋਂ ਸੰਤਾਂ ਨੂੰ ਆਕਾਸ਼ ਬਾਣੀ ਨਾਲ ਪਾਤਸ਼ਾਹ ਲਿਖੌਂਦੇ ਹਨ, ਸੰਤਾਂ ਏਥੇ ਚੁਤਾਲੀਂ ੧੫ ਦਿਨਾਂ ਪਿਛੋਂ ਸੰਗਤ ਕੱਠੀ ਹੋਇਆ ਕਰੇਗੀ, ਮਸਿਆ ਤੇ ਪੁਨਿਆ ਵਾਲੇ ਦਿਨ । ਲਿਖਾਈ ਵਿਚ ਚੁਤਾਲਿਆਂ ਵਾਲੇ ਧਾਮ ਦਾ ਨਾਮ ਹਜੂਰ ਸਾਹਿਬ ਰੱਖਿਆ ਹੈ । ।

ਬਾਬਾ ਮਨੀ ਸਿੰਘ ਸੰਗਤਾਂ ਨੂੰ ਲੈ ਕੇ ਘਵਿੰਡ ਪਿੰਡ ਨੂੰ ਤੁਰ ਪਿਆ ਹੈ । ਜਿਸ ਵਕਤ ਤੁਰੇ ਔਂਦੇ ਹਨ, ਤੇ ਰਸਤੇ ਵਿਚ "ਤੇਜਾ ਸਿੰਘ ਵਾਲਾ" ਪਿੰਡ ਆਇਆ ਹੈ । ਸੰਗਤਾਂ ਪੈਦਲ ਅੱਗੇ ਪਿਛੇ ਤੁਰੀਆਂ ਆ ਰਹੀਆਂ ਹਨ । ਰਸਤੇ ਵਿਚ ਇਕ ਡੰਡੀ ਉਤੇ ਬੜਾ ਭਾਰਾ ਰੇਰੂ ਦਾ ਪੇੜ ਸੀ । ਸੰਗਤਾਂ ਛਾਂ ਵੇਖ ਕੇ ਹੇਠਾਂ ਬੈਹ ਗਈਆਂ ਹਨ । ਬਾਬੇ ਮਨੀ ਸਿੰਘ ਨੂੰ ਪਾਤਸ਼ਾਹ ਆਕਾਸ਼ ਬਾਣੀ ਦਿਤੀ ਕਿ ਸੰਤਾ ਰੇਰੂ ਹੇਠੋਂ ਸੰਗਤ ਉਠਾ ਦੇ, ਇਸ ਦੀ ਉਮਰ ਮੁੱਕੀ ਹੋਈ ਹੈ । ਸੰਤਾਂ ਨੇ ਸੰਗਤਾਂ ਉਠਾ ਕੇ ੧੦ ਕਰਮਾਂ ਆਂਦਾ ਹੈ ਤੇ ਰੇਰੂ ਗੜ ਗੜਾ ਕੇ ਡਿਗ ਪਿਆ, ਜੜਾਂ ਤੋਂ ਪੁੱਟਿਆ ਗਿਆ ਹੈ । ਏਹ ਕੌਤਕ ਵੇਖ ਕੇ ਸੰਗਤਾਂ ਧੰਨ ਧੰਨ ਕਰ ਰਹੀਆਂ ਹਨ । ਸੱਚੇ ਪਿਤਾ ਦੇ ਨਾਮ ਦਾ ਜਸ ਗਾ ਰਹੀਆਂ ਹਨ ਜੀ । ਧੰਨ ਹੈ ਮੇਰਾ ਪਿਤਾ ਜੇਹੜਾ ਜੰਗਲਾਂ ਪਹਾੜਾਂ ਨਦੀਆਂ ਦਰਿਆਵਾਂ ਵਿਚ ਵੀ ਹਰ ਵਕਤ ਅੰਗ ਸੰਗ ਹੋ ਕੇ ਸਿਖਾਂ ਤੇ ਦਇਆ ਕਰਦਾ ਹੈ ਜੀ । ਏਸੇ ਤਰ੍ਹਾਂ ਸੱਚੇ ਪਾਤਸ਼ਾਹ ਗਰੀਬ ਸਿਖਾਂ ਤੇ ਦਇਆ ਕਰਨ । ।

## ✻ ਮਾਈ ਲਛਮੀ ਤੇ ਸੁੰਦਰ ਸਿੰਘ ਦੀ ਸਾਖੀ ✻

ਅੱਗੇ ਸੰਗਤ ਗਗੋ ਬੂਏ ਆ ਪਹੁੰਚੀ ਹੈ । ਵੀਰ ਸਿੰਘ ਦੇ ਘਰ ਬਾਬੇ ਮਨੀ ਸਿੰਘ ਤੇ ਸੰਗਤਾਂ ਨੇ ਡੇਰੇ ਲਾਏ ਹਨ ਜੀ । ਰਾਤ ਪਰਸ਼ਾਦ ਵੀਰ ਸਿੰਘ ਦੇ ਘਰ ਤਿਆਰ ਹੋਇਆ ਹੈ । ਬੜੀ ਮਹਿੰਮਾ ਸੱਚੇ ਪਿਤਾ ਦੀ ਹੋ ਰਹੀ ਹੈ । ਮਸਤਾਨੇ ਖੇਡ ਰਹੇ ਹਨ । ਵੀਰ ਸਿੰਘ ਦਾ ਭਤੀਜਾ ਸੁੰਦਰ ਸਿੰਘ ਉਸ ਦੇ ਘਰੋਂ ਮਾਈ ਲਛਮੀ ਨਾਮ ਸੀ । ਗੁਰੂ ਸਾਹਿਬ ਬਾਬੇ ਮਨੀ ਸਿੰਘ ਦੀ ਦੋਵੇਂ ਜਣੇ ਸ਼ਰਨ ਪਏ ਹਨ । ਸੱਚੇ ਪਿਤਾ ਦਇਆ ਕਰ ਕੇ ਸ਼ਰਨ ਲਾ ਲਏ ਹਨ । ਇਕ ਝੰਡਾ ਸਿੰਘ ਮੌੜਾਂ ਦਾ ਨਾਈ ਸਿਖ ਸੀ । ਸੌਹਰੇ ਘਰ ਏਥੇ ਗਗੋ ਬੁਏ ਰਹਿੰਦਾ ਸੀ । ਪਿਛਲਾ ਜਨਮ ਉਸਦਾ ਸੈਨ ਭਗਤ ਦਾ ਸੀ । ਓਸ ਵੀ ਬੜਾ ਸੰਗਤਾਂ ਦਾ ਪ੍ਰੇਮ ਕੀਤਾ ਤੇ ਪਰਸ਼ਾਦ ਛਕਾਇਆ । ਸੁੰਦਰ ਸਿੰਘ ਵੀ ਦੂਸਰਿਆਂ ਸਿਖਾਂ ਵਲ ਵੇਖ ਕੇ ਬਾਬੇ ਮਨੀ ਸਿੰਘ ਅੱਗੇ ਬੇਨੰਤੀ ਕੀਤੀ, ਬਾਬਾ ਜੀ ਪਰਸ਼ਾਦ ਸਾਡੇ ਘਰੋਂ ਸਵੇਰੇ ਛਕਿਓ ਜੇ । ਗਰੀਬ ਦੀ ਕੁੱਲੀ ਚਰਨ ਪਾ ਕੇ ਪਵਿੱਤਰ ਕਰਿਓ ਜੇ । ਬਾਬੇ ਮਨੀ ਸਿੰਘ ਆਖਿਆ ਚੰਗਾ ਸੁੰਦਰ ਸਿੰਘ । ਘਰ ਆਣ ਕੇ ਲਛਮੀ ਨੂੰ ਆਖਿਆ ਕਿ ਕਰਮਾਂ ਵਾਲੀਏ ਮੈਂ ਤਾਂ ਸੱਚੇ ਪਿਤਾ ਦੀਆਂ ਸੰਗਤਾਂ ਦਾ ਪਰਸ਼ਾਦ ਵਰਜ ਆਇਆ ਹਾਂ ਛੇਤੀ ਤਿਆਰ ਕਰ ਦੇ । ਓਹ ਆਖਣ ਲੱਗੀ ਸਤਿ ਬਚਨ ਜੀ । ਮਾਈ ਲਛਮੀ ਸਾਰੇ ਨਗਰ ਵਿਚ ਘਰ ਘਰ ਫਿਰੀ ਹੈ । ਕਿਤੋਂ ਆਟਾ ਉਧਾਰਾ ਨਹੀਂ ਲੱਭਾ । ਬਹੁਤ ਚਿੰਤਾ ਕਰਦੀ ਹੈ ਤੇ ਆਪਣੇ ਪਤੀ ਨੂੰ ਉਡੀਕਦੀ ਹੈ ਕਿ ਆਵੇ ਆਖਾਂ ਕਿਤੋਂ ਉਧਾਰਾ ਨਹੀਂ ਲੱਭਾ । ਸੁੰਦਰ ਸਿੰਘ ਅਜੇ ਤੀਕ ਘਰ ਨਹੀਂ ਆਇਆ । ਮਾਈ ਲਛਮੀ ਜੀ ਭਿਆਣੀ ਭਾਂਡੇ ਟੋਹਦੀ ਫਿਰਦੀ ਹੈ ਜੀ । ਇਕ ਭਾਂਡੇ ਵਿਚੋਂ ਅੱਧ ਕੁ ਸੇਰ ਕਣਕ ਲੱਭੀ ਹੈ । ਇਕ ਟਾਕੀ ਪੱਲੇ ਚੌਲਾਂ ਦੇ ਵੰਡ ਇਕ ਦੋ ਮੁਠਾਂ ਬੱਧੇ ਹਨ । ਮਾਈ ਨੇ ਓਹ ਸਵਾਰ ਕੇ ਖੀਰ ਰਿੰਨ ਲਈ । ਚੱਕੀ ਤੇ ਕਣਕ ਪੀਹ ਕੇ ੫ ਫੁਲਕੇ ਪਕਾ ਕੇ ਅੰਦਰ ਰੱਖ ਦਿਤੇ ਹਨ । ਅੰਦਰ ਕੱਜ

ਕੇ ਆਪ ਕੋਲ ਬੈਠੀ ਹੈ । ਸੁੰਦਰ ਸਿੰਘ ਵਾਜ ਮਾਰੀ ਪਰਸ਼ਾਦ ਤਿਆਰ ਹੈ । ਮਾਈ ਲਛਮੀ ਆਖਿਆ ਜੀ ਤਿਆਰ ਹੈ । ਬਾਬੇ ਮਨੀ ਸਿੰਘ ਨੂੰ ਆਕਾਸ਼ ਬਾਣੀ ਹੋਈ ਕਿ ਸਿਖਾ ਪਰਸ਼ਾਦ ਆਪ ਵਰਤੌਣਾ ਹੈ । ਬਾਬੇ ਮਨੀ ਸਿੰਘ ਆਪ ਪਰਸ਼ਾਦ ਵਰਤੌਣ ਨੂੰ ਤਿਆਰ ਹੋਏ ਹਨ ਤੇ ਚੌਕੇ ਨੂੰ ਸੰਗਤ ਸਮੇਤ ਤੁਰ ਪਏ ਹਨ । ਮਾਈ ਲਛਮੀ ਮਾਰੀ ਸ਼ਰਮ ਦੀ ਖੁਰਲੀ ਵਿਚ ਲੰਮੀ ਜਾ ਪਈ ਹੈ । ਦਿਲ ਵਿਚ ਚਿੰਤਾ ਕਰਦੀ ਹੈ ਕਿ ਐਨੀਂ ਸੰਗਤ ਹੈ ਤੇ ੫ ਫੁਲਕਿਆਂ ਨੂੰ ਕੀ ਕਰਾਂਗੇ । ਸੱਚੇ ਪਾਤਸ਼ਾਹ ਅੱਜ ਸਾਡੀ ਇੱਜਤ ਰੱਖਿਓ ਜੇ । ਦਿਲ ਵਿਚ ਬੇਨੰਤੀਆਂ ਕਰਦੀ ਹੈ । ਓਧਰ ਬਾਬੇ ਮਨੀ ਸਿੰਘ ਪਰਸ਼ਾਦ ਵੇਖ ਕੇ ਤੇ ਆਪਣੀ ਚਾਦਰ ਲਾਹ ਕੇ ਉਤੇ ਪਾ ਦਿਤੀ ਹੈ । ਸੰਤਾਂ ਅੰਤਰ ਧਿਆਨ ਹੋ ਕੇ ਸੱਚੇ ਪਿਤਾ ਦੇ ਚਰਨਾਂ ਵਿਚ ਲਿਵ ਲਾ ਲਈ ਹੈ ਤੇ ਥਿਰ ਘਰ ਦਾ ਸ਼ਬਦ ਪੜ੍ਹਿਆ ਹੈ । ਸੱਚੇ ਪਿਤਾ ਦੇ ਹੁਕਮ ਅਨੁਸਾਰ ਪਰਸ਼ਾਦ ਵਰਤਾਇਆ ਗਿਆ ਹੈ । ਸੱਚੇ ਪਿਤਾ ਘਵਿੰਡ ਬੈਠੇ ਹਨ ਤੇ ਬਾਬੇ ਮਨੀ ਸਿੰਘ ਲੰਗਰ ਗਗੋ ਬੂਏ ਵਰਤਾ ਰਹੇ ਹਨ ਜੀ । ਸੰਗਤਾਂ ਅਨੰਦ ਪ੍ਰਸੰਨ ਹੋ ਗਈਆਂ ਹਨ । ਗਰੀਬ ਗੁਰਬਾ ਜੋ ਕੋਈ ਮੰਗਤਾ ਹੈ ਸਾਰੇ ਛਕ ਰਹੇ ਹਨ । ਓਸ ਵਕਤ ਲਾਗੇ ਦਰਵੇਸ਼ ਬੈਠੇ ਸਨ । ਓਨ੍ਹਾਂ ਨੂੰ ਵੀ ਸੁੱਚੇ ਪਰਸ਼ਾਦੇ ਵਰਤਾਏ ਗਏ ਹਨ । ਸੁੰਦਰ ਸਿੰਘ ਤੇ ਉਸ ਦੇ ੫ ਪੁੱਤਰ ਉਨ੍ਹਾਂ ਨੂੰ ਵੀ ਸੰਗਤ ਨਾਲ ਪਰਸ਼ਾਦ ਛਕਾਇਆ ਗਿਆ ਹੈ ਜੀ । ਮਾਈ ਲਛਮੀ ਨੂੰ ਅਵਾਜ ਮਾਰੀ ਗਈ ਕਿ ਆਣ ਕੇ ਪਰਸ਼ਾਦ ਛਕ ਲਵੇ । ਸੱਚੇ ਪਾਤਸ਼ਾਹ ਦਾ ਥਾਲ ਲੁਵਾਇਆ । ਬਾਬੇ ਮਨੀ ਸਿੰਘ ਸਾਰੀ ਸੰਗਤਾਂ ਨੂੰ ਰਜਾ ਕੇ ਤੇ ਆਪ ਛਕਦੇ ਹਨ । ਮਾਈ ਲਛਮੀ ਨੂੰ ਸੰਤ ਬਚਨ ਕਰਦੇ ਕਿ ਬੇਬੇ ਜੀ ਆਪਣਾ ਲੰਗਰ ਸੰਭਾਲ ਲਓ । ੫ ਪਰਸ਼ਾਦੇ ਤੇ ਚੌਲ ਓਸੇ ਤਰ੍ਹਾਂ ਪਏ ਨੇ । ਲੰਗਰ ਵਰਤਾ ਕੇ ਸੰਤ ਮਨੀ ਸਿੰਘ ਸੰਗਤ ਵਿਚ ਬੈਹ ਗਏ ਹਨ । ਮਸਤਾਨੇ ਬਹੁਤ ਖੇਡ ਰਹੇ ਹਨ । ਓਸ ਵੇਲੇ ਮਸਤਾਨਿਆਂ ਦੀ ਦ੍ਰਿਸ਼ਟ ਖੋਲ੍ਹੀ ਹੋਈ ਹੈ । ਜੋ ਕਲਜੁਗ ਵਿਚ ਵਰਤਣੀ ਹੈ ਮਸਤਾਨਿਆਂ ਨੂੰ ਨਜ਼ਰ ਆ ਰਿਹਾ ਹੈ । ।

ਸੰਤਾਂ ਗਗੋ ਬੂਇਉਂ ਕੂਚ ਕਰ ਦਿਤਾ ਹੈ । ਓਥੋਂ ਤਿੰਨ ਮੀਲ ਭੁਚਰ ਦਾ ਪੈਂਡਾ ਹੈ ਤੇ ਸੰਗਤਾਂ ਗਗੋ ਬੂਇਉਂ ਭੁਚਰ ਆ ਗਈਆਂ ਹਨ ਜੀ । ਦਿਨ ਥੋੜਾ ਜਿਹਾ ਹੈ ਜਿਸ ਵਕਤ ਸੰਗਤਾਂ ਪਹੁੰਚੀਆਂ ਹਨ । ਐਸੀ ਸੱਚੇ ਪਾਤਸ਼ਾਹ ਦਇਆ ਕੀਤੀ ਸੀ ਕਿ ਸੰਗਤਾਂ ਵਿਚ ਨਿਰਾ ਸਤਿਜੁਗ ਲੱਗਾ ਹੋਇਆ ਸੀ । ਮਾਈ ਭਾਈ ਇਕ ਦੂਜੇ ਨੂੰ ਬੜਾ ਪ੍ਰੇਮ ਨਾਲ ਵੇਖਦੇ ਸਨ । ਸੰਗਤਾਂ ਭੁਚਰ ਖੂਹੇ ਤੇ ਅਸ਼ਨਾਨ ਕਰ ਰਹੀਆਂ ਹਨ । ਕੋਈ ਜਲ ਕੱਢਦਾ ਹੈ ਕੋਈ ਅਸ਼ਨਾਨ ਕਰਦਾ ਹੈ । ਬੜਾ ਪ੍ਰੇਮ ਹੋ ਰਿਹਾ ਹੈ ਜੀ । ਸੱਚੇ ਪਿਤਾ ਦੀ ਕਿਰਪਾ ਨਾਲ ਖੋਹ ਖੋਹ ਕੇ ਇਕ ਦੂਜੇ ਦਾ ਬਸਤਰ ਧੋ ਰਹੇ ਸਨ ਜੀ । ਬੀਬੀਆਂ ਮਾਈਆਂ ਵੀ ਅਸ਼ਨਾਨ ਕਰ ਰਹੀਆਂ ਹਨ । ਭੁਚਰ ਦੇ ਲੋਕ ਵੇਖ ਕੇ ਹੈਰਾਨ ਪਰੇਸ਼ਾਨ ਹੋ ਰਹੇ ਹਨ । ਕਲਜੁਗ ਦੇ ਵਿਚ ਐਨਾ ਪ੍ਰੇਮ ਸੰਗਤ ਦੇ ਵਿਚ ਹੋ ਰਿਹਾ ਹੈ ਜੀ । ਸੰਗਤਾਂ ਅਸ਼ਨਾਨ ਕਰਕੇ ਘਰ ਨੂੰ ਜਾ ਰਹੀਆਂ ਹਨ ਜੀ । ਸੰਤ ਮਨੀ ਸਿੰਘ ਸੰਗਤਾਂ ਵਿਚ ਬੈਠੇ ਹਨ ਜੀ ਤੇ ਸੰਗਤਾਂ ਸ਼ਬਦ ਪੜ੍ਹ ਰਹੀਆਂ ਹਨ ਜੀ । ਮਸਤਾਨੇ ਛਾਲਾਂ ਮਾਰ ਰਹੇ ਹਨ ਜੀ । ਬੜੀ ਮੰਗਲਾਚਾਰ ਹੋ ਰਹੀ ਹੈ । ਜਿੰਨੇ ਦਿਨ ਮੇਲਾ ਰਿਹਾ ਹੈ ਓਨ੍ਹਾਂ ਚਿਰ ਬਹੁਤ ਸੋਹਣੀ ਠੰਡ ਰਹੀ ਹੈ । ਧੁਪ ਇਕ ਦਿਨ ਨਹੀਂ ਲੱਗੀ । ਸੰਤਾਂ ਨੂੰ ਆਕਾਸ਼ ਬਾਣੀ ਹੋਈ ਕਿ ਸੰਤਾ ਅਸਾਂ ਚਾਨਣੀਆਂ ਨਹੀਂ ਲੌਣ ਦੇਂਦੇ, ਅਗੰਮੀ ਚਾਨਣੀਆਂ ਲਾਵਾਂਗੇ ਤੇ ਸੰਗਤਾਂ ਵਿਚ ਠੰਡ ਵਰਤਾਵਾਂਗੇ । ਓਸੇ ਤਰ੍ਹਾਂ ਬਚਨ ਸਤਿ ਹੋਇਆ ਹੈ । ਦਿਲੀ ਦਾ ਸਿਖ ਇਕ ਅਯੁਧਿਆ ਨਾਮ ਦਾ ਸੀ । ਖੂਹੇ ਤੇ ਅਸ਼ਨਾਨ ਕਰ ਰਿਹਾ ਸੀ । ਭੁਚਰ ਦੇ ਲੋਕ ਪੁਛਦੇ ਹਨ ਕਿ ਸਿਖਾ ਆਪ ਦਾ ਕੇਹੜਾ ਨਗਰ ਹੈ । ਓਹ ਬਚਨ ਕਰਦਾ ਹੈ ਜੀ ਮੇਰਾ ਪਿੰਡ ਦਿਲੀ ਹੈ । ਭੁਚਰ ਦੇ ਲੋਕ ਪੁਛਦੇ ਹਨ ਕਿ ਤੁਸੀਂ ਕੀ ਵੇਖ ਕੇ ਸੰਤ ਦੇ ਮਗਰ ਲੱਗੇ ਜੇ । ਓਹ ਦੱਸਦਾ ਹੈ ਮੇਰੇ ਸੌਹਰੇ ਮੰਨਦੇ ਨੇ । ਮੈਨੂੰ ਕੋਈ ਪਤਾ ਨਹੀਂ, ਮੈਂ ਨਹੀਂ ਕੁਛ ਵੇਖਿਆ ਜੀ । ਮੇਰੀ ਵੌਹਟੀ ਆਪ ਦੇ ਮਾਪਿਆਂ ਨਾਲ ਆਈ ਹੈ । ਮੈਂ ਨਾਲ ਰਾਖੀ ਵਾਸਤੇ ਆਇਆ ਹਾਂ । ਮੈਨੂੰ ਕੋਈ ਪਤਾ ਨਹੀਂ ਸੰਤਾਂ ਵਿਚ ਕੀ ਕਰਾਮਾਤ ਹੈ ਜੀ । ਏਹ ਬਚਨ ਕਰਦੇ ਕਰਦੇ ਅਸ਼ਨਾਨ ਵੀ ਕਰ ਲਿਆ

ਹੈ ਫੇਰ ਆਣ ਕੇ ਸੰਗਤਾਂ ਵਿਚ ਬੈਠ ਗਿਆ ਹੈ ਜੀ । ਦੀਵਾਨ ਵਿਚ ਬੈਠਣ ਦੀ ਦੇਰ ਹੈ ਓਸੇ ਵੇਲੇ ਪਕੜ ਹੋ ਗਈ । ਪੰਡ ਵਾਗੂੰ ਬੱਧਾ ਭੋਂ ਤੋਂ ਉਚਾ ਜਾ ਜਾ ਕੇ ਫਿਰ ਡਿਗ ਪੈਂਦਾ ਹੈ । ਗੇਂਦ ਵਾਗੂੰ ਬੁੜਕਦਾ ਫਿਰਦਾ ਹੈ । ਰੋਂਦਾ ਤੇ ਕੁਰਲਾਂਦਾ ਬੌਹੜੀ ਬੌਹੜੀ ਕਰਦਾ ਹੈ । ਸੰਤ ਬਚਨ ਕਰਦੇ ਹਨ । ਵੇਖੋ ਸਿਖੋ, ਕਿਸ ਤਰ੍ਹਾਂ ਸੱਚੇ ਪਿਤਾ ਸਿਖ ਦੀ ਹਾਲਤ ਕਰ ਰਹੇ ਹਨ ਜੀ । ਓਸ ਵੇਲੇ ਮਨੀ ਸਿੰਘ ਉਸ ਦੇ ਸਿਰ ਤੇ ਹੱਥ ਧਰਿਆ ਹੈ ਤੇ ਓਹ ਜਮੀਨ ਤੇ ਵੱਜਣੋਂ ਹਟ ਗਿਆ ਹੈ । ਸੰਤਾਂ ਪੁਛਿਆ ਕਿ ਭਾਈ ਸਿਖਾਂ ਤੂੰ ਕਿਸ ਕਾਰਨ ਫੜਿਆ ਗਿਆ ਹੈਂ, ਕੀ ਭੁਲਣਾ ਤੈਥੋਂ ਹੋ ਗਈ ਹੈ । ਓਸ ਆਖਿਆ ਜੀ ਖੂਹੇ ਤੇ ਅਸ਼ਨਾਨ ਕਰਦਿਆਂ ਏਥੋਂ ਦੇ ਵਾਸੀ ਮੇਰੇ ਨਾਲ ਬਚਨ ਕਰਦੇ ਸਨ ਤੇ ਮੈਂ ਪਾਤਸ਼ਾਹ ਦੀ ਨਿੰਦਿਆ ਕੀਤੀ, ਓਸ ਭੁਲਣਾ ਵਿਚ ਮੈਂ ਫੜਿਆ ਗਿਆ ਹਾਂ ਜੀ । ਮੈਨੂੰ ਬਖ਼ਸ਼ ਲਓ । ਕੋਈ ਸਿਖ ਵੀ ਬਾਹਰ ਜਾ ਕੇ ਨਿੰਦਿਆ ਚੁਗਲੀ ਨਹੀਂ ਸੀ ਕਰਦਾ, ਜੇਹੜਾ ਕੋਈ ਕਰਦਾ ਸੀ ਓਸੇ ਵੇਲੇ ਫੜਿਆ ਜਾਂਦਾ ਸੀ ਜੀ । ।

ਦਿਨ ਥੋੜਾ ਰਿਹਾ ਹੈ ਤੇ ਪਰਸ਼ਾਦ ਤਿਆਰ ਹੋ ਗਏ ਹਨ । ਦੀਵਾਨ ਹਟ ਗਿਆ ਹੈ ਤੇ ਸੰਗਤਾਂ ਨੂੰ ਲੰਗਰ ਵਰਤੀਦਾ ਹੈ ਜੀ । ਪਰਸ਼ਾਦ ਵਰਤ ਕੇ ਫੇਰ ਸੰਗਤਾਂ ਸ਼ਬਦ ਕੀਰਤਨ ਕਰ ਰਹੀਆਂ ਹਨ ਜੀ । ਬੜੀ ਸੋਹਣੀ ਰਚਨਾ ਬਣੀ ਹੈ । ੫ ਮੱਠੀਆਂ ਤੇ ਘਿਉ ਦੀ ਭਿਜੀ ਹੋਈ ਖੰਡ ਇਕ ਇਕ ਮੁੱਠ ਸਾਰੀ ਸੰਗਤ ਨੂੰ ਰੋਜ਼ ਵਰਤਾਈ ਸੀ । ਤੇ ਫੇਰ ਬਦਾਮਾਂ ਦੀ ਸ਼ਰਦਾਈ ਵਰਤੀ ਜਾਂਦੀ ਸੀ । ਏਸ ਤਰ੍ਹਾਂ ਸੰਗਤਾਂ ਵਿਚ ਅਨੰਦ ਬਣਿਆ ਰਹਿੰਦਾ ਸੀ । ਫੇਰ ਸਵੇਰੇ ਪਰਸ਼ਾਦ ਛਕ ਕੇ ਸੰਗਤਾਂ ਘਵਿੰਡ ਆ ਰਹੀਆਂ ਹਨ ਜੀ । ਨਾਲ ਸੰਗਤਾਂ ਦੇ ਮਾਣਾ ਸਿੰਘ ਤੇ ਬਾਜ ਸਿੰਘ ਦਾ ਬੰਸ ਵੀ ਆ ਰਿਹਾ ਹੈ । ਰੰਗਾ ਸਿੰਘ ਪਾਤਸ਼ਾਹ ਦਾ ਚਾਚਾ ਸੱਚੇ ਪਿਤਾ ਖਜਾਨਚੀ ਬਣਾਇਆ ਹੋਇਆ ਸੀ । ੧੫ ਸੌ ਰੁਪੈਆ ਭੇਟਾ ਜੇਹੜੀ ਸੀ ਓਹ ਰੰਗਾ ਸਿੰਘ ਨੂੰ ਫੜਾਈ ਗਈ ਸੀ । ਘਵਿੰਡ ਸੰਗਤਾਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰ ਰਹੀਆਂ ਹਨ । ਸੱਚੇ ਪਾਤਸ਼ਾਹ ਆਪਣੇ ਤੋਸ਼ੇਖਾਨੇ ਵਿਚੋਂ ਲੰਗਰ ਤਿਆਰ ਕਰ ਰਹੇ ਸਨ । ਰੰਗਾ ਸਿੰਘ ਸੰਗਤਾਂ ਨੂੰ ਦਾਲ ਰੋਟੀ ਛਕਣ ਵਾਸਤੇ ਦਿਤੀ ਹੈ । ਬਾਬੇ ਮਨੀ ਸਿੰਘ ਲਿਖਾਈ ਕਰ ਦਿਤੀ ਕਿ ਸੱਚੇ ਪਾਤਸ਼ਾਹ ਦਾ ਖਜਾਨਚੀ ਸ਼ੂਮ ਹੈ । ਜਿਸ ਵਕਤ ਰੰਗਾ ਸਿੰਘ ਨੇ ਫਰਦ ਪੜ੍ਹੀ ਹੈ ਓਸ ਵਕਤ ਗਲ ਵਿਚ ਪੱਲਾ ਪਾ ਕੇ ਦੋ ਸੌ ਰੁਪੈਆ ਅੱਗੇ ਰਖ ਦਿਤਾ ਤੇ ਬਚਨ ਕੀਤਾ ਕਿ ਸੱਚੇ ਪਿਤਾ ਮੇਰਾ ਨਾਮ ਲਿਖਤ ਵਿਚ ਸੂਮ ਲਿਖਿਆ ਹੈ ਤੇ ਮੇਰੇ ਤੇ ਦਇਆ ਕਰੋ ਏਸ ਤਰ੍ਹਾਂ ਨਾਲ ਚਾਰ ਜੁਗ ਮੇਰਾ ਮੂੰਹ ਕਾਲਾ ਹੁੰਦਾ ਹੈ । ਪਾਤਸ਼ਾਹ ਆਖਿਆ ਚਾਚਾ ਤੂੰ ਸੰਗਤਾਂ ਨੂੰ ਮਨ ਭੌਂਦੇ ਪਦਾਰਥ ਛਕੌਣੇ ਸੀ ਤੇ ਜਾ ਹੁਣ ਬਾਬੇ ਮਨੀ ਸਿੰਘ ਅਗੇ ਬੇਨੰਤੀ ਕਰਕੇ ਆਪਣੀ ਲਿਖਤ ਸਿਧੀ ਕਰਾ ਲਾ । ਸੰਤਾਂ ਨੇ ਓਹ ਲਿਖਿਆ ਹੋਇਆ ਕਾਗਤ ਪਾੜ ਦਿਤਾ ਤੇ ਆਖਿਆ ਜਿਸ ਤਰ੍ਹਾਂ ਦਾ ਪਰਸ਼ਾਦ ਛਕਾਵੇਂਗਾ ਓਸੇ ਤਰ੍ਹਾਂ ਦੀ ਲਿਖਤ ਹੋਜੂ । ਫੇਰ ਓਥੇ ਧਿਔਲੇ ਦੇ ਪਰਸ਼ਾਦ ਤੇ ਤਸਮਈਆਂ ਤਿਆਰ ਹੋ ਗਈਆਂ । ਅਨੇਕ ਪਰਕਾਰ ਦੇ ਭੋਜਨ ਤਿਆਰ ਹੋ ਰਹੇ ਹਨ ਜੀ । ਸੰਗਤਾਂ ਵਿਚ ਸੰਤ ਬੜੇ ਮਾਇਲ ਹੋ ਕੇ ਬੈਠੇ ਹਨ । ਸੰਗਤਾਂ ਮਸਤਾਨੀਆਂ ਹੋਇਆਂ ਖੇਡ ਰਹੀਆਂ ਹਨ ਜੀ । ਘਵਿੰਡ ਦੇ ਲੋਕ ਬੜੇ ਹੈਰਾਨ ਪਰੇਸ਼ਾਨ ਹੋ ਰਹੇ ਹਨ ਤੇ ਬਚਨ ਕਰਦੇ ਹਨ ਕਿ ਏਥੇ ਤਾਂ ਸਤਿਜੁਗ ਵਰਤ ਰਿਹਾ ਹੈ । ਚਾਰ ਕੁੰਟ ਦੀ ਸੰਗਤ ਹੈ ਤੇ ਏਸ ਤਰ੍ਹਾਂ ਜਾਪਦੇ ਹਨ ਜਿਸ ਤਰ੍ਹਾਂ ਇਕ ਮਾਂ ਦੇ ਪੁਤ ਹਨ । ।

ਏਥੋਂ ਸੰਗਤ ਫੇਰ ਗਾਗੇ ਚਲੀ ਗਈ ਹੈ । ਓਥੇ ਬੀਬੀ ਠਾਕਰੀ ਦੇ ਘਰ ਸੰਗਤਾਂ ਚਲੀਆਂ ਗਈਆਂ ਹਨ ਜੀ, ਤੇ ਨਾਲ ਬਾਬਾ ਮਨੀ ਸਿੰਘ ਵੀ ਹਨ । ਬੀਬੀ ਠਾਕਰੀ ਸੰਤਾਂ ਅੱਗੇ ਬੇਨੰਤੀ ਕੀਤੀ ਕਿ ਬਾਬਾ ਜੀ ਸੱਚੇ ਸਾਹਿਬ ਜਿਸ ਤਰ੍ਹਾਂ ਹੁਕਮ ਦੇਂਦੇ ਹਨ ਓਸੇ ਤਰ੍ਹਾਂ ਪਰਸ਼ਾਦ ਤਿਆਰ ਕੀਤਾ ਜਾਵੇ । ਮੈਂ ਪੈਸੇ ਦੇਣ ਨੂੰ ਤਿਆਰ ਹਾਂ । ਸੱਚੇ ਪਿਤਾ ਦੇ ਹੁਕਮ ਅਨੁਸਾਰ ਲੰਗਰ ਤਿਆਰ ਕੀਤਾ ਗਿਆ ਹੈ ਜੀ । ਸੰਗਤਾਂ ਸ਼ਬਦ ਪੜ੍ਹ ਰਹੀਆਂ ਹਨ ਤੇ ਮਸਤਾਨੇ ਵਰ ਵਰ੍ਹੀ ਦੇ ਰਹੇ ਹਨ । ਰਾਤ ਦਾ ਪਰਸ਼ਾਦ ਛਕ ਕੇ ਫੇਰ ਸ਼ਬਦ

ਕੀਰਤਨ ਹੋ ਰਿਹਾ ਹੈ । ਅਗਲੇ ਦਿਨ ਸੰਗਤਾਂ ਭੰਗਾਲੀ ਪਿੰਡ ਨੂੰ ਤਿਆਰ ਹੋ ਗਈਆ ਹਨ । ਜਿਸ ਵਕਤ ਤਿਆਰ ਹੋਏ ਹਨ ਬੀਬੀ ਠਾਕਰੀ ਬਾਬੇ ਜੀ ਅੱਗੇ ਬੇਨੰਤੀ ਕਰਦੀ ਹੈ ਕਿ ਬਾਬਾ ਜੀ ਜਦੋਂ ਦਾ ਮੇਰਾ ਕਾਕਾ ਗੁਜਰ ਗਿਆ ਹੈ ਮੁੜ ਕੇ ਪਾਤਸ਼ਾਹ ਦਾਤ ਨਹੀਂ ਦਿਤੀ । ਬਾਬਾ ਜੀ ਤੁਸੀਂ ਬਖ਼ਸ਼ਣਹਾਰ ਗੁਰੂ ਜੇ । ਸੱਚੇ ਪਾਤਸ਼ਾਹ ਕੋਲੋਂ ਮੇਰੀ ਭੁੱਲ ਬਖ਼ਸ਼ਾ ਦਿਉ ਸੰਤ ਆਕਾਸ਼ ਬਾਣੀ ਨਾਲ ਜੁੜੇ ਤੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ ਕਿ ਸੱਚੇ ਪਿਤਾ ਬੀਬੀ ਠਾਕਰੀ ਬੇਨੰਤੀ ਕਰ ਰਹੀ ਹੈ ਤੇ ਆਂਦੀ ਹੈ ਜੇ ਪੁੱਤਰ ਨਹੀਂ ਤਾਂ ਧੀ ਹੀ ਦੇ ਦੇਣ । ਉਸ ਵਕਤ ਸੱਚੇ ਪਿਤਾ ਦਿਆਲੂ ਕਿਰਪਾਲੂ ਬੇਨੰਤੀ ਪਰਵਾਨ ਕਰਕੇ ਧੀ ਦਾ ਵਰ ਦੇ ਦਿਤਾ ਹੈ । ਸੰਗਤਾਂ ਵਿਚ ਮੂੰਹੋਂ ਮੰਗੀਆਂ ਮੁਰਾਦਾਂ ਮਿਲਦੀਆਂ ਸਨ ਜੀ । ।

ਅੱਗੇ ਸੰਗਤਾਂ ਸਮੇਤ ਭੰਗਾਲੀ ਪਿੰਡ ਚਲੇ ਗਏ ਹਨ । ਚਾਰ ਦਿਨ ਭੰਗਾਲੀ ਰਹੇ ਹਨ । ਉਥੇ ਗੁਰਮੁਖ ਸਿੰਘ ਖੁਛਾਲ ਸਿੰਘ ਦੇ ਘਰ ਬੜੇ ਵਰ ਦਿਤੇ ਹਨ । ਗੁਰਮੁਖ ਸਿੰਘ ਦੀ ਹਵੇਲੀ ਵਿਚ ਲਿਖਾਈ ਹੋ ਰਹੀ ਹੈ ਕਿ ਏਥੇ ਸੱਚੇ ਪਿਤਾ ਦਾ ਧਾਮ ਬਣੇਗਾ ਤੇ ਜੋ ਫਿਮਣੀ, ਫੋੜਾ, ਲੂਤ, ਚੰਬਲ, ਜੋ ਸਰੀਰ ਫੁੱਟੇ ਵਾਲਾ ਏਥੇ ਇਸ਼ਨਾਨ ਕਰੇਗਾ ਸੋ ਰਾਜੀ ਹੋਵੇਗਾ । ਖੁਛਾਲ ਸਿੰਘ ਹੋਰਾਂ ਦੀ ਲਿਖਤ ਹੋ ਗਈ ਕਿ ਤੁਸੀ ਸੰਧੂਆਂ ਦੇ ਗੁਰ ਹੋਵੋਗੇ, ਤੇ ਜੋ ਪੁਰਾਣੀ ਸਿਖੀ ਹੈ ਉਸ ਦੀ ਸੇਵਾ ਬੰਦ ਹੋ ਗਈ ਹੈ । ਚੁਤਾਲਿਆਂ ਵਾਲੇ ਧਾਮ ਤੇ ਮਸਿਆ ਪੁਨਿਆਂ ਨੂੰ ਸੰਗਤ ਆਇਆ ਕਰੇਗੀ । ਸੱਚੇ ਪਾਤਸ਼ਾਹ ਸੰਗਤ ਸਮੇਤ ਤਿੰਨ ਵਾਰ ਚੁਤਾਲੀਂ ਗਏ ਹਨ ਜੀ । ਜਦੋਂ ਪੰਦਰਾਂ ਦਿਨਾਂ ਪਿਛੋਂ ਸੰਗਤ ਜਾਣ ਲੱਗ ਪਈ, ਬਾਬੇ ਮਨੀ ਸਿੰਘ ਹੋਰੀਂ ਓਥੇ ਲਿਖਾਈ ਕਰਿਆ ਕਰਨ ਜੀ । ਚੁਤਾਲਿਆਂ ਵਾਲਿਆਂ ਹੱਥ ਜੋੜ ਕੇ ਬੇਨੰਤੀ ਕੀਤੀ ਕਿ ਬਾਬਾ ਜੀ ੧੫ ਦਿਨੀ ਏਥੇ ਸੰਗਤਾਂ ਔਣ ਲਗ ਪਈਆਂ ਹਨ ਜੀ ਤੇ ਸਾਡੀ ਇਕ ਜੋਗ ਦੀ ਵਾਹੀ ਹੈ । ਸਿਖੀ ਦਾ ਬੜਾ ਖਰਚ ਹੈ, ਕਿਸ ਤਰ੍ਹਾਂ ਪੂਰਾ ਹੋਵੇਗਾ । ਸਿਖਾਂ ਨੇ ਸਗੋਂ ਬੇਨੰਤੀ ਕਰ ਕੇ ਸੰਗਤਾਂ ਦੇ ਦਰਸ਼ਨ ਦੀਦਾਰ ਮੰਗਣੇ ਸਨ, ਲੰਗਰ ਦੀ ਸੋਚ ਕਰ ਕੇ ਉਲਟੀ ਬੇਨੰਤੀ ਸ਼ੁਰੂ ਕਰ ਦਿਤੀ ਜੀ । ਸੱਚੇ ਪਿਤਾ ਐਡੇ ਸਮਰੱਥ ਸਨ ਜਿਨਾਂ ਨੇ ੫ ਫੁਲਕੇ ਗਗੋ ਬੂਏ ਵਰਤਾ ਕੇ ਸੰਗਤਾਂ ਨਿਹਾਲ ਕਰ ਦਿਤੀਆਂ ਹਨ ਤੇ ਫੁਲਕੇ ਜਿਉਂ ਦੇ ਤਿਉਂ ਪਏ ਰਹੇ ਹਨ ਜੀ । ਮਾਈ ਚੁਤਾਲਿਆਂ ਵਾਲੀ ਨੂੰ ਏਡਾ ਮਾਣ ਹੋ ਗਿਆ ਕਿ ਸੰਤਾਂ ਨੂੰ ਆਖਣ ਲੱਗੀ ਬਾਬਾ ਜੀ ਕੁਛ ਕਰਾਮਾਤ ਪਾਤਸ਼ਾਹ ਨੂੰ ਤੁਸੀਂ ਦਿਓ ਤੇ ਬਾਕੀ ਮੈਂ ਦੇਵਾਂਗੀ । ਮੈਨੂੰ ਛੇਵੀਂ ਪਾਤਸ਼ਾਹੀ ਦਾ ਵਰ ਹੈ । ਫੇਰ ਸੱਚੇ ਪਾਤਸ਼ਾਹ ਕੁਛ ਉਡਣ ਲਗ ਪੈਣਗੇ । ਸੰਤ ਨਰਾਜ਼ ਹੋ ਕੇ ਆਖਣ ਲੱਗੇ, ਬੇਬੇ ਤੂੰ ਇਹ ਕੀ ਬਚਨ ਆਖਿਆ । ਤੇ ਸੱਚੇ ਪਿਤਾ ਤੇਰੀ ਮੇਰੀ ਕਰਾਮਾਤ ਨਾਲ ਮਹਾਰਾਜ ਅਖਵੌਣਗੇ ? ਸਾਨੂੰ ਕਰਾਮਾਤਾਂ ਕਿਥੋਂ ਮਿਲੀਆਂ ਹਨ ? ਬਹੁਤ ਸੰਤ ਮਨੀ ਸਿੰਘ ਓਸ ਵਕਤ ਖਫੇ ਹੋ ਗਏ ਕਿ ਮਹਾਰਾਜ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਤੇ ਦੀਨ ਦੁਨੀ ਵਾਲੀ ਤੇਰੀ ਕਰਾਮਾਤ ਨੂੰ ਉਡੀਕਦੇ ਹਨ । ਪਾਤਸ਼ਾਹ ਤੇ ਸੰਗਤਾਂ ਦੇ ਜਾਣ ਕਰ ਕੇ ਚੁਤਾਲਿਆਂ ਵਾਲੇ ਨਰਾਜ਼ ਹੋਣ ਲਗ ਪਏ । ਏਹ ਬਚਨ ਸੁਣ ਕੇ ਪਾਤਸ਼ਾਹ ਆਕਾਸ਼ ਬਾਣੀ ਵਿਚ ਲਿਖਾ ਦਿਤਾ ਕਿ ਸੰਤਾ ਅੱਜ ਤੋਂ ਏਥੇ ਸੰਗਤਾਂ ਨਾ ਆਉਣਗੀਆਂ । ਜੇ ਕੋਈ ਆਵੇਗਾ ਤੇ ਸੇਰ ਆਟਾ ਪੱਲੇ ਲੈ ਕੇ ਆਵੇਗਾ ਤੇ ਪਰਸ਼ਾਦਾ ਪਕਾ ਕੇ ਛਕ ਜਾਇਆ ਕਰੇਗਾ । ਲਿਖਤ ਦੇ ਏਹ ਬਚਨ ਸੁਣ ਕੇ ਸੰਗਤਾਂ ਵੀ ਜਾਣੋਂ ਹਟ ਗਈਆਂ ਹਨ । ਜਿਥੇ ਮਾਈ ਨੂੰ ਅੱਠੇ ਪਹਿਰ ਦਰਸ਼ਨ ਸਪਸ਼ਟ ਹੁੰਦੇ ਸੀ, ਓਥੇ ਡਰ ਔਣ ਲਗ ਪਏ । ਸ਼ੇਰ ਦਾ ਭੈ ਆਣ ਲਗ ਪਿਆ । ਐਸ ਤਰ੍ਹਾਂ ਜਾਪੇ ਕਿ ਜਿਸ ਤਰ੍ਹਾਂ ਮੈਂ ਜੰਗਲਾਂ ਵਿਚ ਹਾਂ ਤੇ ਮੈਨੂੰ ਸ਼ੇਰ ਪੈਂਦੇ ਹਨ ਜੀ । ਦਿਨੇ ਬੈਠੀ ਨੂੰ ਏਸ ਤਰ੍ਹਾਂ ਜਾਪੇ ਕਿ ਮੈਂ ਪਹਾੜ ਤੋਂ ਹੇਠਾਂ ਡਿਗਦੀ ਹਾਂ । ਰਾਤ ਦਿਨੇ ਭੈ ਔਣ ਕਰਕੇ ਬੜੀ ਅਤ ਦੁਖੀ ਹੋਈ ਹੈ ਜੀ । ।

ਸੰਤਾਂ ਨੂੰ ਆਕਾਸ਼ ਬਾਣੀ ਹੋਈ ਕਿ ਸੰਤਾ ਏਥੇ ਹੁਣ ਚਾਰ ਜਤੀ ਕੱਢਣੇ ਹਨ ਜੀ । ਜੇਹੜਾ ਗਰਿਸਤ ਵਿਚੋਂ ਛੇ ਮਹੀਨੇ ਪਰਹੇਜ ਕਰੇਗਾ, ਉਸਨੂੰ ਜਤੀਆਂ ਵਿਚ ਪਰਵਾਨ ਕਰ ਲਵਾਂਗੇ । ਮਾਈ ਚੁਤਾਲਿਆਂ ਵਾਲੀ

ਦਾ ਪੁਤ ਹਰਨਾਮ ਸਿੰਘ ਸੀ । ਉਸ ਦੀ ਤੇ ਦੋ ਸਿਖ ਹੋਰ ਸਨ, ਏਨ੍ਹਾਂ ਦੀ ਖ਼ੁਸ਼ੀ ਨਾਲ ਜਤੀਆਂ ਵਿਚ ਲਿਖਤ ਪਾਈ । ਗਗੋ ਬੂਹੇ ਦਾ ਸੁੰਦਰ ਸਿੰਘ, ਓਸ ਬੇਨੰਤੀ ਕੀਤੀ ਬਾਬਾ ਜੀ ਮੇਰੇ ਤੇ ਵੀ ਦਇਆ ਕਰੋ ਤੇ ਜਤੀਆਂ ਵਿਚ ਦਾਖਲ ਕਰ ਲਓ । ਸੰਤਾਂ ਆਖਿਆ ਸਿਖਾ, ਅਸੀਂ ਸੱਚੇ ਪਿਤਾ ਦੇ ਹੁਕਮ ਅਨੁਸਾਰ ਹਾਂ । ਸੁੰਦਰ ਸਿੰਘ ਬਦੋ ਬਦੀ ਆਪਦਾ ਨਾਮ ਵੀ ਲਿਖਾ ਦਿਤਾ ਤੇ ਆਖਿਆ ਬਾਬਾ ਜੀ ਛੇ ਮਹੀਨੇ ਕੀ ਹਨ ਮੈਂ ਤਾਂ ਸਾਲਾਂ ਬਦੀ ਸਿਦਕ ਕਰ ਸਕਦਾ ਹਾਂ । ਦੂਸਰੇ ਤਿੰਨਾਂ ਦਾ ਸੱਚੇ ਪਾਤਸ਼ਾਹ ਦੀ ਦਇਆ ਨਾਲ ਸਿਦਕ ਰਹਿ ਗਿਆ ਤੇ ਸੁੰਦਰ ਸਿੰਘ ਦਾ ਸਿਦਕ ਟੁੱਟ ਗਿਆ । ਦੂਸਰੇ ਜਤੀਆਂ ਵਿਚ ਪਰਵਾਨ ਹੋ ਗਏ ਸੁੰਦਰ ਸਿੰਘ ਫੜਿਆ ਗਿਆ । ਐਸੀ ਪਾਤਸ਼ਾਹ ਪਕੜ ਕੀਤੀ ਮੜੀਆਂ ਮਸਾਣਾਂ ਵਿਚ ਤੁਰਿਆਂ ਫਿਰੇ ਤੇ ਕੰਧਾਂ ਨਾਲ ਟੱਕਰਾਂ ਮਾਰੇ । ਨਾ ਪਾਤਸ਼ਾਹ ਪਰਸ਼ਾਦਾ ਛਕਣ ਦੇਣ ਨਾ ਜਲ ਪੀਣ ਦੇਣ । ਰਾਤ ਦਿਨ ਭੌਂਦਾ ਫਿਰੇ ਮਾਈ ਲਛਮੀ ਨੂੰ ਵੀ ਪਕੜ ਹੋ ਗਈ ਹੈ । ਬਹੁਤ ਚੰਦਰੇ ਭੈ ਔਣ ਲਗ ਪਏ ਜੀ । ਰਾਤ ਦਿਨੇ ਬੇਨੰਤੀਆਂ ਕਰਨ । ਮਾਈ ਤਾਂ ਬੇਨੰਤੀਆਂ ਸੁਣ ਕੇ ਪਾਤਸ਼ਾਹ ਛੱਡ ਦਿਤੀ, ਸੁੰਦਰ ਸਿੰਘ ਨੂੰ ਨਹੀਂ ਛੱਡਿਆ । ਰਾਤ ਦਿਨ ਭੁੱਖਾ ਤਿਹਾਇਆ ਰਹਿਣ ਨਾਲ ਸਰੀਰ ਸੁੱਕ ਗਿਆ ਤੇ ਉਸ ਦੀ ਦੇਹ ਛੁਟ ਗਈ ਹੈ । ਸੁੰਦਰ ਸਿੰਘ ਦਾ ਵੱਡਾ ਪੁੱਤਰ ਬਾਹਰ ਭਰਤੀ ਹੋ ਗਿਆ ਤੇ ਤੋਪ ਦੇ ਗੋਲੇ ਨਾਲ ਉਡਾਇਆ ਗਿਆ ਜੀ । ਸੱਚੇ ਪਾਤਸ਼ਾਹ ਸੰਤਾਂ ਨੂੰ ਆਕਾਸ਼ ਬਾਣੀ ਦਿਤੀ ਕਿ ਸੰਤਾ ਏਹ ਜੇਹੜਾ ਮਾਈ ਦਾ ਪੁੱਤਰ ਸੀ ਏਸਦਾ ਪਿਛਲਾ ਜਾਮਾ ਗੰਗੂ ਨਮਕ ਹਰਾਮੀ ਦਾ ਸੀ । ਏਸ ਕਰ ਕੇ ਤੋਪ ਦੇ ਗੋਲੇ ਨਾਲ ਉਡਾਇਆ ਗਿਆ ਹੈ । ਅਸੀਂ ਜਨਮ ਜਨਮਾਂਤਰ ਲੇਖਾ ਨਹੀਂ ਛੱਡਦੇ । ਏਸ ਪਾਪੀ ਨੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸਾਹਿਬਜਾਦੇ ਨੀਆਂ ਵਿਚ ਚਣਾਏ ਸਨ ।।

ਜੇਹੜਾ ਵੱਡਾ ਮੇਲਾ ਚੁਤਾਲੀ ਸੀ ਉਸ ਤੋਂ ਅੱਗੇ ੧੫ ਹਾੜ ਨੂੰ ਫੇਰ ਚੁਤਾਲੀ ਮੇਲਾ ਸੀ । ਓਸ ਮੇਲੇ ਤੇ ਫੇਰ ਪਾਤਸ਼ਾਹ ਵੀ ਗਏ ਤੇ ਸੰਗਤਾਂ ਵੀ ਗਈਆਂ ਹਨ । ਓਥੇ ਆਕਾਸ਼ ਬਾਣੀ ਸੰਤਾਂ ਨੂੰ ਹੋਈ ਕਿ ਸੰਤਾ ਅਸਾਂ ਹੁਣ ਜੁਧ ਨੂੰ ਚੜ੍ਹਨਾ ਹੈ । ਬਾਬੇ ਹੋਰੀਂ ਓਥੇ ਪ੍ਰੋਹਤ ਬਣੇ ਹਨ । ਮਹਾਰਾਜ ਸ਼ੇਰ ਸਿੰਘ ਨੂੰ ਬਾਬੇ ਹੋਰਾਂ ਜੁਧ ਦਾ ਗਾਨਾ ਬੱਧਾ ਹੈ ਸੱਜੇ ਹੱਥ ਨੂੰ । ਫੇਰ ਆਕਾਸ਼ ਬਾਣੀ ਨਾਲ ਲਿਖਤ ਕਰ ਰਹੇ ਹਨ । ਮਹਾਰਾਜ ਹੁਕਮ ਦੇ ਕੇ ਲਿਖਾ ਰਹੇ ਹਨ ਕਿ ਸਮੁੰਦਰਾਂ ਤੋਂ ਪਾਰ ਹੁਣ ਅਸਾਂ ਜੰਗ ਲਾ ਦੇਣਾ ਹੈ । ਜੋ ਸਭ ਰਾਜੇ ਟੋਪੀਆਂ ਵਾਲੇ ਹਨ ਲੜ ਲੜ ਕੇ ਘਾਇਲ ਹੋ ਜਾਣਗੇ । ਜੋ ਅਸਾਂ ਨਹਿਰ ਉਤੇ ਖਲੋ ਕੇ ਖਰਬੂਜੇ ਸੁੱਟ ਕੇ ਗੋਲੇ ਚਲਾਏ ਸਨ ਓਹ ਹੁਣ ਭੁਗਤੇਗੀ । ਜੋ ਭੂਤ ਪ੍ਰੇਤ ਕਲਜੋਗਨਾਂ ਹਨ ਸਭ ਦਰਿਆਉਂ ਪਾਰ ਚਲੇ ਜਾਣਗੇ ਅਤੇ ਦੇਵੀਆਂ ਵੀ ਪਾਰ ਸਮੁੰਦਰੋਂ ਚਲੀਆਂ ਜਾਣਗੀਆਂ ਜੀ । ਲਿਖਤ ਪੈਣ ਦੀ ਡੇਰ ਹੈ ਹਾੜ ਦੇ ਮਹੀਨੇ ਵਿਚ ਹੀ ਜਰਮਨ ਦਾ ਜੰਗ ਸ਼ੁਰੂ ਹੋ ਗਿਆ ਹੈ ।।

## ❊ ਤੇਜਾ ਸਿੰਘ ਤੇ ਝੰਡਾ ਸਿੰਘ ਤੇ ਦਇਆ ਕਰਨੀ ❊

ਜਿਸ ਵਕਤ ਚੁਤਾਲਿਆਂ ਵਾਲਾ ਮੇਲਾ ਪੰਦਰਾਂ ਦਿਨ ਹੋਇਆ ਸੀ, ਜਲੋ ਦਿਉਂ ਸਟੇਸ਼ਨੋ ਦਿਲੀ ਤੇ ਦੁਆਬੇ ਦੀਆਂ ਸੰਗਤਾਂ, ਗੱਡੀ ਚੜ੍ਹੀਆਂ ਹਨ । ਮਾਝੇ ਵਾਲੇ ਸਿਖ ਘਰੀਂ ਆ ਗਏ ਹਨ । ਤੇਜਾ ਸਿੰਘ ਦੇ ਮਾਪੇ ਵੀ ਘਰ ਆ ਗਏ । ਤੇਜਾ ਸਿੰਘ ਦੀ ਵਾਰੀ ਦਰਸ਼ਨਾ ਦੀ ਆ ਗਈ । ਇਕ ਅੰਬ ਦਾ ਬੂਟਾ ਸੀ ਉਸ ਦੇ ਹੇਠ ਸੱਚੇ ਪਿਤਾ ਬਰਾਜਮਾਨ ਹਨ ਜੀ । ਤੇਜਾ ਸਿੰਘ ਸਿਖ ਬੇਨੰਤੀ ਕੀਤੀ ਤੇ ਪਰਕਰਮਾਂ ਕੀਤੀਆਂ । ਪਾਤਸ਼ਾਹ ਉਠ ਕੇ ਦਾਤਰੀ ਫੜ ਕੇ ਪੱਠਿਆਂ ਨੂੰ ਤੁਰ ਪਏ ਹਨ ਜੀ । ਪਾਤਸ਼ਾਹ ਕੋਲ ਦਾਤਰੀ ਵੇਖ ਕੇ, ਤੇਜਾ ਸਿੰਘ ਵੀ ਪੱਠਿਆਂ ਨੂੰ ਤੁਰ ਪਿਆ ਹੈ । ਤੇਜਾ ਸਿੰਘ ਬੇਨੰਤੀ ਕਰ ਕੇ ਪਾਤਸ਼ਾਹ ਕੋਲੋਂ ਦਾਤਰੀ ਮੰਗੀ ਤੇ ਦਇਆ ਕਰ ਕੇ ਫੜਾ ਦਿਤੀ । ਆਪ ਅੰਬ ਥੱਲੇ ਆ ਗਏ ਜੀ । ਅਜੇ ਦੋ ਰੁਗ ਨਹੀਂ ਵੱਢੇ ਤੇ ਦੀਨ ਦਿਆਲ ਵਾਜ ਮਾਰ ਲਈ । ਹਾੜ ਦਾ ਮਹੀਨਾ ਸੀ । ਸੱਚੇ ਪਿਤਾ ਨੂੰ ਮੁੜਕਾ ਆ ਗਿਆ ਰੁਗੇ

ਛਕੌਂਦਿਆਂ ਪਸੀਨਾ ਹੱਥਾਂ ਨਾਲ ਲੱਗਾ ਜੀ । ਫੇਰ ਤੇਜਾ ਸਿੰਘ ਹੱਥ ਆਪ ਦੇ ਮੂੰਹ ਤੇ ਫੇਰੇ ਤੇ ਹੱਥਾਂ ਵਿਚੋਂ ਵਾਸ਼ਨਾ ਆਈ ਜਿਸ ਤਰ੍ਹਾਂ ਅਤਰ ਦੀ ਤੇ ਸੁੱਚੇ ਫੁਲ ਦੀ ਹੈ । ਮੂੰਹ ਤੇ ਹੱਥ ਫੇਰਨ ਨਾਲ ਪਿਛਲਾ ਜਰਮ ਮੁਕ ਗਿਆ ਤੇ ਨਵੇਂ ਜਰਮ ਵਾਗੂੰ ਸੁਰਤੀ ਤੇ ਗਿਆਨ ਬਖ਼ਸ਼ਿਸ਼ ਹੋ ਗਿਆ ਹੈ । ਜੋ ਜੀਵ ਹਨ ਏਨ੍ਹਾਂ ਦੇ ਮੁੜਕੇ ਵਿਚੋਂ ਬੋ ਆਵੇਗੀ । ਜੇ ਬਿਲਕੁਲ ਵੀ ਸਿਧ ਪਧਰਾ ਹੋਵੇ ਤਾਂ ਵੀ ਏਹ ਤਾਂ ਪਛਾਣ ਕਰ ਸਕਦਾ ਹੈ । ।

ਦਬਬੂ ਦਾ ਇਕ ਸੁਨਿਆਰਾ ਸਿਖ ਸੀ । ਸੱਚੇ ਪਿਤਾ ਤੇ ਮਨੀ ਸਿੰਘ ਦੇ ਚਰਨਾਂ ਦਾ ਬੜਾ ਪ੍ਰੇਮੀ ਸੀ । ਪਾਤਸ਼ਾਹ ਦਾ ਕੈਂਠਾ ਤੇ ਇਕ ਸੋਟੀ ਪਾਤਸ਼ਾਹ ਦੀ ਭੇਟਾ ਆਂਦੀ ਸੀ । ਇਕ ਪਾਂਡੋ-ਕਿਆਂ ਦਾ ਝੰਡਾ ਸਿੰਘ ਜ਼ਿਮੀਂਦਾਰ ਸੀ । ਸੁਨਿਆਰੇ ਰਾਮ ਸਿੰਘ ਨਾਲ ਉਸਦੀ ਬੜੀ ਮਿਤਰਤਾਈ ਸੀ । ਝੰਡਾ ਸਿੰਘ ਸੁਨਿਆਰੇ ਨੂੰ ਮਾਸ ਸ਼ਰਾਬ ਦੀ ਸੁਲਾ ਮਾਰੀ । ਰਾਮ ਸਿੰਘ ਆਖਿਆ, ਮੈਂ ਸੱਚੇ ਪਿਤਾ ਦੀ ਸ਼ਰਨ ਲੱਗਾ ਹਾਂ । ਝੰਡਾ ਸਿੰਘ ਆਖਿਆ ਮੈਨੂੰ ਵੀ ਨਿਹਕਲੰਕ ਅਵਤਾਰ ਦੇ ਦਰਸ਼ਨ ਕਰਾ । ਮਨੀ ਸਿੰਘ ਬੜਖੀ ਤੇ ਮਸਤੂਆਣੇ ਓਸ ਵਕਤ ਲਿਖਾਈ ਕਰ ਰਹੇ ਸਨ । ਉਸ ਝੰਡਾ ਸਿੰਘ ਨੂੰ ਆਖਿਆ ਜਦੋ ਬਾਬੇ ਹੋਰੀਂ ਔਣਗੇ ਤੈਨੂੰ ਵੀ ਸ਼ਰਨ ਪਵਾ ਦਿਆਂਗੇ । ਝੰਡਾ ਸਿੰਘ ਦੀਆਂ ਤਿੰਨ ਧੀਆਂ ਸਨ ਇਕ ਧੀ ਜਨਜਾਤੀ ਸੀ । ਓਸ ਦੇ ਘਰ ਕਾਕੀ ਹੋਈ ਹੈ । ਤਕਰੀਬਨ ੮ ਕੁ ਮਹੀਨਿਆਂ ਦੀ ਹੋ ਗਈ ਸੀ । ਉਸ ਨੂੰ ਨਵੌਣ ਲੱਗੇ ਤੇ ਵੇਖਿਆ ਸਰੀਰ ਸਪਸ਼ਟ ਨਹੀਂ ਹੈ । ਏਹ ਵੇਖ ਕੇ ਬੜਾ ਦਿਲ ਵਿਚ ਗ਼ਮ ਪੈਦਾ ਹੋਇਆ ਕਿ ਕੀ ਗਲ ਬਣੀ । ਸਾਡੀ ਧੀ ਨੂੰ ਹੁਣ ਖੁਸਰੇ ਲੈ ਜਾਣਗੇ । ਡਾਕਟਰਾਂ ਨੂੰ ਵਖਾਇਆ ਗਿਆ । ਓਨ੍ਹਾਂ ਵੀ ਆਖਿਆ ਏਹ ਕੁਦਰਤ ਦੀ ਗਲ ਹੈ, ਏਥੇ ਅਸੀਂ ਨਹੀਂ ਕੁਛ ਕਰ ਸਕਦੇ । ਬੀਬੀ ਆਪ ਦੇ ਪੇਕੇ ਦਬਬੂ ਕਾਕੀ ਨੂੰ ਲੈ ਕੇ ਚੱਲੀ ਤੇ ਜਾ ਕੇ ਬਚਨ ਕੀਤਾ ਜੀ । ਰਾਮ ਸਿੰਘ ਨਾਲ ਝੰਡਾ ਸਿੰਘ ਬਚਨ ਕੀਤੇ । ਰਾਮ ਸਿੰਘ ਆਖਿਆ ਓਹ ਤਾਂ ਪ੍ਰੀ ਪੂਰਨ ਪਰਮੇਸ਼ਵਰ ਹਨ, ਯਾਦ ਕਰਦਿਆਂ ਹੀ ਕਾਰਜ ਕਰ ਦੇਂਦੇ ਹਨ । ਰਾਮ ਸਿੰਘ ਝੰਡਾ ਸਿੰਘ ਤੇ ਨਾਲ ਬੀਬੀ ਲੈ ਕੇ ਮਨੀ ਸਿੰਘ ਕੋਲ ਚਲੇ ਗਏ ਹਨ । ਰਾਮ ਸਿੰਘ ਆਖਿਆ ਬਾਬਾ ਮਨੀ ਸਿੰਘ ਜੀ ਅਸੀਂ ਬੇਨੰਤੀ ਕਰਨ ਆਏ ਹਾਂ । ਜਿਸ ਤਰ੍ਹਾਂ ਸਪਸ਼ਟ ਬਚਨ ਸੀ ਦੱਸ ਦਿਤਾ ਤੇ ਆਖਿਆ ਪਿਤਾ ਜੀ ਨਹੀਂ ਏਸ ਬੀਬੀ ਦੀ ਦੇਹ ਛਡਾ ਦਿਓ । ਸਾਨੂੰ ਬੜੀ ਤਕਲੀਫ ਹੈ । ਮਨੀ ਸਿੰਘ ਆਖਿਆ ਦੇਹ ਛੁਡੌਣੀ ਕਿਉਂ ਹੈ । ਸੱਚੇ ਪਿਤਾ ਮਹਾਰਾਜ ਸ਼ੇਰ ਸਿੰਘ ਅੱਗੇ ਇਹ ਕੇਹੜੀ ਗਲ ਹੈ । ਓਹ ਇਕ ਛਿਨ ਵਿਚ ਦਇਆ ਕਰ ਦੇਣਗੇ । ਓਹਨਾਂ ਦੇ ਚਰਨਾਂ ਵਿਚ ਬੀਬੀ ਨੂੰ ਲੈ ਜਾਓ । ਫੇਰ ਓਹ ਜਨਜਾਤੀ ਬੀਬੀ ਨੂੰ ਲੈ ਕੇ ਆ ਗਏ ਹਨ ਜੀ । ਘਰਦਿਆਂ ਸਾਰਿਆਂ ਨੂੰ ਬਾਬੇ ਹੋਰਾਂ ਦੇ ਬਚਨ ਸੁਣਾਏ ਤੇ ਬਿਲਕੁਲ ਦਿਲੋਂ ਤਿਆਰ ਹੋ ਪਏ ਕਿ ਸਵੇਰੇ ਘਵਿੰਡ ਜਾਣਾ ਹੈ । ਸਵੇਰੇ ਉਠ ਕੇ ਘੋੜੀਆਂ ਕਸ ਲਈਆਂ ਹਨ ਜੀ । ਬੀਬੀਆਂ ਕਪੜੇ ਪੌਂਦੀਆਂ ਹਨ । ਬੀਬੀ ਆਪ ਆਪਣੇ ਕਪੜੇ ਪਾ ਕੇ ਕਾਕੀ ਨੂੰ ਪੌਣ ਲਗੀ ਹੈ, ਤੇ ਸਰੀਰ ਸਪਸ਼ਟ ਬਣਿਆ ਹੈ ਜੀ । ਵੇਖ ਕੇ ਹੈਰਾਨ ਪਰੇਸ਼ਾਨ ਹੋ ਗਏ ਹਨ । ਸਾਰੇ ਵੇਖਦੇ ਹਨ ਜੀ ਤੇ ਆਖਣ ਲੱਗੇ ਛੇਤੀ ਜਾਓ ਪਾਤਸ਼ਾਹ ਤਾਂ ਸਾਡੀ ਘਰ ਬੈਠਿਆਂ ਦੀ ਬੇਨੰਤੀ ਪਰਵਾਨ ਕਰ ਲਈ ਹੈ ਜੀ । ਫੇਰ ਪਾਤਸ਼ਾਹ ਕੋਲ ਘਵਿੰਡ ਆ ਗਏ ਹਨ ਤੇ ਬਚਨ ਕੀਤਾ । ਪਾਤਸ਼ਾਹ ਆਖਣ ਲੱਗੇ, ਮਨੀ ਸਿੰਘ ਨੂੰ ਆਖਣਾ ਸੀ ਦਇਆ ਕਰ ਦੇਂਦੇ । ਅਸਾਂ ਓਨ੍ਹਾਂ ਦੇ ਹੱਥ ਵਿਚ ਕਲਮ ਫੜਾਈ ਹੈ । ਏਹ ਕੇਹੜੀ ਵੱਡੀ ਗੱਲ ਸੀ, ਕੋਈ ਵੱਡੀ ਮੰਗ ਮੰਗਿਆ ਕਰੋ । ।

## ❊ ਸੱਚੇ ਪਿਤਾ ਦੀ ਭੈਣ ਠਾਕਰੀ ਦੀ ਸਾਖੀ ❊

ਇਕ ਦਿਨ ਦੀ ਗਲ ਹੈ ਬਾਬਾ ਮਨੀ ਸਿੰਘ ਗਾਗੇ ਪਿੰਡ ਵਿਚ ਜਾ ਕੇ ਲਿਖਾਈ ਕਰ ਰਹੇ ਹਨ । ਬਾਬੇ ਮਨੀ ਸਿੰਘ ਸਿਖਾਂ ਨੂੰ ਉਪਦੇਸ਼ ਕੀਤਾ ਕਿ ਮਹਾਰਾਜ ਸ਼ੇਰ ਸਿੰਘ ਤੋਂ ਬਿਨਾਂ ਕਿਸੇ ਨੂੰ ਮੱਥਾ ਨਹੀਂ ਟੇਕਣਾ ।

ਏਨ੍ਹਾਂ ਦੇ ਦਰਸ਼ਨ ਅਠ ਸਠ ਤੀਰਥ ਹਨ । ਸਿਖ ਓਹ ਹਨ ਜੇਹੜੇ ਏਸ ਬਚਨ ਤੇ ਚਲਣ ਜੀ । ਬੇਬੇ ਠਾਕਰੀ ਦੇਹ ਕਰਕੇ ਪਾਤਸ਼ਾਹ ਦਾ ਬੜਾ ਪ੍ਰੇਮ ਕਰਦੀ ਸੀ । ਅਗਲੇ ਦਿਨ ਦੇਵੀ ਦਾ ਦਿਹਾੜਾ ਸੀ ਜੋਤ ਜਗੌਣ ਦਾ । ਬੀਬੀ ਠਾਕਰੀ ਦੇਵੀ ਦੇਵਤੇ ਵੀ ਮੰਨਦੀ ਤੇ ਪੂਜਦੀ ਸੀ । ਦਿਲ ਵਿਚ ਆਖਣ ਲੱਗੀ ਮੈਂ ਜੋਤ ਜਗੌਣੀ ਹੈ, ਬਾਬੇ ਮਨੀ ਸਿੰਘ ਘਰ ਆਏ ਹਨ । ਮੈਂ ਕਿਸ ਤਰ੍ਹਾਂ ਕਰਾਂ । ਬਾਬੇ ਮਨੀ ਸਿੰਘ ਨੂੰ ਇਕ ਅੰਦਰ ਪਲੰਘ ਡਾਹ ਦਿਤਾ ਤੇ ਆਪ ਚੌਕੇ ਵਿਚ ਲੱਗ ਪਈ ਜੀ । ਦਿਲ ਵਿਚ ਦਲੀਲ ਕੀਤੀ ਕਿ ਮੈਂ ਬਾਬੇ ਹੋਰਾਂ ਲਈ ਪਰਸ਼ਾਦ ਕਰਨਾ ਤਾਂ ਹੈ ਪਹਿਲੋਂ ਜੋਤ ਜਗਾ ਲਊਂ । ਏਧਰ ਸੱਚੇ ਪਿਤਾ ਅੰਤਰਜਾਮੀ ਦਿਲ ਦੀਆਂ ਜਾਨਣ ਵਾਲੇ ਘਵਿੰਡ ਗੁਰਮੁਖ ਸਿੰਘ ਨਾਲ ਬਚਨ ਕਰਦੇ ਹਨ ਕਿ ਗੁਰਮੁਖ ਸਿੰਘ ਚਲ ਘੋੜੇ ਤੇ ਕਾਠੀ ਪਾ, ਗਾਗੇ ਚਲਾਏ । ਬੀਬੀ ਠਾਕਰੀ ਦੀ ਤੈਨੂੰ ਅੱਜ ਚੋਰੀ ਫੜ ਕੇ ਵਖਾਈਏ । ਜਿਸ ਵਕਤ ਓਧਰ ਬੀਬੀ ਠਾਕਰੀ ਜੋਤ ਜਗਾ ਕੇ ਮੱਥਾ ਟੇਕ ਕੇ ਅੰਦਰੋਂ ਬਾਹਰ ਨਿਕਲੀ ਹੈ, ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਾਹਰਲੇ ਦਰਵਾਜੇ ਵਿਚ ਆ ਗਏ ਹਨ । ਬੇਬੇ ਠਾਕਰੀ ਛੇਤੀ ਛੇਤੀ ਅੰਦਰ ਪਰਾਤ ਥੱਲੇ ਜੋਤ ਵਾਲੀ ਥਾਲੀ ਲੁਕਾ ਦਿਤੀ ਹੈ ਜੀ । ਸੱਚੇ ਪਾਤਸ਼ਾਹ ਤੇ ਗੁਰਮੁਖ ਸਿੰਘ ਵੀ ਘੋੜਾ ਬੰਨ੍ਹ ਕੇ ਸਿੱਧੇ ਅੰਦਰ ਚਲੇ ਗਏ ਹਨ ਜੀ । ਬੇਬੇ ਠਾਕਰੀ ਉਠ ਕੇ ਨਿਮਸਕਾਰ ਕੀਤੀ ਤੇ ਬੜੀ ਖ਼ੁਸ਼ ਹੋਈ । ਆਖਣ ਲੱਗੀ ਬੜੀ ਦਇਆ ਕੀਤੀ ਜੇ, ਬਾਬੇ ਹੋਰੀਂ ਵੀ ਆਏ ਹਨ ਤੇ ਤੁਸਾਂ ਵੀ ਦਰਸ਼ਨ ਦਿਤੇ ਹਨ ਜੀ । ਮੈਂ ਪਰਸ਼ਾਦ ਬਾਬੇ ਹੋਰਾਂ ਲਈ ਕਰ ਕੇ ਰੱਖਿਆ ਹੈ, ਤੇ ਤੁਸੀਂ ਵੀ ਭੋਗ ਲਗਾਓ ਤੇ ਪਰਵਾਨ ਕਰੋ ਜੀ । ਸੱਚੇ ਪਾਤਸ਼ਾਹ ਦਿਲਾਂ ਦੀਆਂ ਜਾਨਣ ਵਾਲੇ ਹੱਸ ਕੇ ਬਚਨ ਕਰਦੇ ਹਨ । ਠਾਕਰੀਏ ਅੱਜ ਜੋਤ ਤਾਂ ਨਹੀਂ ਜਗਾਈ । ਬੇਬੇ ਠਾਕਰੀ ਬਚਨ ਕਰਦੀ ਹੈ ਨਹੀਂ ਸੱਚੇ ਪਾਤਸ਼ਾਹ, ਮੈਂ ਤਾਂ ਬਾਬੇ ਹੋਰਾਂ ਲਈ ਪਰਸ਼ਾਦ ਕੀਤਾ ਹੈ । ਜੋਤ ਜਗਾ ਕੇ ਮੈਂ ਕੀ ਕਰਨੀ ਸੀ । ਸੱਚੇ ਪਿਤਾ ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ ਨੇ ਦਬਾ ਦਬ ਅੰਦਰ ਜਾ ਕੇ ਪਰਾਤ ਚੁਕ ਕੇ ਥਾਲੀ ਕੱਢ ਲਈ ਤੇ ਆਖਣ ਲੱਗੇ ਵੇਖ ਗੁਰਮੁਖ ਸਿੰਘ ਠਾਕਰੀ ਜੋਤ ਜਗਾ ਕੇ ਸਾਥੋਂ ਡਰਦੀ ਨੇ ਲੁਕਾ ਛੱਡੀ ਹੈ । ਗੁਰਮੁਖ ਸਿੰਘ ਉਠ ਕੇ ਨਿਮਸਕਾਰ ਕੀਤੀ ਤੇ ਕਿਹਾ ਸੱਚੇ ਪਿਤਾ ਸਹੰਸਰ ਮੁਖ ਸ਼ੇਸ਼ ਨਾਗ ਦੇ ਹਨ ਓਹ ਵੀ ਤੁਹਾਡੀ ਉਸਤਤ ਨਹੀਂ ਕਰ ਸਕਦੇ ਮੈਂ ਕੀ ਕਰ ਸਕਦਾ ਹਾਂ । ਤੁਸਾਂ ਤਾਂ ਘਰੋਂ ਤੁਰਨ ਲੱਗਿਆਂ ਬਚਨ ਕੀਤਾ ਸੀ ਕਿ ਅਸਾਂ ਠਾਕਰੀ ਦੀ ਚੋਰੀ ਫੜਨੀ ਹੈ । ਬੀਬੀ ਠਾਕਰੀ ਗਲ ਵਿਚ ਪੱਲਾ ਪਾ ਕੇ ਨਿਮਸਕਾਰ ਕਰ ਕੇ ਭੁੱਲ ਬਖ਼ਸ਼ੌਂਦੀ ਹੈ ਤੇ ਬੇਨੰਤੀ ਕਰਦੀ ਹੈ ਕਿ ਬਾਬੇ ਮਨੀ ਸਿੰਘ ਨੂੰ ਨਾ ਦੱਸਿਓ ਜੇ ਕਿਤੇ ਮੇਰੀ ਲਿਖਾਈ ਨਾ ਕਰ ਦੇਣ ਜੀ । ਪਾਤਸ਼ਾਹ ਬੇਨੰਤੀ ਮੰਨ ਲਈ । ਸੱਚੇ ਪਿਤਾ ਦਾ ਬਚਨ ਸਤਿ ਕਰ ਕੇ ਮੰਨਣਾ ਚਾਹੀਦਾ ਹੈ ਜੀ । ਸੱਚੇ ਪਾਤਸ਼ਾਹ ਦਾ ਥਾਲ ਲਗਾ ਕੇ ਪਰਸ਼ਾਦ ਛਕਾਇਆ ਗਿਆ ਜੀ । ਪਰਸ਼ਾਦ ਛਕ ਕੇ ਫੇਰ ਸੱਚੇ ਪਾਤਸ਼ਾਹ ਸੰਗਤ ਸਮੇਤ ਭੰਗਾਲੀ ਪਿੰਡ ਨੂੰ ਚਲੇ ਜਾਂਦੇ ਹਨ । ।

## ❊ ਭੰਗਾਲੀ ਪਿੰਡ ਦੇ ਸਿਖਾਂ ਦੀ ਸਾਖੀ ❊

ਭੰਗਾਲੀ ਪਿੰਡ ਵਿਚ ਸੱਚੇ ਪਿਤਾ ਬਹੁਤ ਦਿਨ ਰਹਿੰਦੇ ਹੁੰਦੇ ਸਨ । ਕੁਕੜ ਕਬੂਤਰਾਂ ਦਾ ਪ੍ਰੇਮ ਕਰ ਕੇ ਦਿਲ ਲੱਗਾ ਰਹਿੰਦਾ ਸੀ ਜੀ । ਜਿਸ ਵਕਤ ਭੰਗਾਲੀ ਜਾਣਾ, ਬਰਕੀ ਵਾਲੀ ਸੰਗਤ ਨੂੰ ਵੀ ਬੜਾ ਪ੍ਰੇਮ ਸੀ । ਓਹ ਵੀ ਸਾਰੇ ਭੰਗਾਲੀ ਦਰਸ਼ਨ ਕਰਨ ਆ ਜਾਂਦੇ । ਰਾਤ ਦਿਨ ਸ਼ਬਦ ਬਾਣੀ ਦੀ ਘਨਘੋਰ ਰਹਿੰਦੀ ਸੀ । ਮਸਤਾਨੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਬੜੇ ਸੋਂਹਦੇ ਸਨ ਜੀ । ਜਿਸ ਜਗਾ ਤੇ ਬਾਬੇ ਮਨੀ ਸਿੰਘ ਹੋਰੀਂ ਤੇ ਪਾਤਸ਼ਾਹ ਬੈਠੇ ਹੋਣ ਮਸਤਾਨੇ ਬੜੇ ਹੁੰਦੇ ਸੀ । ਜਿਸ ਤਰ੍ਹਾਂ ਸ਼ਬਦ ਹੈ ਕਿ ਧਰਤੀ ਨੂੰ ਭਾਗ ਲਗ ਗਏ ਜਿਥੇ ਬੈਠ ਗਏ ਕਲਗੀਆਂ ਵਾਲੇ । ਐਨੀ ਦਇਆ ਸੱਚੇ ਪਾਤਸ਼ਾਹ ਮਸਤਾਨਿਆਂ ਤੇ ਕਰਦੇ ਸਨ ਕਿ ਮਸਤਾਨਿਆਂ ਨੇ ਕੋਠੇ ਤੇ ਛਾਲਾਂ ਮਾਰ ਕੇ ਚੜ੍ਹ ਜਾਣਾਂ ਤੇ ਕੋਠੇ ਤੋਂ ਹੇਠਾਂ ਛਾਲਾਂ ਮਾਰ ਦੇਣੀਆਂ । ਤੱਤੀਆਂ ਲੋਹਾਂ ਤੇ ਲੇਟਦਿਆਂ ਲੇਟਦਿਆਂ ਚੜ੍ਹ ਜਾਣਾਂ ਜੀ ਤੇ ਲੋਹਾਂ ਅੱਗੇ ਕੋਲੇ ਅੱਗ ਦੇ ਖਿਲਰੇ ਹੋਣੇ ਤੇ ਬੁਕ ਭਰ ਭਰ ਕੇ ਸਿਰ ਵਿਚ ਪਾ ਲੈਣੇ । ਸੱਚੇ ਪਾਤਸ਼ਾਹ ਨੇ ਦੇਖ ਕੇ ਬੜਾ ਖ਼ੁਸ਼ ਹੋਣਾ ਤੇ ਮਸਤਾਨਿਆਂ

ਨੂੰ ਕਿਤੇ ਰੱਤੀ ਸੱਟ ਨਾ ਲੱਗਣ ਦੇਣੀ ਜੀ । ਸੱਚੇ ਪਿਤਾ ਮਸਤਾਨਿਆਂ ਨੂੰ ਐਨੀ ਸੁਰਤ ਦਿਤੀ ਸੀ ਕਿ ਸਭ ਜੰਗਲ ਤੇ ਪਹਾੜ ਨਜ਼ਰ ਔਂਦੇ ਹਨ । ਜੰਗਲ ਦੇ ਜਾਨਵਰ ਓਸੇ ਤਰ੍ਹਾਂ ਨਜ਼ਰ ਆ ਰਹੇ ਹਨ ਜੀ । ਜੋ ਦੁਨੀਆਂ ਤੇ ਭੁੱਖ ਦੁੱਖ ਵਰਤਣੇ ਹਨ ਸਭ ਨਜ਼ਰ ਆ ਰਹੇ ਹਨ । ਜੋ ਮਾਝੇ ਦੇਸ਼ ਦੀ ਹਾਲਤ ਹੋਣੀ ਹੈ ਸਭ ਮਸਤਾਨਿਆਂ ਨੂੰ ਨਜ਼ਰ ਆ ਰਹੀ ਹੈ ਜੀ । ਏਹ ਭੰਗਾਲੀ ਵਿਚ ਸੱਚੇ ਪਾਤਸ਼ਾਹ ਰਚਨਾ ਰਚੀ ਸੀ । ਫੇਰ ਗੁਰਮੁਖ ਸਿੰਘ ਤੇ ਸੱਚੇ ਪਾਤਸ਼ਾਹ ਘਵਿੰਡ ਪਿੰਡ ਨੂੰ ਆ ਗਏ ਹਨ ਜੀ । ਪ੍ਰੀ ਪੂਰਨ ਮਹਾਰਾਜ ਸ਼ੇਰ ਸਿੰਘ ਦੀ ਮਹਿੰਮਾ ਨੂੰ ਕੋਈ ਨਹੀਂ ਜਾਣ ਸਕਦਾ, ਜਿਸ ਨੂੰ ਜਣਾਵੇ ਸੋ ਜਨ ਜਾਣੇ ।।

## ❊ ਸਾਖੀ ਪਠਾਣਕਿਆਂ ਦੇ ਦੇਵਾ ਸਿੰਘ ਤੇ ਉਸ ਦੇ ਪੁੱਤਰ ਬਹਾਦਰ ਸਿੰਘ ਦੀ ❊

ਇਕ ਦਿਨ ਦਾ ਬਚਨ ਹੈ ਕਿ ਦੇਵਾ ਸਿੰਘ ਪਠਾਣਕਿਆਂ ਦਾ ਸਿਖ ਸੀ । ਉਸ ਦਾ ਪੁੱਤਰ ਬਹਾਦਰ ਸਿੰਘ ਨੰਬਰਦਾਰ ਸੀ ਜੀ । ਪਠਾਣਕਿਆਂ ਦਾ ਮਾਮਲਾ ਤਾਰਨ ਲਹੌਰ ਸ਼ਹਿਰ ਚਲਿਆ ਹੈ । ਅੱਗੇ ਰਸਤੇ ਵਿਚ ਕਾਨੇ ਤੇ ਝਾੜੀਆਂ ਹਨ ਤੇ ਓਥੇ ਚੋਰ ਲੁਕ ਕੇ ਬੈਠੇ ਹਨ ਜੀ । ਬਹਾਦਰ ਸਿੰਘ ਦੇ ਪਿਛੇ ਪੈ ਗਏ । ਓਸ ਵਕਤ ਬਹਾਦਰ ਸਿੰਘ ਸਿਖ ਸੱਚੇ ਪਾਤਸ਼ਾਹ ਅੱਗੇ ਬੇਨੰਤੀ ਕਰਦਾ ਹੈ ਸੱਚੇ ਪਿਤਾ ਐਸ ਵਕਤ ਮੇਰੇ ਗਰੀਬ ਤੇ ਦਇਆ ਕਰ ਕੇ ਮੈਨੂੰ ਬਚਾ । ਸੱਚੇ ਪਾਤਸ਼ਾਹ ਨੇ ਸਿਖ ਦੀ ਅਖਿਆਈ ਵੇਖ ਕੇ, ਝੱਟ ਠਾਣੇਦਾਰ ਦਾ ਰੂਪ ਧਾਰ ਕੇ, ਘੋੜੇ ਤੇ ਚੜ੍ਹੇ ਆ ਰਹੇ ਹਨ । ਚੋਰ ਉਨ੍ਹਾਂ ਨੂੰ ਵੇਖ ਕੇ ਭੱਜ ਗਏ ਹਨ ਜੀ । ਬਹਾਦਰ ਸਿੰਘ ਨਾਲ ਦੋ ਮੀਲ ਤੁਰੇ ਗਏ ਹਨ ਤੇ ਫੇਰ ਝਾੜੀ ਦਾ ਓਹਲਾ ਕਰ ਕੇ ਅਲੋਪ ਹੋ ਗਏ ਹਨ । ਬਹਾਦਰ ਸਿੰਘ ਮਾਮਲਾ ਤਾਰ ਕੇ ਆਣ ਕੇ ਸਿਖਾਂ ਨਾਲ ਤੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਬੇਨੰਤੀ ਕਰ ਕੇ ਬਚਨ ਕਰਦਾ ਹੈ ਕਿ ਸਿਖੋ, ਧੰਨ ਹੈ ਮੇਰਾ ਪਿਤਾ ਜੇਹੜਾ ਜੂਹ ਜੰਗਲਾਂ ਤੇ ਪਹਾੜਾਂ ਤੇ ਉਜਾੜਾਂ ਵਿਚ ਵੀ ਸਿਖਾਂ ਦੇ ਅੰਗ ਸੰਗ ਹੋ ਕੇ ਸਹਾਇਤਾ ਕਰਦਾ ਹੈ ।।

ਬਹਾਦਰ ਸਿੰਘ ਦਾ ਬਾਪ ਦੇਵਾ ਸਿੰਘ ਪਾਤਸ਼ਾਹ ਦਾ ਬੜਾ ਪ੍ਰੇਮੀ ਸਿਖ ਸੀ । ਕਿਸੇ ਦੇ ਹੱਥ ਦਾ ਜਲ ਪਾਣੀ ਨਹੀਂ ਸੀ ਪੀਂਦਾ । ਆਪਣੀ ਹੱਥੀਂ ਨਹਿਰ ਤੋਂ ਜਲ ਲਿਆ ਕੇ ਛਕਦਾ ਸੀ । ਆਈ ਚੀਜ ਦੀ ਖ਼ੁਸ਼ੀ ਨਹੀਂ, ਤੇ ਗਈ ਦਾ ਸੋਗ ਨਹੀਂ । ਇਕ ਦਿਨ ਬਾਬੇ ਮਨੀ ਸਿੰਘ ਹੁਰੀਂ ਸਿਖਾਂ ਸਮੇਤ ਪਠਾਣਕੀਂ ਗਏ ਹਨ ਤੇ ਬਾਬਾ ਦੇਵਾ ਸਿੰਘ ਛੱਲੀਆਂ ਦਾ ਰਾਖਾ ਸੀ । ਬਹਾਦਰ ਸਿੰਘ ਬਾਬੇ ਮਨੀ ਸਿੰਘ ਨੂੰ ਮਕਈ ਦਾ ਪਰਸ਼ਾਦ ਕੀਤਾ । ਬਾਬੇ ਮਨੀ ਸਿੰਘ ਪਰਸ਼ਾਦ ਛੱਕਣ ਲਗੇ ਆਖਣ ਲਗੇ ਦੇਵਾ ਸਿੰਘ ਆ ਪਰਸ਼ਾਦ ਛਕ ਲੈ । ਦੇਵਾ ਸਿੰਘ ਆਖਣ ਲੱਗਾ, ਬਾਬਾ ਜੀ ਅਸੀਂ ਏਨ੍ਹਾਂ ਦੇ ਘਰੋਂ ਨਹੀਂ ਪਰਸ਼ਾਦ ਛਕਣਾ । ਏਹ ਸਾਰੇ ਭਿਟੜ ਹਨ ਤੇ ਤੁਸੀਂ ਵੀ ਏਨ੍ਹਾਂ ਨਾਲ ਲੱਗ ਕੇ ਭਿਟੜ ਹੋ ਗਏ ਜੇ ਸਿਖ ਆਖਣ ਲੱਗੇ ਬਾਬਾ ਜੀ, ਦੇਵਾ ਸਿੰਘ ਕੀ ਬਚਨ ਕਰਦਾ ਹੈ । ਮਨੀ ਸਿੰਘ ਆਖਣ ਲੱਗਾ ਸਿਖੋ ਏਹਨੂੰ ਸੱਚੇ ਪਾਤਸ਼ਾਹ ਏਸੇ ਤਰ੍ਹਾਂ ਵਖੌਂਦੇ ਹਨ । ਪਰਸ਼ਾਦ ਪਾਣੀ ਛਕ ਕੇ ਸਿੱਖ ਸ਼ਬਦ ਬਾਣੀ ਕਰ ਰਹੇ ਹਨ ਜੀ । ਥੋੜੇ ਜਹੇ ਦਿਨ ਰੈਂਹਦੇ ਨਾਲ ਬਾਬਾ ਮਨੀ ਸਿੰਘ ਜੰਗਲ ਗਏ ਹਨ ਤੇ ਫੇਰ ਦੇਵਾ ਸਿੰਘ ਕੋਲ ਆ ਬੈਠੇ ਹਨ ਜੀ । ਬਾਬਾ ਮਨੀ ਸਿੰਘ ਦੇਵਾ ਸਿੰਘ ਨੂੰ ਆਖਦੇ ਹਨ ਕਿ ਸਾਨੂੰ ਛੱਲੀਆਂ ਚਬਾ । ਦੇਵਾ ਸਿੰਘ ਆਖਿਆ ਬਾਬਾ ਜੀ ਛੱਲੀਆਂ ਮੇਰੀਆਂ ਨਹੀਂ, ਮੇਰੇ ਪੁੱਤਾਂ ਦੀਆਂ ਹਨ ਮੈਂ ਨਹੀਂ ਦੇ ਸਕਦਾ । ਮੇਰੇ ਪੁਤਾਂ ਦੀ ਕਮਾਈ ਆ । ਮੇਰੀ ਕਮਾਈ ਹੋਵੇ ਤੇ ਮੈਂ ਦੇ ਦਿਆਂ । ਬਾਬੇ ਮਨੀ ਸਿੰਘ ਹੱਸ ਕੇ ਬਚਨ ਕਰਦੇ ਹਨ ਕਿ ਦੇਵਾ ਸਿੰਘ ਤੂੰ ਕਾਂ ਨਹੀਂ ਉਡੌਂਦਾ । ਆਖਣ ਲਗਾ ਬਾਬਾ ਜੀ ਮੈਂ ਬੰਦਿਆਂ ਦਾ ਰਾਖਾ ਹਾਂ ਜਾਨਵਰਾਂ ਦਾ ਨਹੀਂ । ਏਹ ਕਰ ਕੁਛ ਨਹੀਂ ਸਕਦੇ ਤੇ ਖਾਣ ਕਿਥੋਂ । ਏਸੇ ਤਰ੍ਹਾਂ ਬਾਬੇ ਮਨੀ ਸਿੰਘ ਹੋਰੀਂ ਹੱਸ ਕੇ ਬਚਨ ਬਲਾਸ ਕਰਦੇ ਹਨ । ਦੇਵਾ ਸਿੰਘ ਮਸਤਾਨਾ ਸੀ ਤੇ ਉਸਨੂੰ ਸਚਿਆਈ ਨਜ਼ਰ ਔਂਦੀ ਸੀ । ਜਿਸ ਕਰਕੇ ਕੋਰੇ ਬਚਨ ਕਰਦਾ ਸੀ ।


ਇਕ ਦਿਨ ਦਾ ਬਚਨ ਹੈ ਕਿ ਬਹਾਦਰ ਸਿੰਘ ਦੇ ਘਰ ਪੁੱਤਰ ਹੋਇਆ ਹੈ । ਬਹਾਦਰ ਸਿੰਘ ਜਾ ਕੇ ਦੇਵਾ ਸਿੰਘ ਨੂੰ ਵਾਜ ਮਾਰ ਕੇ ਆਖਿਆ, ਬਾਪੂ ਤੇਰੇ ਘਰ ਪੋਤਰਾ ਹੋਇਆ ਹੈ । ਉਠ ਕੇ ਪਾਤਸ਼ਾਹ ਅੱਗੇ ਬੇਨੰਤੀ ਕਰ, ਰਾਜੀ ਖੁਸ਼ੀ ਰੱਖਣ । ਦੇਵਾ ਸਿੰਘ ਉਠ ਕੇ ਗਲ ਵਿਚ ਪੱਲਾ ਪਾ ਕੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ । ਸੱਚੇ ਪਾਤਸ਼ਾਹ ਕਾਕੇ ਨੇ ਤੁਹਾਡੇ ਹੁਕਮ ਅਨੁਸਾਰ ਜਨਮ ਲਿਆ ਹੈ ਤੇ ਹੇ ਦੀਨ ਦਿਆਲ ਜੇ ਤੇ ਤੇਰਾ ਭਗਤ ਹੈ, ਗੁਰ ਘਰ ਦਾ ਪ੍ਰੇਮੀ ਹੈ ਤੇ ਰਾਜ਼ੀ ਖ਼ੁਸ਼ੀ ਰਹੇ, ਤੇ ਵੱਡੀ ਸਾਰੀ ਉਮਰ ਹੋਵੇ । ਜੇ ਚੋਰ ਠੱਗ ਹੈ ਤੇ ਹੁਣੇ ਮਰ ਜਾਵੇ । ਏਸ ਬਚਨ ਦਾ ਘਰ ਦਿਆਂ ਨੂੰ ਬੜਾ ਗੁੱਸਾ ਲੱਗਾ ਤੇ ਬਹਾਦਰ ਸਿੰਘ ਆਖਣ ਲੱਗਾ ਬਾਪੂ ਚੰਗੀ ਬੇਨੰਤੀ ਕੀਤੀ ਹੈ । ਦੇਵਾ ਸਿੰਘ ਆਖਣ ਲਗਾ ਮੈਨੂੰ ਤਾਂ ਭਗਤਾਂ ਤੇ ਸੱਚੇ ਸਿਖਾਂ ਦਾ ਪਿਆਰ ਹੈ । ।

ਇਕ ਦਿਨ ਦਾ ਬਚਨ ਹੈ ਕਿ ਦੇਵਾ ਸਿੰਘ ਮਾਮਲਾ ਲੈ ਕੇ ਤਾਰਨ ਚਲਿਆ ਸੀ ਸ਼ਹਿਰ ਨੂੰ । ਜਿਸ ਵਕਤ ਤੁਰਨ ਲੱਗਾ, ਆਖਣ ਲੱਗਾ ਬਹਾਦਰ ਸਿੰਘ ਮੈਂ ਤਾਂ ਸੱਚੇ ਪਾਤਸ਼ਾਹ ਸੱਚੀ ਸਰਕਾਰ ਨੂੰ ਮਾਮਲਾ ਦੇਣਾ ਹੈ । ਝੂਠੀ ਸਰਕਾਰ ਨੂੰ ਨਹੀਂ ਦੇਣਾ ਜੀ । ਜਿਸ ਵਕਤ ਰੁਪੈ ਲੈ ਕੇ ਦੇਵਾ ਸਿੰਘ ਘਵਿੰਡ ਨੂੰ ਤੁਰ ਪਿਆ ਤੇ ਸਾਰੇ ਆਖਣ ਲੱਗੇ ਏਹਨੇ ਤਾਂ ਰੁਪਈਏ ਘਵਿੰਡ ਦੇ ਔਣੇ ਨੇ ਤੇ ਤੁਸੀਂ ਮਾਮਲਾ ਕਿਥੋਂ ਤਾਰੋਗੇ । ਮਗਰ ਮੋੜਨ ਵਾਸਤੇ ਗਏ ਤੇ ਦੇਵਾ ਸਿੰਘ ਨਰਾਜ਼ ਹੋ ਕੇ ਸਾਰੇ ਰੁਪੈ ਵਾਹਣ ਵਿਚ ਖਲਾਰ ਦਿਤੇ । ਕੁਛ ਚੁਗੇ ਤੇ ਕੁਛ ਗਵਾਚ ਗਏ । ਏਸ ਤਰ੍ਹਾਂ ਸੱਚੇ ਪਾਤਸ਼ਾਹ ਨੇ ਦੇਵਾਂ ਸਿੰਘ ਨੂੰ ਮਸਤਾਨਾ ਕੀਤਾ ਸੀ । ਓਹ ਸੱਚਾ ਬਚਨ ਕਰਦਾ ਸੀ ਤੇ ਲੋਕੀਂ ਕਮਲਾ ਆਂਦੇ ਸੀ । ।

## ✲ ਨਵੀਂ ਸਿਖੀ ਨੇ ਸੱਚੇ ਪਿਤਾ ਦੀ ਸ਼ਰਨੀ ਔਣਾ ✲

( ਹੁਣ ਤੇਜਾ ਸਿੰਘ ਸਿਖ ਦੇ ਅਖੀਂ ਵੇਖਣ ਦੀ ਸਾਖੀ ਹੈ । )

ਇਕ ਭੁਚਰ ਪਿੰਡ ਦਾ ਬਾਜ ਸਿੰਘ ਪਾਤਸ਼ਾਹ ਦਾ ਸਿਖ ਸੀ । ਹੋਰ ਵੀ ਸਿਖ ਭੁਚਰ ਵਿਚ ਸੀ । ਇਕ ਸੁਰਜਣ ਸਿੰਘ ਨਾਮ ਸੀ ਤੇ ਓਹ ਵੀ ਤੇਜਾ ਸਿੰਘ ਦੇ ਨਾਲ ਹੀ ਸ਼ਰਨ ਲੱਗਾ ਸੀ । ਸੱਚੇ ਪਾਤਸ਼ਾਹ ਦੀ ਸੇਵਾ ਕਰਨ ਦੀ ਬਾਜ ਸਿੰਘ ਨੂੰ ਬੁਧ ਸੀ । ਇਕ ਝੰਡਾ ਸਿੰਘ ਸਿੱਖ ਸੀ ਤੇ ਓਸ ਦੁਧ ਲਿਔਣਾ ਤੇ ਸੰਤਾਂ ਨੂੰ ਮੁਲ ਦੇ ਜਾਣਾ ਜੀ । ਈਸ਼ਰ ਦੀ ਸੇਵਾ ਦੀ ਬਾਜ ਸਿੰਘ ਤੇ ਮਾਣਾ ਸਿੰਘ ਨੂੰ ਸਾਰ ਸੀ ਜਾਂ ਸੁਰਜਣ ਸਿੰਘ ਨੂੰ ਪ੍ਰੇਮ ਸੀ । ਉਸਨੇ ਘਰ ਖੜ ਕੇ ਸੰਤਾਂ ਨੂੰ ਪਰਸ਼ਾਦ ਛਕਾਇਆ ਸੀ । ਸੁਰਜਣ ਸਿੰਘ ਨੂੰ ਚੁਤਾਲੀਂ ਜਾ ਕੇ ਸੱਚੇ ਪਾਤਸ਼ਾਹ ਸਾਰੀ ਧਾਰਨ ਦੱਸੀ ਸੀ ਕਿ ਸਿਖੀ ਵਿਚ ਐਸ ਤਰ੍ਹਾਂ ਨਿਰਮਾਣ ਰਹਿਣ ਦੀ ਲੋੜ ਹੈ ਜੀ । ਸੁਰਜਣ ਸਿੰਘ ਨੂੰ ਸੱਚੇ ਪਾਤਸ਼ਾਹ ਚਰਨਾਂ ਦਾ ਇਤਕਾਂਤ ਬਹੁਤ ਬਖ਼ਸ਼ਿਆ ਹੈ ਪਰ ਉਸਦੇ ਭਾਗਾਂ ਵਿਚ ਮਾਇਆ ਦੀ ਸੇਵਾ ਘੱਟ ਸੀ । ਉਸਦੇ ਘਰੋਂ ਜੇਹੜੀ ਜਨਾਨੀ ਸੀ, ਉਸ ਨੂੰ ਪ੍ਰੇਮ ਨਹੀਂ ਸੀ । ਏਸ ਕਰਕੇ ਸੇਵਾ ਘਟ ਹੁੰਦੀ ਸੀ । ਸੱਚੇ ਪਿਤਾ ਉਸ ਵਕਤ ਬਾਈ ਬਾਲ ਦੀ ਉਮਰ ਵਿਚ ਸਨ । ੨੧ ਸਾਲ ਤੋਂ ਪੁਰਾਣੀ ਸਿਖੀ ਦੀ ਸੇਵਾ ਬੰਦ ਹੋ ਗਈ ਹੈ, ਨਵੀਂ ਸਿਖੀ ਸੇਵਾ ਕਰੇਗੀ, ਏਹ ਬਾਬੇ ਮਨੀ ਸਿੰਘ ਦਾ ਬਚਨ ਹੈ । ਮਾਣਾ ਸਿੰਘ ਭੁਚਰ ਵਾਲਾ, ਸੁੰਦਰ ਸਿੰਘ ਬੁਗਿਆ ਵਾਲਾ, ਗੁਜਰ ਸਿਘ ਦਬੁਰਜੀ ਦਾ, ਬੁਧ ਸਿੰਘ ਬਾਲੇ ਚੱਕ ਦਾ, ਚੇਤ ਸਿੰਘ ਬਾਲੇ ਚੱਕ ਦਾ, ਹਰਨਾਮ ਸਿੰਘ ਬਾਲੇ ਚੱਕ ਦਾ, ਆਸਾ ਸਿੰਘ ਮਜ਼੍ਹਬੀ ਸਿਖ ਬਾਲੇ ਚੱਕ ਦਾ, ਗੁਜਰ ਸਿੰਘ ਮਜ਼੍ਹਬੀ ਸਿਖ ਤੋੜੇ ਦਾ, ਲਾਭ ਸਿੰਘ ਮਜ਼੍ਹਬੀ ਸਿਖ ਤੋੜੇ ਦਾ, ਇੰਦਰ ਸਿੰਘ



ਬੈਠੇ ਖੱਬੇ ਤੋਂ ਸੱਜੇ :
ਚੇਤ ਸਿੰਘ ਕਲਸੀ, ਸੁੰਦਰ ਸਿੰਘ ਘਵਿੰਡ, ਬਾਜ ਸਿੰਘ, ਮਹਾਰਾਜ ਸ਼ੇਰ ਸਿੰਘ (ਕੁਰਸੀ ਉਪਰ) ਸੁੰਦਰ ਸਿੰਘ ਬੁਘਾ, ਬਾਬਾ ਰੰਗਾ ਸਿੰਘ,

ਖੜੇ ਖੱਬੇ ਤੋਂ ਸੱਜੇ :
ਬੁਧ ਸਿੰਘ ਬਾਲੇ ਚੱਕ, ਗੁਰਦਿਤ ਸਿੰਘ, ਤੇਜਾ ਸਿੰਘ ਆਤਮਾ ਸਿੰਘ, ਜੀਵਨ ਸਿੰਘ

ਝੁਬਾਲ ਦਾ ਰਾਮਗੜ੍ਹੀਆ ਸਿਖ, ਲਾਭ ਸਿੰਘ ਕੰਗ ਕੱਲੇ ਦਾ । ਪਾਲ ਸਿੰਘ, ਆਤਮਾ ਸਿੰਘ, ਜੀਉਣ ਸਿੰਘ ਤੇ ਪ੍ਰੀਤਮ ਸਿੰਘ ਜੇਠੂਵਾਲ ਦੇ, ਚਾਰੇ ਘਰ ਤੋਂ ਸਕੇ ਭਰਾ ਸੱਚੇ ਪਾਤਸ਼ਾਹ ਦੇ ਸੇਵਕ ਸਨ । ਨੱਥਾ ਸਿੰਘ ਰਾਮਗੜ੍ਹੀਆਂ ਸਤਾਈ ਚੱਕ ਦਾ, ਬੁਧ ਸਿੰਘ ਨਾਗੋਕਿਆਂ ਦਾ, ਹੇਮ ਸਿੰਘ ਸਤਾਈ ਚੱਕ ਦਾ ਸੋਹਣ ਸਿੰਘ ਮਾਸਟਰ ੨੬ ਚੱਕ ਦਾ, ਰਤਨ ਸਿੰਘ ਲੁਧਿਆਣੇ ਜ਼ਿਲਾ ਆਲਮਗੀਰ ਦਾ, ਬੱਗਾ ਸਿੰਘ ਆਲਮਗੀਰ ਦਾ, ਛੀਂਬੇ ਸਿਖ ਹਨ ਦੋਵੇਂ ਭਰਾ ਆਲਗੀਰ ਵਾਲੇ । ਸੰਤਾਂ ਸਿੰਘ ਭੰਡਾਲਾਂ ਦਾ ਛੀਂਬਾ ਸਿਖ, ਪਾਲ ਸਿੰਘ ਲਲੀਆਂ ਦਾ, ਗੁਰਬਚਨ ਸਿੰਘ ਐਹਿਮਦ ਪੁਰ ਦਾ, ਅਤਰ ਸਿੰਘ ਲਿਧੜਾਂ ਦਾ, ਕਿਸ਼ਨ ਸਿੰਘ, ਭਾਗ ਸਿੰਘ ਭੰਡਾਲਾਂ ਦੇ ਜ਼ਿਮੀਦਾਰ ਸਿਖ, ਬਸੰਤਾ ਸਿੰਘ ਭੰਡਾਲਾ ਦਾ, ਬਿਸ਼ਨ ਸਿੰਘ ਨੂਰਪੁਰ ਦਾ, ਗੁਰਦੇਸੋ ਸਿੰਘ ਨੂਰਪੁਰ ਦਾ, ਨਥਾ ਸਿੰਘ ਬੜੁਖਿਆਂ ਦਾ, ਗੰਡੇਸਾ ਸਿੰਘ ਕੋਟ ਪਿੰਡ ਦਾ । ਏਨੇ ਸਿਖ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਨਵੀਂ ਸਿਖੀ ਚਰਨੀ ਲਗੇ ਹਨ । ਏਨ੍ਹਾਂ ਸਿਖਾਂ ਦੀ ਸਾਖੀ ਹੁਣ ਅੱਗੇ ਸੱਚੇ ਪਾਤਸ਼ਾਹ ਦੀ ਦਇਆ ਨਾਲ ਲਿਖੀ ਜਾ ਰਹੀ ਹੈ । ।

## ❊ ਸੁੰਦਰ ਸਿੰਘ ਤੇ ਉਸ ਦੇ ਕੁੜਮ ਦਬੁਰਜੀ ਵਾਲੇ ਦੀ ਸਾਖੀ ❊

ਵਿਸਾਖ ਮਹੀਨੇ ਵਿਚ ਸੁੰਦਰ ਸਿੰਘ ਬੁਗਿਆਂ ਵਾਲਾ ਸੱਚੇ ਪਾਤਸ਼ਾਹ ਦੇ ਦਰਸ਼ਨਾਂ ਨੂੰ ਤਿਆਰ ਹੋਇਆ ਹੈ । ਸੁੰਦਰ ਸਿੰਘ ਦੀ ਧੀ ਦਬੁਰਜੀ ਵਿਆਹੀ ਹੋਈ ਸੀ ਤੇ ਉਸ ਬੀਬੀ ਦਾ ਸੌਹਰਾ ਬੁੱਗੀਂ ਆਇਆ ਸੀ । ਬਚਨ ਸੁਣ ਕੇ ਸੁੰਦਰ ਸਿੰਘ ਨੂੰ ਆਖਣ ਲਗਾ, ਭਾਈਆ ਮੈਨੂੰ ਵੀ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਾ ਦੇ । ਸੁੰਦਰ ਸਿੰਘ ਆਖਿਆ ਚੰਗਾ ਜੀ । ਫੇਰ ਦੋਵੇਂ ਜਣੇ ਤੁਰ ਪਏ ਹਨ ਜੀ । ਸੁੰਦਰ ਸਿੰਘ ਦੇ ਕੁੜਮ ਦੀ ਅੱਸੀ ਸਾਲ ਦੀ ਉਮਰ ਸੀ । ਸੁੰਦਰ ਸਿੰਘ ਘੋੜੀ ਤੇ ਚੜ੍ਹਾ ਕੇ ਪਿੰਡ ਘਵਿੰਡ ਲਿਆਇਆ ਹੈ । ਔਦਿਆਂ ਨੂੰ ਘਰ ਦੁਪੈਹਰ ਆ ਗਈ । ਸੱਚੇ ਪਾਤਸ਼ਾਹ ਖੇਤ ਗਏ ਹੋਏ ਸਨ । ਤੇ ਓਹ ਘਰੋਂ ਹੋ ਕੇ ਸਿਧੇ ਖੇਤ ਆ ਗਏ ਹਨ ਜੀ । ਅੱਗੇ ਔਦਿਆਂ ਨੂੰ ਸਿਖ ਵਾਢੀ ਕਰ ਰਹੇ ਹਨ । ਸੱਚੇ ਪਾਤਸ਼ਾਹ ਸੂਏ ਤੇ ਅਸ਼ਨਾਨ ਕਰਕੇ ਬੈਠੇ ਹਨ ਸੁੰਦਰ ਸਿੰਘ ਤੇ ਉਸ ਦੇ ਕੁੜਮ ਨੇ ਪਰਕਰਮਾਂ ਕੀਤੀਆਂ ਨਿਮਸਕਾਰ ਕੀਤੀ ਤੇ ਦਰਸ਼ਨ ਕਰਕੇ ਨਿਹਾਲੋ ਨਿਹਾਲ ਹੋਏ ਜੀ । ਸੁੰਦਰ ਸਿੰਘ ਵੀ ਸੇਵਾ ਵਿਚ ਲਗ ਪਿਆ ਤੇ ਉਸ ਦਾ ਕੁੜਮ ਵੀ ਦਾਤਰੀ ਫੜ ਕੇ ਸੇਵਾ ਵਿਚ ਲਗ ਪਿਆ ਜੀ । ਬਿਰਧ ਬਹੁਤ ਹੈ । ਵਾਡੀ ਨਹੀਂ ਹੁੰਦੀ, ਲਗ ਪਿਆ ਹੈ । ਸਿਖ ਸਾਰੇ ਆਂਦੇ ਹਨ ਬਾਬਾ ਤੂੰ ਬੈਠ ਜਾ ਬਿਰਧ ਹੈਂ । ਓਹ ਸਿਖ ਅੱਗੋਂ ਬਚਨ ਕਰਦਾ ਹੈ, ਸਿਖੋ ਮੇਰੀ ਸਾਰੀ ਉਮਰ ਐਵੇਂ ਬਿਰਥਾ ਜਾਂਦੀ ਰਹੀ ਹੈ । ਹੁਣ ਸੱਚੇ ਪਾਤਸ਼ਾਹ ਪ੍ਰੀ ਪੂਰਨ ਪਰਮੇਸ਼ਵਰ ਦੇ ਦਰਸ਼ਨ ਹੋਏ ਹਨ ਜੀ । ਥੋੜਾ ਚਿਰ ਲੱਗਾ ਰਿਹਾ ਤੇ ਫੇਰ ਸੱਚੇ ਪਾਤਸ਼ਾਹ ਦਇਆ ਕੀਤੀ ਤੇ ਵਾਜ ਮਾਰ ਲਈ । ਆਖਣ ਲੱਗੇ, ਬਾਬਾ, ਆ ਜਾ ਤੇਰੀ ਸੇਵਾ ਪਰਵਾਨ ਕਰ ਲਈ ਹੈ । ਥੋੜੇ ਦਿਨ ਸੇਵਾ ਕਰ ਕੇ ਫੇਰ ਘਰ ਨੂੰ ਵਾਪਸ ਚਲੇ ਗਏ ਹਨ । ਉਸ ਬੁਢੜੇ ਦੇ ਪੁੱਤਾਂ ਪੋਤਿਆਂ ਨੇ ਗਵਾਲੀਅਰ ਪੈਲੀ ਲਈ ਹੋਈ ਸੀ । ਬੁਢੜਾ ਵੀ ਥੋੜੇ ਦਿਨ ਬਾਅਦ ਗਵਾਲੀਅਰ ਚਲਾ ਗਿਆ । ਓਥੇ ਜਾ ਕੇ ਆਪਣੇ ਬੰਸ ਨਾਲ ਬਚਨ ਕਰਦਾ ਹੈ, ਕਿ ਮੈਂ ਤਾਂ ਨਿਹਕਲੰਕ ਪ੍ਰੀ ਪੂਰਨ ਪਰਮੇਸ਼ਵਰ ਦੇ ਦਰਸ਼ਨ ਕਰ ਕੇ ਆਇਆ ਹਾਂ । ਤੁਸੀਂ ਵੀ ਜਾਓ ਤੇ ਜਾ ਕੇ ਸੁੰਦਰ ਸਿੰਘ ਨੂੰ ਬੁਗਿਆਂ ਤੋਂ ਨਾਲ ਲੈ ਕੇ ਪ੍ਰੀ ਪੂਰਨ ਦੇ ਦਰਸ਼ਨ ਕਰੋ ਤੇ ਆਪਣਾ ਜਨਮ ਸੁਫਲਾ ਕਰੋ ਜੀ । ਫੇਰ ਉਸ ਦਾ ਪੋਤਰਾ ਗੁਜਰ ਸਿੰਘ ਸੱਚੇ ਪਾਤਸ਼ਾਹ ਦੇ ਦਰਸ਼ਨਾਂ ਨੂੰ ਆਇਆ ਹੈ । ਹਾੜ ਦਾ ਮਹੀਨਾ ਹੈ ਤੇ ਔਦਾ ਹੋਇਆ ਚਾਰ ਪੀਪੇ ਘਿਉ ਦੇ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਲਿਆਇਆ ਹੈ ਜੀ । ਆਣ ਕੇ ਸੱਚੇ ਪਾਤਸ਼ਾਹ ਦੇ ਦਰਸ਼ਨ ਕੀਤੇ ਹਨ ਤੇ ਆਪਣਾ ਜਨਮ ਸੁਫਲਾ ਕੀਤਾ ਹੈ ਜੀ । ਦਰਸ਼ਨ ਕਰ ਕੇ ਘਵਿੰਡ ਸੱਚੇ ਪਾਤਸ਼ਾਹ ਦਾ, ਫੇਰ ਬੜੁਖੀਂ ਬਾਬੇ ਮਨੀ ਸਿੰਘ ਦੇ ਦਰਸ਼ਨ ਕਰਨ ਤੁਰ ਪਿਆ ਹੈ ਜੀ । ਜਿਸ ਵਕਤ ਬੜੁਖੀਂ ਗਿਆ ਹੈ ਤੇ ਜਾਂਦਿਆਂ ਨੂੰ ਸੱਚੇ ਪਾਤਸ਼ਾਹ ਦੀ ਸੰਗਤ ਤੇ ਬਾਬਾ ਮਨੀ ਸਿੰਘ ਸ਼ਬਦ ਬਾਣੀ ਕਰ ਰਹੇ ਹਨ । ਮਸਤਾਨੇ ਖੇਡ ਰਹੇ ਹਨ । ਜਿਸ ਵਕਤ ਗੁਜਰ ਸਿੰਘ ਸੰਗਤ

ਵਿਚ ਜਾ ਕੇ ਅਜੇ ਬੈਠਾ ਸੀ ਉਸ ਨੂੰ ਪਕੜ ਹੋ ਗਈ । ਮੱਛੀ ਵਾਗੂੰ ਭੌਂ ਤੇ ਤੜਫਣ ਲਗ ਪਿਆ । ਮਹਾਰਾਜ ਹੋਰੀਂ ਮਾਝੇ ਦੇਸ ਵਿਚ ਘਵਿੰਡ ਬੈਠੇ ਹਨ । ਤੇ ਬੜੂਖੀਂ ਸੰਗਰੂਰ ਰਿਆਸਤ ਵਿਚ ਸਿਖ ਨੂੰ ਪਕੜ ਹੋ ਗਈ ਹੈ । ਫੇਰ ਬਾਬੇ ਮਨੀ ਸਿੰਘ ਨੂੰ ਜਿਸ ਤਰ੍ਹਾਂ ਸੱਚੇ ਪਾਤਸ਼ਾਹ ਵਖਾਇਆ, ਸਿਖ ਨੂੰ ਬਚਨ ਦੱਸਦੇ ਹਨ ਕਿ ਸਿਖਾ ਸੰਗਤ ਦੇ ਜੋੜਿਆਂ ਵਿਚ ਖਲੋ ਜਾ ਤੇ ਭੁਲਾਂ ਬਖ਼ਸ਼ਾਂ ਲਾ । ਸੱਚੇ ਪਾਤਸ਼ਾਹ ਤੇਰੇ ਸਿਰ ਤੇ ਟੋਕਰਾ ਬੱਕਰਿਆਂ ਦੇ ਸਿਰਾਂ ਦਾ ਵਖੌਂਦੇ ਹਨ, ਜੇਹੜਾ ਤੂੰ ਪਾਪ ਕਰਦਾ ਰਿਹਾ ਹੈਂ । ਸੱਚੇ ਪਾਤਸ਼ਾਹ ਮਾਸੀ ਸ਼ਰਾਬੀ ਨੂੰ ਸੰਗਤ ਵਿਚ ਨਹੀਂ ਬੈਹਣ ਦੇਂਦੇ । ਗੁਜਰ ਸਿੰਘ ਗਲ ਵਿਚ ਪੱਲਾ ਪਾ ਕੇ ਬੇਨੰਤੀ ਕਰਦਾ ਹੈ ਬਾਬਾ ਜੀ, ਮੈਨੂੰ ਬਖ਼ਸ਼ ਲੌ । ਬਾਬੇ ਮਨੀ ਸਿੰਘ ਨੂੰ ਆਕਾਸ਼ ਬਾਣੀ ਹੋਈ ਕਿ ਸੰਤਾ ਏਹਨੇ ਜਿੰਨੇ ਬਕਰਿਆਂ ਦਾ ਲਹੂ ਕੱਢਿਆ ਹੈ ਓਨਾਂ ਏਹਦਾ ਲਹੂ ਨਚੋੜ ਕੇ ਏਨੂੰ ਛਡਾਂਗੇ । ਉਸ ਨੂੰ ਦਸਤ ਤੇ ਉਲਟੀਆਂ ਸ਼ੁਰੂ ਹੋ ਗਈਆਂ ਸੁਕ ਕੇ ਤੀਲੇ ਵਾਗੂੰ ਹੋ ਗਿਆ ਜੀ । ਫੇਰ ਸੱਚੇ ਪਾਤਸ਼ਾਹ ਨੇ ਪਿਛਲੀਆਂ ਭੁਲਾਂ ਬਖ਼ਸ਼ ਦਿਤੀਆਂ ਤੇ ਅੱਗੇ ਮਾਰਗ ਪਾ ਲਿਆ ਹੈ ਜੀ । ਇਹ ਗੁਜਰ ਸਿੰਘ ਦਬੁਰਜੀ ਪਿੰਡ ਦਾ ਸੀ ਤੇ ਬਾਲੇ ਚੱਕ ਨਾਨਕਿਆਂ ਦੇ ਘਰ ਰੈਂਹਦਾ ਸੀ । ਉਸ ਆਣ ਕੇ ਬਾਲੇ ਚੱਕ ਪੱਲਾ ਫੇਰਿਆ ਕਿ ਮੈਂ ਸ੍ਰੀ ਪੂਰਨ ਪਰਮੇਸ਼ਵਰ ਦੇ ਦਰਸ਼ਨ ਕਰ ਕੇ ਆਇਆ ਹਾਂ । ।

ਗੁਜਰ ਸਿੰਘ ਦੀ ਮਾਈ ਨੂੰ ਬਚਨ ਸੁਣ ਕੇ ਬੜਾ ਪ੍ਰੇਮ ਆਇਆ । ਓਹ ਵੀ ਭੁਲਾਂ ਬਖ਼ਸ਼ਾ ਕੇ ਚਰਨੀਂ ਲੱਗ ਪਈ । ਬੁਧ ਸਿੰਘ ਬਾਲੇ ਚੱਕ ਦਾ ਸੀ ਤੇ ਉਸ ਨੂੰ ਬਚਨ ਸੁਣ ਕੇ ਬੜਾ ਪ੍ਰੇਮ ਜਾਗਿਆ । ਚੇਤ ਸਿੰਘ ਨੂੰ ਬੜਾ ਪ੍ਰੇਮ ਜਾਗਿਆ, ਸੱਚੇ ਪਾਤਸ਼ਾਹ ਦੀ ਉਸਤਤ ਸੁਣ ਕੇ ਲਛਮਣ ਸਿੰਘ ਬਾਲੇ ਚੱਕ ਦਾ ਸੀ, ਉਸ ਨੂੰ ਵੀ ਬੜਾ ਪ੍ਰੇਮ ਜਾਗਿਆ । ਆਸਾ ਸਿੰਘ ਵੀ ਬਾਲੇ ਚੱਕ ਵਾਲਾ ਮਜ਼੍ਹਬੀ ਸਿਖ ਪਾਤਸ਼ਾਹ ਦੀ ਸ਼ਰਨ ਆ ਗਿਆ ਹੈ ਜੀ । ਆਸਾ ਸਿੰਘ ਦਾ ਭਣੇਂਵਾ ਗੁਜਰ ਸਿੰਘ ਤੋੜੇ ਵਾਲਾ ਵੀ ਬਾਲੇ ਚੱਕ ਰਹਿੰਦਾ ਸੀ ਉਸ ਨੂੰ ਵੀ ਬਚਨ ਸੁਣ ਕੇ ਬੜਾ ਪ੍ਰੇਮ ਜਾਗਿਆ । ਲਾਭ ਸਿੰਘ ਤੋੜੇ ਦਾ ਸੀ, ਉਸ ਨੂੰ ਬਚਨ ਸੁਣ ਕੇ ਬੜਾ ਪ੍ਰੇਮ ਜਾਗਿਆ । ਸਾਰੇ ਗਭਰੂ ਸਨ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਤਨੋਂ ਮਨੋਂ ਹੋ ਕੇ ਲੱਗ ਪਏ ਹਨ । ਘਵਿੰਡ ਸੱਚੇ ਪਾਤਸ਼ਾਹ ਨੇ ਮਕਾਨਾਂ ਦੀ ਉਸਾਰੀ ਲਾਈ ਸੀ । ਸਾਰੇ ਜਿਨ੍ਹਾਂ ਸਿਖਾਂ ਦੇ ਭਾਗ ਚੰਗੇ ਸਨ ਕੋਈ ਮਾਇਆ ਦੀ ਸੇਵਾ, ਕੋਈ ਹੱਥਾਂ ਦੀ, ਕੋਈ ਗੱਡੇ ਜੋਹ ਕੇ ਇੱਟਾਂ ਢੋਈ ਜਾਂਦਾ ਹੈ । ਗੱਲ ਕੀ ਸਿਖ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਲਗ ਗਏ ਹਨ । ਪਾਤਸ਼ਾਹ ਦੀ ਐਡੀ ਦਇਆ, ਸਿਖ ਰੱਤੀ ਵੀ ਕਿਤੇ ਅੱਕਦੇ ਥੱਕਦੇ ਨਹੀਂ । ਇਕ ਕੋਠੜੀਂ ਪਾਤਸ਼ਾਹ ਦਾ ਧਾਮ ਬਣਾ ਲਿਆ ਤੇ ਦੂਸਰੇ ਮਕਾਨ ਸੰਗਤ ਦੇ ਬੈਹਣ ਵਾਸਤੇ ਬਣਾਏ ਗਏ । ਚੇਤ ਸਿੰਘ ਕਲਸੀਆਂ ਦਾ ਸਿਖ ਸੀ । ਉਸ ਨੇ ਵੀ ਗੱਡਾ ਤੇ ਬਲਦ ਖੜ ਕੇ ਬੜੀ ਸੇਵਾ ਕੀਤੀ ਹੈ । ਗੁਰਮੁਖ ਸਿੰਘ ਭੰਗਾਲੀ ਵਾਲਾ ਤੇ ਪਾਤਸ਼ਾਹ ਦੀ ਭੈਣ ਬੀਬੀ ਨਾਮੋ ਤਾਊਨ ਦੀ ਬੀਮਾਰੀ ਨਾਲ ਚਾਰ ਦਿਨ ਦੀ ਵਿਥ ਤੇ ਸਰੀਰ ਛੱਡ ਦਿਤਾ ਹੈ । ਜਿਸ ਤਰ੍ਹਾਂ ਗੁਰਮੁਖ ਸਿੰਘ ਸੇਵਾ ਵਿਚ ਹਾਜਰ ਰਹਿੰਦਾ ਸੀ, ਓਸੇ ਤਰ੍ਹਾਂ ਚੇਤ ਸਿੰਘ ਕਲਸੀਆਂ ਵਾਲਾ ਅੱਠੇ ਪਹਿਰ ਸੇਵਾ ਵਿਚ ਲਗ ਪਿਆ ਹੈ । ਗੁਜਰ ਸਿੰਘ ਬਾਲੇ ਚਕ ਵਾਲੇ ਨੇ ਨਵਾਰੀ ਪਲੰਘ ਬਣਾ ਕੇ ਸੱਚੇ ਪਾਤਸ਼ਾਹ ਵਾਲੀ ਕੋਠੜੀ ਵਿਚ ਡਾਹ ਦਿਤਾ ਹੈ । ਸੋਹਣਾ ਰੇਸ਼ਮ ਦਾ ਕੱਢਿਆ ਹੋਇਆ ਬਾਗ ਚੰਦੋਆ ਤਾਣ ਦਿਤਾ ਹੈ । ਸ਼ਹਿਰੋਂ ਲਿਆ ਕੇ ਲਾਟੂ ਬਹੁਤ ਵਧੀਆ ਚੰਦੋਏ ਨਾਲ ਲਟਕਾ ਦਿਤੇ ਹਨ । ਸੁੰਦਰ ਬਿਸਤਰਾ ਪਾਤਸ਼ਾਹ ਦੇ ਬਿਰਾਜਮਨ ਹੋਣ ਵਾਸਤੇ ਵਿਛਾ ਦਿਤਾ ਹੈ । ਸੱਚੇ ਪਾਤਸ਼ਾਹ ਦਾ ਧਾਮ ਐਸ ਤਰ੍ਹਾਂ ਸੋਭਾ ਪਾ ਰਿਹਾ ਹੈ ਜਿਸ ਤਰ੍ਹਾਂ ਸਚਖੰਡ ਦੀ ਪੁਰੀ ਸੋਭਾ ਪਾ ਰਹੀ ਹੈ । ਕੋਈ ਸਿਖ ਆ ਜਾਂਦਾ, ਕੋਈ ਦੋ ਮਹੀਨੇ ਰਹਿ ਕੇ ਚਲਿਆ ਜਾਂਦਾ । ਏਸੇ ਤਰ੍ਹਾਂ ਸੱਚੇ ਪਾਤਸ਼ਾਹ ਸੇਵਾ ਵਿਚ ਪੰਜ ਜਾਂ ਛੇ ਸਿਖ ਹਰ ਵਕਤ ਰਹਿੰਦੇ ਸਨ ਜੀ । ਮਾਤਾ ਹੋਰਾਂ ਦੇ ਨਾਲ ਕਈ ਬੀਬੀਆਂ ਮਾਈਆਂ ਵੀ ਲੰਗਰ ਵਿਚ ਸੇਵਾ ਕਰਨ ਲਈ ਹਨ । ।

## ✳ ੯ ਸਿਖਾਂ ਪਾਤਸ਼ਾਹ ਦੀ ਬਾਣੀ ਲੈ ਕੇ ਬੜ੍ਹਖੀਂ ਜਾਣਾ ✳

ਮਾਘ ਦੇ ਮਹੀਨੇ ਦਾ ਬਚਨ ਹੈ, ਕਿ ਸੰਮਤ ਬਿਕ੍ਰਮੀ ੧੯੭੩ ਵਿਚ ਬੜ੍ਹਖੀਂ ਬਾਬੇ ਮਨੀ ਸਿੰਘ ਨੂੰ ਆਕਾਸ਼ ਬਾਣੀ ਹੋਈ ਕਿ ਸੰਤਾ ੯ ਸਿਖ ਆ ਕੇ ਘਵਿੰਡੋਂ ਬਾਣੀ ਚੁਕ ਕੇ ਬੜ੍ਹਖੀਂ ਲੈ ਜਾਓ । ਸੱਚੇ ਪਿਤਾ ਉਸ ਵਕਤ ਘਵਿੰਡ ਬੈਠੇ ਹਨ ਜੀ । ਰੰਗਾ ਸਿੰਘ ਪਾਤਸ਼ਾਹ ਦਾ ਸਕਾ ਚਾਚਾ, ਬੌਹਲ ਸਿੰਘ ਕੋਰੀਆਂ ਵਾਲਾ, ਮਾਣਾ ਸਿੰਘ ਭੁਚਰ ਵਾਲਾ, ਬਾਜ ਸਿੰਘ ਭੁਚਰ ਵਾਲਾ, ਸੁੰਦਰ ਸਿੰਘ ਬੁਗਿਆਂ ਵਾਲਾ, ਵੀਰ ਸਿੰਘ ਗਗੋ ਬੂਏ ਵਾਲਾ, ਅਤਰ ਸਿੰਘ ਖੀਰਾਂਵਾਲੀ ਵਾਲਾ, ਇੰਦਰ ਸਿੰਘ ਝੁਬਾਲ ਵਾਲਾ, ਹਰਨਾਮ ਸਿੰਘ ਚੁਤਾਲਿਆਂ ਦਾ । ਏਹਨਾਂ ਸਿਖਾਂ ਨੂੰ ਬਾਣੀ ਖੜਨ ਦਾ ਹੁਕਮ ਹੋਇਆ ਹੈ । ਸਿਖ ਬਾਬੇ ਮਨੀ ਸਿੰਘ ਦਾ ਬਚਨ ਸੁਣ ਕੇ ਘਵਿੰਡ ਸੱਚੇ ਪਾਤਸ਼ਾਹ ਕੋਲ ਆਏ ਹਨ ਤੇ ਆਣ ਕੇ ਗਲ ਵਿਚ ਪੱਲਾ ਪਾ ਕੇ ਬੇਨੰਤੀ ਕੀਤੀ ਕਿ ਪਾਤਸ਼ਾਹ ਬੜੀ ਤੁਸਾਂ ਦਇਆ ਕੀਤੀ ਹੈ । ਸਾਨੂੰ ਗਰੀਬਾਂ ਨੂੰ ਬਾਣੀ ਦੀ ਸੇਵਾ ਬਖ਼ਸ਼ੀ ਹੈ ਜੀ । ਸਿਖ ਖ਼ੁਸ਼ੀ ਨਾਲ ਜਾਮੇ ਵਿਚ ਨਹੀਂ ਸਮੌਂਦੇ । ਪਾਤਸ਼ਾਹ ਬੇਨੰਤੀ ਪਰਵਾਨ ਕਰ ਲਈ । ਅਤਰ ਸਿੰਘ ਸਿਖ ਮਸਤਾਨਾ ਹੋ ਗਿਆ ਹੈ । ਬਚਨ ਹੋਣ ਲੱਗ ਪਏ । ਏਹ ਹੁਕਮ ਹੋਇਆ ਕਿ ਪਾਤਸ਼ਾਹ ਦੀ ਭੈਣ ਬੀਬੀ ਠਾਕਰੀ ਆਵੇ ਤੇ ਆਣ ਕੇ ਪਰਸ਼ਾਦ ਕਰ ਕੇ ਬਾਣੀ ਖੜਨੀ ਹੈ । ਫੇਰ ਬੀਬੀ ਠਾਕਰੀ ਆਪ ਦੀ ਹੱਥੀਂ ਸਿਖਾਂ ਨੂੰ ਬਾਣੀ ਚੁਕਾਈ ਤੇ ਸਿਖ ਖ਼ੁਸ਼ੀਆਂ ਲੈ ਕੇ ਸੱਚੇ ਪਾਤਸ਼ਾਹ ਤੋਂ ਤੁਰ ਪਏ ਹਨ ਜੀ । ਜਿਸ ਤਰ੍ਹਾਂ ਸਿਖਾਂ ਨੂੰ ਹੁਕਮ ਸੀ । ਇਕ ਰਾਤ ਭੁਚਰ ਰਹੇ, ਇਕ ਰਾਤ ਗਗੋ ਬੂਏ, ਇਕ ਰਾਤ ਬੁੱਗੀਂ ਰਹੇ । ਫੇਰ ਤਰਨ ਤਾਰਨੋਂ ਗੱਡੀ ਚੜ੍ਹ ਕੇ ਸੰਗਰੂਰੀਂ ਚਲੇ ਗਏ ਓਥੋਂ ਤਿੰਨ ਮੀਲ ਬੜ੍ਹਖੇ ਪਿੰਡ ਹੈ । ਓਥੇ ਸਿਖ ਨੱਥਾ ਸਿੰਘ ਲੰਬਰਦਾਰ ਦੇ ਘਰ ਚਲੇ ਗਏ, ਜਿਥੇ ਬਾਬਾ ਮਨੀ ਸਿੰਘ ਰਹਿੰਦਾ ਸੀ । ਸਿਖ ਓਥੇ ਬਾਣੀ ਲੈ ਗਏ ਹਨ । ਸਿਖਾਂ ਨੇ ਬਾਬੇ ਮਨੀ ਸਿੰਘ ਨੂੰ ਮੱਥਾ ਟੇਕ ਕੇ ਬਾਣੀ ਸਪੁਰਦ ਕਰ ਦਿਤੀ । ਬਾਬਾ ਮਨੀ ਸਿੰਘ ਨੇ ਬਾਣੀ ਅਲਮਾਰੀ ਵਿਚ ਰਖ ਦਿਤੀ । ਆਪ ਆਕਾਸ਼ ਬਾਣੀ ਦਾ ਜੋ ਹੁਕਮ ਸੀ, ਲਿਖਣ ਲਗ ਪਏ । ਫੇਰ ਸਿਖਾਂ ਨੂੰ ਬਚਨ ਦੱਸਦੇ ਹਨ ਕਿ ਪਾਤਸ਼ਾਹ ਆਂਦੇ ਹਨ ਬਾਣੀ ਹੁਣ ਰਾਜੇ ਸੰਗਰੂਰ ਵਾਲੇ ਦੇ ਸਪੁਰਦ ਕੀਤੀ ਜਾਵੇਗੀ । ਜਦੋਂ ਸੱਚੇ ਪਾਤਸ਼ਾਹ ਮਸਤੂਆਣੇ ਔਣਗੇ ਤੇ ਰਾਜਿਆਂ ਨੂੰ ਜੂੜ ਪੌਣਗੇ ਤੇ ਫਿਰ ਆਪ ਦੀ ਬਾਣੀ ਪਰਗਟ ਕਰ ਲੈਣਗੇ । ਬਾਬੇ ਮਨੀ ਸਿੰਘ ਨੂੰ ਆਕਾਸ਼ ਬਾਣੀ ਹੋਈ, ਤੇ ਬਾਬੇ ਫਰਦ ਲਿਖੀ ਕਿ ਰਾਜਾ ਬਾਣੀ ਨਜ਼ਰਬੰਦ ਕਰ ਲਵੇਗਾ । ਸਾਨੂੰ ਵੀ ਨਜ਼ਰਬੰਦ ਕਰ ਕੇ ਲੈ ਜਾਵੇਗਾ ਤੇ ਅਸੀਂ ਅੰਦਰ ਵੀ ਹੋਵਾਂਗੇ । ਸਾਡਾ ਲੰਗਰ ਤੋਸ਼ੇਖਾਨੇ ਵਿਚੋਂ ਹੋਵੇਗਾ । ਸੰਤ ਮਨੀ ਸਿੰਘ ਬਚਨ ਦਸਦੇ ਹਨ ਕਿ ਪਾਤਸ਼ਾਹ ਸਾਡੀ ਦੇਹ ਹੁਣ ਨਿਕੀ ਜਹੀ ਵਖੌਂਦੇ ਹਨ ਤੇ ਆਂਦੇ ਹਨ ਬਾਬਾ ਏਸ ਸੇਵਾ ਤੋਂ ਬਾਦ ਤੁਸੀਂ ਹੁਣ ਪੁੱਤਰ ਹੋ ਕੇ ਸਾਡੇ ਘਰ ਆਓਗੇ । ਸਿਖਾਂ ਬਾਬੇ ਮਨੀ ਸਿੰਘ ਸਾਰੇ ਬਚਨ ਸੁਣਾਏ ਸੱਚੇ ਪਿਤਾ ਦੇ ਹੁਕਮ ਅਨੁਸਾਰ ਬਾਬੇ ਮਨੀ ਸਿੰਘ ਸਿਖਾਂ ਨੂੰ ਅੱਠ ਦਿਨ ਰੱਖਿਆ । ਅੱਠਾਂ ਦਿਨਾਂ ਤੋਂ ਬਾਅਦ ਸਿਖ ਖ਼ੁਸ਼ੀਆਂ ਲੈ ਰਹੇ ਹਨ । ਮਨੀ ਸਿੰਘ ਨੂੰ ਆਕਾਸ਼ ਬਾਣੀ ਹੋਈ ਤੇ ਸਿਖਾਂ ਨੂੰ ਆਖਣ ਲਗੇ, ਸਿਖੋ, ਪਾਤਸ਼ਾਹ ਸਾਨੂੰ ਆਂਦੇ ਹਨ ਕਿ ਤੁਸਾਂ (ਮਨੀ ਸਿੰਘ) ਹੁਣ ਮਾਝੇ ਦੇਸ ਵਿਚ ਨਹੀਂ ਔਣਾ । ਸੰਗਤੇ ਤੁਸਾਂ ਛੇਤੀ ਦਰਸ਼ਨ ਦੇਣੇ । ਏਨ੍ਹਾਂ ਬਚਨ ਸੁਣ ਸਿਖ ਤੁਰ ਪਏ ਹਨ । ਮਾਲਵੇ ਦੇਸ ਵਿਚ ਹੀ ਬਾਬੇ ਹੋਰੀਂ ਰਹੇ ਹਨ । ਫੇਰ ਮਾਝੇ ਦੇਸ ਵਿਚ ਨਹੀਂ ਆਏ । ।

ਜੇਠ ਦੇ ਮਹੀਨੇ ਦਾ ਬਚਨ, ਜਿਸ ਦਿਨ ੫ ਜੇਠ ਪਾਤਸ਼ਾਹ ਅਵਤਾਰ ਧਾਰਿਆ ਹੈ । ਪੰਜਵੀਂ ਜੇਠ ਦਾ ਮੇਲਾ ਸੀ । ਮਾਂਝੇ ਦੇ ਸਾਰੇ ਸਿਖ ਆਣ ਕੇ ਸੱਚੇ ਪਿਤਾ ਦੇ ਜਨਮ ਦੀ ਖ਼ੁਸ਼ੀ ਕਰ ਰਹੇ ਜਨ । ਕਲੀਆਂ ਤੋਂ ਇਕ ਮਾਈ ਆਈ ਹੈ । ਸੱਚੇ ਪਾਤਸ਼ਾਹ ਨੂੰ ਆਪ ਦੀ ਲੜਕੀ ਦਾ ਸਾਕ ਕਰ ਗਈ ਹੈ । ਰੁਪੈਆ ਹੱਥ ਤੇ ਧਰ ਗਈ ਹੈ । ਬਾਬੇ ਮਨੀ ਸਿੰਘ ਨੂੰ ਆਕਾਸ਼ ਬਾਣੀ ਹੋਈ ਕਿ ਮਾਝੇ ਵਿਚੋਂ ਸਿਖ ਔਣਗੇ ਤੇ ਨਵਾਂ ਵਿਹਾਰ ਚਲੇਗਾ । ਏਧਰ ਸਿਖ ਵੀ ਆਕਾਸ਼ ਬਾਣੀ ਦੇ ਬਚਨਾਂ ਦੀ ਦਿਨ ਰਾਤ ਬੜੀ ਤਾਂਘ ਰਖਦੇ ਸੀ । ।

## ❊ ਤੇਜਾ ਸਿੰਘ ਦਾ ਸੰਤ ਮਨੀ ਸਿੰਘ ਦੇ ਦਰਸ਼ਨਾਂ ਲਈ ਜਾਣਾ ਤੇ ਉਹਨਾਂ ਦਾ ਗਿਰਫਤਾਰ ਹੋਣਾ ❊

ਤੇਜਾ ਸਿੰਘ ਸਿਖ ਓਸ ਵਕਤ ਸਤਾਈ ਚੱਕ ਰਹਿੰਦਾ ਸੀ । ਓਸ ਦਾ ਵੀ ਦਿਲ ਦਰਸ਼ਨਾਂ ਨੂੰ ਕੀਤਾ ਤੇ ਹਾੜ ਦੇ ਮਹੀਨੇ ਵਿਚ ਦਰਸ਼ਨਾਂ ਨੂੰ ਆਇਆ । ਚਾਰ ਜਾਂ ਪੰਜ ਦਿਨ ਘਵਿੰਡ ਰਹਿ ਕੇ ਫੇਰ ਪਾਤਸ਼ਾਹ ਅੱਗੇ ਬੇਨੰਤੀ ਕੀਤੀ ਕਿ ਦੀਨ ਦਿਆਲ ਮੈਂ ਬਾਬੇ ਮਨੀ ਸਿੰਘ ਹੋਰਾਂ ਦੇ ਦਰਸ਼ਨਾਂ ਨੂੰ ਜਾਣਾ ਹੈ ਖ਼ੁਸ਼ੀ ਦਿਓ । ਸਿਖ ਖ਼ੁਸ਼ੀ ਲੈ ਕੇ ਮਨੀ ਸਿੰਘ ਕੋਲ ਬੜੂਖੀਂ ਚਲਾ ਗਿਆ ਹੈ । ਦਿਨ ਦੇ ੧੦ ਵੱਜੇ ਜਾ ਕੇ ਪਹੁੰਜਾ ਹੈ । ਬਾਬਾ ਮਨੀ ਸਿੰਘ ਤੇਜਾ ਸਿੰਘ ਨੂੰ ਪਾਤਸ਼ਾਹ ਤੇ ਸਾਰੀ ਸੰਗਤ ਦੀ ਰਾਜੀ ਖ਼ੁਸ਼ੀ ਪੁੱਛ ਰਹੇ ਹਨ ਜੀ । ਤੇਜਾ ਸਿੰਘ ਰਾਜੀ ਖ਼ੁਸ਼ੀ ਦੱਸ ਕੇ ਗੁਰਮੁਖ ਸਿੰਘ ਤੇ ਬੀਬੀ ਨਾਮੋ ਦੇ ਗੁਜਰ ਜਾਣ ਦਾ ਵੀ ਬਚਨ ਦਸਿਆ ਹੈ । ਮਨੀ ਸਿੰਘ ਬਚਨ ਕਰਦਾ ਹੈ, ਤੇਜਾ ਸਿੰਘ, ਜੋ ਕੋਈ ਜਨਮ ਧਾਰਦਾ, ਦੇਹ ਛਡਦਾ ਹੈ । ਪਾਤਸ਼ਾਹ ਸਾਡੀ ਅੱਖਾਂ ਅੱਗੇ ਦੀ ਲੰਘੌਂਦੇ ਹਨ । ਜਿਸ ਵਕਤ ਓਨ੍ਹਾਂ ਦੇਹ ਛੱਡੀ ਹੈ, ਓਸੇ ਵਕਤ ਸਾਨੂੰ ਦਰਸ਼ਨ ਹੋਏ ਹਨ । ਤੇ ਆਂਦੇ ਹਨ ਬਾਬਾ ਜੀ ਅਸੀਂ ਆ ਗਏ ਹਾਂ ਜੀ । ਜਿਸ ਵਕਤ ਬੀਬੀ ਨਾਮੋ ਦੀ ਜੋਤ ਆਈ ਹੈ ਓਸ ਵਕਤ ਸਤਿਆ ਚੀਜ ਜੇਹੜੀ ਹੈ, ਝਿਰਮਲ ਝਿਰਮਲ ਕਰ ਰਹੀ ਹੈ । ਏਸ ਕਰ ਕੇ ਜੋਤ ਏਸ ਤਰ੍ਹਾਂ ਹੈ ਸੀ, ਕਿ ਉਸ ਨੂੰ ਕੋਈ ਦੁਨੀਆਂ ਤੇ ਸੰਸਾਰ ਵਾਲਾ ਮੋਹ ਕਲੰਕ ਨਹੀਂ ਸੀ ਲੱਗਾ । ਗੁਰਮੁਖ ਸਿੰਘ ਸਿਖ ਟੱਬਰ ਕਬੀਲੇ ਵਾਲਾ ਤੇ ਉਸ ਦੀ ਜੋਤ ਸ਼ਾਮ ਰੰਗ ਦੀ ਸੀ । ਸੰਸਾਰ ਤੇ ਵਿਹਾਰ ਕਰ ਕੇ ਸੌ ਝੂਠ ਅਪਰਾਧ ਵਰਤਣਾ ਪੈਂਦਾ ਹੈ ਜੀ । ਏਹ ਬਚਨ ਬਾਬੇ ਮਨੀ ਸਿੰਘ ਤੇਜਾ ਸਿੰਘ ਨਾਲ ਕੀਤੇ ਹਨ । ।

ਜੇਹੜੇ ਸਿਖ ਓਸ ਵਕਤ ਉਥੇ ਕੋਲ ਸਨ, ਓਹ ਪੁਛਦੇ ਹਨ, ਬਾਬਾ ਜੀ, ਤੁਸਾਂ ਬਚਨ ਕੀਤਾ ਸੀ ਕਿ ਜਿਸ ਦਿਨ ਕੋਈ ਸਿਖ ਮਾਝੇ ਵਿਚੋਂ ਆਵੇਗਾ । ਉਸ ਦਿਨ ਨਵਾਂ ਵਿਹਾਰ ਚਲੇਗਾ । ਹੁਣ ਸਿਖ ਤੇ ਆ ਗਿਆ ਹੈ ਤੇ ਦਇਆ ਕਰੋ ਬਚਨ ਦੱਸੋ । ਬਾਬੇ ਹੋਰਾਂ ਆਖਿਆ ਜਿਸ ਤਰ੍ਹਾਂ ਪਾਤਸ਼ਾਹ ਸਿਖ ਘੱਲਿਆ ਹੈ ਏਸ ਤਰ੍ਹਾਂ ਬਚਨ ਵੀ ਭੁਗਤ ਜਾਵੇਗਾ । ਅਜੇ ਬਚਨ ਕਰਦੇ ਹਨ ਕਿ ਸੰਗਰੂਰ ਤੋਂ ਪੁਲੀਸ ਆ ਗਈ, ਚਾਰ ਠਾਣੇਦਾਰ ਤੇ ਇੰਸਪੈਕਟਰ ੨੫ ਜਾਂ ੩੦ ਸਪਾਹੀ ਹਨ । ਉਸੇ ਵਕਤ ਬਾਬੇ ਮਨੀ ਸਿੰਘ ਤੇ ਸਾਰੇ ਸਿਖਾਂ ਨੂੰ ਪੁਲੀਸ ਫੜ ਕੇ ਲਾਗੇ ਇਕ ਸਰਦਾਰ ਦੀ ਬੈਠਕ ਵਿਚ ਲੈ ਗਏ ਹਨ । ਜੋ ਸੰਤਾਂ ਦੀ ਲਿਖੀ ਹੋਈ ਬਾਣੀ ਸੀ, ਕਾਗਤ ਸੀ, ਸਾਰੀ ਨੂੰ ਪਹਿਰਾ ਲਗ ਗਿਆ ਕਿ ਕੋਈ ਹੱਥ ਵੀ ਨਾ ਲਾਵੇ । ਸੰਤ ਮਨੀ ਸਿੰਘ ਨੂੰ ਠਾਣੇਦਾਰ ਕੋਲ ਬਹਾ ਲਿਆ ਤੇ ਸਿਖਾਂ ਨੂੰ ਲਾਗੇ ਨੀਵੇਂ ਥਾਂ ਬਹਾ ਲਿਆ । ਓਸ ਵਕਤ ਓਸ ਸਰਦਾਰ ਦੀ ਹਵੇਲੀ ਵਿਚ ਪੱਕੀਆਂ ਇੱਟਾਂ ਦੇ ਚੱਕੇ ਲੱਗੇ ਹੋਏ ਸਨ । ਲਾਗੇ ਤੇਜਾ ਸਿੰਘ ਬੈਠ ਗਿਆ, ਸਿਰ ਤੇ ਸਪਾਹੀ ਖਲੋਤੇ ਹੋਏ ਸਨ । ਮਾਝੇ ਦੇਸ ਵਿਚੋਂ ਤੇਜਾ ਸਿੰਘ ਸਿਖ ਸੀ । ਦੂਸਰੇ ਸਾਰੇ ਸਿਖ ਮਾਲਵੇ ਦੁਆਬੇ ਦੇ ਸਨ । ਸਾਰੀ ਸਿਖੀ ੩੯ ਆਦਮੀ ਤੇ ਜਨਾਨੀਆਂ ਸਨ ਜੀ । ਮਾਝੇ ਦੇਸ਼ ਵਿਚ ਗਭਰੂ ਆਦਮੀ ਹੱਥਾਂ ਵਿਚ ਟਕੂਏ ਬਹੁਤ ਰੱਖਦੇ ਸਨ ਤੇ ਸਰਕਾਰ ਬੜੀ ਵੇਖ ਕੇ ਖਫਾ ਹੁੰਦੀ ਸੀ । ਫੜਦਿਆਂ ਸਾਰ ਹੀ ਛੇ ਮਹੀਨੇ ਕੈਦ ਕਰ ਦੇਂਦੀ ਸੀ । ਇਕ ਟਕੂਆ ਉਸ ਵਕਤ ਤੇਜਾ ਸਿੰਘ ਦੇ ਪਾਸ ਵੀ ਸੀ । ਜਿਸ ਵਕਤ ਤੇਜਾ ਸਿੰਘ ਬੜੂਖਿਆਂ ਨੂੰ ਗਿਆ ਸੀ, ਉਸ ਵਕਤ ਰਸਤੇ ਵਿਚੋਂ ਇਕ ਚਾਂਦੀ ਦੀ ਚੂੜੀ ਲੱਭੀ ਸੀ । ਓਹ ਵੀ ਮਰੋੜ ਕੇ ਬੋਜੇ ਵਿਚ ਪਾ ਲਈ ਸੀ । ਓਸ ਵਕਤ ਟਕੂਆ ਹੱਥ ਵਿਚ ਤੇ ਚੂੜੀ ਬੋਜੇ ਵਿਚ, ਪੂਰੀ ਚੋਰਾਂ ਵਾਲੀ ਸ਼ਕਲ ਬਣੀ ਹੋਈ ਸੀ । ਫੇਰ ਠਾਣੇਦਾਰ ਬਾਬੇ ਮਨੀ ਸਿੰਘ ਨੂੰ ਪੁਛਦੇ ਹਨ ਕਿ ਬਾਬਾ ਜੀ ਬਾਣੀ ਤੁਸੀਂ ਆਪ ਲਿਖਦੇ ਜੇ, ਕਿ ਕੋਈ ਹੋਰ ਲਿਖਦਾ ਹੈ । ਮਨੀ ਸਿੰਘ ਬਚਨ ਕੀਤਾ, ਜੀ ਅਸੀਂ ਲਿਖਦੇ ਹਾਂ, ਮਹਾਰਾਜ ਸ਼ੇਰ ਸਿੰਘ ਘਵਿੰਡ ਪਿੰਡ ਅਵਤਾਰ ਧਾਰਿਆ ਹੈ ਓਹ ਜੋਤ ਰੂਪੀ ਆਕਾਸ਼ ਬਾਣੀ ਦੇਂਦੇ ਹਨ, ਅਸੀਂ ਲਿਖਦੇ ਹਾਂ ਜੀ । ਫੇਰ ਸਾਰਿਆਂ ਸਿਖਾਂ ਨੂੰ ਪੁੱਛ ਹੋਣ ਲੱਗੀ । ਤੇਜਾ ਸਿੰਘ ਨੂੰ ਦਿਲ ਵਿਚ

ਬਹੁਤ ਚਿੰਤਾ ਹੋਈ ਕਿ ਮੇਰੇ ਕੋਲ ਨਾਲੇ ਟਕੂਆ ਹੈ, ਨਾਲੇ ਬੋਜੇ ਵਿਚ ਚੂੜੀ ਹੈ । ਬਾਬੇ ਹੋਰਾਂ ਦੀ ਹਾਨੀ ਹੋਵੇਗੀ ਕਿ ਤੁਹਾਡੇ ਪੰਥ ਵਿਚ ਚੋਰ ਤੇ ਠੱਗ ਹਨ । ਫਿਰ ਸਾਰੇ ਸਿਖਾਂ ਨੂੰ ਪੁਛਦੇ ਹਨ ਕਿ ਸਿਖੋ ਏਹ ਸੰਤ ਤੁਹਾਡੇ ਕੀ ਲਗਦੇ ਹਨ ਗੁਰੂ ਹਨ ਕਿ ਹੋਰ ਕੁਛ । ਸਾਰੇ ਆਖਣ ਲਗੇ, ਜੀ ਸਾਨੂੰ ਨਹੀਂ ਪਤਾ ਏਹ ਕੌਣ ਹਨ ਤੇ ਕੀ ਲਿਖਦੇ ਹਨ । ਅਸੀਂ ਤਾਂ ਸੰਤ ਕਰ ਕੇ ਦਰਸ਼ਨਾਂ ਨੂੰ ਆਏ ਸਾਂ ਤੇ ਫੜੇ ਗਏ ਹਾਂ । ਸਾਰੀ ਪੁਲਸ ਦਾ ਧਿਆਨ ਦੂਸਰਿਆਂ ਸਿਖਾਂ ਵਲੇ ਸੀ । ਉਸ ਵਕਤ ਤੇਜਾ ਸਿੰਘ ਟਕੂਆਂ ਤਾਂ ਇੱਟਾਂ ਵਿਚ ਲੁਕਾ ਦਿਤਾ ਤੇ ਪਛਾਬ ਕਰਨ ਦੇ ਪਜ ਜਾ ਕੇ ਚੂੜੀ ਬਾਹਰ ਸੁੱਟ ਦਿਤੀ । ਏਸ ਤਰ੍ਹਾਂ ਸੱਚੇ ਪਾਤਸ਼ਾਹ ਦਇਆ ਕਰ ਕੇ ਇੱਜਤ ਰੱਖੀ ਸੀ । ਫਿਰ ਆਣ ਕੇ ਉਥੇ ਲਾਗੇ ਬੈਠ ਗਿਆ । ਰਾਮ ਸਿੰਘ ਸੁਨਿਆਰਾ ਦਫਤੂ ਦਾ ਸੀ । ਉਸ ਨੂੰ ਪੁਛਿਆ ਤੇ ਓਹ ਵੀ ਆਖਣ ਲੱਗਾ ਜੀ ਅਸੀਂ ਚਾਰੇ ਜਣੇ ਦੋ ਮੇਰੇ ਪੁੱਤਰ ਤੇ ਦੋਵੇਂ ਜੀ ਅਸੀਂ ਤੀਰਥਾਂ ਤੋਂ ਆਏ ਹਾਂ । ਔਂਦਿਆਂ ਹੋਇਆਂ ਸਾਨੂੰ ਸੰਤਾਂ ਦਾ ਪਤਾ ਲੱਗਾ ਤੇ ਅਸੀਂ ਦਰਸ਼ਨ ਕਰਨ ਆਏ ਹਾਂ । ਆਣ ਕੇ ਅਜੇ ਬੈਠੇ ਹਾਂ, ਫੜੇ ਗਏ ਹਾਂ । ਹੋਰ ਅਸੀਂ ਸੰਤਾਂ ਨੂੰ ਮੰਨਦੇ ਤਾਂ ਨਹੀਂ । ਗਿਆਨੀ ਬਿਸ਼ਨ ਸਿੰਘ ਜਲੰਧਰ ਮੁੰਡੇ ਪੜ੍ਹੌਂਦਾ ਸੀ । ਓਹ ਵੀ ਨਾਲ ਤਿੰਨ ਚਾਰ ਸਕੂਲ ਦੇ ਮੁੰਡੇ ਲੈ ਕੇ ਦਰਸ਼ਨਾਂ ਨੂੰ ਆਇਆ ਹੋਇਆ ਸੀ । ਓਹ ਪੁਲਸ ਦੇ ਫੜਨ ਤੋਂ ਪਹਿਲਾਂ ਤੁਰ ਪਏ ਸਨ । ਰਸਤੇ ਵਿਚ ਆਣ ਕੇ ਫੜ ਲਏ । ਓਹ ਆਖਣ ਲੱਗੇ ਅਸੀਂ ਮਸਤੂਆਣੇ ਗੁਰਦਵਾਰੇ ਆਏ ਸੀ, ਅਸੀਂ ਸੰਤਾਂ ਕੋਲੋਂ ਨਹੀਂ ਆਏ, ਏਸ ਕਰ ਕੇ ਉਨ੍ਹਾਂ ਨੂੰ ਛੱਡ ਦਿਤਾ ਗਿਆ । ਫਿਰ ਤੇਜਾ ਸਿੰਘ ਨੂੰ ਪੁਛਿਆ ਕਿ ਕਿਥੋਂ ਹੈਂ ? ਉਸ ਆਖਿਆ ਜੀ ਭੁਚਰ ਮਾਝੇ ਦੇਸ਼ ਵਿਚ ਮੇਰਾ ਨਗਰ ਹੈ । ਬਾਬੇ ਮਨੀ ਸਿੰਘ ਹੋਰੀਂ ਮੇਰੇ ਗੁਰੂ ਹਨ ਤੇ ਏਹਨਾਂ ਦੇ ਮੈਂ ਦਰਸ਼ਨ ਕਰਨ ਆਇਆ ਹਾਂ ਮੈਂ ਅਜੇ ਆਣ ਕੇ ਪਰਸ਼ਾਦਾ ਛਕਿਆ ਹੈ ਤੇ ਤੁਸਾਂ ਫੜ ਲਿਆ ਹੈ । ਪਤਾ ਨਹੀਂ ਕਿਸ ਕਾਰਨ ਕਰ ਕੇ ਫੜ ਲਿਆ ਹੈ । ਸਾਰਿਆਂ ਸਿਖਾਂ ਦੇ ਨਾਂ ਲਿਖ ਲਏ ਤੇ ਆਖਿਆ ਐਸੇ ਵਕਤ ਆਪੋ ਆਪਣਿਆਂ ਨਗਰਾਂ ਨੂੰ ਚਲੇ ਜਾਓ । ਬਾਬਾ ਮਨੀ ਸਿੰਘ ਤੇ ਇਕ ਸੰਤ ਛੁੰਮਣ ਸਿੰਘ ਸੀ, ਦੋਵੇਂ ਜਣੇ ਬਹਾ ਲਏ ਤੇ ਪੈਹਰੇ ਲਾ ਦਿਤੇ ਕਿ ਸੰਤ ਸਾਡੇ ਹੁਕਮ ਤੋਂ ਬਿਨਾਂ ਕਿਤੇ ਜਾਣ ਨਾ । ਪੁਲਿਸ ਫੇਰ ਸੰਗਰੂਰ ਨੂੰ ਚਲੀ ਗਈ । ਸੰਤ ਡੇਰੇ ਵਿਚ ਆ ਗਏ । ਓਸ ਹਵੇਲੀ ਵਾਲੇ ਨੂੰ ਪੁਲਸ ਪੱਕੀ ਕਰ ਗਈ ਕਿ ਸੰਤ ਕਿਤੇ ਜਾਣ ਨਾ, ਤੈਨੂੰ ਸਪੁਰਦ ਦਾਰੀ ਕੀਤੀ ਗਈ ਹੈ । ਸਾਰੇ ਸਿਖ ਬਾਬੇ ਮਨੀ ਸਿੰਘ ਦੇ ਨਾਲ ਡੇਰੇ ਆ ਗਏ ਹਨ । ਤੇ ਬਾਬੇ ਮਨੀ ਸਿੰਘ ਤੋਂ ਖ਼ੁਸ਼ੀ ਮੰਗਦੇ ਹਨ । ਬਾਬੇ ਹੋਰੀਂ ਆਕਾਸ਼ ਬਾਣੀ ਨਾਲ ਜੁੜੇ ਤੇ ਫੇਰ ਆਖਣ ਲੱਗੇ ਸਿਖੋ ਸੱਚੇ ਪਾਤਸ਼ਾਹ ਤੁਹਾਨੂੰ ਅੱਜ ਨਹੀਂ ਖ਼ੁਸ਼ੀ ਦੇਂਦੇ, ਭਲਕੇ ਚਲੇ ਜਾਇਓ ਜੇ । ਤਕਾਲਾਂ ਨੂੰ ਫੇਰ ਅੰਨ ਪਾਣੀ ਸ਼ੁਰੂ ਹੋ ਗਿਆ । ਓਧਰ ਹਾਕਮਾਂ ਨੂੰ ਫੇਰ ਵਜ਼ੀਰ ਸਾਹਿਬ ਦਾ ਹੁਕਮ ਹੋਇਆ, ਕੋਈ ਨਾ ਛੱਡ ਕੇ ਆਓ ਸਾਰੇ ਘੇਰ ਕੇ ਲੈ ਆਓ । ਫੇਰ ਸਾਰੀ ਪੁਲਿਸ ਆ ਘੇਰਾ ਪਾਇਆ । ਏਧਰ ਸੰਗਤ ਅਜੇ ਪਰਸ਼ਾਦ ਛਕ ਕੇ ਬੈਠੀ ਸੀ ਤੇ ਪੁਲਸ ਆਣ ਕੇ ਲੰਬਰਦਾਰ ਨੂੰ ਆਖਿਆ ਕਿ ਗੱਡਾ ਤਿਆਰ ਕਰ ਕੇ ਮਨੀ ਸਿੰਘ ਸੰਤ ਦਾ ਜੋ ਸਮਾਨ ਹੈ ਸਾਰਾ ਲੱਦ ਲਓ । ਇਕ ਗੱਡੇ ਤੇ ਬਾਣੀ ਰੱਖ ਲਈ ਤੇ ਦੂਸਰਿਆਂ ਤੇ ਸਾਰੇ ਸਿਖ ਬਠਾ ਲਏ । ਜੋ ਲੀੜਾ ਕਪੜਾ ਸੀ ਸਾਰਾ ਲੈ ਕੇ ਤੁਰ ਪਏ । ੩ ਮੀਲ ਸੰਗਰੂਰ ਦਾ ਪੈਂਡਾ ਸੀ । ਰਾਤ ਦੇ ੧੧ ਵਜੇ ਜਾ ਕੇ ਪਹੁੰਚੇ । ਜਾਂਦਿਆਂ ਹੀ ਸਾਰਿਆਂ ਸਿਖਾਂ ਨੂੰ ਹਵਾਲਾਟ ਵਿਚ ਬੰਦ ਕਰ ਦਿਤਾ ਗਿਆ ਜੀ । ।

## ❊ ਸੱਚੇ ਪਾਤਸ਼ਾਹ ਦੀ ਗਿਰਫਤਾਰ ਹੋਣ ਦੀ ਸਾਖੀ ❊

ਸੰਗਰੂਰ ਦੇ ਚਾਰ ਦਰਵਾਜੇ ਸਨ । ਸਾਰਿਆਂ ਤੇ ਚਾਰ ਗੁਰਦਵਾਰੇ ਬਣੇ ਹੋਏ ਸਨ ਜੀ । ਗੁਰਦਵਾਰਿਆਂ ਦੇ ਅੱਠ ਗ੍ਰੰਥੀ ਪੁਲਸ ਨੇ ਹੁਕਮ ਨਾਲ ਕੱਠੇ ਕੀਤੇ ਹਨ । ਤੇ ਅਲਮਾਰੀ ਦਾ ਜੰਦਰਾ ਖੋਲ੍ਹ ਕੇ ੯ ਬਸਤੇ ਕੱਢ ਕੇ ਰੱਖ ਦਿਤੇ । ਇਕ ਇਕ ਬਸਤਾ ਖੋਲ੍ਹ ਕੇ ਵਜ਼ੀਰ ਸਾਹਿਬ ਨੇ ਬਾਣੀ ਪੜ੍ਹੌਣੀ ਸ਼ੁਰੂ ਕਰ ਦਿਤੀ । ਰਾਜਾ ਓਸ ਵਕਤ ਸਿਮਲੇ ਸੀ । ਹਾੜ ਦੇ ਮਹੀਨੇ ਦੀ ਗਰਮੀ ਕਰ ਕੇ । ਜਿਉਂ ਜਿਉਂ ਬਾਣੀ ਪੜ੍ਹਨ

ਤੇ ਮਹਾਰਾਜ ਸੱਚੇ ਪਾਤਸ਼ਾਹ ਦਾ ਨਾਂ ਉਤੇ ਲਿਖਿਆ ਆਵੇ ਮਾਝੇ ਦੇ ਸਿਖਾਂ ਦਾ ਨਾਂ ਵੀ ਉਤੇ ਬਹੁਤ ਲਿਖੇ ਹੋਏ ਸਨ । ਜੋ ਮਾਝੇ ਦੇਸ਼ ਵਿਚ ਭਾਣੇ ਵਰਤਣੇ ਸੀ, ਕਲਜੁਗ ਦੇ ਜੀਆਂ ਨਾਲ ਹੋਣੀ ਸੀ, ਸਭ ਲਿਖਿਆ ਹੋਇਆ ਸੀ । ਜੋ ਰਾਜਿਆਂ ਰਾਣਿਆਂ ਨਾਲ ਵਰਤਣੀ ਸੀ ਓਹ ਵੀ ਲਿਖਤ ਹੋਈ ਸੀ । ਗ੍ਰੰਥੀ ਐਸੇ ਬੇਈਮਾਨ ਸੀ ਜੋ ਅੰਗਰੇਜ਼ਾ ਦੇ ਵਿਰੁਧ ਬਚਨ ਸੀ ਓਹ ਕੱਢ ਲੈਣ ਤੇ ਜੇਹੜੇ ਦੂਸਰੇ ਬਚਨ ਹੋਣ ਓਹ ਰੱਖ ਦੇਣ । ਜੇਹੜੇ ਬਚਨ ਲਿਖੇ ਹੋਣ ਕਿ ਅੰਗਰੇਜ਼ਾਂ ਦਾ ਰਾਜ ਨਾ ਰਹੇਗਾ ਤੇ ਰਾਜਿਆਂ ਕੋਲ ਇਕ ਹਲ ਦੀ ਪੈਲੀ ਰਹਿ ਜਾਵੇਗੀ । ਏਹੋ ਜਹੇ ਬਚਨ ਜਾ ਕੇ ਵਜ਼ੀਰ ਸਾਹਿਬ ਨੂੰ ਸੁਣਾ ਦੇਣ । ਫੇਰ ਇਧਰ ਮਾਝੇ ਦੇਸ਼ ਵਿਚ ਸਿਖਾਂ ਦੀ ਪੜਚੋਲ ਹੋਣ ਲਗ ਪਈ । ਕਈ ਸਿਖ ਆਪੇ ਜਾ ਹਾਜਰ ਹੋਏ ਕਈ ਲੁਕ ਗਏ, ਕਈ ਫੜ ਕੇ ਖੜੇ ਗਏ । ਸੱਚੇ ਪਿਤਾ ਦੀਨ ਦੁਨੀ ਦੇ ਵਾਲੀ ਨੂੰ ਫੜਨ ਵਾਸਤੇ ਪੁਲਸ ਪਈ । ਓਸੇ ਦਿਨ ਸੱਚੇ ਪਾਤਸ਼ਾਹ ਦਾ ਛੁਹਾਰਾ ਪਿਆ ਸੀ । ਤਕਾਲਾਂ ਨੂੰ ਸੱਚੇ ਪਿਤਾ ਨੂੰ ਪੁਲਿਸ ਨੇ ਫੜ ਲਿਆ ਹੈ ਜੀ । ਪਾਤਸ਼ਾਹ ਨੂੰ ਕਹਿਣ ਲੱਗੇ ਹੱਥਕੜੀ ਲੌਣੀ ਹੈ । ਪਾਤਸ਼ਾਹ ਖੂੰਡੇ ਵਾਲੀ ਬਾਂਹ ਅੱਗੇ ਕਰ ਦਿਤੀ । ਪੁਲਿਸ ਵਾਲਿਆਂ ਕਿਹਾ ਗੌਰਮਿੰਟ ਦਾ ਗਦਾਰ ਹੋ ਕੇ ਵੀ ਖੂੰਡਾ ਅੱਗੇ ਕਰ ਕੇ ਵਖੌਂਦਾ ਹੈਂ । ਉਹਨਾਂ ਨੇ ਕਿਹਾ ਕਿ ਦੋਵੇਂ ਹੱਥਾਂ ਨੂੰ ਹੱਥਕੜੀ ਲੌਂਣੀ ਹੈ । ਪਾਤਸ਼ਾਹ ਕਿਹਾ ਦੋਹਾਂ ਨੂੰ ਲਾ ਲਓ । ਫਿਰ ਪੁਲਿਸ ਨੇ ਕਿਹਾ ਕਿ ਇਹਦੀਆਂ ਦੋਵੇਂ ਬਾਹਾਂ ਪਿਛੇ ਨੂੰ ਮੁਸ਼ਕਾਂ ਦੇ ਕੇ ਹੱਥਕੜੀ ਲਾਓ । ਏਸੇ ਤਰ੍ਹਾਂ ਹੀ ਪਾਤਸ਼ਾਹ ਦੀਆਂ ਦੋਨੋਂ ਬਾਹਾਂ ਪਿਛੇ ਕਰ ਕੇ ਹੱਥਕੜੀ ਲਾਈ ਗਈ । ਹੱਥਕੜੀ ਲਾ ਕੇ ਪਿਛੇ ਹਟੇ ਹੀ ਹਨ ਕਿ ਹੱਥਕੜੀ ਆਪੇ ਥੱਲੇ ਡਿਗ ਪਈ । ਹੌਲਦਾਰ ਕਿਹਾ ਕਿ ਚੰਗੀ ਤਰ੍ਹਾਂ ਨਹੀਂ ਲਾਈ, ਤਾਲਾ ਨਹੀਂ ਲਗਾ, ਫਿਰ ਲਾਓ । ਫਿਰ ਦੋਬਾਰਾ ਲਾਈ ਗਈ । ਪਰ ਫਿਰ ਵੀ ਉਸੇ ਤਰ੍ਹਾਂ ਹੀ ਆਪੇ ਖੁਲ੍ਹ ਕੇ ਡਿਗ ਪਈ । ਤੀਜੀ ਵਾਰ ਹੌਲਦਾਰ ਨੇ ਫਿਰ ਖ਼ੁਦ ਲਾਈ, ਤਸੱਲੀ ਨਾਲ ਖਿਚ ਕੇ ਵੇਖੀ ਤੇ ਕਿਹਾ ਕਿ ਚੰਗੀ ਤਰ੍ਹਾਂ ਚਾਬੀ ਨਹੀਂ ਸਨ ਲੌਂਦੇ । ਹੁਣ ਡਿਗ ਪਵੇ ਖਾਂ । ਜ਼ਰਾ ਪਿਛੇ ਹੀ ਹੌਲਦਾਰ ਹੋਇਆ ਹੈ ਤਾਂ ਹੱਥਕੜੀ ਫਿਰ ਡਿਗ ਪਈ । ਪਾਤਸ਼ਾਹ ਆਖਿਆ ਸਾਡੇ ਹੱਥਕੜੀ ਹੁਣ ਨਹੀਂ ਰਹਿ ਸਕਦੀ । ਜੇ ਇਕ ਹੱਥ ਨੂੰ ਪਹਿਲੋਂ ਲਾ ਲੈਂਦੇ ਤਾਂ ਰਹਿ ਜਾਣੀ ਸੀ । ਪਾਤਸ਼ਾਹ ਕਿਹਾ ਜਾਓ ਹੁਣ ਭਾਵੇਂ ਦੁਨੀਆਂ ਭਰ ਦੀਆਂ ਹੱਥਕੜੀਆਂ ਲੈ ਆਓ, ਸਾਡੇ ਨਹੀਂ ਲਗੇਗੀ । ਪੁਲੀਸ ਵਾਲੇ ਹੈਰਾਨ ਹੋ ਗਏ ਤੇ ਬੇਨੰਤੀ ਕੀਤੀ ਕਿ ਬਾਬਾ ਜੀ ਮੁਆਫ ਕਰਨਾ ਸਾਨੂੰ ਪਤਾ ਨਹੀਂ ਸੀ । ਅਸੀਂ ਤੇ ਸਰਕਾਰ ਦਾ ਹੁਕਮ ਮੰਨ ਕੇ ਆਏ ਸੀ । ਸਾਡੀ ਵੀ ਇੱਜਤ ਰੱਖਣੀ ਜੀ । ਐਸੇ ਤਰ੍ਹਾਂ ਹੀ ਸਾਡੇ ਨਾਲ ਚਲੋ ਜੀ । ਸਰਕਾਰ ਕੋਲ ਆਪ ਨੂੰ ਪੇਸ਼ ਕੀਤਾ ਜਾਣਾ ਹੈ ਜੀ । ਪਾਤਸ਼ਾਹ ਨਾਲ ਤੁਰ ਪੈਂਦੇ ਹਨ ਜੀ । ਜਿਸ ਵਕਤ ਪਾਤਸ਼ਾਹ ਨੂੰ ਫੜ ਕੇ ਲੈ ਗਏ ਹਨ ਤੇ ਪਿੰਡ ਦੇ ਲੋਕੀਂ ਬੜੇ ਖ਼ੁਸ਼ ਹਨ । ਭਈ, ਮਹਾਰਾਜ ਵੀ ਰੋਜ਼ ਕੜਾਹ ਖਾਂਦੇ ਸੀ ਹੁਣ ਨਹੀਂ ਜੀਉਂਦੇ ਮੁੜ ਕੇ ਔਂਦੇ, ਫਿਰ ਗਏ ਗਲੀਆਂ ਵਿਚ ਜੇਹੜਾ ਫਿਰਨਾ ਸੀ । ਸੱਚੇ ਪਿਤਾ ਜਾਣ ਲੱਗੇ ਆਪਣੀ ਭੈਣ ਠਾਕਰੀ ਨੂੰ ਆਖ ਗਏ ਕਿ ਅਸੀਂ ਅੱਜ ਦੇ ਦਿਨ ਵੀਰਵਾਰ ਅੱਠਾਂ ਦਿਨਾਂ ਨੂੰ ਆ ਜਾਵਾਂਗੇ, ਦਿਲ ਵਿਚ ਨਾ ਕੁਛ ਕਰਿਓ ਜੇ । ਇਕ ਜ਼ਿਮੀਂਦਾਰ ਨੇ ਸੱਚੇ ਪਿਤਾ ਤੋਂ ਮੰਗ ਕੇ ਸੋਨੇ ਦਾ ਕੈਂਠਾ ਖੜਿਆ ਹੋਇਆ ਸੀ । ਉਸਨੂੰ ਬੀਬੀ ਠਾਕਰੀ ਪੁਛਿਆ ਤੇ ਓਹ ਮੁਕਰ ਗਿਆ । ਹਲਵਾਈ ਐਵੇਂ ਆਖੇ ਮੈਂ ਪਾਤਸ਼ਾਹ ਕੋਲੋਂ ੧੦੦ ਰੁਪੈਆ ਲੈਣਾ ਹੈ । ਗਲ ਕੀ ਲੋਕਾਂ ਦੇ ਦਿਲ ਵਿਚ ਕਿ ਪਾਤਸ਼ਾਹ ਕੇਹੜਾ ਹੁਣ ਔਣਾ ਹੈ । ਜੋ ਦਾਅ ਵਜ ਜਾਏ ਓਹੋ ਚੰਗਾ ਹੈ । ਜਿਨ੍ਹਾਂ ਸਿਖਾਂ ਦੇ ਬਾਣੀ ਵਿਚ ਨਾਮ ਸਨ, ਓਹ ਵੀ ਦਿਲੀਉਂ ਫੜੇ ਆ ਗਏ । ਗੁਪਾਲ ਸਿੰਘ ਦਿਲੀਉਂ ਨਿਹੰਗ ਦਾ ਬਾਣਾ ਰਖਦਾ ਸੀ । ਓਹ ਵੀ ਫੜਿਆ ਆ ਗਿਆ । ਫਿਰ ਸਾਰੇ ਸਿਖਾਂ ਨੂੰ ਸੱਚੇ ਪਾਤਸ਼ਾਹ ਤੇ ਬਾਬੇ ਮਨੀ ਸਿੰਘ ਸਾਰਿਆਂ ਨੂੰ ਵਜ਼ੀਰ ਨੇ ਕੋਠੀ ਸੱਦ ਲਿਆ ਜੀ । ਜਿਸ ਵਕਤ ਵਜ਼ੀਰ ਸਾਹਿਬ ਦੀ ਕੋਠੀ ਗਏ ਤੇ ਓਨ੍ਹਾਂ ਪਾਤਸ਼ਾਹ ਤੇ ਬਾਬੇ ਮਨੀ ਸਿੰਘ ਨੂੰ ਕੁਰਸੀ ਡਾਹ ਦਿਤੀ । ਸਾਰੇ ਹਾਕਮ ਵੀ ਓਥੇ ਹਾਜਰ ਹਨ ਜੀ । ਸਿਖ ਵੀ ਸਾਰੇ ਬੈਠ ਗਏ । ਲਹੌਰੋਂ ਡਿਪਟੀ ਕਮਿਸ਼ਨਰ ਵੀ ਓਥੇ ਗਿਆ ਹੋਇਆ ਸੀ । ਜੇਹੜੀਆਂ ਫਰਦਾਂ ਲਿਖੀਆਂ ਸਨ ਓਹ ਵਜੀਰ ਕੋਲ ਸਨ । ਵਜੀਰ ਸੱਚੇ ਪਾਤਸ਼ਾਹ ਨਾਲ ਬਚਨ ਕਰਦਾ ਹੈ ਕਿ ਮਹਾਰਾਜ ਜੀ,

ਸੰਤ ਬਚਨ ਕਰਦੇ ਹਨ ਕਿ ਮਹਾਰਾਜ ਬਾਣੀ ਲਿਖੌਂਦੇ ਹਨ ਤੇ ਅਸੀਂ ਲਿਖਦੇ ਹਾਂ, ਤੁਸੀਂ ਲਿਖੌਂਦੇ ਜੇ ? ਮਹਾਰਾਜ ਹੋਰੀਂ ਆਖਦੇ ਹਨ ਕਿ ਅਸੀਂ ਤਾਂ ਨਹੀਂ ਲਿਖੌਂਦੇ, ਨਾ ਅਸੀਂ ਪੜ੍ਹੇ ਹਾਂ । ਫਿਰ ਮਨੀ ਸਿੰਘ ਨੂੰ ਆਖਣ ਲੱਗੇ, ਸੰਤ ਜੀ, ਮਹਾਰਾਜ ਹੋਰੀਂ ਆਂਦੇ ਹਨ ਅਸੀਂ ਤਾਂ ਨਹੀਂ ਲਿਖੌਂਦੇ । ਮਨੀ ਸਿੰਘ ਆਖਿਆ, ਵਜੀਰ ਸਾਹਿਬ, ਮਹਾਰਾਜ ਹੋਰੀਂ ਦੇਹ ਕਰ ਕੇ ਨਹੀਂ ਲਿਖੌਂਦੇ, ਜੋਤ ਸਰੂਪੀ ਲਿਖੌਂਦੇ ਹਨ । ਫਿਰ ਵਜੀਰ ਸਾਹਿਬ ਆਖਿਆ, ਮਹਾਰਾਜ ਜੀ, ਬਾਬੇ ਮਨੀ ਸਿੰਘ ਹੋਰੀਂ ਆਂਦੇ ਹਨ, ਜੋਤ ਸਰੂਪੀ ਲਿਖੌਂਦੇ ਹੋ । ਮਹਾਰਾਜ ਹੋਰਾਂ ਆਖਿਆ, ਅਸੀਂ ਜਬਾਨੀ ਕੋਈ ਬਚਨ ਨਹੀਂ ਕਰਦੇ । ਅਸੀਂ ਬਿਲਕੁਲ ਅਨਪੜ੍ਹ ਹਾਂ ਤੇ ਅੰਗੂਠਾ ਲਾਉਂਦੇ ਹਾਂ । ਸਾਡੇ ਘਰ ਸੰਤ ਔਂਦੇ ਰਹੇ ਹਨ ਤੇ ਸਾਡੇ ਮਾਪੇ ਵੀ ਪਰਸ਼ਾਦ ਸੰਤਾਂ ਨੂੰ ਛਕੌਂਦੇ ਸੀ ਤੇ ਅਸੀਂ ਵੀ ਛਕਾਈ ਜਾਂਦੇ ਹਾਂ । ਵਜ਼ੀਰ ਸਾਹਿਬ ਫਿਰ ਮਨੀ ਸਿੰਘ ਨੂੰ ਪੁਛਿਆ ਕਿ ਸੰਤਾ ਸਾਢੇ ਤਿੰਨ ਮਣ ਪੱਕੀ ਤੇ ੭ ਛਟਾਂਕ ਕਾਗਜ ਲਿਖਿਆ ਹੈ, ਤੂੰ ਆਪਣੇ ਆਪ ਲਿਖਿਆ ਹੈ, ਮਹਾਰਾਜ ਤਾਂ ਪੜ੍ਹੇ ਹੋਏ ਨਹੀਂ ਹਨ । ਮਨੀ ਸਿੰਘ ਆਂਦਾ ਹੈ ਵਜ਼ੀਰ ਸਾਹਿਬ ਤੁਹਾਨੂੰ ਏਨ੍ਹਾਂ ਦਾ ਨਹੀਂ ਪਤਾ, ਏਹ ਪ੍ਰੀ ਪੂਰਨ ਪਰਮੇਸ਼ਵਰ ਹਨ । ਜੁਗ ਉਲਟਾਵਣ ਵਾਸਤੇ ਅਵਤਾਰ ਧਾਰਦੇ ਹਨ । ਸਤਿਜੁਗ ਵਿਚ ਹੰਸਾ ਅਵਤਾਰ ਸੀ, ਤ੍ਰੇਤੇ ਵਿਚ ਰਾਮ ਅਵਤਾਰ ਸਨ, ਜਿਨ੍ਹਾਂ ਨੇ ਅਵਤਾਰ ਲੈਣ ਤੋਂ ਸੈਕੜੇ ਬਰਸ ਪਹਿਲਾਂ ਬਾਲਮੀਕੀ ਰਮੈਣ ਲਿਖਾਈ ਸੀ । ਦੁਆਪਰ ਵਿਚ ਕ੍ਰਿਸ਼ਨ ਅਵਤਾਰ ਅਖਵਾਇਆ, ਜਿਨ੍ਹਾਂ ਨੇ ਬੇਅੰਤ ਲੀਲਾ ਸੰਸਾਰ ਵਿਚ ਕੀਤੀਆਂ ਹਨ ਜੀ । ਕਲਜੁਗ ਵਿਚ ਮਹਾਰਾਜ ਸ਼ੇਰ ਸਿੰਘ ਦਾ ਅਵਤਾਰ ਧਾਰਿਆ ਹੈ ਤੇ ਜੇ ਮੇਰੇ ਗਰੀਬ ਤੇ ਦਇਆ ਕਰ ਕੇ ਬਾਣੀ ਲਿਖਵਾਈ ਹੈ, ਕੋਈ ਵੱਡੀ ਗਲ ਨਹੀਂ । ਏਹ ਤਾਂ ਤਤਕਰੇ ਲਿਖੇ ਹਨ ਜਦੋ ਕਲਜੁਗ ਦਾ ਨਾਸ ਕਰ ਕੇ ਸੱਚੇ ਪਿਤਾ ਸਤਿਜੁਗ ਲਾਇਆ, ਓਦੋਂ ਤਾਂ ਗੱਡੇ ਦਾ ਵਿਸਥਾਰ ਬਾਣੀ ਬਣੇਗੀ । ਸ੍ਰੀ ਰਾਮ ਚੰਦਰ ਦੇ ਵਕਤ ਆਪਣੀ ਹੱਥੀਂ ਰਾਵਣ ਨੂੰ ਮਾਰਿਆ ਸੀ । ਕ੍ਰਿਸ਼ਨ ਮਹਾਰਾਜ ਦੇ ਵਕਤ ਪਾਂਡਵਾਂ ਦੀ ਜੈ ਕਰਾਈ ਸੀ । ਆਪ ਭਗਵਾਨ ਰਥਵਾਹੀ ਬਣਿਆ ਸੀ । ਹੁਣ ਮਹਾਰਾਜ ਸ਼ੇਰ ਸਿੰਘ ਨਾ ਆਪ ਲੜੇਗਾ, ਨਾ ਸਿਖ ਲੜਾਵੇਗਾ । ਸਭ ਕਲਜੁਗ ਦੇ ਰਾਜੇ ਆਪਸ ਮੇਂ ਭੇੜ ਭੇੜ ਕੇ ਮਾਰ ਦਏਗਾ । ਸੰਤਾਂ ਜਿਸ ਵਕਤ ਵਜ਼ੀਰ ਸਾਹਿਬ ਇਹ ਬਚਨ ਦੱਸੇ, ਵਜ਼ੀਰ ਸਾਹਿਬ ਬਚਨ ਸੁਣ ਕੇ ਚੁਪ ਹੋ ਗਏ ਸੱਚੇ ਪਾਤਸ਼ਾਹ ਮਨੀ ਸਿੰਘ ਨੂੰ ਹੌਲੀ ਜਹੀ ਕੰਨ ਵਿਚ ਆਖਿਆ ਬਾਬਾ ਤੂੰ ਸਾਨੂੰ ਹੁਣ ਏਥੇ ਪਰਮੇਸ਼ਵਰ ਨਾ ਆਖ, ਅਸੀਂ ਤੈਨੂੰ ਸਵੇਰੇ ਨਾਲ ਲੈ ਚਲਾਂਗੇ । ਮਨੀ ਸਿੰਘ ਉਚੀ ਸਾਰੀ ਆਖਣ ਲਗਾ, ਲਓ ਜੀ, ਸਾਡੇ ਕੋਲੋਂ ਹੁਣ ਝੂਠ ਅਖਵੌਂਦੇ ਜੇ । ਤੁਸੀਂ ਪਰੀ ਪੂਰਨ ਸੋਲਾਂ ਕਲ ਸੰਪੂਰਨ ਮਹਾਰਾਜ ਸ਼ੇਰ ਸਿੰਘ ਨਹੀਂ ਜੇ ? ਤੁਹਾਡੇ ਹੱਥ ਵਿਚ ਪ੍ਰਿਥਮੀ ਆ, ਜੀ ਕਰੇ ਤੇ ਘੁਟ ਲੋ, ਜੀ ਕਰੇ ਤੇ ਰਹਿਣ ਦਿਓ । ਸੱਚੇ ਪਿਤਾ ਮੈਂ ਤੇਰੀ ਸਾਢੇ ਤਿੰਨ ਮਣ ਪੱਕੀ ਬਾਣੀ ਹੱਥੀਂ ਲਿਖ ਕੇ ਤੇ ਹੁਣ ਝੂਠ ਆਖ ਦਿਆਂ, ਏਹ ਮਹਾਰਾਜ ਨਹੀਂ, ਕਦਾ ਚਿਤ ਏਹ ਬਚਨ ਨਹੀਂ ਹੋਵੇਗਾ । ਮੇਰੇ ਮੂੰਹੋਂ ਏਹ ਨਾ ਨਿਕਲੂ ਕਿ ਤੁਸੀਂ ਪਾਤਸ਼ਾਹ ਨਹੀਂ ਗੇ । ਫੇਰ ਪਾਤਸ਼ਾਹ ਆਖਣ ਲੱਗੇ ਚੰਗਾ ਬੈਠਾ ਰਹੁ । ਮਨੀ ਸਿੰਘ ਆਖਣ ਲੱਗਾ ਦੀਨ ਦਿਆਲ ਤੇਰੇ ਹੁਕਮ ਵਿਚ ਬੈਠਾ ਹਾਂ, ਫੇਰ ਕੀ ਹੋਇਆ । ਵਜ਼ੀਰ ਸਹਿਬ ਸਿਖਾਂ ਨੂੰ ਪੁੱਛਣ ਲਗੇ ਸਿਖੋ, ਤੁਸੀਂ ਦੱਸੋ ਤੁਸਾਂ ਕੀ ਮਹਾਰਾਜ ਦੀ ਕਣੀ ਵੇਖੀ ਹੈ । ਮਾਲਵੇ ਦੀ ਸਿਖੀ ਆਖਣ ਲਗੀ, ਜੀ ਅਸਾਂ ਤਾਂ ਨਾ ਮਹਾਰਾਜ ਹੋਰਾਂ ਦਾ ਕੁਛ ਵੇਖਿਆ ਤੇ ਨਾ ਸੰਤ ਮਨੀ ਸਿੰਘ ਦਾ । ਵਜ਼ੀਰ ਸਾਹਿਬ, ਆਖਣ ਲਗਾ ਜੇ ਤੁਸੀਂ ਮਨੀ ਸਿੰਘ ਦੇ ਸਿਖ ਨਹੀਂ ਤੇ ਤੁਸੀਂ ਕਿਸ ਤਰ੍ਹਾਂ ਫੜੇ ਗਏ । ਸਿਖ ਆਖਣ ਲਗੇ ਜੀ ਅਸੀਂ ਅਗੋਂ ਮੇਲਾ ਵੇਖਕੇ ਆਏ ਸਾਂ, ਸੰਤ ਕਰਕੇ ਰਸਤੇ ਵਿਚ ਕੋਲ ਬੈਹ ਗਏ ਤੇ ਨਾਲ ਫੜੇ ਗਏ ਹਾਂ । ਇਕ ਲੁਧਿਆਣੇ ਜ਼ਿਲਾ ਆਲਮਗੀਰ ਨਗਰ ਦਾ ਰਤਨ ਸਿੰਘ ਸਿਖ ਸੀ । ਓਸ ਆਖਿਆ ਜੀ ਮੈਂ ਮਨੀ ਸਿੰਘ ਨੂੰ ਗੁਰੂ ਧਾਰਨ ਕੀਤਾ ਹੈ । ਬੋਹਲ ਸਿੰਘ ਨੂੰ ਵਜ਼ੀਰ ਨੇ ਵਾਜ ਮਾਰੀ ਬੋਹਲ ਸਿੰਘ ਮਨੀ ਸਿੰਘ ਕੀ ਤੇਰਾ ਗੁਰੂ ਹੈ ? ਬਾਣੀ ਵਿਚ ਤੇਰਾ ਨਾਮ ਵੀ ਲਿਖਿਆ ਹੈ । ਓਸ ਆਖਿਆ ਜੀ ਮਨੀ ਸਿੰਘ ਸਾਡਾ ਗੁਰੂ ਹੈ, ਕਿਉਂਕਿ ਸੰਤਾਂ ਦੀ ਮਿਹਰ ਨਾਲ ਸਾਨੂੰ ਨਿਹਕਲੰਕ ਅਵਤਾਰ ਪਰੀ ਪੂਰਨ ਪਰਮੇਸ਼ਵਰ ਦੇ ਦਰਸ਼ਨ ਹੋਏ ਹਨ । ਕਾਹਨ ਸਿੰਘ ਵੀ ਆਖਿਆ ਜੀ ਅਸੀਂ ਸਿਖ ਹਾਂ ਸਾਡੇ ਤੇ ਏਨ੍ਹਾਂ ਦੀ ਬੜੀ ਕਿਰਪਾ ਹੈ, ਜਿਨ੍ਹਾਂ

ਨੂੰ ਦੇਹ ਕਰਕੇ ਅਵਤਾਰ ਦੇ ਦਰਸ਼ਨ ਹੋਏ ਹਨ । ਏਸ ਦਰਸ਼ਨ ਨੂੰ, ਵਜ਼ੀਰ ਸਾਹਿਬ, ਦੇਵੀਆਂ ਦੇਵਤੇ ਤਰਸ ਰਹੇ ਹਨ । ਫੇਰ ਤੇਜਾ ਸਿੰਘ ਨੂੰ ਪੁਛਿਆ, ਤੇਜਾ ਸਿੰਘ ਤੂੰ ਦੱਸ । ਤੇਜਾ ਸਿੰਘ ਵੀ ਆਖਿਆ ਜੀ ਮੇਰਾ ਗੁਰੂ ਹੈ ਬਾਬਾ ਮਨੀ ਸਿੰਘ । ਗੁਰੂ ਐਸਾ ਚਾਹੀਏ, ਜਿਸ ਨੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਸ਼ਰਨ ਪਾਇਆ ਹੈ । ਦਿੱਲੀ ਵਾਲੇ ਖੜ ਸਿੰਘ ਨੂੰ ਪੁਛਿਆ ਖੜ ਸਿੰਘ, ਮਨੀ ਸਿੰਘ ਤੇਰੇ ਕੀ ਲਗਦੇ ਹਨ ? ਓਸ ਵੀ ਆਖਿਆ ਜੀ ਮੇਰੇ ਗੁਰੂ ਹਨ । ਮਹਾਰਾਜ ਸ਼ੇਰ ਸਿੰਘ ਕ੍ਰਿਸ਼ਨ ਮਹਾਰਾਜ ਦਾ ਜਾਮਾ ਹੈ ਤੇ ਏਨ੍ਹਾਂ ਦੇ ਦਰਸ ਨੂੰ ਤਾਂ ਰਿਖੀ ਮੁਨੀ ਵੀ ਤਰਸ ਰਹੇ ਹਨ । ਸਾਡੇ ਵੱਡੇ ਭਾਗ ਕਲਜੁਗ ਵਿਚ ਹਨ ਜਿਨ੍ਹਾਂ ਨੂੰ ਦਰਸ਼ਨ ਹੋਏ ਹਨ । ਦਿੱਲੀ ਵਾਲੇ ਗੁਪਾਲ ਸਿੰਘ ਨੂੰ ਪੁਛਦੇ ਹਨ । ਖੜ ਸਿੰਘ ਇਸ਼ਾਰਾ ਕੀਤਾ ਕਿ ਗੋਪਾਲ ਸਿੰਘ ਵੇਖੀਂ ਬਾਣੀਆਂ ਨਾ ਬਣ ਜੀ । ਗੋਪਾਲ ਸਿੰਘ ਵੀ ਆਖਿਆ ਜੀ ਮੇਰੇ ਗੁਰੂ ਹਨ । ਰੰਗਾ ਸਿੰਘ ਪਾਤਸ਼ਾਹ ਦੇ ਚਾਚੇ ਨੂੰ ਪੁਛਿਆ ਕਿ ਤੇਰੇ ਲਗਦੇ ਹਨ ? ਓਨ ਆਖਿਆ ਜੀ ਦੇਹ ਕਰਕੇ ਤਾਂ ਮੇਰੇ ਭਤੀਜੇ ਹਨ ਤੇ ਸੰਤ ਮਨੀ ਸਿੰਘ ਨੇ ਏਨ੍ਹਾਂ ਨੂੰ ਲੱਭਾ ਹੈ । ਓਸ ਦਿਨ ਤੋਂ ਮੈਂ ਵੀ ਏਨ੍ਹਾਂ ਦੇ ਚਰਨ ਪੂਜਦਾ ਹਾਂ, ਤੇ ਮੇਰੇ ਸੱਚੇ ਮਾਪੇ ਹਨ । ਫੇਰ ਵਜ਼ੀਰ ਸਾਹਿਬ ਆਖਿਆ, ਮੈਂ ਕਾਗਜ਼ ਲਿਖ ਕੇ ਅਫਸਰ ਨੂੰ ਭੇਜ ਦਿਆਂਗਾ । ਜੋ ਹੁਕਮ ਆਵੇਗਾ ਤੁਹਾਨੂੰ ਸੁਣਾਇਆ ਜਾਵੇਗਾ । ਮਹਾਰਾਜ ਜੀ ਤੁਸੀਂ ਸਵੇਰੇ ਚਲੇ ਜਾਣਾ, ਤੇ ਸੰਤ ਮਨੀ ਸਿੰਘ ਤੇ ਸੰਗਤ ਏਥੇ ਰਹੇਗੀ । ਅਗਲੇ ਦਿਨ ਮਹਾਰਾਜ ਹੋਰੀਂ ਗੱਡੀ ਚੜ੍ਹ ਆਏ । ਮਨੀ ਸਿੰਘ ਤੇ ਸੰਗਤ ਤਿੰਨ ਦਿਨ ਤੇ ੧ ਮਹੀਨਾ ਠਾਣੇ ਰਹੇ । ਫੇਰ ਮਹੀਨੇ ਪਿਛੋਂ ਕਾਗਜ ਆਏ ਤੇ ਹੁਕਮ ਹੋਇਆ ਕਿ ਮਹਰਾਜ ਸ਼ੇਰ ਸਿੰਘ ਹੋਰੀਂ ਕੁਛ ਨਹੀਂ ਲਿਖੌਂਦੇ ਤੇ ਨਾ ਪੜ੍ਹੇ ਹੋਏ ਹਨ । ਸੰਤ ਮਨੀ ਸਿੰਘ ਬਿਰਧ ਅਵਸਥਾ ਹੈ, ਸੁਖਾ ਸ਼ਰਦਾਈ ਛਕ ਕੇ ਵਧ ਘਟ ਲਿਖੀ ਜਾਂਦਾ ਹੈ, ਇਹਨੂੰ ਨਜ਼ਰਬੰਦ ਕੀਤਾ ਜਾਵੇ । ਬਾਣੀ ਵੀ ਨਜ਼ਰਬੰਦ ਕਰ ਕੇ ਪੈਹਰੇ ਲਗ ਜਾਣ । ਸਿਖਾਂ ਨੂੰ ਹੱਥ ਘੜੀਆਂ ਲਗਾ ਕੇ ਤੇ ਸਾਲ ਦੀਆਂ ਜਮਾਨਤਾਂ ਕਰ ਕੇ ਆਪੋ ਆਪਣੇ ਘਰੀਂ ਪੁਚਾਇਆ ਜਾਵੇ । ਸੰਤ ਫੁਮਣ ਸਿੰਘ ਨੂੰ ਵੀ ਮਨੀ ਸਿੰਘ ਦੇ ਨਾਲ ਹੀ ਨਜ਼ਰ ਬੰਦ ਕੀਤਾ ਜਾਵੇ । ਜਿਸ ਤਰ੍ਹਾਂ ਕਾਗਜ ਆਏ, ਓਸੇ ਤਰ੍ਹਾਂ ਕੀਤਾ ਗਿਆ ਜੀ । ।

## ❊ ਸੱਚੇ ਪਾਤਸ਼ਾਹ ਨੇ ਘਵਿੰਡ ਔਣਾ ਤੇ ਮਾਝੇ ਦੀ ਸੰਗਤ ਨੇ ਦਰਸ਼ਨ ਕਰਨ ਔਣਾ ❊

ਜਿਸ ਵਕਤ ਫੇਰ ਸੱਚੇ ਪਿਤਾ ਦੀਨ ਦਿਆਲ ਘਵਿੰਡ ਆ ਗਏ ਹਨ । ਸਾਰੇ ਘਰ ਦੇ ਟੱਬਰ ਬੜੀ ਖ਼ੁਸ਼ੀ ਪ੍ਰਾਪਤ ਹੋਈ । ਨਗਰ ਦੇ ਕੁਝ ਵਾਸੀਆਂ ਨੂੰ ਪਾਤਸ਼ਾਹ ਦੇ ਔਣ ਨਾਲ ਸੋਗ ਪੈ ਗਿਆ ਐਡੇ ਮਾੜਿਆਂ ਭਾਗਾਂ ਵਾਲੇ ਸਨ ਜੀ । ਤੀਨ ਲੋਕ ਦੇ ਮਾਲਕ ਨੂੰ ਵੇਖ ਕੇ ਖ਼ੁਸ਼ ਨਹੀਂ ਹੋਏ ਕਿ ਸਾਡੇ ਨਗਰ ਦੇ ਵਿਚ ਵੱਡੇ ਦਿਆਲੂਆਂ ਨੇ ਅਵਤਾਰ ਧਾਰਿਆ ਹੈ, ਧੰਨ ਏਹ ਨਗਰ ਹੈ । ਪਰ ਜੀਅ ਦੇ ਕੀ ਅਖਤਿਆਰ ਹੈ । ਸੱਚੇ ਪਿਤਾ ਨੇ ਓਨ੍ਹਾਂ ਨੂੰ ਸੁਰਤ ਨਹੀਂ ਦਿਤੀ । ।

## ❊ ਮਹਾਰਾਜ ਜੀ ਦੀ ਸ਼ਾਦੀ ਦੀ ਸਾਖੀ ❊

ਮਾਝੇ ਦੇ ਸਿਖ ਮਹਾਰਾਜ ਆਇਆ ਨੂੰ ਸੁਣ ਕੇ ਦਰਸ਼ਨ ਕਰਨ ਆਏ ਹਨ । ਤੇ ਦਰਸ਼ਨ ਕਰ ਕੇ ਸ਼ੁਕਰ ਗੁਜਾਰਦੇ ਹਨ । ਬਾਬੇ ਮਨੀ ਸਿੰਘ ਦਾ ਜੇਲ ਵਿਚ ਹੋਣਾ ਸੁਣ ਕੇ ਬਹੁਤ ਹਿਰਖ ਕਰਦੇ ਹਨ । ਪਾਤਸ਼ਾਹ ਆਂਦੇ ਹਨ, ਫੇਰ ਕੀ ਹੋਇਆ, ਸਾਡੇ ਹੁਕਮ ਵਿਚ ਏਹ ਸਾਰੀ ਖੇਡ ਹੈ । ਬਾਬੇ ਦੀ ਸੇਵਾ ਬਾਬੇ ਮਨੀ ਸਿੰਘ ਹੀ ਕਰਨੀ ਹੈ । ਹੋਰ ਕੋਈ ਨਹੀਂ ਕਰ ਸਕਦਾ ਜੀ । ਮਾਝੇ ਦੀ ਸਿਖੀ ਸਚੇ ਪਾਤਸ਼ਾਹ ਦੀ ਸੇਵਾ ਵਿਚ ਤਨੋਂ ਮਨੋਂ ਹਾਜਰ ਹੈ । ਗੁਜਰ ਸਿੰਘ ਸੇਵਾ ਵਿਚ ਹਰ ਵਕਤ ਰਹਿਣ ਲਗ ਪਿਆ । ਆਸਾ ਸਿੰਘ ਮਜ਼੍ਹਬੀ ਸਿੰਘ ਵੀ ਸੇਵਾ ਵਿਚ ਹਾਜਰ ਰੈਹਦਾ ਹੈ, ਤੇ ਘਰਾਂ ਦੇ ਵਿਹਾਰ ਵੀ ਕਰਦਾ ਹੈ । ਦੂਸਰੇ

ਸਿਖ ਵੀ ਮਹੀਨੇ ਦੋ ਜਾਂ ਇਕ ਜਰੂਰ ਆਣ ਕੇ ਸੇਵਾ ਵਿਚ ਹਾਜਰ ਹੁੰਦੇ ਹਨ । ਲਾਭ ਸਿੰਘ ਮਜ਼੍ਹਬੀ ਸਿੰਘ ਹਰ ਵਕਤ ਸੇਵਾ ਵਿਚ ਹਾਜਰ ਸੀ, ਜਾਂ ਘਾਹ ਘੋੜਿਆਂ ਨੂੰ ਲਿਆ ਕੇ ਪੌਣਾ ਤੇ ਜਾਂ ਲੰਗਰ ਵਿਚ ਬਾਲਣ ਲਿਔਣਾ । ਏਹ ਸੇਵਾ ਉਸ ਦੀ ਸੀ ਜਿਸ ਵਕਤ ਪਾਤਸ਼ਾਹ ਹੁਕਮ ਕਰਨਾ, ਓਸੇ ਵਕਤ ਛਾਲਾਂ ਮਾਰ ਕੇ ਖ਼ੁਸ਼ੀ ਨਾਲ ਸੇਵਾ ਨੂੰ ਲੱਗ ਪੈਣਾ । ਰਾਤ ਜਿਸ ਵਕਤ ਪਾਤਸ਼ਾਹ ਪਲੰਘ ਤੇ ਬਿਰਾਜਮਾਨ ਹੁੰਦੇ ਸਨ, ਲਾਭ ਸਿੰਘ ਚਰਨਾਂ ਵਲ ਬੈਠ ਕੇ ਸਾਰੀ ਰਾਤ ਸ਼ਬਦ ਪੜ੍ਹਦਾ ਰੈਂਹਦਾ ਸੀ ਤੇ ਸੱਚੇ ਪਿਤਾ ਦਾ ਜਸ ਕਰਦਾ ਸੀ । ਸੇਵਾ ਵਿਚ ਬਹੁਤ ਖ਼ੁਸ਼ ਰਹਿੰਦਾ ਸੀ । ਜਿਸ ਵਕਤ ਸੱਚੇ ਪਿਤਾ ਖਲੋ ਕੇ ਕੇਸ ਵੌਹਦੇ ਹੁੰਦੇ ਸੀ, ਲਾਭ ਸਿੰਘ ਨੇ ਹੇਠਾਂ ਬੁਕ ਕਰ ਛੱਡਣਾ ਤੇ ਕੇਸ ਜੇਹੜੇ ਝੜ ਕੇ ਬੁੱਕ ਵਿਚ ਡਿਗਣੇ ਓਸ ਨੇ ਕੱਠੇ ਕਰ ਕੇ ਪੱਗ ਪੱਲੇ ਬੰਨ੍ਹ ਲੈਣੇ ਤੇ ਨਹਿਰ ਵਿਚ ਜਾ ਪੌਣੇ ਜੀ । ਦਿਲ ਵਿਚ ਇਹ ਖਿਆਲ ਕਰਨਾ, ਕਿ ਮੇਰੇ ਪਾਤਸ਼ਾਹ ਦੇ ਵਾਲ ਕਿਸੇ ਦੇ ਪੈਰ ਹੇਠਾਂ ਨਾ ਆ ਜਾਣ । ।

ਗੁਜਰ ਸਿੰਘ ਤੋੜੇ ਵਾਲੇ ਨੇ ਵੀ ਹੱਥਾਂ ਦੀ ਸੇਵਾ ਬਹੁਤ ਕਰਨੀ । ਪਾਤਸ਼ਾਹ ਦੀ ਦਇਆ ਨਾਲ ਏਸੇ ਤਰ੍ਹਾਂ ਸਿਖ ਆਣ ਕੇ ਬੜੇ ਪ੍ਰੇਮ ਨਾਲ ਦਰਸ਼ਨ ਕਰਦੇ ਸੀ । ਫੇਰ ਦੂਸਰੇ ਹਾੜ ਵਿਚ ਸਾਲ ਪਿਛੋਂ ਕਲੀਆਂ ਵਾਲਿਆਂ ਪਾਤਸ਼ਾਹ ਦਾ ਵਿਆਹ ਮੁਕਰਰ ਕਰ ਦਿਤਾ । ਓਸ ਵਕਤ ਸਾਰੀ ਸਿਖੀ ਨੂੰ ਪਾਤਸ਼ਾਹ ਗੰਢਾਂ ਘੱਲੀਆਂ ਤੇ ਸਾਰੇ ਸਿਖ ਹੁਮ ਹੁਮਾ ਕੇ ਪਾਤਸ਼ਾਹ ਦੀ ਸ਼ਾਦੀ ਵਿਚ ਆਏ ਹਨ ਜੀ । ਗੁਜਰ ਸਿੰਘ ਨੇ ੮ ਪੀਪੇ ਘਿਓ ਦੇ ਆਂਦੇ । ਜਿਸ ਵਕਤ ਪਾਤਸ਼ਾਹ ਜੰਞ ਚੜ੍ਹਨ ਲਗੇ ਉਸ ਵਕਤ ਸਾਰੀ ਸਿਖੀ ਨੇ ਪੂਜਾ ਭੇਟਾ ਪਾਤਸ਼ਾਹ ਅੱਗੇ ਰੱਖੀ ਹੈ । ਮਾਣਾ ਸਿੰਘ ਭੁਚਰ ਵਾਲੇ ਨੇ ਇਕ ਠੂਠੀ ਸੋਨੇ ਦੀ ਤੇ ਮਾਇਆ ਵੀ ਪਾਤਸ਼ਾਹ ਅੱਗੇ ਰੱਖੀ । ਸਾਰੀ ਸੰਗਤ ਨੇ ਪਰਾਤ ਭਰ ਕੇ ਰੁਪੈਆਂ ਦੀ ਤੇ ਸਾਰਾ ਮਾਤਾ ਹੋਰਾਂ ਦਾ ਸੋਨੇ ਦਾ ਗਹਿਣਾ ਪਾਤਸ਼ਾਹ ਦੇ ਅੱਗੇ ਰਖ ਕੇ ਨਿਮਸਕਾਰ ਕੀਤੀ ਤੇ ਪਰਕਰਮਾਂ ਕੀਤੀਆਂ ਹਨ ਜੀ । ਦਿੱਲੀ ਵਾਲੇ ਸਿੰਘ ਨੇ ਟਕਸਾਲ ਦੇ ਵਿਚੋਂ ਨਵੇਂ ਪੈਸੇ ਤੇ ਨਵੇਂ ਰੁਪੈ ਲਿਆ ਕੇ ਪਰਾਤ ਭਰ ਕੇ ਪਾਤਸ਼ਾਹ ਅੱਗੇ ਰੱਖ ਦਿਤੀ ਤੇ ਆਖਣ ਲੱਗੇ ਪਾਤਸ਼ਾਹ ਏਹ ਨਵੇ ਪੈਸੇ ਤੇ ਰੁਪਏ ਸੁੱਟ ਕਰਨ ਨੂੰ ਜੰਞ ਵਾਸਤੇ ਆਂਦੇ ਹਨ । ਜੰਞ ਚੜ੍ਹਨ ਲੱਗਿਆਂ ਪਾਤਸ਼ਾਹ ਨੇ ਗਰੀਬ ਗੁਰਬੇ ਨੂੰ ਬਹੁਤ ਧੰਨ ਵੰਡਿਆ ਹੈ । ਫੇਰ ਸੱਚੇ ਪਿਤਾ ਨੇ ਸਾਰਿਆਂ ਸਿਖਾਂ ਦੀਆਂ ਦਾਣਿਆਂ ਵਾਂਗਰ ਪੈਸਿਆਂ ਦੀਆਂ ਝੋਲੀਆਂ ਭਰ ਦਿਤੀਆਂ ਹਨ । ਜਿਸ ਵਕਤ ਜੰਞ ਤੁਰੇ ਹਨ ਤੇ ਨਵੇਂ ਰੁਪਏ ਪਾਤਸ਼ਾਹ ਸੁੱਟ ਕਰੀ ਜਾਂਦੇ ਹਨ, ਮਗਰ ਸਿਖ ਸੁੱਟ ਕਰੀ ਜਾਂਦੇ ਹਨ । ਗੱਲ ਕੀ ਮਾਇਆ ਨਾਲ ਗਲੀਆਂ ਚਿਟੀਆਂ ਕਰੀ ਜਾਂਦੇ ਹਨ । ਸਭ ਨਗਰ ਦੇ ਵਾਸੀ ਤੇ ਰਾਹੀ ਪਾਂਧੀ ਵੀ ਓਸ ਵਕਤ ਦੀਨ ਦਿਆਲਾਂ ਦੇ ਦਰਸ਼ਨ ਕਰਕੇ ਧੰਨ ਧੰਨ ਕਰ ਰਹੇ ਹਨ । ਜੋ ਵੇਦਾਂ ਦੇ ਜਾਨਣ ਵਾਲੇ ਪੰਡਤ ਸਨ ਓ ਬਚਨ ਕਰਦੇ ਹਨ ਕਿ ਜਾਂ ਕ੍ਰਿਸ਼ਨ ਮਹਾਰਾਜ ਵਿਔਣ ਗਏ ਸਨ ਏਸ ਤਰ੍ਹਾਂ, ਤੇ ਜਾਂ ਅੱਜ ਮਹਾਰਾਜ ਸ਼ੇਰ ਸਿੰਘ ਓਸ ਤਰ੍ਹਾਂ ਸੋਭਾ ਪਾ ਰਹੇ ਹਨ । ਕਈ ਆਖਦੇ ਹਨ ਕੇ ਭਾਈ ਜਾਂ ਰਾਮ ਜੀ ਸੀਤਾ ਨੂੰ ਵਿਔਣ ਗਏ ਏਸ ਤਰ੍ਹਾਂ ਸੁਹਾਏਮਾਨ ਹੋਏ ਸਨ ਜੀ । ਕਈ ਸਿਆਣੇ ਆਖਦੇ ਹਨ ਕੇ ਭਾਈ ਓਹੋ ਕ੍ਰਿਸ਼ਨ ਮਹਾਰਾਜ ਅਵਤਾਰ ਧਾਰਿਆ ਹੈ । ਬਿਨਾਂ ਪ੍ਰੀ ਪੂਰਨ ਸੋਲਾਂ ਕਲਾ ਸੰਪੂਰਨ ਤੋਂ ਇਹ ਸੋਭਾ ਨਹੀਂ ਹੋ ਸਕਦੀ । ਦਿਨ ਹੁੰਦੇ ਜਾ ਕੇ ਕਲੀਂ ਅਪੜੇ ਹਨ ਜੀ । ਕਲੀਆਂ ਤੋਂ ਮੀਲ ਉਰਾਂ ਆਣ ਕੇ ਦੁਨੀਆਂ ਖਲੋਤੀ ਹੈ ਕਿ ਪਾਤਸ਼ਾਹ ਨੇ ਆਣ ਕੇ ਢੁਕਣਾ ਹੈ । ਮੀਲ ਪੈਂਡੇ ਉਤੋਂ ਪਾਤਸ਼ਾਹ ਸੁਟ ਕਰਨ ਲੱਗੇ ਹਨ । ਗਰੀਬ ਗੁਰਬਾ ਮਾਇਆ ਚੁਗ ਕੇ ਅਨੰਦ ਪ੍ਰਸੰਨ ਹੋ ਰਹੇ ਹਨ ਜੀ । ਤੇ ਜਿਸ ਵਕਤ ਘਰ ਗਏ ਹਨ, ਨਗਰ ਦੇ ਵਾਸੀਆਂ ਬੜੀ ਸੇਵਾ ਕੀਤੀ ਹੈ । ਅਗਲੇ ਦਿਨ ਪਾਤਸ਼ਾਹ ਫੇਰੇ ਕਰ ਕੇ ਵਾਪਸ ਓਸੇ ਤਰ੍ਹਾਂ ਸੁਟ ਕਰਦੇ ਖ਼ੁਸ਼ੀਆਂ ਕਰਦੇ ਘਰਾਂ ਨੂੰ ਆ ਗਏ ਹਨ ਜੀ । ਘਵਿੰਡ ਆਣ ਕੇ ਵੀ ਬੜਾ ਗਰੀਬਾਂ ਨੂੰ ਅੰਨ ਪਾਣੀ ਵੰਡਿਆ ਹੈ । ਧੰਨ ਧੰਨ ਹੋ ਰਹੀ ਹੈ । ਅਗਲੇ ਦਿਨ ਪਾਤਸ਼ਾਹ ਕੋਲੋਂ ਬੇਨੰਤੀਆਂ ਕਰ ਕੇ ਸਿਖ ਖ਼ੁਸ਼ੀਆਂ ਮੰਗ ਰਹੇ ਹਨ । ਸਿਖ ਘਰੋਂ ਆ ਗਏ ਹਨ । ਕਈ ਸਿਖ ਏਥੇ ਸੇਵਾ ਵਿਚ ਹਾਜਰ ਰਹੇ ਹਨ । ।

## ✻ ਮਹਾਰਾਜ ਸ਼ੇਰ ਸਿੰਘ ਦੇ ਘਰ ਸਾਹਿਬਜਾਦੇ ਨੇ ਜਨਮ ਲੈਣਾ ✻

ਦੂਸਰੀ ਸੌਣ ਦੀ ਦੇਸੀ ਤਰੀਕ ਮਾਤਾ ਨੈਣੋ ਦੇ ਘਰ ਸਾਹਿਬਜਾਦੇ ਨੇ ਜਨਮ ਧਾਰਿਆ ਹੈ । ਜੋ ਪਿੰਡ ਦੇ ਵਾਸੀ ਵੀ ਹਨ ਸਭ ਵਧਾਈਆਂ ਦੇ ਰਹੇ ਹਨ ਤੇ ਪਾਤਸ਼ਾਹ ਮਾਇਆ ਵੰਡੀ ਜਾਂਦੇ ਹਨ । ਸਭ ਸਿਖੀ ਵਿਚ ਖ਼ਬਰ ਕੀਤੀ ਗਈ ਕਿ ਪਾਤਸ਼ਾਹ ਦੇ ਘਰ ਸਾਹਿਬਜਾਦੇ ਨੇ ਜਨਮ ਧਾਰਿਆ ਹੈ । ਸਾਰੀ ਸਿਖੀ ਬਚਨ ਸੁਣ ਕੇ ਪਾਤਸ਼ਾਹ ਨੂੰ ਵਧਾਈ ਦੇਣ ਤੇ ਸਾਹਿਬਜਾਦੇ ਦੇ ਦਰਸ਼ਨ ਕਰਨ ਆਏ ਹਨ । ਸੱਚੇ ਪਿਤਾ ਖ਼ੁਸ਼ੀ ਨਾਲ ਪਲੰਘ ਤੇ ਬੈਠੇ ਹਨ । ਗੁਜਰ ਸਿੰਘ ਨੂੰ ਹੁਕਮ ਕੀਤਾ, ਗੁਜਰ ਸਿੰਘ ਜਾਹ ਸਾਹਿਬਜਾਦੇ ਨੂੰ ਸਾਡੇ ਕੋਲ ਲਿਆ । ਗੁਜਰ ਸਿੰਘ ਸੁੱਚੇ ਕਪੜੇ ਵਿਚ ਵਲੇਟ ਕੇ ਲੈ ਆਂਦਾ ਤੇ ਪਾਤਸ਼ਾਹ ਦੇ ਚਰਨਾਂ ਵਿਚ ਲਿਆ ਪਾਇਆ ਜੀ । ਸੱਚੇ ਪਾਤਸ਼ਾਹ ਚੇਹਰੇ ਉਤੇ ਹੱਥ ਫੇਰ ਕੇ ਬਹੁਤ ਖ਼ੁਸ਼ ਹੋ ਰਹੇ ਹਨ ਤੇ ਪਲੰਘ ਤੇ ਲਿਟਾ ਰਹੇ ਹਨ । ਪਾਤਸ਼ਾਹ ਖ਼ੁਸ਼ੀ ਨਾਲ ਸਾਹਿਬਜਾਦੇ ਦੇ ਪਿੰਡੇ ਤੇ ਥਾਪੀਆਂ ਮਾਰ ਰਹੇ ਹਨ ਤੇ ਖੜਾਕ ਹੁੰਦਾ ਹੈ । ਗੁਜਰ ਸਿੰਘ ਹੱਥ ਜੋੜ ਕੇ ਬੇਨੰਤੀ ਕੀਤੀ, ਸੱਚੇ ਪਾਤਸ਼ਾਹ ਸਾਹਿਬਜਾਦੇ ਦਾ ਕੋਮਲ ਸ਼ਰੀਰ ਹੈ ਸੱਟ ਨਾ ਲੱਗੇ । ਪਾਤਸ਼ਾਹ ਹੱਸ ਕੇ ਬਚਨ ਕੀਤਾ, ਗੁਜਰ ਸਿੰਘ ਤੈਨੂੰ ਨਿੱਕੇ ਜਾਪਦੇ ਨੇ । ਏਨ੍ਹਾਂ ਵਿਚ ੧੦੦ ਗਡ ਜੋਰ ਦੀ ਆ । ਏਨੇ ਬਚਨ ਕਰ ਕੇ ਆਖਣ ਲਗੇ ਗੁਜਰ ਸਿੰਘ ਲੈ ਹੁਣ ਸਾਹਿਬਜਾਦੇ ਨੂੰ ਚੁਕ ਲੌ । ਸਾਹਿਬਜਾਦੇ ਦੇ ਬਾਹਰ ਵਧਣ ਤੋਂ ਪਹਿਲਾਂ ਪਹਿਲਾਂ ਸਾਰੀ ਸੰਗਤ ਦਰਸ਼ਨਾਂ ਨੂੰ ਆ ਗਈ ਹੈ ਜੀ । ।

## ✻ ਗੁਰਮੁਖ ਸਿੰਘ ਮਗਰੋਂ ਚੇਤ ਸਿੰਘ ਦਾ ਸੇਵਾ ਵਿਚ ਹਾਜਰ ਹੋਣਾ ✻

ਗੁਰਮੁਖ ਸਿੰਘ ਜੇਹੜਾ ਸੀ ਰਾਤ ਦਿਨ ਪਾਤਸ਼ਾਹ ਦੀ ਸੇਵਾ ਵਿਚ ਗੁਜਾਰਦਾ ਸੀ । ਇਕ ਮਿਨਟ ਵੀ ਨਹੀਂ ਸੀ ਵਿਛੜਦਾ ਤੇ ਜਦੋਂ ਉਸ ਨੇ ਦੇਹ ਛੱਡ ਦਿਤੀ, ਉਸ ਦਿਨ ਤੋਂ ਚੇਤ ਸਿੰਘ ਕਲਸੀਆਂ ਵਾਲਾ ਸਿਖ ਓਥੇ ਰਾਤ ਦਿਨ ਦੀ ਸੇਵਾ ਵਿਚ ਹਾਜਰ ਹੋ ਗਿਆ ਸੀ । ਗੁਰਮੁਖ ਸਿੰਘ ਵਿਚ ਇਕ ਗੁਣ ਬੜਾ ਸੀ । ਜਦੋਂ ਪਾਤਸ਼ਾਹ ਕਿਤੇ ਵੀ ਜਾਂਦੇ ਹਨ ਤੇ ਜਾ ਕੇ ਗੁਰਮੁਖ ਸਿੰਘ ਕਿਸੇ ਨੂੰ ਸ਼ਫ਼ਾਰਸ਼ ਨਹੀਂ ਸੀ ਪੌਂਦਾ, ਆਪ ਘੋੜੇ ਦੀ ਤੇ ਮਹਾਰਾਜ ਦੀ ਸੇਵਾ ਕਰਦਾ ਸੀ । ਇਕ ਦਿਨ ਸੱਚੇ ਪਾਤਸ਼ਾਹ ਚੁਤਾਲਿਆਂ ਨੂੰ ਤਿਆਰ ਹੋਏ ਹਨ । ਚੇਤ ਸਿੰਘ ਨੂੰ ਕਲਸੀਂ ਸਨੇਹਾ ਘੱਲਿਆ ਤੇ ਚੇਤ ਸਿੰਘ ਦੇ ਘਰੋਂ ਤੇਜ ਕੌਰ ਓਸ ਵਕਤ ਸਖ਼ਤ ਬੀਮਾਰ ਸੀ । ਚੇਤ ਸਿੰਘ ਪੁੱਛਣ ਲੱਗਾ ਕਿ ਮੈਨੂੰ ਤਾਂ ਪਾਤਸ਼ਾਹ ਸਨਾਹ ਘਲਿਆ ਹੈ । ਓਹਨਾਂ ਚੁਤਾਲੀ ਜਾਣਾ ਹੈ ਤੇ ਤੂੰ ਸਖ਼ਤ ਬਿਮਾਰ ਹੈ, ਕਿਸ ਤਰ੍ਹਾਂ ਕਰੀਏ । ਓਹ ਆਖਣ ਲੱਗੀ ਜੀ ਤੁਸੀਂ ਪਾਤਸ਼ਾਹ ਦਾ ਸਤਿ ਬਚਨ ਮੰਨ ਕੇ ਜਾਓ । ਬਚਨ ਨਾ ਮੋੜੋ, ਜੇ ਮੇਰੀ ਦੇਹ ਵੀ ਛੁੱਟ ਜਾਏਗੀ ਤੇ ਆਪੇ ਵਿਹਾਰ ਭੁਗਤਾਇਆ ਜਾਊ । ਚੇਤ ਸਿੰਘ ਓਸੇ ਵਕਤ ਤੁਰ ਪਿਆ ਤੇ ਸੱਚੇ ਪਿਤਾ ਦੇ ਚਰਨਾਂ ਵਿਚ ਹਾਜ਼ਰ ਹੋ ਗਿਆ ਹੈ । ਪਾਤਸ਼ਾਹ ਪੁਛਿਆ ਚੇਤ ਸਿੰਘ ਚਿਰ ਲਾਇਆ ਜੇ, ਕੀ ਗਲ ਹੈ । ਓਸ ਆਖਿਆ ਜੀ ਤੇਜੋ ਸਖ਼ਤ ਬਿਮਾਰ ਸੀ, ਇਸ ਕਰਕੇ ਕੁਛ ਦੇਰੀ ਹੋ ਗਈ ਹੈ । ਪਾਤਸ਼ਾਹ ਆਖਣ ਲਗੇ ਦਸ ਫੇਰ ਤੂੰ ਸਾਡੇ ਨਾਲ ਜਾਣਾ ਹੈ, ਕਿ ਤੇਜੋ ਕੋਲ ਰਹਿਣਾ ਹੈ । ਚੇਤ ਸਿੰਘ ਹੱਥ ਜੋੜ ਕੇ ਬੇਨੰਤੀ ਕੀਤੀ ਦੀਨ ਦੁਨੀ ਦੇ ਵਾਲੀ ਮੇਰੇ ਸੱਚੇ ਪਿਤਾ, ਤੇਜੋ ਦੇ ਸਹਾਈ ਤੁਸਾਂ ਹੋਣਾ ਹੈ ਤੇ ਮੈਂ ਕੀ ਓਥੇ ਰਹਿ ਕੇ ਬਣੌਣਾ ਹੈ । ਮੈਂ ਆਪਣੀ ਸੇਵਾ ਵਿਚ ਰਵਾਂਗਾ ਤੇ ਦਇਆ ਕਰਕੇ ਰੱਖਿਓ ਜੇ । ਸੱਚੇ ਪਿਤਾ ਅਜੇ ਤਿਆਰ ਹੁੰਦੇ ਸਨ ਬੇਨੰਤੀ ਕਰਨ ਨਾਲ ਬੇਬੇ ਤੇਜੋ ਨੂੰ ਓਸੇ ਵਕਤ ਸਾਹ ਸੌਖਾ ਔਣ ਲਗ ਪਿਆ । ਕਲਸੀਆਂ ਤੇ ਘਵਿੰਡ ਦਾ ੧ ਮੀਲ ਪੈਂਡਾ ਸੀ । ਬੇਬੇ ਤੇਜੋ ਬੰਦਾ ਘਲ ਦਿਤਾ ਕਿ ਮੈਨੂੰ ਰਮਾਨ ਹੈ । ਹੁਣ ਪਾਤਸ਼ਾਹ ਦੀ ਸੇਵਾ ਵਿਚ ਹਾਜਰ ਰਹਿਣਾ ਕਿਸੇ ਗਲ ਦਾ ਫਿਕਰ ਨਹੀਂ ਕਰਨਾ ਜੀ । ਸੱਚੇ ਪਾਤਸ਼ਾਹ ਤੁਰ ਪਏ ਹਨ । ਰਸਤੇ ਵਿਚ ਜੀਉ ਬਾਲੇ ਲਾਗੇ ਖੁਲ੍ਹੀ ਜਗਾ ਹੈ । ਗਰਮੀ ਦਾ ਦਿਹਾੜਾ ਸੀ । ਬੰਦਾ ਪ੍ਰਿੰਦਾ ਕੋਈ ਨਜ਼ਰ ਨਹੀਂ ਔਂਦਾ । ਓਸ ਵਕਤ ਚੇਤ ਸਿੰਘ ਹੱਸ ਕੇ ਬਚਨ ਕੀਤਾ, ਕਿ ਮੈਂ ਤੁਹਾਨੂੰ ਸ਼ਹਿਰੋਂ ਸਾਰਿਆਂ ਨੂੰ ਰਜਾ ਕੇ ਮਠਿਆਈ ਛਕਾਵਾਂਗਾ ਜੇ ਇਸ

ਵਕਤ ਮੈਨੂੰ ਕੋਈ ਲਾਗੇ ਬੰਦਾ ਵਖਾ ਵਿਓ । ਪਾਤਸ਼ਾਹ ਆਖਿਆ ਜੇ ਅਸੀਂ ਬੰਦਾ ਵਖਾਤਾ ਤੇ ਫੇਰ ਮਠਿਆਈ ਛਕੌਣੀ ਪਊਗੀ । ਸਾਰੇ ਸਿਖ ਵੀ ਆਖਣ ਲੱਗੇ, ਪਾਤਸ਼ਾਹ ਏਥੇ ਤਾਂ ਚਾਰ ਚੁਫੇਰੇ ਕੋਈ ਨਜ਼ਰ ਨਹੀਂ ਔਂਦਾ ਕਿਥੋਂ ਵਖਾਓਗੇ ? ਪਾਤਸ਼ਾਹ ਹੱਸ ਕੇ ਆਖਣ ਲਗੇ ਕਿ ਭਾਵੇਂ ਅਸੀਂ ਭੂਤਨਾ ਵਖਾ ਦਈਏ, ਸ਼ਰਤ ਜਿਤ ਲੈਣੀ ਹੈ । ਘੋੜਾ ਖਲਾਰ ਕੇ ਆਖਣ ਲੱਗੇ ਚੇਤ ਸਿੰਘ ਔਹ ਵੇਖ ਲਾ ਬੰਦਾ ਤੁਰਿਆ ਜਾਂਦਾ । ਦੂਰ ਵੀ ਨਹੀਂ ਇਕ ਪੈਲੀ ਦੀ ਵਿਥ ਹੈ । ਚੇਤ ਸਿੰਘ ਢਹਿ ਕੇ ਚਰਨੀ ਪੈ ਗਿਆ । ਆਖਣ ਲਗਾ ਸੱਚੇ ਪਿਤਾ ਤੁਸੀਂ ਤਾਂ ਮਾਲਕ ਜੇ, ੧ ਬੰਦਾ ਛੱਡ ਕੇ ਭਾਵੇਂ ਫੌਜਾਂ ਵਖਾ ਦਿਓ । ਹੱਸਣ ਲਗ ਪਏ ਸਾਰੇ ਕਿ ਚਲੋ ਹੁਣ ਸਾਡੀ ਸ਼ਰਤ ਜਿਤੀ ਗਈ ਹੈ ਜੀ । ਫਿਰ ਸੱਚੇ ਪਾਤਸ਼ਾਹ ਚੁਤਾਲੀਂ ਚਲੇ ਗਏ ਹਨ । ਅੱਗੇ ਜਾਂਦਿਆਂ ਨੂੰ ਸੰਗਤਾਂ ਉਡੀਕ ਰਹੀਆਂ ਸਨ । ਓਥੇ ਚਾਰ ਪਹਿਰ ਰਹਿ ਕੇ ਸੱਚੇ ਪਾਤਸ਼ਾਹ ਖ਼ੁਸ਼ੀਆਂ ਦੇ ਕੇ ਬੁਗੀਂ ਆ ਗਏ ਹਨ । ਓਥੇ ਸੁੰਦਰ ਸਿੰਘ ਤੇ ਹਰ ਕੌਰ ਬੇਬੇ ਨੇ ਬੜੀ ਸੇਵਾ ਕੀਤੀ । ਨਾਲੇ ਸੁੰਦਰ ਸਿੰਘ ਹੱਸਦਾ ਫਿਰਦਾ ਤੇ ਨਾਲੇ ਘੋੜਿਆਂ ਦੀ ਸੇਵਾ ਵਿਚ ਫਿਰਦਾ ਹੈ । ਨਾਲੇ ਪ੍ਰੇਮ ਨਾਲ ਸ਼ਬਦ ਪੜ੍ਹਦਾ ਹੈ, "ਅੱਜ ਦੀ ਸੁਲੱਖਣੀ ਘੜੀ ਗੁਰਾਂ ਦੇ ਦਰਸ਼ਨ ਹੋਏ" । ਬੜੇ ਪਦਾਰਥ ਸੱਚੇ ਪਿਤਾ ਤੇ ਸੰਗਤਾਂ ਲਈ ਤਿਆਰ ਹੋ ਰਹੇ ਹਨ ਜੀ । ਲਾਲ ਰੰਗ ਦੀ ਘੋੜੀ ਸੁੰਦਰ ਸਿੰਘ ਨੇ ਪਾਤਸ਼ਾਹ ਦੀ ਸੇਵਾ ਕੀਤੀ ਹੈ । ਹਰ ਕੌਰ ਨੂੰ ਮਸਤਾਨੀ ਬਿਰਤੀ ਦਾ ਦਾਨ ਦਿਤਾ ਸੀ । ਸੱਚੇ ਪਾਤਸ਼ਾਹ ਸੰਗਤਾਂ ਨੂੰ ਦਰਸ਼ਨ ਦੇ ਕੇ ਫਿਰ ਘਵਿੰਡ ਆ ਗਏ ਹਨ ਜੀ । ਸੱਚੇ ਪਿਤਾ ਸੰਗਤਾਂ ਨੂੰ ਦਰਸ਼ਨ ਦੇ ਕੇ ਅੱਠੇ ਪਹਿਰ ਨਿਹਾਲ ਕਰੀ ਰਖਦੇ ਹਨ ।।

## ✳ ਬੈਠਕ ਪੌਣ ਦੀ ਸਲਾਹ ਤੇ ਪਾਤਸ਼ਾਹ ਦਾ ਘੋੜਾ ਚੋਰੀ ਹੋਣਾ ✳

ਗੁਜਰ ਸਿੰਘ ਤੇ ਚੇਤ ਸਿੰਘ ਨੇ ਇਕ ਦਿਨ ਸਲਾਹ ਕੀਤੀ ਕਿ ਹਵੇਲੀ ਵਿਚ ਇਕ ਬੈਠਕ ਪਾਈਏ ਪੱਕੀ । ਜਿਸ ਵਿਚ ਸੱਚੇ ਪਾਤਸ਼ਾਹ ਤੇ ਸੰਗਤ ਬੈਠਿਆ ਕਰੇ । ਸਾਰੀ ਸੰਗਤ ੫ ਜੇਠ ਮੇਲੇ ਤੇ ਆਈ ਸੀ । ਸਾਰਿਆਂ ਸਲਾਹ ਕਰ ਕੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ ਕਿ ਪਾਤਸ਼ਾਹ ਦਇਆ ਕਰਕੇ ਬਲ ਬਖ਼ਸ਼ੋ ਤੇ ਆਪ ਦੇ ਲਈ ਤੇ ਤੁਹਾਡੀ ਸੰਗਤ ਲਈ ਹਵੇਲੀ ਵਿਚ ਬੈਠਕ ਬਣਾਈਏ । ਸੱਚੇ ਪਾਤਸ਼ਾਹ ਆਖਣ ਲੱਗੇ ਕਿ ਸਾਨੂੰ ਤਾਂ ਕੋਈ ਲੋੜ ਨਹੀਂ ਬੈਠਕਾਂ ਦੀ । ਪੁਰਾਣੇ ਸਿਖ ਵੀ ਆਖਣ ਲੱਗੇ, ਸੱਚੇ ਪਾਤਸ਼ਾਹ ਤੁਹਾਡਾ ਤਾਂ ਬਚਨ ਹੈ ਕਿ ਕੋਠੇ ਨਾ ਪਾਓ, ਦਿੱਲੀ ਜਾਣਾ ਹੈ ਤੇ ਬੈਠਕਾਂ ਕੀ ਕਰਨੀਆਂ ਹਨ । ਪਾਤਸ਼ਾਹ ਆਖਣ ਲੱਗੇ ਬਾਬਾ ਅਸੀਂ ਕਦੋਂ ਆਂਦੇ ਆ ਬੈਠਕਾਂ ਪਾਓ, ਇਹ ਨਵੇਂ ਸਿਖ ਨੇ, ਇਹਨਾਂ ਨੂੰ ਅਜੇ ਪਤਾ ਨਹੀਂ । ਸਾਰੇ ਸਿਖਾਂ ਆਖਿਆ, ਚਲੋ ਭਰਾਵੋ ਜੇ ਤੁਹਾਡਾ ਦਿਲ ਕਰਦਾ ਪਾਤਸ਼ਾਹ ਲਈ ਬੈਠਕ ਪੌਣ ਨੂੰ, ਤੇ ਅਸੀਂ ਵੀ ਜਿੰਨੀ ਸੇਵਾ ਪੁਜੂ ਕਰਾਂਗੇ ।।

ਇਕ ਘੋੜਾ ਜਿਹੜਾ ਗੁਰਮੁਖ ਸਿੰਘ ਪਾਤਸ਼ਾਹ ਨੂੰ ਸੇਵਾ ਕੀਤੀ ਸੀ ਇੰਦਰ ਸਿੰਘ ਸਿਖ ਘੋੜਾ ਨਵੌਣ ਨਹਿਰ ਤੇ ਗਿਆ ਹੈ । ਘੋੜਾ ਨੁਵਾ ਕੇ ਉਸਨੇ ਨਹਿਰ ਦੀ ਪਟੜੀ ਤੇ ਬੰਨ ਦਿਤਾ ਤੇ ਆਪ ਨਹਿਰ ਵਿਚ ਨੌਣ ਲਗ ਪਿਆ । ਸੱਚੇ ਪਾਤਸ਼ਾਹ ਦੇ ਸਰੀਕੇ ਵਿਚੋਂ ਇਕ ਦਲ ਸਿੰਘ ਨਾਮ ਦਾ ਕਾਰੀਗਰ ਸਿੰਘ ਸੀ । ਓਹ ਘੋੜਾ ਖੋਲ੍ਹ ਕੇ ਉਤੇ ਚੜ੍ਹ ਕੇ ਭਜਾ ਕੇ ਲੈ ਗਿਆ । ਇੰਦਰ ਸਿੰਘ ਪਿੰਡ ਆਣ ਕੇ ਆਖਿਆ, ਸੱਚੇ ਪਾਤਸ਼ਾਹ ਦਲ ਸਿੰਘ ਆਪਣਾ ਘੋੜਾ ਭਜਾ ਕੇ ਲੈ ਗਿਆ ਹੈ । ਪਾਤਸ਼ਾਹ ਸੁਣ ਕੇ ਓਸੇ ਵੇਲੇ ਮਗਰ ਘੋੜੀਆਂ ਲੈ ਕੇ ਭੱਜੇ, ਪਰ ਉਹ ਲੱਭਾ ਨਹੀਂ, ਕਿਤੇ ਦੂਰ ਜਾ ਲੁਕਿਆ । ਸਾਰੇ ਆਖਣ ਕਿ ਦਲ ਸਿੰਘ ਮਾੜਾ ਕੀਤਾ, ਤੁਹਾਡਾ ਘੋੜਾ ਲੈ ਗਿਆ ਹੈ । ਪਾਤਸ਼ਾਹ ਆਖਣ ਲਗੇ ਘੋੜਾ ਤਾਂ ਸਾਡਾ ਆਪੇ ਆ ਜਾਣਾ ਹੈ । ਜੇ ਦਲ ਸਿੰਘ ਇਹ ਕੰਮ ਨਾ ਕਰਦਾ ਤੇ ਉਸ ਦਾ ਬੂਟਾ ਕਿਸ ਤਰ੍ਹਾਂ ਪੁਟਿਆ ਜਾਂਦਾ । ਏਹ ਬਚਨ ਪਾਤਸ਼ਾਹ ਉਸ ਵਕਤ ਕੀਤਾ ਹੈ । ਦਲ ਸਿੰਘ ੧੦੦ ਮੀਲ ਤੇ ਛਾਹੀਵਾਲ ਦੇ ਜ਼ਿਲੇ ਵਿਚ ਲੁਕਾ ਆਇਆ

ਸੀ । ਛੀ ਕੁ ਮਹੀਨੇ ਦੇ ਬਾਅਦ ਆਣ ਕੇ ਇਕ ਆਦਮੀ ਦੱਸਿਆ ਕਿ ਪਾਤਸ਼ਾਹ ਮੈਂ ਤੁਹਾਡਾ ਘੋੜਾ ਫੜੌਨਾ ਹਾਂ ਓਥੋਂ । ਫਿਰ ਖੁਛਾਲ ਸਿੰਘ ਭੰਗਾਲੀ ਵਾਲਾ, ਚੇਤ ਸਿੰਘ ਕਲਸੀਆਂ ਵਾਲਾ, ਰੰਗਾ ਸਿੰਘ ਪਾਤਸ਼ਾਹ ਦਾ ਚਾਚਾ, ਗੁਜਰ ਸਿੰਘ ਦਬੁਰਜੀ ਵਾਲਾ, ਚਾਰੇ ਜਣੇ ਗਏ ਤੇ ਜਾ ਕੇ ਘੋੜਾ ਫੜ ਲਿਆ । ਖੱਤਰੀ ਦੇ ਘਰ ਘੋੜਾ ਬੱਧਾ ਸੀ । ਉਸਨੂੰ ਆਖਣ ਲੱਗੇ ਕਿ ਸਾਡਾ ਘੋੜਾ ਦੇ ਦੇ ਨਹੀਂ ਤੇ ਅਸੀਂ ਤੈਨੂੰ ਚੋਰ ਬਣਾਵਾਂਗੇ । ਤੇਰੇ ਘਰ ਸਾਡਾ ਘੋੜਾ ਬੱਧਾ ਹੈ । ਓਨ ਆਖਿਆ ਜੀ ਮੈਨੂੰ ਤਾਂ ਇਕ ਜ਼ਿਮੀਦਾਰ ਕਰਜ਼ੇ ਵਿਚ ਦੇ ਗਿਆ ਹੈ, ਜੇ ਤੁਹਾਡਾ ਹੈ ਤੇ ਤੁਸੀਂ ਲੈ ਜਾਉ । ਫੇਰ ਘੋੜਾ ਖੋਲ੍ਹ ਕੇ ਲੈ ਆਏ ਹਨ ਤੇ ਖੱਤਰੀ ਨੂੰ ਛੱਡ ਆਏ ਹਨ । ਪਿੰਡ ਆਉਣ ਤੇ ਪਾਤਸ਼ਾਹ ਆਖਿਆ, ਉਸਨੂੰ ਪੁਛੀਏ । ਲੋਕੀਂ ਆਖਣ ਲੱਗੇ ਪਾਤਸ਼ਾਹ ਤੁਸੀਂ ਦਿਆਲੂ ਜੇ, ਦਇਆ ਕਰੋ, ਦਇਆ ਦੇ ਸਮੁੰਦਰ ਜੇ । ਉਸ ਪਾਪੀ ਨੂੰ ਜੇ ਸਮਝ ਹੁੰਦੀ ਤੇ ਤੁਹਾਡੇ ਘੋੜੇ ਨੂੰ ਹੱਥ ਨਾ ਲੌਂਦਾ । ਸੱਚੇ ਪਾਤਸ਼ਾਹ ਨੇ ਠਾਣੇ ਤਾਂ ਨਾ ਖੜਿਆ, ਪਰ ਸਰਾਫ ਹੋਣ ਕਰਕੇ ਆਪ ਦਾ ਬੂਟਾ ਪੁਟਾ ਲਿਆ । ੨੫ ਜਾਂ ੩੦ ਸਾਲ ਦਾ ਉਸ ਦਾ ਇਕ ਪੁਤ ਸੀ । ਓਹ ਧੀਆਂ ਪੁਤਾਂ ਵਾਲਾ ਹੋ ਕੇ ਗੁਜਰ ਗਿਆਂ ਤੇ ਨੂੰਹ ਉਸ ਦੀ ਹੋਰ ਕਿਤੇ ਜਾ ਬੈਠੀ । ਓਹੋ ਦਲ ਸਿੰਘ ਹੁਣ ਖੋਲ੍ਹਿਆ ਵਿਚ ਧੱਕੇ ਖਾਂਦਾ ਫਿਰਦਾ ਹੈ । ਕਲਜੁਗ ਦੇ ਜੀਵ ਸੇਵਾ ਕਰਨ ਦੀ ਬਜਾਏ ਵੈਰ ਕਰਕੇ ਤੇ ਸਰਾਫ ਲੈ ਲੈਂਦੇ ਹਨ । ਅਵਤਾਰਾਂ ਕੋਲੋਂ ਕੋਈ ਵਿਰਲਾ ਲਾਭ ਉਠੌਂਦਾ ਹੈ । ਜਿਹੜਾ ਬਚਨ ਹੈ, "ਅੰਮ੍ਰਿਤ ਗੁਰੂਆ ਤੇਰਾ, ਕੋਈ ਵਿਰਲਾ ਗੁਰਮੁਖ ਪੀਵੇਂ", ਜਿਸਨੂੰ ਮੇਰਾ ਸੱਚੇ ਪਿਤਾ ਦਇਆ ਕਰਦਾ ਹੈ ਉਸ ਨੂੰ ਆਪ ਦੇ ਚਰਨਾਂ ਦਾ ਪ੍ਰੇਮ ਬਖ਼ਸ਼ਦਾ ਹੈ । "ਜਿਸ ਜਣਾਵੇ ਸੋ ਜਨ ਜਾਣੇ ।"

## ✳ ਸੱਚੇ ਪਾਤਸ਼ਾਹ ਗੁਜਰ ਸਿੰਘ ਦੇ ਪਿੰਡ ਬਾਲੇ ਚੱਕ ਜਾਣਾ ✳

ਇਕ ਦਿਨ ਬਾਲੇ ਚੱਕ ਵਾਲੇ ਗੁਜਰ ਸਿੰਘ ਆ ਕੇ ਬੇਨੰਤੀ ਕੀਤੀ, ਕਿ ਸੱਚੇ ਪਾਤਸ਼ਾਹ ਸਾਡੇ ਪਿੰਡ ਚਲ ਕੇ ਦਰਸ਼ਨ ਦਿਓ ਤੇ ਸਾਡੀ ਗਰੀਬ ਦੀ ਕੁੱਲੀ ਚਰਨ ਪਾ ਕੇ ਪਵਿੱਤਰ ਕਰੋ । ਸੱਚੇ ਪਾਤਸ਼ਾਹ ਸਿਖ ਦੀ ਬੇਨੰਤੀ ਪਰਵਾਨ ਕਰ ਲਈ ਤੇ ਗੱਡੀ ਚੜ੍ਹ ਗਏ ਹਨ । ਓਸ ਸਮੇਂ ਐਸਾ ਖੇਲ ਹੋਇਆ, ਕਿ ਸਟੇਸ਼ਨਾਂ ਨੂੰ ਅੱਗਾਂ ਲੱਗਣ ਲੱਗ ਪਈਆਂ ਤੇ ਹੜਤਾਲਾਂ ਹੋ ਗਈਆਂ । ਆਪਸ ਵਿਚ ਦੁਨੀਆਂ ਵੱਢਣ ਟੁੱਕਣ ਲਗ ਪਈ । ਰਾਤ ਸੱਚੇ ਪਾਤਸ਼ਾਹ ਰੇਲ ਤੇ ਨਾ ਚੜ੍ਹੇ ਕਸੂਰ ਸ਼ਹਿਰ ਇਕ ਗੁਰਦਵਾਰੇ ਸਿਖਾਂ ਸਮੇਤ ਰਾਤ ਕੱਟੀ । ਗੁਰਦਵਾਰੇ ਜੇਹੜਾ ਰਾਤ ਕੱਟਦਾ ਸੀ, ਗ੍ਰੰਥੀ ਉਸ ਦਾ ਨਾਮ ਲਿਖ ਲੈਂਦੇ ਸਨ ਜੀ । ਪਾਤਸ਼ਾਹ ਤੇ ਸਿਖਾਂ ਦਾ ਵੀ ਨਾਮ ਲਿਖ ਲਿਆ । ਓਸ ਵਕਤ ਪਾਤਸ਼ਾਹ ਦੇ ਨਾਲ ਸਿਖ, ਚੇਤ ਸਿੰਘ ਕਲਸਿਆਂ ਦਾ, ਬਾਲੇ ਚੱਕ ਵਾਲਾ ਬੁਧ ਸਿੰਘ, ਗੁਜਰ ਸਿੰਘ, ਇੰਦਰ ਸਿੰਘ ਚੁਬਾਲ ਵਾਲਾ ਸੀ । ਸਟੇਸ਼ਨ ਸੜੇ ਹੋਏ ਕਰ ਕੇ ਸਾਰੇ ਪਛਾਂਹ ਮੁੜ ਪਏ ਹਨ । ਇਕ ਜ਼ਿਮੀਦਾਰ ਹੰਦਾਲ ਦਾ, ਡੈਰੀਆਂ ਦੇਂਦਾ ਸੀ । ਓਸ ਨੇ ਪਾਤਸ਼ਾਹ ਦਾ ਨਾਂ ਵੀ ਲਿਖ ਕੇ ਘੱਲ ਦਿਤਾ ਕਿ ਗੁਰਦਵਾਰੇ ਰਹੇ ਹਨ, ਨਾਲ ਹੀ ਸਿਖ ਹਨ ਜੀ । ਜਿਨ੍ਹਾਂ ਦੇ ਨਾਂ ਲਿਖ ਕੇ ਘੱਲੇ ਸਨ, ਓਨ੍ਹਾਂ ਨੂੰ ਪੁਲਸ ਫੜ ਕੇ ਲੈ ਗਏ ਬੈਂਤ ਵਜਣੇ ਸ਼ੁਰੂ ਹੋ ਗਏ । ਐਸਾ ਪਾਪੀ ਪਾਪ ਕਮਾਇਆ, ਪਾਤਸ਼ਾਹ ਤੇ ਸਿਖਾਂ ਨੂੰ ਵੀ ਪੁਲਸ ਫੜ ਕੇ ਕਸੂਰ ਲੈ ਗਈ । ਮਹਾਰਾਜ ਹੋਰੀਂ ਸਿਖਾਂ ਸਮੇਤ ਅਦਾਲਤ ਵਿਚ ਲੰਘ ਗਏ ਹਨ । ਅਦਾਲਤ ਵਾਲੇ ਨੇ ਪੁਛਿਆ ਕਿ ਮਹਾਰਾਜ ਤੁਸੀਂ ਓਸ ਦਿਨ ਏਥੇ ਸੋ ਜਦੋਂ ਸਟੇਸ਼ਨ ਸੜਿਆ ਹੈ । ਪਾਤਸ਼ਾਹ ਆਖਿਆ ਜੀ ਅਸੀਂ ਸ਼ਹਿਰ ਵਿਚ ਆਏ ਸੀ ਸਟੇਸ਼ਨ ਨੂੰ ਅੱਗ ਲੱਗੀ ਹੋਈ ਸੀ । ਅਸੀਂ ਗੁਰਦਵਾਰੇ ਰਾਤ ਕੱਟ ਕੇ ਤੇ ਸਵੇਰੇ ਨਾਂ ਲਿਖਾਂ ਕੇ ਪਿੰਡ ਨੂੰ ਚਲੇ ਗਏ ਹਾਂ ਜੀ । ਜਿਸ ਨੇ ਨਾਂ ਲਿਖਾਇਆ ਉਸ ਨੂੰ ਅਸੀਂ ਤਾਂ ਜਾਣਦੇ ਨਹੀਂ । ਅਦਾਲਤ ਵਾਲਿਆਂ ਜਿਸ ਨੇ ਡੈਰੀ ਦਿਤੀ ਸੀ ਉਸ ਨੂੰ ਪੁਛਿਆ ਕਿ ਜਦੋਂ ਘਵਿੰਡ ਵਾਲੇ ਪਾਤਸ਼ਾਹ ਔਣਗੇ ਤੇ ਤੂੰ ਪਛਾਣ ਲਏਂਗਾ ? ਉਹ ਆਖਣ ਲੱਗਾ ਕਿ ਜੀ ਮੈਂ ਜਦੋਂ ਔਣਗੇ ਤੁਹਾਨੂੰ ਦੱਸ ਦਿਆਂਗਾ । ਫੇਰ ਅਦਾਲਤ ਵਾਲੇ ਆਖਿਆ ਉਠ ਕੇ ਵੇਖ ਤਾਂ ਐਨਾਂ ਬੰਦਿਆਂ ਵਿਚ ਮਹਾਰਾਜ ਹੋਰੀਂ ਹੈਗੇ ਨੇ ਕਿ ਨਹੀਂ । ਓਹ ਆਖਣ ਲੱਗਾ ਏਥੇ ਮਹਾਰਾਜ ਹੋਰੀਂ

ਨਹੀਂ ਹਨ । ਪਾਤਸ਼ਾਹ ਕੋਲ ਬੈਠੇ ਸੀ । ਦੋ ਚਾਰ ਬੰਦੇ ਹੋਰ ਅਦਾਲਤ ਵਾਲਿਆਂ ਸੱਦੇ । ਓਹ ਆਖਣ ਲੱਗੇ ਜੀ ਏਹ ਘਵਿੰਡ ਵਾਲੇ ਮਹਾਰਾਜ ਹਨ । ਓਨ੍ਹਾਂ ਮਹਾਰਾਜ ਦਾ ਨਾਂ ਲੈ ਦਿਤਾ । ਪਾਤਸ਼ਾਹ ਜਿਸ ਵਕਤ ਨਾਂ ਦੇਣ ਵਾਲੇ ਤੋਂ ਪਛਾਣੇ ਨਹੀਂ ਗਏ, ਅਦਾਲਤ ਵਾਲੇ ਆਖਿਆ, ਏਹ ਝੂਠ ਮਾਰਦਾ ਹੈ ਤੇ ਗੁਰਦਵਾਰੇ ਵਿਚੋਂ ਲਿਖੇ ਨਾਂ ਵੇਖ ਕੇ ਲੋਕਾਂ ਨੂੰ ਫੜਾਈ ਜਾਂਦਾ ਹੈ । ਜੋ ਉਸ ਨੇ ਆਦਮੀ ਫੜਾਏ ਸਨ, ਓਹ ਸਾਰੇ ਬਰੀ ਕਰ ਦਿਤੇ ਤੇ ਉਸ ਨੂੰ ੧੦ ਸਾਲ ਦੀ ਕੈਦ ਤੇ ੧੦੦ ਬੈਂਤ ਦਾ ਹੁਕਮ ਦਿਤਾ ਗਿਆ ਹੈ । ਸੱਚੇ ਪਾਤਸ਼ਾਹ ਦੇ ਅਦਾਲਤ ਜਾਣ ਨਾਲ ਕਈਆਂ ਸ਼ਰੀਰਾਂ ਦੇ ਬੰਧਨ ਕੱਟੇ ਗਏ ਹਨ ਜੀ । ।

ਫੇਰ ਘੋੜਿਆਂ ਤੇ ਚੜ੍ਹ ਕੇ ਸੱਚੇ ਪਾਤਸ਼ਾਹ ਬਾਲੇ ਚੱਕ ਨੂੰ ਗਏ ਹਨ ਜੀ । ਅੱਠ ਦਿਨ ਬਾਲੇ ਚੱਕ ਸੰਗਤਾਂ ਵਿਚ ਰਹੇ ਹਨ । ਹੋਰ ਸੰਗਤ ਵੀ ਨਾਲ ਬਹੁਤ ਦਰਸ਼ਨ ਕਰ ਕੇ ਜਨਮ ਸਫਲਾ ਕਰ ਰਹੀ ਹੈ । ਰਾਤ ਫੇਰ ਸੱਚੇ ਪਾਤਸ਼ਾਹ ਗੱਡਾ ਜੋਅ ਕੇ ਨਾਲ ਸੰਗਤਾਂ ਲੈ ਕੇ ਘਵਿੰਡ ਨੂੰ ਆ ਰਹੇ ਹਨ ਜੀ । ਨੈਹਰੇ ਨੈਹਰ ਗੱਡਾ ਔਂਦਾ ਹੈ, ਤੇ ਪਾਤਸ਼ਾਹ ਹੱਸ ਕੇ ਬਚਨ ਬਲਾਸ ਕਰਦੇ ਹਨ, ਆਸਾ ਸਿੰਘ ਮੰਗ ਜੋ ਜੀ ਕਰਦਾ ਈ, ਅਸੀਂ ਤੈਨੂੰ ਦੇਈਏ । ਆਸਾ ਸਿੰਘ ਆਖਿਆ, ਸੱਚੇ ਪਾਤਸ਼ਾਹ ਮੈਨੂੰ ਤਾਂ ਮੰਗਣ ਦੀ ਜਾਚ ਨਹੀਂ । ਬੁਧ ਸਿੰਘ ਨਾਲ ਸਲਾਹ ਕਰਕੇ ਮੈਂ ਤੁਹਾਥੋਂ ਮੰਗੂ, ਜੋ ਮੇਰਾ ਜੀ ਕੀਤਾ । ਸੱਚੇ ਪਾਤਸ਼ਾਹ ਸਿਖ ਦੇ ਨਾਲ ਹਾਸੇ ਪਏ ਹਨ ਕਿ ਆਸਾ ਸਿੰਘ ਤੀਸਰਾ ਬਚਨ ਹੈ, ਮੰਗ ਜੋ ਮੰਗਣਾਂ ਹੈ । ਸਿਖ ਭੋਲਾ ਭਾਲਾ ਹੈਗਾ ਹੈ ਤੇ ਉਸ ਆਖਿਆ ਜੀ ਸਲਾਹ ਕਰਕੇ ਮੈਂ ਤੁਹਾਥੋਂ ਮੰਗੂ । ਇਕ ਦਿਨ ਸੱਚੇ ਪਾਤਸ਼ਾਹ ਗੱਡੇ ਦੇ ਉਤੇ ਬੈਠ ਖੇਤੋਂ ਆਏ ਹਨ । ਨੈਹਰੋ ਨੈਹਰ ਗੱਡਾ ਆ ਰਿਹਾ ਹੈ । ਤੇ ਸੱਚੇ ਪਾਤਸ਼ਾਹ ਖ਼ੁਸ਼ ਹੋ ਕੇ ਹੱਸ ਕੇ ਆਕੜ ਲੈ ਕੇ ਲੱਤਾਂ ਸਿਧੀਆਂ ਕਰ ਕੇ ਬਚਨ ਕੀਤਾ, ਕਿ ਬੁਧ ਸਿੰਘ ਜੇ ਤੂੰ ਆਖੇ ਤੇ ਐਸ ਪਾਸਿਓ ਨੈਹਰ ਦੇ ਦੂਸਰੇ ਪਾਸੇ ਲੱਤ ਲੰਘਾ ਕੇ ਵਖਾ ਦੇਈਏ । ਬੁਧ ਸਿੰਘ ਹੱਥ ਜੋੜ ਕੇ ਬੇਨੰਤੀ ਕੀਤੀ ਸੱਚੇ ਪਿਤਾ ਦਿਆਲੂ ਕਿਰਪਾਲੂ ਤੁਹਾਡੇ ਅੱਗੇ ਕਿਹੜੀ ਵੱਡੀ ਗਲ ਆ । ਤੁਸੀਂ ਜੋ ਚਾਹੋ ਕਰ ਸਕਦੇ ਜੇ । ਤੁਸੀਂ ਓਹ ਸੱਚੇ ਪਿਤਾ ਜੇ ਜਿਨ੍ਹਾਂ ਕ੍ਰਿਸ਼ਨ ਦੇ ਜਾਮੇਂ ਵਿਚ ਗਵਰਧਨ ਪਹਾੜ ਚੀਚੀ ਤੇ ਚੁੱਕ ਛੱਡਿਆ ਸੀ । ਦੀਨ ਦਿਆਲ ਤੁਹਾਡੀ ਮਹਿੰਮਾ ਵੇਦ ਪੁਰਾਣ ਨਹੀਂ ਕਰ ਸਕਦੇ । ਤੁਸੀਂ ਬੇਅੰਤ ਜੇ । ਸੱਚੇ ਪਾਤਸ਼ਾਹ ਹੱਸ ਕੇ ਆਖਣ ਲਗੇ, ਬੁੱਧ ਸਿੰਘ ਅੱਜੇ ਵੇਲਾ ਨਹੀਂ ਆਇਆ, ਦੁਨੀਆਂ ਤੋਂ ਅਸਾਂ ਓਹਲਾ ਰਖਣਾ ਹੈ । ਜਦੋਂ ਮੌਕਾ ਹੋਇਆ ਤੁਹਾਨੂੰ ਬੜਾ ਕੁਛ ਵਖਾਇਆ ਕਰਾਂਗੇ । ਸੱਚੇ ਪਾਤਸ਼ਾਹ ਕਦੀ ਕਦੀ ਏਹੋ ਜਿਹੇ ਬਚਨ ਸਿੱਖਾਂ ਨਾਲ ਕਰਦੇ ਸੀ, ਨਹੀਂ ਤੇ ਥੋੜੇ ਕੀਤਿਆਂ ਕਿਸੇ ਨੂੰ ਆਪ ਨਹੀਂ ਸੀ ਜਣੌਂਦੇ । ।

## ❊ ਪਾਲ ਸਿੰਘ ਨੂੰ ਕ੍ਰਿਸ਼ਨ ਭਗਵਾਨ ਦੇ ਦਰਸ਼ਨ ਤੇ ਚਰਨੀ ਲਗਣਾ ❊

ਪਾਲ ਸਿੰਘ ਜੇਠੂਵਾਲ ਵਾਲਾ ਬਾਰ ਵਿਚ ਰਹਿੰਦਾ ਸੀ । ਮਾਣਾ ਸਿੰਘ ਭੁਚਰ ਵਾਲੇ ਨੂੰ ਵੀ ੨੭ ਚੱਕ ਬਾਰ ਵਿਚ ਮੁਰੱਬੇ ਮਿਲੇ ਹੋਏ ਸਨ । ਤੇਜਾ ਸਿੰਘ ਦਾ ਬਾਪ ਮਾਣਾ ਸਿੰਘ ਸੀ । ਪਾਲ ਸਿੰਘ ਤੇਜਾ ਸਿੰਘ ਨੂੰ ਪੁਛਦਾ ਹੈ ਕਿ ਅਵਤਾਰ ਦੇ ਕੀ ਲੱਛਨ ਹਨ । ਤੁਸੀਂ ਕਿਸ ਤਰ੍ਹਾਂ ਮਹਾਰਾਜ ਲੱਭਾ ਹੈ । ਤੇਜਾ ਸਿੰਘ ਬਚਨ ਦੱਸਣੇ ਕਿ ਸੰਤਾਂ ਨੇ ਮਹਾਰਾਜ ਹੋਰਾਂ ਨੂੰ ਲੱਭਾ ਹੈ ਤੇ ਸਾਨੂੰ ਵੀ ਬਾਹੋਂ ਫੜ ਕੇ ਨਿਹਕਲੰਕ ਅਵਤਾਰ ਦੇ ਚਰਨੀ ਲਾਇਆ ਹੈ ਜੀ । ਸੱਚੇ ਪਾਤਸ਼ਾਹ ਦੇ ਬਚਨ ਸੁਣ ਕੇ ਪ੍ਰੇਮ ਔਂਦਾ ਹੈ ਤੇ ਗੱਲਾਂ ਦਾ ਯਕੀਨ ਨਹੀਂ ਸੀ ਔਂਦਾ । ਫਿਰ ਮਾਣਾ ਸਿੰਘ ਵੀ ਭੁਚਰੋਂ ਓਥੇ ੨੭ ਚੱਕ ਗਿਆ । ਪਾਲ ਸਿੰਘ ਆਂਦਾ ਹੈ ਚਾਚਾ ਜੀ ਤੇਜਾ ਸਿੰਘ ਆਂਦਾ ਹੈ, ਕਿ ਪਾਤਸ਼ਾਹ ਅਵਤਾਰ ਧਾਰਿਆ ਹੈ, ਸੱਚ ਹੈ ਕਿ ਝੂਠ ਹੈ । ਮਾਣਾ ਸਿੰਘ ਬੜੇ ਪ੍ਰੇਮ ਨਾਲ ਸੱਚੇ ਪਾਤਸ਼ਾਹ ਦੀ ਉਸਤਤ ਕਰਕੇ ਪਾਲ ਸਿੰਘ ਨੂੰ ਬਚਨ ਸੁਣਾ ਰਿਹਾ ਹੈ ਤੇ ਆਪਣੀ ਜਬਾਨ ਪਵਿੱਤਰ ਕਰ ਰਿਹਾ ਹੈ । ਪਾਲ ਸਿੰਘ ਬਚਨ ਸੁਣ ਕੇ ਨਿਹਾਲ ਹੋ ਰਿਹਾ

ਹੈ । ਪਾਲ ਸਿੰਘ ਆਂਦਾ ਹੈ, ਚਾਚਾ, ਮੇਰੇ ਵੀ ਧੰਨ ਭਾਗ ਹੋਣਗੇ ਜਦੋਂ ਦਰਸ਼ਨ ਹੋਣਗੇ, ਤੇਜਾ ਸਿੰਘ ਦਾ ਮੈਨੂੰ ਯਕੀਨ ਨਹੀਂ ਸੀ ਔਂਦਾ । ਮਾਣਾ ਸਿੰਘ ਆਖਣ ਲੱਗਾ, ਪਾਲ ਸਿੰਘ ਤੈਨੂੰ ਸਿਰਫ ਯਕੀਨ ਕਰਨ ਦੀ ਲੋੜ ਹੈ, ਤੈਨੂੰ ਆਪੇ ਚਰਨੀ ਲਾ ਲਵੇਗਾ । ਏਥੇ ਬੈਠੇ ਨੂੰ ਦਰਸ਼ਨ ਦੇ ਦੇਣਗੇ । ਪਾਤਸ਼ਾਹ ਕਿਤੇ ਦੂਰ ਨਹੀਂ ਹਨ । ਧਿਆਨ ਰੱਖਣ ਦੀ ਲੋੜ ਹੈ । ਫਿਰ ਰਾਤ ਦਾ ਸਮਾਂ ਹੈ, ਪਾਲ ਸਿੰਘ ਮੁਰੱਬੇ ਵਿਚ ਪਾਣੀ ਲਾ ਰਿਹਾ ਹੈ । ਦੀਨ ਦਿਆਲ ਸੱਚੇ ਪਾਤਸ਼ਾਹ ਕ੍ਰਿਸ਼ਨ ਦੇ ਜਾਮੇ ਵਿਚ ਦਰਸ਼ਨ ਦਿਤਾ ਹੈ । ਸਵੇਰੇ ਪਾਲ ਸਿੰਘ ਬਚਨ ਕਰਦਾ ਹੈ । ਚਾਚਾ ਮਾਣਾ ਸਿੰਘ, ਅੱਜ ਮੈਨੂੰ ਸੱਚੇ ਪਾਤਸ਼ਾਹ ਕ੍ਰਿਸ਼ਨ ਦੇ ਜਾਮੇ ਵਿਚ ਦਰਸ਼ਨ ਦਿਤਾ ਹੈ ਜੀ । ਬੜੇ ਪ੍ਰੇਮ ਨਾਲ ਬਚਨ ਬਲਾਸ ਕਰ ਰਹੇ ਹਨ ਜੀ । ਦਿਲ ਨੂੰ ਬੜਾ ਪ੍ਰੇਮ ਜਾਗਿਆ । ਆਖਣ ਲਗਾ, ਤੇਜਾ ਸਿੰਘ ਜਦੋਂ ਤੁਸੀਂ ਘਵਿੰਡ ਨੂੰ ਜਾਓਗੇ ਮੈਂ ਵੀ ਜਰੂਰ ਜਾਵਾਂਗਾ । ਪਾਲ ਸਿੰਘ ਆਖਿਆ, ਸਾਨੂੰ ਜਨਜਾਤੀ ਵਿਆਹ ਹੈ, ਤੇ ਓਸ ਦਿਨ ਤੂੰ ਵੀ ਤੇਜਾ ਸਿੰਘ ਚਲੇਂ ਤੇ ਘਵਿੰਡ ਚਲੇ ਚਲੀਏ । ਜਿਸ ਵਕਤ ਜਨਜਾਤੀਆਂ ਤੋਂ ਵਿਆਹ ਵੇਖ ਕੇ ਘਵਿੰਡ ਗਏ ਹਨ, ਪਾਲ ਸਿੰਘ ਪੁੱਛਣ ਲਗਾ ਕਿ ਤੇਜਾ ਸਿੰਘ ਮੈਂ ਕਿਸ ਬਿਧ ਨਾਲ ਸ਼ਰਨ ਪਵਾਂ । ਉਸ ਆਖਿਆ ਕਿ ੫ ਕੂਜੇ ਮਿਸ਼ਰੀ ਦੇ ਤੇ ਜੋ ਪੂਜਾ ਤੈਥੋਂ ਬਣਦੀ ਹੈ ਓਹ ਨਾਲ ਰੱਖ ਕੇ ਗਲ ਵਿਚ ਪੱਲਾ ਪਾ ਕੇ ਨਿਮਸਕਾਰ ਕਰੀਂ ਕਿ ਸੱਚੇ ਪਿਤਾ ਮੇਰੇ ਤੇ ਮਿਹਰ ਕਰੋ । ਤੇਜਾ ਸਿੰਘ ਤੇ ਪਾਲ ਸਿੰਘ ਘਵਿੰਡ ਆ ਗਏ ਹਨ । ਸੱਚੇ ਪਾਤਸ਼ਾਹ ਪਲੰਘ ਤੇ ਬੈਠੇ ਹਨ । ਤੇ ਪਰਸ਼ਾਦ ਏਨ੍ਹਾਂ ਥਾਲਾਂ ਵਿਚ ਪਾ ਕੇ ਹੱਥ ਜੋੜ ਕੇ ਨਿਮਸਕਾਰ ਕੀਤੀ । ਸੱਚੇ ਪਾਤਸ਼ਾਹ ਆਖਣ ਲਗੇ ਤੇਜਾ ਸਿੰਘ ਸਾਡੀ ਧਾਰਨ ਤੈਨੂੰ ਪਤਾ ਹੈ । ਤੇਜਾ ਸਿਘ ਆਖਿਆ ਜੀ ਪਤਾ ਹੈ । ਤੇ ਆਖਣ ਲੱਗੇ ਪਾਲ ਸਿੰਘ ਨੂੰ ਦੱਸ ਦਿਤਾ ਈ । ਤੇਜਾ ਸਿੰਘ ਆਖਿਆ ਜੀ ਮੈਂ ਦੱਸ ਦਿਤਾ ਹੈ ਕਿ ਸੱਚੇ ਪਾਤਸ਼ਾਹ ਦੀਨ ਦੁਨੀ ਦੇ ਵਾਲੀ ਮਾਸ ਸ਼ਰਾਬ ਤੇ ਝੂਠ ਅਪਰਾਧ ਤੋਂ ਮਨਾ ਕਰਦੇ ਹਨ ਜੀ । ਪਾਲ ਸਿੰਘ ਹੱਥ ਜੋੜ ਕੇ ਖਲੋਤਾ ਸੀ । ਆਖਣ ਲੱਗਾ ਸੱਚੇ ਪਾਤਸ਼ਾਹ ਆਪ ਹੀ ਮੇਰੇ ਸਿਰ ਤੇ ਹੱਥ ਰਖੋਗੇ ਤੇ ਮੈਨੂੰ ਬਚਾਓਗੇ । ਦੀਨ ਦਿਆਲ ਹੁਣ ਦਇਆ ਕਰਕੇ ਮੈਨੂੰ ਆਪਣੀ ਸ਼ਰਨ ਲਾ ਲਉ ਜੀ । ਜਿਸ ਵਕਤ ਬੇਨੰਤੀ ਕੀਤੀ ਗਈ ਤੇ ਸੱਚੇ ਪਾਤਸ਼ਾਹ ਪਾਲ ਸਿੰਘ ਨੂੰ ਪਰਸ਼ਾਦ ਦਿਤਾ ਤੇ ਫਿਰ ਸਾਰੀ ਸੰਗਤ ਨੂੰ ਵਰਤਾਇਆ ਗਿਆ । ਪਾਲ ਸਿੰਘ ਕੜਾਹ ਪਰਸ਼ਾਦ ਵਾਸਤੇ ਵੀ ਪੈਸੇ ਦੇ ਦਿਤੇ ਤੇ ਸ਼ਰਨ ਲਾਏ ਦੀ ਖ਼ੁਸ਼ੀ ਮਨਾਈ । ਦਰਸ਼ਨ ਕਰ ਕੇ ਆਪਣਾ ਜਨਮ ਸੁਫਲਾ ਕੀਤਾ । ਫਿਰ ਪ੍ਰੇਮ ਨਾਲ ਛੇਤੀ ਛੇਤੀ ਔਣ ਲਗ ਪਿਆ । ।


## ❋ ਪਾਤਸ਼ਾਹ ਦਾ ੨੭ ਚੱਕ ਜਾਣਾ ❋

ਇਕ ਦਿਲ ਪਾਲ ਸਿੰਘ ਬੇਨੰਤੀ ਕਰਦਾ ਹੈ ਕਿ ਸੱਚੇ ਪਾਤਸ਼ਾਹ ਬਾਰ ਵਿਚ ਮੈਨੂੰ ਦਰਸ਼ਨ ਦਿਉ । ਗਰੀਬ ਦੀ ਕੁੱਲੀ ਨੂੰ ਚਲ ਕੇ ਭਾਗ ਲਾਉ । ਇਕ ਬੁਧ ਸਿੰਘ ਨਾਗੇ ਕਿਆਂ ਦਾ ੨੭ ਚੱਕ ਰੈਂਹਦਾ ਸੀ, ਓਹ ਵੀ ਸ਼ਰਨ ਲੱਗਾ । ਇਕ ਨੱਥਾ ਸਿੰਘ ਰਾਮਗੜ੍ਹੀਆ ਸਿੰਘ ਸੀ, ਓਹ ਵੀ ਸ਼ਰਨ ਲੱਗਾ । ਮਜ਼੍ਹਬੀ ਹੇਮ ਸਿੰਘ ਸੀ, ਓਹ ਵੀ ਬਚਨ ਸੁਣ ਕੇ ਸ਼ਰਨ ਲਗਾ । ਪਾਲ ਸਿੰਘ ਦੇ ਭਰਾ ਸਨ ਆਤਮਾ ਸਿੰਘ, ਜੀਉਣ ਸਿੰਘ, ਸੁੰਦਰ ਸਿੰਘ, ਸਾਰਾ ਪਰਵਾਰ ਸੱਚੇ ਪਾਤਸ਼ਾਹ ਦੀ ਸ਼ਰਨ ਲੱਗਾ ਹੈ । ਬੜੀ ਕਿਰਪਾ ਹੋਈ ਹੈ । ਪਾਲ ਸਿੰਘ ਦੀ ਬੇਨੰਤੀ ਪਰਵਾਨ ਕਰ ਕੇ ਸੱਚੇ ਪਿਤਾ ਬਾਰ ਨੂੰ ੨੭ ਚੱਕ ਗਏ ਹਨ । ਏਥੋਂ ਪਾਤਸ਼ਾਹ ਦੇ ਨਾਲ ਚੇਤ ਸਿੰਘ ਕਲਸੀਆਂ ਵਾਲਾ ਤੇ ਤੇਜਾ ਸਿੰਘ ਸੇਵਾ ਵਿਚ ਸੱਚੇ ਪਿਤਾ ਦੇ ਨਾਲ ਹੀ ਗੱਡੀ ਚੜ ਕੇ ਚਲੇ ਗਏ ਹਨ । ਅੱਗੇ ਸਾਰੇ ਸਿਖ ਅਗਲ ਵਾਡੀ ਲੈਲਪੁਰ ਪਾਤਸ਼ਾਹ ਨੂੰ ਲੈਣ ਆਏ ਹਨ । ਜਿਸ ਵਕਤ ਸੱਚੇ ਪਾਤਸ਼ਾਹ ਲੈਲਪੁਰ ਜਾ ਕੇ ਗੱਡੀ ਤੋਂ ਉਤਰੇ ਹਨ, ਸਿਖਾਂ ਬੜੀ ਖ਼ੁਸ਼ੀ ਮਨਾਈ । ਦਰਸ਼ਨ ਕਰ ਕੇ ਨਿਮਸਕਾਰਾਂ ਕੀਤੀਆਂ ਤੇ ਪਰਕਰਮਾਂ ਕੀਤੀਆਂ ਹਨ । ਫਿਰ ਸਾਰਿਆਂ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਦਇਆ ਕਰੋ ਤੇ ਆਪ ਦਾ ਫੋਟੋ ਲੁਵਾਈਏ । ਪਾਤਸ਼ਾਹ ਬੇਨੰਤੀ ਪਰਵਾਨ ਕਰ ਲਈ ਤੇ ਦੁਕਾਨ ਨੂੰ ਤੁਰ ਪਏ ਹਨ । ਸੱਚੇ ਪਾਤਸ਼ਾਹ ਕੁਰਸੀ ਤੇ ਬੈਠ ਗਏ ਹਨ । ਆਤਮਾ ਸਿੰਘ, ਪਾਲ ਸਿੰਘ, ਬੁਧ ਸਿੰਘ, ਹੇਮ

ਸਿੰਘ, ਨੱਥਾ ਸਿੰਘ, ਚੇਤ ਸਿੰਘ, ਤੇਜਾ ਸਿੰਘ ਸਾਰੇ ਸਿਖ ਖਲੋਤੇ ਹਨ । ਫੁਲਾਂ ਦੇ ਹਾਰ ਪਾਤਸ਼ਾਹ ਦੇ ਗਲ ਵਿਚ ਪਾਏ ਹਨ । ਫੋਟੋ ਲੁਹਾ ਕੇ ਫਿਰ ਟਾਂਗੇ ਤੇ ਬੈਠ ਕੇ ਸੱਚੇ ਪਾਤਸ਼ਾਹ ਤੇ ਸਿਖ ੨੭ ਚੱਕ ਚਲੇ ਗਏ ਹਨ । ੮ ਦਿਨ ਓਥੇ ਦਇਆ ਕੀਤੀ ਹੈ । ਬੁਧ ਨੇ ਬੜਾ ਸੋਹਣਾ ਬੱਗੇ ਰੰਗ ਦਾ ਬੌਲਦ ਸੱਚੇ ਪਿਤਾ ਨੂੰ ਸੇਵਾ ਦਿਤਾ ਹੈ । ੧੦੦ ਰੁਪੈਯਾ ਪਾਲ ਸਿੰਘ ਨਿਮਸਕਾਰ ਕੀਤੀ । ਪੁਜ ਆਈ ਸੇਵਾ ਦੂਸਰਿਆਂ ਸਿਖਾਂ ਨੇ ਵੀ ਕੀਤੀ ਹੈ । ਪਾਤਸ਼ਾਹ ਨੂੰ ਪੁਸ਼ਾਕਾਂ, ਰੇਜ਼ੇ ਕਪੜੇ ਤੇ ਪੀਪਾ ਘਿਉ ਦਾ ਦਿਤੇ ਹਨ । ਬੜੀਆਂ ਸਾਰੀ ਸੰਗਤ ਨੂੰ ਅੱਠ ਦਿਨ ਖ਼ੁਸ਼ੀਆਂ ਰਹੀਆਂ ਹਨ । ਫਿਰ ਸੱਚੇ ਪਾਤਸ਼ਾਹ ਤਿਆਰ ਹੋ ਪਏ ਹਨ ਜੀ । ਦੂਸਰੇ ਪਿੰਡ ਤੱਕ ਸਿਖ ਤੇ ਬੀਬੀਆਂ ਮਾਈਆਂ ਤੋਰਨ ਆਈਆਂ ਹਨ । ਮਾਈਆਂ ਖ਼ੁਸ਼ੀਆਂ ਲੈ ਕੇ ਮੁੜ ਪਈਆਂ ਹਨ, ਤੇ ਸਿਖ ਲੈਲਪੁਰ ਆ ਕੇ ਗੱਡੀ ਚੜ੍ਹ ਗਏ ਹਨ । ਇਕ ਗੱਡੀ ਵਿਚ ਬੌਲਦ ਵੀ ਪਾਤਸ਼ਾਹ ਚੜ੍ਹਾ ਲਿਆਏ ਹਨ ਤੇ ਘਵਿੰਡ ਆ ਗਏ ਹਨ ਜੀ । ਐਡੀ ਦਇਆ ਸੰਗਤ ਤੇ ਕਰ ਆਏ ਹਨ ਸਾਰੀ ਸੰਗਤ ਅੱਠੇ ਪਹਿਰ ਸੱਚੇ ਪਿਤਾ ਦਾ ਜਸ ਕਰ ਰਹੀ ਹੈ ਜੀ । ।

## ❊ ਭੁਚਰ ਵਾਲੇ ਬਲਵੰਤ ਸਿੰਘ ਦੀ ਸਾਖੀ ❊

ਬਲਵੰਤ ਸਿੰਘ ਭੁੱਚਰ ਪਿੰਡ ਦਾ ਸਿਖ ਸੀ । ਉਸ ਪਾਸੋਂ ਐਡਾ ਪਾਪ ਹੋ ਗਿਆ ਕਿ ਆਪਣੇ ਸਕੇ ਭਰਾ ਨੂੰ ਗੁੱਸੇ ਵਿਚ ਆਣ ਕੇ ਮਾਰ ਦਿਤਾ ਤੇ ਬਲਵੰਤ ਸਿੰਘ ਫੜਿਆ ਗਿਆ । ਓਸ ਦੇ ਘਰੋਂ ਆ ਕੇ ਉਸ ਦੀ ਜਨਾਨੀ ਨੇ ਬੇਨੰਤੀ ਕੀਤੀ । ਪਾਤਸ਼ਾਹ ਆਖਣ ਲੱਗੇ, ਉਸ ਨੇ ਬੜਾ ਅਪਰਾਧ ਕੀਤਾ, ਬਖ਼ਸ਼ਣ ਵਾਲਾ ਨਹੀਂ ਗਾ । ਓਸ ਨੇ ਬੜੀ ਅਧੀਨਗੀ ਨਾਲ ਬੇਨੰਤੀ ਕੀਤੀ, ਕਿ ਸੱਚੇ ਪਾਤਸ਼ਾਹ ਤੁਹਾਡਾ ਸਿਖ ਆ, ਦਇਆ ਕਰੋ । ਲਾਗੇ ਜੇਹੜੇ ਹੋਰ ਸਿਖ ਸਨ ਉਨ੍ਹਾਂ ਵੀ ਬੇਨੰਤੀ ਕੀਤੀ । ਦੀਨ ਦਿਆਲ ਦਇਆ ਕਰੋ । ਪਾਤਸ਼ਾਹ ਆਖਿਆ, ਹੱਛਾ ਅਸੀਂ ਓਥੇ ਆਵਾਂਗੇ ਭੁੱਚਰ । ਪਾਤਸ਼ਾਹ ਤੇ ਤੇਜਾ ਸਿੰਘ ਅੰਮ੍ਰਿਤਸਰ ਗਏ ਹਨ । ਇਕ ਸੁਰਜਣ ਸਿੰਘ ਭੁੱਚਰ ਦਾ ਸਿੰਘ ਸੀ । ਓਹ ਵੀ ਬਲਵੰਤ ਸਿੰਘ ਦੀਆਂ ਤਰੀਕਾਂ ਤੇ ਜਾਂਦਾ ਸੀ । ਸੁਰਜਣ ਸਿੰਘ ਵੀ ਪਾਤਸ਼ਾਹ ਅੱਗੇ ਬੇਨੰਤੀ ਕਰਦਾ ਹੈ ਕਿ ਪਾਤਸ਼ਾਹ ਤੁਹਾਡਾ ਸਿਖ ਹੈ ਤੇ ਤੁਹਾਨੂੰ ਲਾਜਾਂ ਨੇ । ਲਛਮਣ ਸਿੰਘ ਦੀ ਦੁਕਾਨ ਤੇ ਅੰਮ੍ਰਿਤਸਰ ਪਾਤਸ਼ਾਹ ਬਿਰਾਜਮਾਨ ਹੁੰਦੇ ਸਨ ਜੀ । ਸਭ ਤਰੀਕਾਂ ਭੁਗਤ ਕੇ ਤੇ ਸ਼ੈਸ਼ਨ ਦੀ ਤਰੀਕ ਰਹਿ ਗਈ ਸੀ । ਪਾਤਸ਼ਾਹ ਬੇਨੰਤੀ ਪਰਵਾਨ ਕਰ ਕੇ ਆਖਣ ਲੱਗੇ, ਅੱਜ ਸਾਰੀ ਰਾਤ ਸ਼ਬਦ ਪੜ੍ਹੋ ਤੇ ਫੇਰ ਸਵੇਰੇ ਸਵੇਰਸਾਰ ਸਾਡੇ ਅੱਗੇ ਬੇਨੰਤੀ ਕਰਿਓ ਜੇ । ਸੱਚੇ ਪਾਤਸ਼ਾਹ ਬੇਨੰਤੀ ਪਰਵਾਨ ਕਰ ਕੇ, ਸਵੇਰੇ ਤਰੀਕ ਸੀ, ਤਰੀਕ ਤੇ ਗਏ ਹਨ । ਬਲਵੰਤ ਸਿੰਘ ਨੂੰ ਜੇਲ ਦੇ ਵਿਚੋਂ ਹੱਥਕੜੀ ਮਾਰ ਕੇ ਅਦਾਲਤ ਵਿਚ ਭੁਗਤੌਣ ਵਾਸਤੇ ਲੈ ਆਂਦਾ ਹੈ । ਇਕ ਬਲਵੰਤ ਸਿੰਘ ਦਾ ਪੁਤ ਤੇ ੧ ਹੋਰ ਕਸੰਗੀ ਸੀ । ਤਿੰਨ ਜਣੇ ਮਾਰਨ ਵਾਲੇ ਫੜੇ ਹਨ । ਤੇਜਾ ਸਿੰਘ ਸੁਰਜਣ ਸਿੰਘ ਤੇ ਸੱਚੇ ਪਾਤਸ਼ਾਹ ਤਿੰਨ ਜਣੇ ਜਿਥੇ ਬਲਵੰਤ ਨੂੰ ਸਿਪਾਹੀ ਲੈ ਕੇ ਬੈਠੇ ਸੀ ਓਥੇ ਚਲੇ ਗਏ ਹਨ । ਲੀੜਾ ਵਛਾ ਕੇ ਬਲਵੰਤ ਸਿੰਘ ਦੇ ਲਾਗੇ ਸੱਚੇ ਪਾਤਸ਼ਾਹ ਨੂੰ ਬਿਠਾ ਦਿਤਾ ਹੈ । ਤੇਜਾ ਸਿੰਘ ਬਲਵੰਤ ਸਿੰਘ ਨੂੰ ਆਖਿਆ ਕਿ ਬਲਵੰਤ ਸਿੰਘ ਐਸ ਵਕਤ ਤੇਰਾ ਕੋਈ ਭੈਣ ਭਰਾ ਸਾਕ ਅੰਗ ਸੱਚੇ ਪਾਤਸ਼ਾਹ ਤੋਂ ਬਿਨਾ ਹੈ । ਓਸ ਬਲਵੰਤ ਸਿੰਘ ਉਠ ਕੇ ਗਲ ਵਿਚ ਪਲਾ ਪਾ ਕੇ ਬੇਨੰਤੀ ਕੀਤੀ ਐਸ ਵਕਤ ਮੈਂ ਮਿਟੀ ਹਾਂ, ਤੇ ਸੱਚੇ ਪਿਤਾ ਦੀਨ ਦਿਆਲ ਤ੍ਰਿਲੋਕੀ ਨਾਥ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਤੋਂ ਬਿਨਾਂ ਮੇਰਾ ਕੋਈ ਨਹੀਂ ਹੈ । ਪਾਤਸ਼ਾਹ ਆਖਣ ਲੱਗੇ, ਬਲਵੰਤ ਸਿੰਘ ਤੂੰ ਪਾਪ ਬੜਾ ਕੀਤਾ, ਭਰਾ ਨੂੰ ਮਾਰਨਾ ਨਹੀਂ ਸੀ । ਬਲਵੰਤ ਸਿੰਘ ਬੇਨੰਤੀ ਕਰ ਕੇ ਆਖਣ ਲੱਗਾ, ਸੱਚੇ ਪਾਤਸ਼ਾਹ ਮੈਨੂੰ ਭੁੱਲ ਬਖ਼ਸ਼ੋ । ਪਾਤਸ਼ਾਹ ਆਖਿਆ ਚੰਗਾ, ਹੁਣ ਹੌਸਲਾ ਨਾ ਢਾਹ, ਤੈਨੂੰ ਲੈ ਚਲਾਂਗੇ । ਓਧਰੋਂ ਕਚੈਹਰੀ ਵਿਚ ਵਾਜ ਵਜ ਪਈ । ਮਹਾਰਾਜ ਹੋਰੀ ਵੀ ਨਾਲ ਅੰਦਰ ਲੰਘ ਗਏ ਹਨ । ਓਥੇ ਫੇਰ ਗਵਾਹਾਂ ਨੇ ਬਹੁਤ ਗਵਾਹੀਆਂ ਦਿਤੀਆਂ । ਸਬੂਤ ਹੋ ਗਿਆ ਕਿ ਬਲਵੰਤ ਸਿੰਘ ਹੱਕੀ ਕਾਤਲ ਹੈ । ਕਿਸੇ ਬਹਾਨੇ ਛੁੱਟ ਨਹੀਂ ਸਕਦਾ । ਜੋ ਹੋਰ ਵੀ ਸੁਣਨ ਵਾਲੇ ਸਨ ਆਖਣ



ਖੱਬੇ ਤੋ ਸੱਜੇ :
ਤੇਜਾ ਸਿੰਘ ਭੁੱਚਰ, ਚੇਤ ਸਿੰਘ ਕਲਸੀਆਂ, ਨੱਥਾ ਸਿੰਘ ਚੱਕ ਨੰ : ੨੭, ਮਹਾਰਾਜ ਸ਼ੇਰ ਸਿੰਘ ਜੀ, ਪਾਲ ਸਿੰਘ ਚੱਕ ਨੰ : ੨੭, ਬੁੱਧ ਸਿੰਘ ਚੱਕ ਨੰ : ੨੭, ਆਤਮਾ ਸਿੰਘ ਚੱਕ ਨੰ : ੨੭,

ਲੱਗੇ ਕਿ ਬਲਵੰਤ ਸਿੰਘ ਹੁਣ ਛੁਟਦਾ ਨਹੀਂ, ਫਾਹੇ ਲਗ ਜਾਵੇਗਾ । ਜਿਸ ਵਕਤ ਕਚੈਹਰੀ ਵਿਚੋਂ ਬਾਹਰ ਨਿਕਲੇ, ਦੁਸ਼ਮਨਾਂ ਬੜੀ ਖ਼ੁਸ਼ੀ ਮਨਾਈ ਕਿ ਬਲਵੰਤ ਸਿੰਘ ਹੁਣ ਫਾਹੇ ਲੱਗ ਜਾਵੇਗਾ । ਬਹੁਤ ਚੰਗੇ ਬਿਆਨ ਹੋ ਗਏ ਹਨ । ਪਾਤਸ਼ਾਹ ਨੇ ਇਕ ਬੰਦਾ ਭੁੱਚਰ ਵਿਚ ਘੱਲਿਆ ਤੇ ਆਖਿਆ ਜਾਹ ਜਾ ਕੇ ਢੋਲ ਮਾਰ ਦੇ ਕਿ ਬਲਵੰਤ ਸਿੰਘ ਬਰੀ ਹੋ ਗਿਆ ਹੈ । ਅਸੀਂ ਭਲਕੇ ਨਾਲ ਲੈ ਕੇ ਆਵਾਂਗੇ । ਸੁਣਨ ਵਾਲੇ ਬੜੇ ਹੈਰਾਨ ਹਨ । ਬਿਆਨ ਬਹੁਤ ਸਖ਼ਤ ਹੋਏ ਹਨ । ਕਿਸੇ ਬਹਾਨੇ ਵੀ ਬਲਵੰਤ ਸਿੰਘ ਨਹੀਂ ਛੁਟ ਸਕਦਾ ਤੇ ਮਹਾਰਾਜ ਹੋਰੀ ਆਂਦੇ ਹਨ ਅਸੀਂ ਕਲ ਨਾਲ ਲੈ ਕੇ ਜਾਵਾਂਗੇ । ਅਗਲੇ ਦਿਨ ਹਾਕਮ ਨੇ ਹੁਕਮ ਦੀ ਤਰੀਕ ਰਖ ਦਿਤੀ । ਅਗਲੇ ਦਿਨ ਜਿਸ ਵਕਤ ਕਚੈਹਰੀ ਵਿਚ ਬਲਵੰਤ ਸਿੰਘ ਗਿਆ ਤੇ ਅਫਸਰ ਆਖਣ ਲੱਗਾ, ਬਲਵੰਤ ਸਿੰਘ ਤੂੰ ਹੱਕੀ ਕਾਤਲ ਹੈ ਤੇ ਤੈਨੂੰ ਪਰਮੇਸ਼ਵਰ ਬਦੋ ਬਦੀ ਛੁਡਾ ਰਿਹਾ ਹੈ, ਤੂੰ ਬਰੀ ਹੋ ਗਿਆ ਹੈ । ਜਿਸ ਵਕਤ ਬਰੀ ਹੋ ਕੇ ਬਾਹਰ ਆਇਆ ਹੈ, ਸਾਰੀ ਦੁਨੀਆਂ ਹੈਰਾਨ ਪਰੇਸ਼ਾਨ ਹੋ ਰਹੀ ਹੈ । ਆਂਦੇ ਹਨ ਕਿ ਮਹਾਰਾਜ ਹੋਰੀਂ ਬੜੇ ਸਮਰੱਥ ਹਨ । ਸਾਰੀ ਦੁਨੀਆਂ ਹੁਮ ਹੁਮਾ ਕੇ ਵੇਖਣ ਆਈ ਹੈ, ਕਿ ਆਹ ਮਹਾਰਾਜ ਹਨ ਜਿਨ੍ਹਾਂ ਬਲਵੰਤ ਸਿੰਘ ਨੂੰ ਛੁੜਾਇਆ ਹੈ । ਬਲਵੰਤ ਸਿੰਘ ਪਾਤਸ਼ਾਹ ਦੇ ਚਰਨਾਂ ਤੇ ਪਿਆ ਹੈ । "ਤੇਰੇ ਕਵਣ ਕਵਣ ਗੁਣ ਗਾਵਾਂ ਜੀਭਾ ਮੇਰੀ ਇਕ ਮਾਲਕਾ" । ਆਪ ਹੀ ਜਾਣੀ ਜਾਣ ਹਨ ਜੀ । ।

## ❊ ਬਾਲੇ ਚੱਕ ਵਾਲੇ ਬੁਧ ਸਿੰਘ ਦੀ ਸਾਖੀ ❊

ਇਕ ਦਿਨ ਦਾ ਬਚਨ ਹੈ ਕਿ ਬੁਧ ਸਿੰਘ ਬਾਲੇ ਚੱਕ ਵਾਲਾ ਬੇਨੰਤੀ ਕਰ ਕੇ ਪਾਤਸ਼ਾਹਾਂ ਨੂੰ ਬਾਲੇ ਚੱਕ ਲੈ ਗਿਆ ਨਾਲ ਮਾਤਾ ਹੋਰੀਂ ਸਾਹਿਬਜਾਦੇ ਤੇ ਹੋਰ ਸਿਖ ਵੀ ਹਨ । ਅੱਠ ਦਿਨ ਸੱਚੇ ਪਾਤਸ਼ਾਹ ਓਥੇ ਰਹੇ ਹਨ । ਵਿਸਾਖੀ ਦੇ ਦਿਹਾੜੇ ਤੇ ਗਏ ਹਨ । ਬੁਧ ਸਿੰਘ ਨੇ ਸਪਰਸ ਦਾਨ ਸੱਚੇ ਪਿਤਾ ਨੂੰ ਕੀਤਾ । ਜੋ ਚੀਜਾਂ ਸਨ ਘਰ ਵਿਚ ਮੱਝੀ, ਗਾਈਂ, ਬਲਦ, ਗੱਡਾ, ਰਜਾਈ, ਤਲਾਈ, ਚੌਕੇ ਦੇ ਭਾਂਡੇ, ਮੰਜੀ ਪੀੜੀ, ਗੱਲ ਕੀ ਜੋ ਚੀਜ ਘਰ ਸੀ, ਸਭ ਸੱਚੇ ਪਾਤਸ਼ਾਹ ਨੂੰ ਨਿਮਸਕਾਰ ਕਰ ਦਿਤੀ । ਜਲ ਪੀਣ ਵਾਸਤੇ ਵੀ ਇਕ ਬਰਤਨ ਘਰ ਨਹੀਂ ਰਖਿਆ । ਬੇਨੰਤੀ ਕਰ ਕੇ ਹੱਥ ਜੋੜ ਕੇ ਆਖਣ ਲਗਾ, ਸੱਚੇ ਪਾਤਸ਼ਾਹ ਅੱਜ ਮੇਰੇ ਧੰਨ ਭਾਗ ਹੋਏ ਹਨ । ਤਿੰਨ ਵੇਰਾਂ ਬੁੱਧ ਸਿੰਘ ਨੇ ਏਸੇ ਤਰ੍ਹਾਂ ਸਪਰਸ ਦਾਨ ਕੀਤਾ ਹੈ ਜੀ । ।

ਇਕ ਵੇਰਾਂ ਸਾਰਿੰਗੜਾ ਪਿੰਡ ਜ਼ਿਮੀਦਾਰਾਂ ਦੇ ਘਰ ਇਕ ਸੁੰਦਰ ਘੋੜਾ ਸੀ । ਸਸਤੇ ਭਾ ਵਿਚ ੫੦੦ ਰੁਪੈਆ ਮੁਲ ਮੰਗਦੇ ਹਨ । ਪਾਤਸ਼ਾਹ ਵਾਲਾ ਘੋੜਾ ਕੁਛ ਬਿਰਧ ਹੋ ਗਿਆ ਸੀ । ਬੁਧ ਸਿੰਘ ਦਾ ਦਿਲ ਕੀਤਾ ਕਿ ਮੈਂ ਪਾਤਸ਼ਾਹ ਨੂੰ ਸਾਰਿੰਗੜੇ ਵਾਲਾ ਘੋੜਾ ਲਿਆ ਦਿਆਂ । ਪਾਤਸ਼ਾਹ ਨੂੰ ਆਖਣ ਲਗਾ, ਸੱਚੇ ਪਾਤਸ਼ਾਹ, ਸਾਰਿੰਗੜੇ ਵਾਲਾ ਘੋੜਾ ਆਪਾਂ ਲੈ ਆਈਏ । ਪਾਤਸ਼ਾਹ ਆਖਿਆ, ਬੁਧ ਸਿੰਘ ੫੦੦ ਰੁਪੈਆ ਮੁਲ ਮੰਗਦੇ ਹਨ । ਬੁਧ ਸਿੰਘ ਆਖਣ ਲੱਗਾ, ਪਾਤਸ਼ਾਹ, ੫੦੦ ਦੇ ਦਿਆਂਗੇ । ਮਹਾਰਾਜ, ਚੇਤ ਸਿੰਘ ਤੇ ਬੁਧ ਸਿੰਘ ਸਾਰਿਗੰੜੇ ਨੂੰ ਘੋੜਾ ਲੈਣ ਚਲੇ ਹਨ ਜੀ । ਘੋੜੇ ਵਾਲੇ ਪੰਜ ਸੌ ਰੁਪੈਆ ਮੰਗਿਆ ਤੇ ਬੁਧ ਸਿੰਘ ਆਖਿਆ ੫੦੦ ਲੈ ਲਓ । ਫਿਰ ਆਖਣ ਲੱਗੇ ਅਸਾਂ ਹਜਾਰ ਲੈਣਾ ਹੈ । ਬੁਧ ਸਿੰਘ ਆਖਿਆ ਹਜਾਰ ਲੈ ਲਈਂ, ਹਜਾਰ ਲੈ ਲਓ । ਫਿਰ ਆਖਣ ਲੱਗੇ ਯਾਰਾ ਸੌ ਲੈਣਾ ਹੈ । ਬੁਧ ਸਿੰਘ ਆਖਿਆ ਚੰਗਾ, ਯਾਰਾਂ ਸੌ ਲੈ ਲਓ ਜੀ । ਫਿਰ ਆਖਣ ਲੱਗੇ ਅਸਾਂ ਤਾਂ ਘੋੜਾ ਵੇਚਣਾ ਨਹੀਂ ਹੈ । ਪਾਤਸ਼ਾਹ ਆਖਣ ਲੱਗੇ ਬੁਧ ਸਿੰਘ ਹੁਣ ਘੋੜਾ ਨਹੀਂ ਲੈਣਾ, ਆਓ ਹੁਣ ਚਲੀਏ । ਬੁਧ ਸਿੰਘ ਨੇ ਫਿਰ ੧੧ ਸੌ ਰੁਪੈਆ ਪਾਤਸ਼ਾਹ ਨੂੰ ਨਿਮਸਕਾਰ ਕਰ ਦਿਤੀ । ਆਖਣ ਲੱਗਾ ਤੁਹਾਡੇ ਘੋੜੇ ਦੇ ਨਾਂ ਦਾ ਪੈਸਾ ਹੈ, ਮੈਂ ਨਹੀਂ ਰੱਖਣਾ । ਉਸ ਤੋਂ ਕੁਝ ਦਿਨ ਬਾਅਦ ਸਾਰਿੰਗੜੇ ਵਾਲਿਆਂ ਚੋਰੀ ਕੀਤੀ ਤੇ ਸਾਰੇ ਹਵਾਲਾਤ ਵਿਚ ਹੋ ਗਏ । ਪਾਤਸ਼ਾਹ ਨੂੰ ਸਨਾਹ ਘਲਦੇ ਹਨ ਕਿ ੫੦੦ ਰੁਪੈਆਂ ਨੂੰ ਘੋੜਾ ਲੈ ਜਾਓ । ਪਾਤਸ਼ਾਹ

ਮਨਾਂ ਕਰ ਦਿਤਾ ਕਿ ਅਸੀਂ ਤਾਂ ਹੁਣ ਘੋੜਾ ਐਵੇਂ ਦੇਵੇਂ ਤਾਂ ਵੀ ਨਹੀ ਲੈਣਾ । ਜੇ ਤੁਸੀਂ ਓਸ ਵਕਤ ਪੰਦਰਾਂ ਸੌ ਮੰਗਦੇ ਤੇ ਅਸਾਂ ਓਹ ਵੀ ਦੇ ਔਣਾ ਸੀ । ।

ਬੁਧ ਸਿੰਘ ਬਾਲੇ ਚੱਕ ਵਾਲੇ ਵਿਚ ਬੜੇ ਗੁਣ ਸੀ । ਇਕ ਤਾਂ ਤਿੰਨ ਵੇਰਾਂ ਉਸ ਸਪਰਸ ਦਾਨ ਕੀਤਾ ਹੈ ਤੇ ਦੂਸਰਾ ਸੱਚੇ ਪਿਤਾ ਉਸ ਨੂੰ ਬਲ ਬੜਾ ਬਖ਼ਸ਼ਿਆ ਸੀ । ੧੮ ਮਣ ਪੱਕੇ ਦਾ ਰੇਲ ਦਾ ਗਾਡਰ ਮੋਡੇ ਤੇ ਚੁਕ ਕੇ ਤੁਰ ਪੈਂਦਾ ਸੀ । ਤੀਸਰਾ ਉਸ ਵਿਚ ਸ਼ਾਂਤੀ ਬੜੀ ਸੀ । ਏਨਾਂ ਬਲ ਰਖਦਾ ਸੀ ਕਿ ਇਕ ਵਾਰ ਘਵਿੰਡ ਦੇ ਵਸਨੀਕ ਪਾਤਸ਼ਾਹ ਨਾਲ ਝਗੜ ਪਏ, ਤੇ ਸਾਰੇ ਸਿਖ ਕੋਲ ਸਨ । ਦਿਨ ਡੁੱਬੇ ਦਾ ਟੈਮ ਸੀ । ੨੦ ਸੇਰ ਪੱਕੇ ਦਾ ਖਿੰਗਰ ਵਗਾਤਾ ਮਾਰਿਆਂ ਚਬਾਰੇ ਵਿਚ, ਤੇ ਇਕ ਬੀਬੀ ਨੂੰ ਵੱਜਾ ਓਹ ਬੇਹੋਸ਼ ਹੋ ਗਈ । ਇਕ ਨੂੰ ਸੋਟਾ ਮਾਰਿਆ ਤੇ ਦੂਸਰੀ ਵਾਰ ਓਹ ਅੱਗੋਂ ਉਠਿਆ ਨਹੀਂ । ਐਸਾ ਵਗਾਤਾ ਸੋਟਾ ਫੇਰ ਮਾਰਿਆ ਦੂਸਰੇ ਘਰ ਜਾ ਕੇ ਅਗਲੇ ਨੂੰ ਬੇਹੋਸ਼ ਕਰ ਦਿਤਾ । ਐਸੀ ਰਾਤ ਲੜਾਈ ਹੋਈ ਸਾਰਾ ਪਿੰਡ ਮਹਾਰਾਜ ਹੋਰਾਂ ਨੂੰ ਮਾਰਨ ਪੈ ਗਿਆ । ਗੜਿਆਂ ਵਾਗੂੰ ਇੱਟਾਂ ਢੀਮਾਂ ਵਰਦੀਆਂ ਹਨ । ਸੱਚੇ ਪਾਤਸ਼ਾਹ ਓਸ ਵਕਤ ਹੱਥੀਂ ਘਵਿੰਡ ਵਿਚ ਲੜੇ ਹਨ, ਨਾਲ ਸਿਖ ਹਨ । ਓਸ ਵਕਤ ਸਿਖ ਸ਼ੇਰਾਂ ਵਾਂਗ ਪਏ ਗਜਦੇ ਹਨ । ਸਾਰੇ ਪਿੰਡ ਨੂੰ ਭਾਜ ਪਾ ਦਿਤੀ ਹੈ । ਐਸਾ ਭਿਆਨਕ ਸਮਾਂ ਵਰਤਿਆਂ ਹੈ ਜੀ । ਇਕ ਨੂੰ ਪਾਤਸ਼ਾਹ ਟਕੂਆ ਮਾਰਿਆ ਤੇ ਉਸਦਾ ਸਿਰ ਫਟ ਗਿਆ ਹੈ ਜੀ । ਜਿਸ ਵਕਤ ਮਰ ਗਿਆ ਮਰ ਗਿਆ ਹੋ ਉਠੀ, ਸਭ ਭੱਜ ਗਏ ਹਨ ਜੀ । ਐਸੇ ਦਿਆਲੂ ਸੀ ਕਿਸੇ ਨਾਲ ਗੁਸਾ ਨਹੀਂ ਸੀ ਕਰਦੇ, ਸੱਟਾਂ ਖਾ ਕੇ ਸਵੇਰੇ ਫੇਰ ਪਾਤਸ਼ਾਹ ਦੇ ਕੋਲ ਬੈਠੇ ਹਨ ਜੀ । ਤਿੰਨ ਵੇਰਾਂ ਏਸੇ ਤਰ੍ਹਾਂ ਪਿੰਡ ਲੜਾਈ ਕਰਨ ਪਿਆ ਹੈ । ਸੱਚੇ ਪਾਤਸ਼ਾਹ ਏਸੇ ਤਰ੍ਹਾਂ ਸਿਖਾਂ ਨੂੰ ਨਾਲ ਲੈ ਕੇ ਲੜਦੇ ਰਹੇ ਹਨ ਜੀ । ਜਿਸ ਤਰ੍ਹਾਂ ਮਨੀ ਸਿੰਘ ਤੋਂ ਸੱਚੇ ਪਾਤਸ਼ਾਹ ਲਿਖਤ ਪਵਾਈ ਸੀ ਕਿ ਘਵਿੰਡ ਪਿੰਡ ਸਾਨੂੰ ਇੱਟਾਂ ਢੀਮਾਂ ਮਾਰਨਗੇ, ਓਹੋ ਕਾਰਨ ਭੁਗਤ ਗਿਆ ਹੈ । ਦੀਨ ਦਿਆਲ ਆਪ ਹੀ ਸਭ ਕੁਛ ਕਰ ਰਹੇ ਹਨ । ।

## ✳ ਪਾਤਸ਼ਾਹ ਦੇ ਘੋੜੇ ਤੇ ਕੁੱਤੇ ਬਾਰੇ ✳

ਬੁਧ ਸਿੰਘ ਪਾਤਸ਼ਾਹ ਦੇ ਘੋੜੇ ਦੀ ਬੜੀ ਸੇਵਾ ਕਰਦਾ ਹੁੰਦਾ ਸੀ । ੪੦ ਸਾਲ ਦੀ ਉਮਰ ਦਾ ਪਾਤਸ਼ਾਹ ਦੇ ਹੇਠਾਂ ਘੋੜਾ ਸੀ । ਬੁਧ ਸਿੰਘ ਨੇ ਆਪਣੇ ਘਰ ਖੜ ਕੇ ਘੋੜਾ ਬੜੇ ਪ੍ਰੇਮ ਨਾਲ ਸੇਵਾ ਕੀਤੀ । ਸੱਚੇ ਪਾਤਸ਼ਾਹ ਵਿਸਾਖੀ ਤੇ ਦਵਾਲੀ ਤੇ ਜਾ ਕੇ ਮੰਡੀ ਵਿਚ ਘੋੜਾ ਭਜੌਂਦੇ ਹੁੰਦੇ ਸੀ । ਸੌ ਰੁਪੈਆ ਘੋੜੇ ਦੇ ਗਲ ਨਾਲ ਬੰਨ੍ਹ ਦੇਣਾ । ਜੇਹੜਾ ਘੋੜਾ ਜਿਆਦਾ ਭੱਜੇ, ਓਹੋ ਲੈ ਲਵੇ । ਦੀਨ ਦਿਆਲ ਦੇ ਸਾਮ੍ਹਣੇ ਕੌਣ ਬਰਾਬਰੀ ਕਰ ਸਕਦਾ ਹੈ । ਐਨਾ ਘੋੜਾ ਤੁਰਦਾ ਸੀ ਇਕ ਮਿੰਟ ਵਿਚ ੧ ਮੀਲ ਜਾਂਦਾ ਸੀ ਜੀ । ਸੱਚੇ ਪਾਤਸ਼ਾਹ ਦਾ ਇਕ ਘੋੜਾ ਤੇਲੀਆ ਕਮੈਤ ਰੰਗ ਦਾ ਸੀ । ਭੰਗਾਲੀ ਵਾਲੇ ਗੁਰਮੁਖ ਸਿੰਘ ਸੇਵਾ ਵਿਚ ਦਿਤਾ ਸੀ । ਇਕ ਦਿਨ ਸੱਚੇ ਪਾਤਸ਼ਾਹ ਸ਼ਿਕਾਰ ਚੜ੍ਹੇ ਹਨ । ਤੇ ਬਹੁਤ ਸਾਰੇ ਨਗਰ ਦੇ ਆਦਮੀ ਨਾਲ ਹਨ । ਲਾਗੇ ਲਾਗੇ ਦੇ ਸ਼ਿਕਾਰੀ ਵੀ ਨਾਲ ਬਹੁਤ ਹਨ । ਘਵਿੰਡ ਦਾ ਇਕ ਜ਼ਿਮੀਦਰ ਸੀ । ਉਸ ਪੈਲੀ ਨੂੰ ਪਾਣੀ ਲਾਇਆ ਹੋਇਆ ਸੀ । ੧੨ ਕਰਮ ਦਾ ਕਿਆਰਾ ਪਾਣੀ ਦਾ ਭਰਿਆ ਹੋਇਆ ਸੀ । ਲਾਗੇ ਪੈਲੀ ਵਾਲਾ ਜ਼ਿਮੀਦਾਰ ਖਲੋਤਾ ਹੈ । ਪਿਛੋਂ ਸ਼ਿਕਾਰ ਨਿਕਲਿਆ ਹੈ । ਕੁੱਤੇ ਮਗਰ ਲੱਗੇ ਹਨ । ਮਗਰੇ ਸੱਚੇ ਪਾਤਸ਼ਾਹ ਨੇ ਘੋੜਾ ਲਾ ਦਿਤਾ ਹੈ । ਸ਼ਿਕਾਰ ਤੇ ਕੁੱਤੇ ਕਿਆਰੇ ਭਰੇ ਹੋਏ ਵਿਚ ਦੀ ਲੰਘ ਗਏ ਹਨ ਜੀ । ਮਗਰੋਂ ਪਾਤਸ਼ਾਹ ਘੋੜਾ ਭਜਾਇਆ ਤੇ ੧੨ ਕਰਮ ਘੋੜਾ ਛਾਲ ਮਾਰ ਕੇ ਟੱਪ ਗਿਆ ਹੈ । ਓਹ ਜ਼ਿਮੀਦਾਰ ਵੇਖ ਰਿਹਾ ਹੈ । ਸਾਰਿਆਂ ਸ਼ਿਕਾਰੀਆਂ ਨੂੰ ਜ਼ਿਮੀਦਾਰ ਆਂਦਾ ਹੈ ਕਿ ਪਾਤਸ਼ਾਹ ਦੇ ਘੋੜੇ ਨੇ ਐਡੀ ਛਾਲ ਮਾਰੀ ਹੈ । ਓਹ ਆਂਦੇ ਹਨ, ਭਈ ਘੋੜੇ ਦੀ ਤਾਕਤ ਨਹੀਂ, ਪਾਤਸ਼ਾਹ ਦੀ ਤਾਕਤ ਹੈ । ਇਹ ਤਾਂ ਭਾਵੇਂ ਘੋੜੇ ਤੋਂ ਪਹਾੜ ਟਪਾ ਦੇਣ, ਏਨ੍ਹਾਂ ਅੱਗੇ ਕੋਈ ਵੱਡੀ ਗੱਲ ਨਹੀਂ । ਓਸ ਵਕਤ

ਸੱਚੇ ਪਾਤਸ਼ਾਹ ਸ਼ਿਕਾਰ ਦਾ ਬੜਾ ਸ਼ੌਕ ਰੱਖਦੇ ਸੀ । ਇਹ ਘੋੜਾ ਓਹ ਸੀ ਜੋ ਛੇਵੀਂ ਪਾਤਸ਼ਾਹੀ ਦੇ ਵਕਤ ਸਿਖਾਂ ਨੇ ਕਾਬਲੋਂ ਆਂਦਾ ਸੀ । ਰਾਹ ਵਿਚ ਕਾਜੀਆਂ ਲੁਕਾ ਲਿਆ ਸੀ । ਕਾਜੀ ਲਹੌਰੋਂ ਅੰਮ੍ਰਿਤਸਰ ਵੇਚਣ ਗਿਆ ਤੇ ਅੰਮ੍ਰਿਤਸਰ ਸਿਖਾਂ ਨੇ ਸਿਆਣ ਲਿਆ ਸੀ ਤੇ ਫੇਰ ਲਿਆ ਕੇ ਛੇਵੀਂ ਪਾਤਸ਼ਾਹੀ ਨੂੰ ਦਿਤਾ ਸੀ । ਬੋਲ ਫਰੋਸੀ ਹੋਈ ਸੀ । ਕਾਜੀ ਸਿਖਾਂ ਨੂੰ ਆਖਣ ਲੱਗਾ ਮੈਂ ਤੁਹਾਡਾ ਜਵਾਈ ਬਣ ਕੇ ਘੋੜਾ ਲਵਾਂਗਾ ਜੀ । ਬਾਬਾ ਬੁੱਢਾ ਆਖਣ ਲੱਗਾ ਤੂੰ ਤਾਂ ਨਹੀਂ ਜਵਾਈ ਬਣ ਸਕਦਾ, ਏਸ ਘੋੜੇ ਵਾਲਾ ਤੇਰਾ ਜਵਾਈ ਬਣੇਗਾ ਤੇਰੀ ਧੀ ਲਿਆਵੇਗਾ । ਫੇਰ ਬਾਬੇ ਬੁੱਢੇ ਦਾ ਬਚਨ ਸਤਿ ਕਰਨ ਬਦਲੇ ਛੇਵੀਂ ਪਾਤਸ਼ਾਹੀ ਕਾਜੀ ਦੀ ਧੀ ਕੌਲਾਂ ਨੂੰ ਲਿਆਏ ਸੀ । ਹੁਣ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਦੇ ਚਰਨਾਂ ਵਿਚ ਇਸ ਘੋੜੇ ਦੀ ਗਤੀ ਹੋਵੇਗੀ । ।

ਪੋਠੋਹਾਰ ਵਿਚੋਂ ਸੱਚੇ ਪਾਤਸ਼ਾਹ ਇਕ ਕੁਤਿਆਂ ਦੀ ਜੋੜੀ ਮੰਗਾਈ ਹੈ । ਸੱਚੇ ਪਾਤਸ਼ਾਹ ਕਾਲੇ ਕੁੱਤੇ ਨੂੰ ਬੜੇ ਸ਼ੌਕ ਤੇ ਪਿਆਰ ਨਾਲ ਪਾਲਿਆ ਹੈ ਜੀ । ਕੁੱਤਾ ਬੜਾ ਭੱਜਦਾ ਸੀ । ਕੁੱਤਾ ਸੂਰਾਂ ਤੇ ਗਿਦੜਾਂ ਦੇ ਸ਼ਿਕਾਰ ਨੂੰ ਮਿੰਟ ਨਹੀਂ ਸੀ ਲੱਗਣ ਦੇਂਦਾ । ਏਹ ਕੁੱਤਾ, ਓਸ ਵਕਤ ਦਾ ਬਚਨ ਕਰਦੇ ਹਾਂ ਕਿ ਜਦੋਂ ਛੇਵੀਂ ਪਾਤਸ਼ਾਹੀ ਨੂੰ ਜਹਿਰ ਦਿਤਾ ਓਹਨਾਂ ਫੜ ਕੇ ਖੀਰ ਕੁੱਤੇ ਅੱਗੇ ਰੱਖ ਦਿਤੀ ਤੇ ਕੁੱਤਾ ਖਾ ਕੇ ਗੁਜਰ ਗਿਆ ਸੀ । ਹੁਣ ਪਾਤਸ਼ਾਹ ਦੇ ਚਰਨਾਂ ਵਿਚ ਆਇਆ ਹੈ । ਸੱਚੇ ਪਾਤਸ਼ਾਹ ਜਾਣੀ ਜਾਣ ਅੰਤਰਜਾਮੀ ਓਸ ਵਕਤ ਦੇ ਕੁੱਤੇ ਦੇ ਗੁਣ ਨੂੰ ਵੇਖ ਕੇ ਏਸ ਨਾਲ ਪਿਆਰ ਕਰਦੇ ਹਨ । ਕਲਜੁਗ ਵਿਚ ਜਾਮਾ ਧਾਰ ਕੇ ਜੁਗਾਂ ਜੁਗਾਂ ਦੇ ਵਿਛੜਿਆਂ ਨੂੰ ਢੂੰਡ ਕੇ ਲੱਭ ਕੇ ਸੱਚੇ ਪਿਤਾ ਨੇ ਚਰਨੀ ਲਾਇਆ ਹੈ ਜੀ । ਹੁਣ ਏਸ ਕੁੱਤੇ ਦੀ ਗਤੀ ਕਰਨਗੇ ਜੀ । ਸੱਚੇ ਪਿਤਾ ਜੇਹੜਾ ਸ਼ਿਕਾਰ ਵੀ ਖੇਡਦੇ ਰਹੇ ਹਨ ਏਸੇ ਤਰ੍ਹਾਂ ਜੰਗਲਾਂ ਦੇ ਜੀਆਂ ਦੀ ਦਰਸ਼ਨ ਦੇ ਕੇ ਗਤੀ ਕਰਦੇ ਰਹੇ ਹਨ । ਓਨ੍ਹਾਂ ਦੀ ਮਹਿੰਮਾ ਓਹ ਹੀ ਜਾਣਦੇ ਹਨ ਜੀ । ।

## ✳ ਰਤਨ ਸਿੰਘ ਆਲਮਗੀਰ ਵਾਲੇ ਸਿਖ ਦੀ ਸਾਖੀ ✳

ਲੁਧਿਆਣਾ ਦੇ ਜ਼ਿਲੇ ਆਲਮਗੀਰ ਨਗਰ ਦਾ ਛੀਂਬਾ ਸਿਖ ਰਤਨ ਸਿੰਘ ਸੀ । ਆਣ ਕੇ ਸੱਚੇ ਪਾਤਸ਼ਾਹ ਅੱਗੇ ਬੇਨੰਤੀ ਕਰਦਾ ਹੈ ਕਿ ਸੱਚੇ ਪਾਤਸ਼ਾਹ ਇਕ ਵੇਰਾਂ ਚਲ ਕੇ ਮੇਰੇ ਘਰ ਚਰਨ ਪਾਓ । ਸੱਚੇ ਪਾਤਸ਼ਾਹ ਦੋ ਸਾਲ ਲੰਘਾ ਤੇ ਓਹਦੇ ਨਾਲ ਕਰਾਰ ਕਰਦਿਆਂ ਕਰਦਿਆਂ । ਜਦੋਂ ਉਸ ਨੇ ਬੇਨੰਤੀ ਕਰਨੀ ਅਥਰੂ ਵਗ ਪੈਣੇ, ਐਸੀ ਪ੍ਰੇਮ ਨਾਲ ਕਰਨੀ । ਸੱਚੇ ਪਾਤਸ਼ਾਹ ਦਇਆ ਕੀਤੀ ਤੇ ਆਖਣ ਲੱਗੇ, ਚੰਗਾ ਰਤਨ ਸਿੰਘ ਅਸੀ ਇਕ ਪੈਹਰ ਆਵਾਂਗੇ । ਓਹ ਆਖਣ ਲੱਗਾ ਦੀਨ ਦਿਆਲ ਮੈਨੂੰ ਏਨ੍ਹਾਂ ਬੜਾ ਹੈ, ਮੇਰੇ ਦਿਲ ਦੀ ਅਗਨ ਬੁਝਾਓ । ਸੱਚੇ ਪਾਤਸ਼ਾਹ ਪੋਹ ਦੇ ਮਹੀਨੇ ਵਿਚ ਗਏ ਹਨ ਤੇ ਨਾਲ ੫ ਸਿਖ ਗਏ ਹਨ । ਲਹੌਰੋਂ ਜਿਸ ਵਕਤ ਗੱਡੀ ਚੜ੍ਹੇ ਹਨ, ਪਹਿਲੇ ਦਰਜੇ ਦਾ ਲੁਧਿਆਣੇ ਦਾ ੬੦ ਰੁਪਏ ਕਰਾਇਆ ਦਿਤਾ ਹੈ, ਐਨਾ ਸਿਖ ਨੇ ਪ੍ਰੇਮ ਕੀਤਾ ਹੈ ਜੀ । ਓਥੋਂ ਅੱਠ ਨੌਂ ਮੀਲ ਪੈਂਡਾ ਸੀ । ਫੇਰ ਟਾਂਗਿਆਂ ਤੇ ਅੱਧੀ ਰਾਤ ਜਾ ਕੇ ਅਪੜੇ ਹਨ ਜੀ । ਆਦਰ ਮਾਨ ਕਰਦਿਆਂ ਪਰਸ਼ਾਦ ਛਕਦਿਆਂ ੩ ਪੈਹਰ ਰਾਤ ਚਲੀ ਗਈ ਹੈ । ਪੈਹਰ ਕੁ ਰਾਤ ਰੈਹ ਗਈ । ਪਾਤਸ਼ਾਹ ਆਖਣ ਲੱਗੇ ਰਤਨ ਸਿੰਘ ਸਾਡੀ ਹੁਣ ਤਿਆਰੀ ਕਰ ਦੇ, ਅਸਾਂ ਹੁਣ ਜਾਣਾ ਹੈ । ਰਤਨ ਸਿੰਘ ਸਤਿ ਬਚਨ ਮੰਨ ਕੇ ਜਿੰਨੀ ਮਾਇਆ ਸੀ ਪਰਾਤ ਵਿਚ ਪਾ ਕੇ, ਧੋ ਬਣਾ ਕੇ ਪਾਤਸ਼ਾਹ ਦੀ ਪੁਸ਼ਾਕ, ਮਾਤਾ ਹੋਰਾਂ ਦੀ ਪੁਸ਼ਾਕ, ਸਾਹਿਬਜਾਦਿਆਂ ਦੇ ਸਾਰੇ ਕਪੜੇ ਤੇ ਕਪੜੇ ਸਿਉਂਣ ਵਾਲੀ ਮਸ਼ੀਨ, ਸਾਰੀਆਂ ਚੀਜਾਂ ਅੱਗੇ ਰੱਖ ਕੇ ਹੱਥ ਜੋੜ ਕੇ ਬੇਨੰਤੀ ਕੀਤੀ ਕਿ ਸੱਚੇ ਪਿਤਾ ਅੱਜ ਮੇਰੀ ਦਿਲ ਦੀ ਆਸ਼ਾ ਪੂਰੀ ਹੋਈ ਹੈ ਜੀ । ਮੇਰੇ ਤੇ ਦਇਆ ਕਰੋ ਤੇ ਤੰਦਰੁਸਤੀ ਬਖ਼ਸ਼ੋ ਜੀ ਤੇ ਏਸ ਤਿਲ ਫੁਲ ਨੂੰ ਪਰਵਾਨ ਕਰੋ ਜੀ । ਸੱਚੇ ਪਾਤਸ਼ਾਹ ਦਇਆ ਕਰ ਕੇ ਆਖਿਆ, ਰਤਨ ਸਿੰਘ ਮਸ਼ੀਨ ਰੱਖ ਲਾ, ਤੇਰੀ ਸਾਨੂੰ

ਆ ਪੁਜੀ ਹੈ ਤੇ ਤੂੰ ਕਾਰ ਵਿਹਾਰ ਕਰੀ ਜਾ । ਓਨ ਆਖਿਆ ਦੀਨ ਦਿਆਲ ਏਹ ਤੁਹਾਡੀ ਮਸ਼ੀਨ ਆ । ਪਾਤਸ਼ਾਹ ਆਖਣ ਲੱਗੇ, ਰਤਨ ਸਿੰਘ ਸਾਡੀ ਮਸ਼ੀਨ ਆ ਤੇ ਤੂੰ ਵੀ ਸਾਡਾ ਏਂ, ਅਸੀਂ ਤੈਨੂੰ ਦੇਂਦੇ ਹਾਂ ਰੱਖ ਲਾ । ਜਿਸ ਤਰ੍ਹਾਂ ਅੱਗੇ ਜੁਗਾਂ ਜੁਗ ਸੱਚੇ ਪਾਤਸ਼ਾਹ ਦੇ ਸਿਖਾਂ ਦੀਆ ਕਹਾਣੀਆਂ ਸੁਣੀਦੀਆਂ ਨੇ, ਏਸੇ ਤਰ੍ਹਾਂ ਹੁਣ ਸਿਖ ਹਨ । ਨੇਤਰੀਂ ਵੇਖ ਰਹੇ ਹਾਂ, ਧੰਨ ਸੱਚੇ ਪਾਤਸ਼ਾਹ ਤੇ ਧੰਨ ਸਿਖ ਹਨ ਜੀ । ਫੇਰ ਸੱਚੇ ਪਾਤਸ਼ਾਹ ਤਿਆਰੀ ਕਰ ਕੇ ਘਵਿੰਡ ਵਾਪਸ ਆਣ ਪਹੁੰਚੇ ਹਨ ਜੀ । ।

## ✳ ਪਾਲ ਸਿੰਘ ਨੇ ਪਾਤਸ਼ਾਹ ਨੂੰ ੨੧ ਚੱਕ ਆਪਦੇ ਘਰ ਖੜਨਾ ✳

(ਆਤਮਾ ਸਿੰਘ ਤੇ ਬਸੰਤ ਕੌਰ ਦੀ ਸਾਖੀ)

ਪਾਲ ਸਿੰਘ ਦੇ ਭਤੀਏ ਪ੍ਰੀਤਮ ਸਿੰਘ ਦਾ ਵਿਆਹ ਸੀ । ਪਾਲ ਸਿੰਘ ਜੇਠੂਵਾਲ ਵਾਲੇ ਆ ਕੇ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ, ਬਾਰ ਵਿਚ ਚਲ ਕੇ ਦਰਸ਼ਨ ਦਿਓ ਜੀ । ਸੱਚੇ ਪਿਤਾ ਬੇਨੰਤੀ ਪਰਵਾਨ ਕਰ ਕੇ ਨਾਲ ਤੁਰ ਪਏ ਹਨ ਜੀ ਤੇ ਨਾਲ ਮਾਤਾ ਬੰਤੀ ਤੇ ਨੈਣੋ ਵੀ ਤਿਆਰ ਹਨ । ਨਾਲ ਸੱਚੇ ਪਿਤਾ ਦੇ ਸੇਵਾਦਾਰ ਸਿਖ ਵੀ ਤਿਆਰ ਹਨ । ਆਤਮਾ ਸਿੰਘ ਆਪਦੀ ਸਾਲੀ ਦੀ ਧੀ ਦਾ ਭਤੀਏ ਨੂੰ ਸਾਕ ਲਿਆ ਕਰਾਇਆ ਸੀ । ਪਾਤਸ਼ਾਹ ਜੰਞੇ ਵੀ ਨਾਲ ਗਏ ਹਨ । ਬੇਬੇ ਭਾਨੋ ਪ੍ਰੀਤਮ ਸਿੰਘ ਦੀ ਮਾਈ ਨੂੰ ਸੱਚੇ ਪਾਤਸ਼ਾਹ ੧੦੦ ਰੁਪਏ ਸੇਵਾ ਲਾਈ ਹੈ । ਓਸ ਸੇਵਾ ਨਹੀਂ ਦਿਤੀ ਜੀ । ਜੇ ਕੋਈ ਸਿਖ ਸੁਖਣਾ ਸੁਖ ਲਵੇ, ਪਾਤਸ਼ਾਹ ਸੁਖਣਾ ਲਈ ਤੋਂ ਬਗੈਰ ਛੱਡਦੇ ਨਹੀਂ ਸੀ । ਪ੍ਰੀਤਮ ਸਿੰਘ ਦੇ ਦੋ ਵਿਆਹ ਕੀਤੇ, ਦੋਵੇਂ ਜਨਾਨੀਆਂ ਗੁਜਰ ਗਈਆਂ । ਫੇਰ ਤੀਸਰਾ ਵਿਆਹ ਹੋਇਆ ਤੇ ਪਾਤਸ਼ਾਹ ਆਖਣ ਲੱਗੇ, ਜਿੰਨੇ ਮਰਜੀ ਵਿਆਹ ਕਰੀ ਜਾ, ਸਾਡੀ ਦਇਆ ਤੋਂ ਬਿਨਾਂ ਘਰ ਨਹੀਂ ਵਸਦਾ । ਪ੍ਰੀਤਮ ਸਿੰਘ ਵੀ ਕੁਛ ਤਕੜਾ ਨਹੀਂ ਸੀ ਰਹਿੰਦਾ, ਭੈ ਔਂਦਾ ਸੀ ਜੀ । ਫੇਰ ਤੀਸਰਾ ਵਿਆਹ ਕਰ ਕੇ ਬੇਬੇ ਭਾਨੋ ਬੇਨੰਤੀ ਕੀਤੀ । ਆਤਮਾ ਸਿੰਘ ਦੀ ਔਲਾਦ ਬਚਦੀ ਨਹੀਂ ਸੀ । ਤੇ ਓਨ੍ਹਾਂ ਦੋਹਾਂ ਜੀਆਂ ਨੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ । ਪਾਤਸ਼ਾਹ ਆਖਣ ਲੱਗੇ, ਬੇਬੇ ਹੁਣ ਤੂੰ ਡਰ ਨਾ, ਅਸੀਂ ਦਇਆ ਕਰ ਦੇਂਦੇ ਹਾਂ । ਆਤਮਾ ਸਿੰਘ ਦੇ ਘਰ ਕੋਈ ਦਿਨ ਪਾ ਕੇ ਕਾਕੀ ਹੋਈ । ਆਤਮਾ ਸਿੰਘ ਤੇ ਬੇਬੇ ਬਸੰਤ ਕੌਰ ਦੋਹਾਂ ਜੀਆਂ ੨੫ ਰੁਪਏ ਪਾਤਸ਼ਾਹ ਦੇ ਸੁਖੇ ਕਿ ਹੇ ਸੱਚੇ ਪਾਤਸ਼ਾਹ ਏਹ ਕਾਕੀ ਰਾਜੀ ਖ਼ੁਸ਼ੀ ਰਹੇ ਤੇ ਅਸੀਂ ਤੁਹਾਡੇ ਮੱਥਾ ਟਿਕਾਈਏ ਤੇ ਨਾਲੇ ੨੫ ਰੁਪਏ ਸੇਵਾ ਦੇਈਏ । ਆਤਮਾ ਸਿੰਘ ਦੀ ਮਾਈ ਜੇਹੜਾ ਕੰਮ ਕਰਨਾ ਹੁੰਦਾ ਸੀ ਕਰਦੀ ਸੀ । ਆਤਮਾ ਸਿੰਘ ਉਸ ਦੇ ਅਨੁਸਾਰ ਚਲਦਾ ਸੀ । ਆਤਮਾ ਸਿੰਘ ਦੀ ਮਾਈ ਪਾਤਸ਼ਾਹ ਨੂੰ ਕੁਛ ਘਟ ਮੰਨਦੀ ਸੀ । ਉਸ ਦੇ ਪੁੱਤਾਂ ਦਾ ਭਰੋਸਾ ਬੜਾ ਸੀ । ਕਾਕੀ ਦੀ ਸੁਖਣਾਂ ਤਾਂ ਸੁਖ ਲਈ ਤੇ ਹੁਣ ਮਾਈ ਤੋਂ ਡਰਦੇ ਸੇਵਾ ਦੇਂਦੇ ਨਹੀਂ ਗੇ । ੩ ਸਾਲ ਬਾਅਦ ਫੇਰ ਆਤਮਾ ਸਿੰਘ ਦੇ ਘਰ ਪਾਤਸ਼ਾਹ ਪੁੱਤਰ ਦੇ ਦਿਤਾ । ਆਤਮਾ ਸਿੰਘ ੨੫ ਰੁਪਏ ਫੇਰ ਕਾਕੇ ਦੇ ਸੁਖ ਦਿਤੇ ਹਨ ਜੀ । ਵਰੇ ਛੇ ਮਹੀਨੇ ਪਿਛੋਂ ਪਾਤਸ਼ਾਹ ਜਰੂਰ ਸਿਖਾਂ ਨੂੰ ਦਰਸ਼ਨ ਦੇਣ ਜਾਂਦੇ ਸੀ । ਆਤਮਾ ਸਿੰਘ ਕੋਈ ਸੁਖਣਾ ਨਹੀਂ ਦਿਤੀ । ਮਾਈ ਆਤਮਾ ਸਿੰਘ ਦੀ ਕੁਛ ਪਾਤਸ਼ਾਹ ਨੂੰ ਕਠੋਰ ਬਚਨ ਬੋਲਦੀ ਸੀ । ਏਸ ਕਰ ਕੇ ਦੇਹ ਫੜੀ ਗਈ ਤੇ ਹੱਥਾਂ ਵਿਚੋਂ ਸ਼ੇਰਾਂ ਵਗਣ ਲਗ ਪਈਆਂ । ਪਾਲ ਸਿੰਘ ਆਖਣ ਲੱਗਾ ਮਾਈ ਜੀ ਤੂੰ ਬਚਨਾਂ ਦੀ ਫੜੀ ਹੋਈ ਆਂ, ਜਾ ਕੇ ਢੈਹ ਕੇ ਸੱਚੇ ਪਾਤਸ਼ਾਹ ਦੀ ਚਰਨੀ ਪੈ ਜਾ, ਜੇ ਤੂੰ ਬਚਣਾ ਹੈ । ਫੇਰ ੫ ਜੇਠ ਗੁਰਪੁਰਬ ਤੇ ਸਾਰੇ ਆਏ ਹਨ । ਨਾਲ ਮਾਈ ਵੀ ਦਰਸ਼ਨ ਕਰਨ ਆਈ ਹੈ । ਮੁੰਡੇ ਦੇ ੨੫ ਰੁਪਏ ਸੁਖਣਾ ਦੇ ਦਿਤੀ । ਕੁੜੀ ਦੀ ਸੁਖਣਾ ਆਤਮਾ ਸਿੰਘ ਡਰਦੇ ਮਾਈ ਨੂੰ ਦੱਸੀ ਨਹੀਂ ਗੀ । ਮਾਈ ਨੇ ਬੇਨੰਤੀ ਕੀਤੀ ਤੇ ਪਾਲ ਸਿੰਘ ਆਖਿਆ, ਪਾਤਸ਼ਾਹ ਬਖ਼ਸ਼ ਦਿਓ ਸਾਡੀ ਮਾਤਾ ਹੈ । ਸੱਚੇ ਪਾਤਸ਼ਾਹ ਓਸ ਵਕਤ ਦਿਆਲੂ ਹੋ ਕੇ ਆਖਣ ਲੱਗੇ, ਮਾਈ ਉਂਗਲਾਂ ਜੇਹੜੀਆਂ ਤੇਰੀਆਂ ਪੱਕੀਆਂ ਹਨ, ਉਤੇ ਅੱਕ ਚੋਅ ਦੇ । ਮਾਈ ਸਤਿ ਬਚਨ ਮੰਨ ਲਿਆ । ਪਾਤਸ਼ਾਹ ਨਜ਼ਰੀ ਨਜ਼ਰ ਨਿਹਾਲ ਹਨ । ਬਚਨ ਕਰਨ ਨਾਲ ਹੀ ਮਾਈ ਦੀਆਂ ਉਂਗਲਾਂ



ਸ੍ਰ ਪਾਲ ਸਿੰਘ (ਮਹਾਰਾਜ ਪੂਰਨ ਸਿੰਘ ਦੇ ਪਿਤਾ ਜੀ)



ਮਾਤਾ ਬਿਸ਼ਨ ਕੌਰ (ਸੁਪਤਨੀ ਸ੍ਰ ਪਾਲ ਸਿੰਘ)

---

ਜਿਉਂ ਕੀਆਂ ਤਿਉਂ ਹੋ ਗਈਆਂ । ੨੫ ਰੁਪਏ ਸੇਵਾ ਦੇ ਕੇ ੨੫ ਕੁੜੀ ਵਾਲੇ ਨਹੀਂ ਦਿਤੇ ਤੇ ਪਿਛਾਂਹ ਮੁੜ ਆਏ ਹਨ । ਜਿਸ ਵਕਤ ਪਿੰਡ ਸਤਾਈ ਚੱਕ ਗਏ ਹਨ । ਪਾਤਸ਼ਾਹ ਨੇ ਆਤਮਾ ਸਿੰਘ ਜਾਂਦੇ ਨੂੰ ਪਕੜ ਲਿਆ ਹੈ । ਐਸਾ ਆਤਮਾ ਸਿੰਘ ਨੂੰ ਬੁਖਾਰ ਚੜ੍ਹਿਆ, ਕੋਈ ਸੁਰਤ ਨਹੀਂ ਰਹੀ । ਬੇਹੋਸ਼ੀ ਵਿਚ ਐਸਾ ਰੌਲਾ ਪੌਂਦਾ ਹੈ, ਘਰ ਦਿਆਂ ਤੋਂ ਝੱਲਿਆਂ ਨਹੀਂ ਜਾਂਦਾ । ਫੇਰ ਪਾਤਸ਼ਾਹ ਨੇ ਆਤਮਾ ਸਿੰਘ ਵਿਚ ਹੋ ਕੇ ਲਲਕਾਰੇ ਮਾਰੇ ਕਿ ਸਾਡੀ ੨੫ ਰੁਪਏ ਸੁਖਣਾ ਸੁਖ ਕੇ ਦਿਤੀ ਨਹੀਂ ਤੇ ਅਸੀਂ ਇਸ ਨੂੰ ਛੱਡਣਾ ਨਹੀਂ ਗਾ । ਆਤਮਾ ਸਿੰਘ ਦੀ ਮਾਈ ਗਲ ਵਿਚ ਪੱਲਾ ਪਾ ਕੇ ਬੇਨੰਤੀ ਕੀਤੀ, ਪਾਤਸ਼ਾਹ ਮੇਰੇ ਪੁੱਤ ਤੇ ਦਇਆ ਕਰੋ । ਮੈਂ ਹੁਣੇ ੨੫ ਰੁਪਏ ਦੇ ਕੇ ਤੁਹਾਡੇ ਚਰਨਾਂ ਵਿਚ ਘਲਦੀ ਹਾਂ । ਮਾਈ ੨੫ ਰੁਪਏ ਰਖ ਕੇ ਬੇਨੰਤੀ ਕੀਤੀ ਤੇ ਬੁਖਾਰ ਆਤਮਾ ਸਿੰਘ ਦਾ ਓਸੇ ਵਕਤ ਲੱਥ ਗਿਆ । ਐਡੀ ਦਇਆ ਕੀਤੀ ਜੀ । ।

ਪਾਲ ਸਿੰਘ ਬੜਾ ਗੁਰੂ ਘਰ ਦਾ ਪ੍ਰੇਮੀ ਸੀ । ਬੜੀ ਸੁਰਤ ਵਾਲਾ ਸੀ ਤੇ ਸਾਰਿਆਂ ਨੂੰ ਹੋਕਾ ਦੇਂਦਾ ਹੈ ਕਿ ਪਾਤਸ਼ਾਹ ਅਵਤਾਰ ਧਾਰਿਆ ਹੈ, ਸੇਵਾ ਕਰ ਲੋ ਜੀ । ਲਾਗੇ ਦੋ ਮੀਲ ੨੬ ਚੱਕ ਪਾਲ ਸਿੰਘ ਦਾ ਭਣੇਵਾ ਸੀ । ਉਸ ਨੂੰ ਓਨੇ ਬੜੇ ਬਚਨ ਦੱਸਣੇ ਤੇ ਪ੍ਰੇਮ ਵਧੌਣਾ । ਫੇਰ ਇਕ ਵੇਰਾਂ ਪਾਤਸ਼ਾਹ

ਗਏ ਤੇ ਮਾਸ਼ਟਰ ਸੋਹਣ ਸਿੰਘ ਆਪ ਦੇ ਭਣੇਵੇ ਨੂੰ ਪਾਲ ਸਿੰਘ ਪਾਤਸ਼ਾਹ ਦੀ ਸਰਨ ਲੁਆਇਆ । ਬੇਨੰਤੀ ਕਰ ਕੇ ਸੋਹਣ ਸਿੰਘ ਦੇ ਘਰ ਵੀ ਪਾਤਸ਼ਾਹ ਨੂੰ ਲੈ ਗਿਆ । ਓਥੇ ਜਾ ਕੇ ਸੱਚੇ ਪਾਤਸ਼ਾਹ ਮਾਸ਼ਟਰ ਤੇ ਦਇਆ ਕਰ ਆਏ ਜੀ । ਮਜ਼੍ਹਬੀ ਹੇਮ ਸਿੰਘ ਵੀ ਪਾਤਸ਼ਾਹ ਦੇ ਵਾਕਾਂ ਤੋਂ ਭੁਲ ਗਿਆ ਤੇ ਉਸ ਨੂੰ ਕੋਹੜ ਹੋ ਗਿਆ । ਹੇਮ ਸਿੰਘ ਆਇਆ ਤੇ ਫੇਰ ਸਾਰੇ ਸਿਖਾਂ ਰਲ ਕੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ, ਜੀ ਦਇਆ ਕਰੋ । ਸੱਚੇ ਪਾਤਸ਼ਾਹ ਆਖਣ ਲੱਗੇ ਪਾਲ ਸਿੰਘ ਸਾਡਾ ਸਿਖ ਹੋ ਕੇ ਜੋ ਮਾੜਾ ਕਰਮ ਕਰੇਗਾ ਓਹਦੇ ਹੱਥ ਤੇ ਪੈਰ ਨਾ ਰਹਿਣਗੇ । ਸੱਚੇ ਪਾਤਸ਼ਾਹ ਫੇਰ ਪਰਸ਼ਾਦ ਦਿਤਾ ਤੇ ਆਖਣ ਲੱਗੇ, ਜਿਥੇ ਜਿਥੇ ਹੈਗਾ ਏਥੇ ਹੀ ਰਹੂ, ਅੱਗੇ ਨਹੀਂ ਹੁੰਦਾ । ਓਸ ਵਕਤ ਪਾਤਸ਼ਾਹ ੧੦ ਦਿਨ ਰਹੇ ਹਨ । ਜਦੋਂ ਜਾਂਦੇ ਸੀ ਪਾਲ ਸਿੰਘ ਦੇ ਘਰ ਰਹਿੰਦੇ ਸੀ । ਦੂਸਰੇ ਸਿਖ ਵੀ ਵਾਰੀ ਨਾਲ ਪਰਸ਼ਾਦ ਛਕੌਂਦੇ ਸੀ । ਆਤਮਾ ਸਿੰਘ ਦੇ ਘਰੋਂ ਬੇਬੇ ਬਸੰਤ ਕੌਰ ਨੂੰ ਬੜਾ ਪ੍ਰੇਮ ਸੀ । ਪਾਤਸ਼ਾਹ ਤੇ ਸੰਗਤ ਨੂੰ ਦੋਵੇਂ ਟੈਮ ਦੁੱਧ ਲਿਆ ਕੇ ਛਕੌਂਦੀ ਸੀ । ਭਾਨੋਂ ਵੀ ਪੁਜਦੀ ਸਰਦੀ ਸੇਵਾ ਕਰਦੀ ਸੀ । ਪਾਲ ਸਿੰਘ ਦੇ ਘਰ ਪਾਤਸ਼ਾਹ ਅੱਠੇ ਪਹਿਰ ਰੈਂਹਦੇ ਸੀ । ਪਾਤਸ਼ਾਹ ਜੀਉਣ ਸਿੰਘ ਨੂੰ ਹੱਸਣਾ, ਆਖਣਾ ਜੀਉਣ ਸਿੰਘ ਆਪ ਤੂੰ ਛਕ ਔਨਾ, ਸਾਨੂੰ ਨਹੀਂ ਵਾਜ ਮਾਰਦਾ । ਓਸ ਆਖਣਾ ਪਾਤਸ਼ਾਹ ਮੈਂ ਤੁਹਾਡਾ ਸਿਖ ਅਮਲੀ ਹਾਂ, ਦਇਆ ਕਰੋ । ਜਦੋਂ ਪਾਤਸ਼ਾਹ ਔਣਾ ਤੇ ਸਿਖਾਂ ਨੇ ਸਰਨਾ ਪੁਜਣਾ ਸੇਵਾ ਕਰਨੀ । ਘਿਓ ਦੇ ਪੀਪੇ ਦੇਣੇ । ਐਡੀ ਪਾਤਸ਼ਾਹ ਦਇਆ ਕਰਦੇ ਸੀ, ਸਾਲ ਵਿਚ ਦੋ ਦੋ ਵਾਰੀ ਸਿਖਾਂ ਨੂੰ ਦਰਸ਼ਨ ਦੇਣੇ । ਐਸਾ ਪਾਲ ਸਿੰਘ ਦਾ ਜਰਮ ਪਵਿੱਤਰ ਸੀ । ਓਸ ਆਪਣਾ ਸਾਰਾ ਬੰਸ ਪਾਤਸ਼ਾਹ ਦੀ ਚਰਨੀ ਲਾ ਦਿਤਾ ਹੈ । ਸੱਚੇ ਪਾਤਸ਼ਾਹ ਸੰਗਤਾਂ ਨੂੰ ਨਿਹਾਲ ਕਰ ਕੇ ਮਾਝੇ ਦੇਸ ਨੂੰ ਆ ਗਏ ਹਨ ਜੀ । ।

## ✻ ਘਵਿੰਡ ਦੀ ਇਕ ਮਾਈ ਦੀ ਸਾਖੀ ✻

ਸੱਚੇ ਪਾਤਸ਼ਾਹ ਪ੍ਰੀ ਪੂਰਨ ਅਵਤਾਰ ਵਿਸ਼ਨੂੰ ਭਗਵਾਨ ਦਾ ਜਾਮਾ ਪਹਿਨ ਕੇ ਆਏ ਹਨ । ਦੇਹ ਕਰ ਕੇ ਬਚਨ ਨਹੀਂ ਕਰਦੇ, ਜੋਤ ਨਾਲ ਵਿਹਾਰ ਕਰਦੇ ਹਨ । ਸ਼ਾਂਤੀ ਸੁਭਾ ਬੜਾ ਰੱਖਦੇ ਸੀ । ਐਸੇ ਦਿਆਲੂ ਸੀ ਸਿਖ ਕੋਲੋਂ ਕੰਮ ਵਿਗੜ ਵੀ ਜਾਵੇ, ਤੇ ਗੁੱਸੇ ਨਹੀਂ ਸੀ ਹੁੰਦੇ । ਏਹ ਸੱਚੇ ਪਾਤਸ਼ਾਹ ਬਚਨ ਕਰਦੇ ਹਨ ਕਿ ਹੋਰਨਾਂ ਰਿਖੀਆਂ ਮੁਨੀਆਂ ਦੀ ਕੀਤੀ ਅਸੀਂ ਮੋੜ ਸਕਦੇ ਹਾਂ, ਤੇ ਸਾਡੀ ਕੀਤੀ ਕੋਈ ਨਹੀਂ ਮੋੜ ਸਕਦਾ । ਏਸ ਕਰ ਕੇ ਅਸੀਂ ਕਿਸੇ ਨੂੰ ਵਧ ਘਟ ਬਚਨ ਨਹੀਂ ਕਰਦੇ । ਅਸੀਂ ਨਰ ਅਵਤਾਰ ਦੇਹ ਕਰ ਕੇ ਅਖੌਂਦੇ ਹਾਂ । ਅਮਾਮ ਮੈਂਹਦੀ ਵੀ ਅਸੀਂ ਹਾਂ । ੫੦ ਸਾਲ ਤੋਂ ਬਾਦ ਅਸਾਂ ਨਿਹਕਲੰਕ ਅਖਵੌਣਾ ਹੈ । ਕਲਗੀਧਰ ਵੀ ਅਸੀਂ ਹਾਂ । ਅਸੀਂ ਕਲਜੁਗ ਦਾ ਖੈ ਕਰਨ ਵਾਸਤੇ ਤੇ ਸਤਿਜੁਗ ਲੌਣ ਵਾਸਤੇ ਘਨਕਾ ਪੁਰੀ ਵਿਚ ਜਾਮਾ ਪਹਿਨਿਆ ਹੈ । ਭਗਤਾਂ ਦਾ ਉਧਾਰ ਕਰਨ ਆਏ ਹਾਂ । ਸਾਥੋਂ ਬਗੈਰ ਕਿਸੇ ਦੀ ਮਨੌਤ ਨਾ ਹੋਵੇਗੀ । ਸਾਡੀ ਹੀ ਪੂਜਾ ਹੋਵਗੀ । ਸੋਹੰ ਤੋਂ ਬਗੈਰ ਕੋਈ ਹੋਰ ਪਾਠ ਪੂਜਾ ਨਾ ਕਰੇਗਾ ਤੇ ਸਤਿਜੁਗ ਵਿਚ ਆਰਜ਼ੂ ਵਧ ਜਾਣਗੀਆਂ । ਸਾਡਾ ਨਾਂ ਜਪਣ ਕਰਕੇ ਹਰ ਇਕ ਦੇ ਹਿਰਦੇ ਵਿਚ ਸੱਚ ਦੇ ਸੁੱਚ ਵਧ ਜਾਏਗੀ ਜੀ । ਸੱਚੇ ਪਾਤਸ਼ਾਹ ਆਖਦੇ ਹਨ, ਜੋ ਦੁਖ ਤਕਲੀਫ ਨੇ ਸਾਡੇ ਹੁਕਮ ਵਿਚ ਨੇ । ਜੋ ਦੁਖ ਦਰਦ ਨੇ ਅਸਾਂ ਕੁੱਤੇ ਬਿਲੇ ਰੱਖੇ ਹੋਏ ਨੇ, ਦੇਹ ਸਾਫ ਕਰਨ ਵਾਸਤੇ । ਸਤਿਜੁਗ ਵਿਚ ਕੋਈ ਦੁਖ ਤਕਲੀਫ ਨਾ ਹੋਵੇਗਾ । ਸਾਡਾ ਐਸਾ ਪਹਿਰਾ ਹੋਵੇਗਾ । ।

ਬੋਹਲ ਸਿੰਘ ਕੋਰੀਆਂ ਦਾ, ਵੀਰ ਸਿੰਘ ਗਗੋ ਬੂਹੇ ਦਾ, ਬਾਜ ਸਿੰਘ ਤੇ ਮਾਣਾ ਸਿੰਘ ਭੁਚਰ ਵਾਲੇ, ਅਤਰ ਸਿੰਘ ਖੀਰਾਂ ਵਾਲੀ ਦਾ, ਸੁੰਦਰ ਸਿੰਘ ਬੁੱਗਿਆਂ ਵਾਲਾ ਇਹ ਸਿਖ ਓਸ ਵਕਤ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨ ਆਏ ਹਨ । ਘਵਿੰਡ ਵੇਹੜੇ ਵਿਚ ਮੰਜੇ ਡਾਹ ਕੇ ਬੈਠੇ ਹਨ । ਸੱਚੇ ਪਾਤਸ਼ਾਹ ਦੇ ਅਵਤਾਰ ਧਾਰਨ ਦੇ ਬਚਨ ਕਰ ਰਹੇ ਹਨ । ਉਸਤਤ ਕਰ ਰਹੇ ਹਨ । ਓਹਨਾਂ ਦੇ ਬਚਨ ਕਰ ਕਰ ਕੇ ਨਿਹਾਲ

ਹੋ ਰਹੇ ਹਨ ਜੀ । ਤੇ ਫੇਰ ਆਖਦੇ ਹਨ ਕਿ ਸਾਡੇ ਧੰਨ ਭਾਗ ਹਨ, ਸਾਨੂੰ ਵੀ ਦੇਹ ਕਰ ਕੇ ਅਵਤਾਰ ਦੇ ਦਰਸ਼ਨ ਹੋਏ ਹਨ ਜੀ । ਸਾਡੇ ਤਾਰਨ ਵਾਸਤੇ ਏਨ੍ਹਾਂ ਅਵਤਾਰ ਧਾਰਿਆ ਹੈ । ਨਾਲੇ ਸ਼ਬਦ ਪੜ੍ਹਦੇ ਹਨ, "ਜਾਮਾ ਘਨਕਾ ਪੁਰੀ ਦੇ ਵਿਚ ਧਾਰਿਆ, ਸੰਗਤਾਂ ਦੇ ਤਾਰਨੇ ਨੂੰ" । ਮਹਾਰਾਜ ਹੋਰੀ ਬਚਨ ਸੁਣ ਕੇ ਬੜੇ ਖ਼ੁਸ਼ ਹੁੰਦੇ ਹਨ ਤੇ ਲਾਗੇ ਖਲੋਤੇ ਕੇਸ ਕੰਗੇ ਨਾਲ ਵਾਹ ਰਹੇ ਹਨ ਜੀ । ਇਕ ਸਿਖ ਬੋਲਿਆ ਜਦੋਂ ਜੁਗ ਉਲਟੌਣਾ ਹੋਵੇ ਓਦੋਂ ਸੋਲਾਂ ਕਲਾਂ ਸੰਪੂਰਨ ਅਵਤਾਰ ਔਂਦਾ ਹੈ, ਪਾਪੀਆਂ ਦੀ ਖੈ ਤੇ ਭਗਤਾਂ ਦੀ ਜੈ ਕਰਨ ਵਾਸਤੇ । ਨਹੀਂ ਤੇ ਸਭ ਮਹਾਰਾਜ ਸ਼ੇਰ ਸਿੰਘ ਦੇ ਬਣਾਏ ਤੇ ਘੱਲੇ ਆਉਦੇ ਹੋਏ ਹਨ ਜੀ । ਇਕ ਸਿਖ ਆਖਿਆ ਗੁਰੂ ਨਾਨਕ ਸਾਹਿਬ ਵੀ ਬੇਅੰਤ ਬੇਅੰਤ ਆਖ ਗਿਆ ਹੈ । ਜਿਸ ਵਕਤ ਸਿਖ ਨੇ ਬੇਅੰਤ ਬੇਅੰਤ ਆਖਿਆ, ਪਾਤਸ਼ਾਹ ਆਖਣ ਲੱਗੇ ਬਾਬਾ ਕੇਹੜੀ ਚੀਜ ਹੈ, ਜਿਸ ਦਾ ਅੰਤ ਨਹੀਂ । ਓਹਨਾਂ ਨੂੰ ਜਿੰਨਾਂ ਪਤਾ ਸੀ ਓਨਾਂ ਆਖ ਛੱਡਿਆ । ਸਾਰਾ ਪਤਾ ਹੋਵੇ ਤੇ ਆਪੇ ਨਾ ਬੇਅੰਤ ਆਖਣ । ਅਜੇ ਸਮਾਂ ਨਹੀਂ ਜਦੋਂ ਮੌਕਾ ਆਇਆ ਅਸੀਂ ਤੁਹਾਨੂੰ ਸਭ ਕੁਝ ਦੱਸਾਂਗੇ । ਸਿਖ ਸੁਣ ਕੇ ਬੜੇ ਖ਼ੁਸ਼ ਹੋਏ ਤੇ ਧੰਨ ਧੰਨ ਕੀਤਾ, ਤੇ ਆਖਿਆ ਸੱਚੇ ਪਾਤਸ਼ਾਹ ਤੁਸੀਂ ਮਾਲਕ ਜੇ, ਜਾਣੀ ਜਾਣ ਜੇ । ।

ਓਨੇ ਚਿਰ ਨੂੰ ਇਕ ਮਾਈ ਸੀ ਘਵਿੰਡ ਦੀ, ਰਾਮਗੜ੍ਹੀਆਂ ਦੇ ਘਰ ਦਾ ਜਰਮ ਸੀ, ਓਹ ਆ ਕੇ ਪਾਤਸ਼ਾਹ ਦੇ ਸਿਖਾਂ ਨੂੰ ਸੁਖ ਸਾਂਦ ਪੁਛਦੀ ਹੈ । ਓਸ ਦਾ ਮਾਲਕ ਗੁਜਰ ਗਿਆ ਸੀ ਤੇ ਦੇਹ ਉਸ ਦੀ ਨੂੰ ਕੋਹੜ ਹੋ ਗਿਆ ਸੀ । ਕੋਈ ਲਾਗੇ ਵੀ ਨਹੀਂ ਸੀ ਖਲੋਣ ਦੇਂਦਾ । ਸਿਖਾਂ ਪੁਛਿਆ ਬੇਬੇ ਜੀ ਤੁਸੀਂ ਦੱਸੋ ਰਾਜੀ ਖ਼ੁਸ਼ੀ ਹੋ । ਮਾਈ ਵਿਚਾਰੀ ਅੱਗੋਂ ਰੋ ਪਈ । ਆਖਣ ਲੱਗੀ ਭਾਈਆ ਜੀ ਮੇਰੀ ਦੇਹ ਨੂੰ ਕੋਹੜ ਹੋ ਗਿਆ ਹੈ । ਕੋਈ ਲਾਗੇ ਵੀ ਨਹੀਂ ਖਲੋਣ ਦੇਂਦਾ । ਸੱਚੇ ਪਾਤਸ਼ਾਹ ਇਹ ਬਚਨ ਕੀਤਾ ਸੀ ਕਿ ਜਿਸ ਨੂੰ ਕੋਈ ਤਕਲੀਫ ਹੋਵੇ, ਓਹ ਬੇਨੰਤੀ ਕਰੇ । ਦੂਸਰੇ ਦੇ ਥਾਂ ਦੂਜਾ ਨਾ ਬੇਨੰਤੀ ਕਰੇ । ਜਿਹੜਾ ਛੋਟਾ ਬੱਚਾ ਹੈ ਉਸ ਦੀ ਦੂਸਰਾ ਬੇਨੰਤੀ ਕਰ ਸਕਦਾ ਹੈ । ਸੱਚੇ ਪਾਤਸ਼ਾਹ ਦੇ ਸਿਖ ਹੌਲੀ ਜਹੀ ਉਸ ਮਾਈ ਨੂੰ ਸਮਝੌਂਦੇ ਹਨ ਕਿ ਮਾਈ ਕਮਲੀਏ ਸੱਚੇ ਪਾਤਸ਼ਾਹ ਨਿਹਕਲੰਕ ਤੇਰੇ ਕੋਲ ਹਨ । ਢੈਹ ਕੇ ਚਰਨੀ ਪੈ ਜਾ । ਜੇ ਏਥੇ ਨਾ ਤੇਰਾ ਕੋਹੜ ਹਟਿਆ ਤੇ ਹਟੂ ਕਿਥੇ । ਤੂੰ ਤਕੜੀ ਹੋ ਕੇ ਬੇਨੰਤੀ ਕਰ । ਮਾਈ ਨੂੰ ਬਚਨ ਸੁਣ ਕੇ ਸੁਰਤ ਆ ਗਈ ਤੇ ਗਲ ਵਿਚ ਪੱਲਾ ਪਾ ਕੇ ਚਰਨੀ ਪੈ ਗਈ । ਆਖੇ ਪਾਤਸ਼ਾਹ ਮੈਨੂੰ ਬਖ਼ਸ਼ ਲਓ । ਪਾਤਸ਼ਾਹ ਮਿਹਰਾਂ ਦੇ ਦਾਤੇ ਹੱਸ ਕੇ ਆਖਣ ਲਗੇ, ਤੂੰ ਅੱਗੇ ਸਾਡੇ ਕੋਲ ਰੈਂਹਦੀ ਸੀ ਓਦੋਂ ਚੇਤਾ ਨਹੀਂ ਆਇਆ । ਸੱਚੇ ਪਾਤਸ਼ਾਹ ਹੱਸ ਕੇ ਆਖਣ ਲੱਗੇ ਬਾਬਾ, ਤੁਹਾਨੂੰ ਸਾਡੀ ਧਾਰਨਾ ਦਾ ਨਹੀਂ ਪਤਾ ਜੋ ਸੰਤਾਂ ਦੱਸੀ ਹੈ, ਕਿਸੇ ਦੇ ਬਾਰੇ ਕੋਈ ਬੇਨੰਤੀ ਨਾ ਕਰੇ । ਬੌਹਲ ਸਿੰਘ ਉਸ ਵਕਤ ਹੱਸ ਕੇ ਆਖਿਆ, ਸੱਚੇ ਪਾਤਸ਼ਾਹ ਤੁਹਾਡੇ ਹੁੰਦਿਆਂ ਤੁਹਾਡੇ ਨਗਰ ਵਿਚ ਕੋਹੜ ਰਹਿਣ ਦਾ ਕੀ ਕੰਮ ਹੈ । ਸੱਚੇ ਪਾਤਸ਼ਾਹ ਬੜੇ ਦਿਆਲੂ ਸਨ, ਆਖਣ ਲੱਗੇ, ਬੇਬੇ ਅਸੀਂ ਕੋਈ ਦੁਵਾ ਤਾਂ ਨਹੀਂ ਜਾਣਦੇ, ਸਾਡੀ ਲੋਹ ਵਿਚ ਜੇਹੜੀ ਸੁਵਾਹ ਹੈ ਦੋਵੇਂ ਵੇਲੇ ਆ ਕੇ ਹੱਥਾਂ ਪੈਰਾਂ ਤੇ ਲਾ ਲਿਆ ਕਰ ਤੇ ਨਾਲੇ ਪਰਸ਼ਾਦਾ ਛਕ ਜਾਇਆ ਕਰ । ਸਿਖਾਂ ਸਮਝਾਇਆ ਬੇਬੇ ਜੀ ਦੋਵੇਂ ਟੈਮ ਆਣ ਕੇ ਲੰਗਰ ਦੇ ਭਾਂਡੇ ਮਾਂਜਿਆ ਕਰ, ਤੇ ਨਾਲੇ ਪਰਸ਼ਾਦਾ ਛਕ ਜਾਇਆ ਕਰ । ਓਸੇ ਤਰ੍ਹਾਂ ਮਾਈ ਸਤਿ ਬਚਨ ਮੰਨ ਕੇ ਸੇਵਾ ਕਰਨ ਲਗ ਪਈ । ਦੋ ਟੈਮ ਭਾਂਡੇ ਮਾਂਜਣੇ ਤੇ ਪਰਸ਼ਾਦਾ ਛਕ ਜਾਣਾ । ਮਾਈ ਦਾ ਸ਼ਰੀਰ ਜਿਉਂ ਦਾ ਤਿਉਂ ਹੋ ਗਿਆ । ਸੱਚੇ ਪਾਤਸ਼ਾਹ ਐਡੇ ਦਿਆਲੂ ਸਨ, ਨਜ਼ਰੀ ਨਜ਼ਰ ਨਿਹਾਲ ਕਰਦੇ ਸਨ । ਮਿਹਰ ਕਰ ਕੇ ਏਨ੍ਹਾਂ ਕਲਜਗ ਵਿਚ ਕੋਹੜ ਹਟਾ ਦਿਤੇ ਜੀ । ਮੇਰੀ ਕਲਮ ਏਨ੍ਹਾਂ ਦੀ ਮਹਿੰਮਾ ਨਹੀਂ ਲਿਖ ਸਕਦੀ ਜੀ । ਏਹ ਸਭ ਏਹਨਾਂ ਦੀ ਦਇਆ ਹੈ । ।

## ✳ ਮਾਹਣਾ ਸਿੰਘ ਤੇ ਮਿਹਰ ਕਰਨੀ ✳

ਇਕ ਵੇਰਾਂ (ਸੰਤ ਮਨੀ ਸਿੰਘ ਦੇ ਗ੍ਰਿਫਤਾਰ ਹੋਣ ਤੋਂ ਪਹਿਲੇ) ਮਾਹਣਾ ਸਿੰਘ ਭੁਚਰ ਵਾਲੇ ਦਾ ਮੂੰਹ ਐਸਾ ਹੋ ਗਿਆ ਕਿ ਜਬਾਨ ਪੱਕ ਗਈ, ਸਾਰੀ ਗਲ ਗਈ । ਮੂੰਹ ਵਿਚੋਂ ਬੋ ਆ ਰਹੀ ਹੈ । ਨਾ ਰੋਟੀ ਖਾਵੇ, ਨਾ ਪਾਣੀ ਪੀਵੇ ਤੇ ਸੈਨਤ ਨਾਲ ਬਚਨ ਕਰਦਾ ਸੀ । ਮਹਾਰਾਜ ਹੋਰਾਂ ਦੇ ਹੁਕਮ ਨਾਲ, ਸੰਤ ਮਨੀ ਸਿੰਘ ਭੁਚਰ ਚਲੇ ਗਏ ਹਨ ਤੇ ਨਾਲ ਫੁਮਣ ਸਿੰਘ ਸੰਤ ਸੀ । ਜਿਸ ਵਕਤ ਗਏ ਨੇ, ਬੜਾ ਸ਼ੁਕਰ ਕੀਤਾ । ਧੰਨਵਾਦ ਕੀਤਾ ਕਿ ਗੁਰੂ ਘਰ ਆਏ ਹਨ । ਮਨੀ ਸਿੰਘ ਅੱਗੇ ਮਾਣਾ ਸਿੰਘ ਬੇਨੰਤੀ ਕੀਤੀ ਕਿ ਦਇਆ ਕਰੋ, ਮੇਰੀ ਜਬਾਨ ਨੂੰ ਬੜੀ ਤਕਲੀਫ ਹੈ । ਸੰਤ ਮਨੀ ਸਿੰਘ ਆਖਿਆ, ਮਾਣਾ ਸਿੰਘ ਘਵਿੰਡ ਜਾ ਕੇ ਸੱਚੇ ਪਾਤਸ਼ਾਹ ਦੇ ਤਿੰਨ ਵੇਰਾਂ ਚਰਨ ਚੱਟ ਤੇ ਜਬਾਨ ਰਾਜੀ ਹੋ ਜਾਏਗੀ । ਓਸੇ ਵਕਤ ਮਾਣਾ ਸਿੰਘ ਘਵਿੰਡ ਆ ਕੇ, ਪਾਤਸ਼ਾਹ ਅੱਗੇ ਪਰਸ਼ਾਦ ਰੱਖ ਕੇ ਬੇਨੰਤੀ ਕੀਤੀ ਤੇ ਨਿਮਸਕਾਰ ਕੀਤੀ । ਚਰਨ ਚੱਟੇ ਤੇ ਆਪਣੇ ਦੁੱਖ ਦਾ ਹਾਲ ਦੱਸਿਆ । ਸੱਚੇ ਪਾਤਸ਼ਾਹ ਪਲੰਘ ਤੇ ਬੈਠੇ ਸਨ । ਓਨ੍ਹਾਂ ਪਰਸ਼ਾਦ ਛਕ ਕੇ, ਸੀਤ ਪਰਸ਼ਾਦ ਦਿਤਾ ਤੇ ਮਾਣਾ ਸਿੰਘ ਛਕ ਲਿਆ ਜੀ । ਚਿੰਤਾ ਤੇ ਸਹਿੰਸੇ ਤਾਂ ਦਰਸ ਕਰਦਿਆਂ ਹੀ ਹਟ ਗਏ ਹਨ । ਜੇਹੜਾ ਪਾਣੀ ਦਾ ਘੁਟ ਵੀ ਨਹੀਂ ਸੀ ਲੰਘਦਾ, ਓਹ ਸੀਤਲ ਪਰਸ਼ਾਦ ਮਾਣਾ ਸਿੰਘ ਰੱਜ ਕੇ ਛਕ ਲਿਆ ਹੈ ਜੀ । ਜੋ ਦੁਖਾਂ ਦੇ ਕਾਰਨ ਨਰਕ ਮਲੂਮ ਹੁੰਦਾ ਸੀ, ਦੀਨ ਦਿਆਲ ਦੇ ਦਰਸ਼ਨ ਕਰਨ ਨਾਲ ਸਚਖੰਡ ਵਿਚ ਨਿਵਾਸ ਜਾਪਦਾ ਹੈ । ਫੇਰ ਦੋ ਦਿਨ ਰਹਿ ਕੇ ਤੇ ਖ਼ੁਸ਼ੀ ਲੈ ਕੇ ਆਪ ਦੇ ਘਰ ਆ ਗਿਆ ਹੈ ਜੀ । ।

## ✳ ਸੁਰੈਣ ਸਿੰਘ ਘੰਵਿਡ ਵਾਲੇ ਦੀ ਸਾਖੀ ✳

ਸਿਖਾਂ ਤੋਂ ਬਗੈਰ ਕੋਈ ਨਹੀਂ ਸੀ ਜਾਣਦਾ, ਕਿ ਮਹਾਰਾਜ ਬੰਦੀ ਛੋੜ ਹਨ । ਸਿਖਾਂ ਤੇ ਏਨੀ ਦਇਆ ਕੀਤੀ ਹੈ ਤੇ ਹੋਰ ਦੁਨੀਆਂ ਏਹਨਾਂ ਨੂੰ ਮਹਾਰਾਜ ਕਰ ਕੇ ਨਹੀਂ ਜਾਣਦੀ, ਖਾਣ ਦੇ ਮਾਰੇ ਤੁਰੇ ਫਿਰਦੇ ਸੀ ਜੀ । ਘਵਿੰਡ ਪਿੰਡ ਦਾ ਇਕ ਜ਼ਿਮੀਦਾਰ ਸੁਰੈਣ ਸਿੰਘ ਸੀ । ਸੱਚੇ ਪਾਤਸ਼ਾਹ ਉਸ ਨਾਲ ਬੜਾ ਪ੍ਰੇਮ ਕਰਦੇ ਸੀ ਤੇ ਓਸ ਨੂੰ ਬਦਾਮ ਤੇ ਘਿਓ ਦੇ ਪੀਪੇ ਦੇਂਦੇ ਹੁੰਦੇ ਸੀ । ਓਸ ਆਖਣਾ ਮੈਂ ਸਿਆਣਾ ਹਾਂ ਤੇ ਖਾਈ ਜਾਂਦਾ ਹਾਂ, ਪਾਤਸ਼ਾਹ ਨੂੰ ਕੋਈ ਪਤਾ ਨਹੀਂ । ਮਹਾਰਾਜ ਹੋਰਾਂ ਸੰਤ ਨੂੰ ਅਕਾਸ਼ ਬਾਣੀ ਦਿਤੀ ਕਿ ਸੰਤਾਂ ਇਸਦੀ ਲਿਖਾਈ ਲਿਖ ਦੇ, ਏਹ ਹਾਥੀ ਦੀ ਜੂਨ ਪਾਵੇਗਾ । ਅਸੀਂ ਪ੍ਰੇਮ ਨਾਲ ਛਕੌਂਦੇ ਹਾਂ ਤੇ ਏਹ ਆਂਦਾ ਹੈ, ਏਹ ਕਮਲੇ ਹਨ । ਅਸੀਂ ਦਿਲੀ ਜਾ ਕੇ ਏਸ ਹਾਥੀ ਤੇ ਅਸਵਾਰੀ ਕਰਾਂਗੇ । ਸਵਾ ਮਣ ਅਸੀਂ ਏਸ ਨੂੰ ਰੋਜ਼ ਦੀ ਚੂਰੀ ਚਾਰਾਂਗੇ ਤੇ ਸਿਰ ਵਿਚ ਰੋਜ਼ ਕੁੰਡੀ ਮਾਰਾਂਗੇ, ਫੇਰ ਲੁੱਟ ਕੇ ਖਾਣ ਦਾ ਪਤਾ ਲਗੂ । ਅਸੀਂ ਆਪ ਦਾ ਲੇਖਾ ਜਰਮ ਪਾ ਕੇ ਵੀ ਨਹੀਂ ਛਡਦੇ । ਪ੍ਰੀ ਪੂਰਨ ਪਰਮੇਸ਼ਵਰ ਹਨ । ਜੇਹੜਾ ਏਹਨਾਂ ਨੂੰ ਧੰਨ ਧੰਨ ਕਰਦਾ ਹੈ ਓਹ ਤਰ ਜਾਂਦਾ ਹੈ, ਜੇਹੜਾ ਨਿੰਦਿਆਂ ਕਰਦਾ ਹੈ, ਓਹ ਵੀ ਫਲ ਲੈ ਲੈਂਦਾ ਹੈ । ਘਵਿੰਡ ਦੇ ਲੋਕ ਪਾਤਸ਼ਾਹ ਦਾ ਬਿਲਕੁਲ ਭੈ ਨਹੀਂ ਸੀ ਕਰਦੇ । ।

## ✳ ਪਾਤਸ਼ਾਹ ਦੇ ਲੰਗੂਰ ਦੀ ਸਾਖੀ ✳

ਇਕ ਵੇਰਾਂ ਸੱਚੇ ਪਾਤਸ਼ਾਹ ਦਾ ਦਿਲ ਕੀਤਾ ਤੇ ਦਿਲੀ ਵਾਲੇ ਸਿਖਾਂ ਨੂੰ ਚਿਠੀ ਪਾਈ ਕਿ ਸਾਨੂੰ ਲੰਗੂਰਾਂ ਦੇ ਦੋ ਬੱਚੇ ਘੱਲੋ । ਸਿਖਾਂ ਨੇ ਮਥਰਾ ਤੋਂ ਲਿਆ ਕੇ ਘਵਿੰਡ ਜੋੜਾ ਲੰਗੂਰਾਂ ਦਾ ਛੱਡ ਗਏ ਹਨ । ਸੱਚੇ ਪਾਤਸ਼ਾਹ ਨੇ ਨੀਲਿਆਂ ਮਣਕਿਆਂ ਤੇ ਘੁੰਗਰੀਆਂ ਦੀ ਗਾਨੀ ਗੱਲ ਵਿਚ ਪਾ ਕੇ, ਖੁਲ੍ਹੇ ਕੋਠੇ ਤੇ ਛੱਡ ਦਿਤੇ ਹਨ । ਓਹ ਬੱਚੇ ਦੋ ਟੈਮ ਪਰਸ਼ਾਦ ਲੰਗਰ ਵਿਚੋਂ ਛਕ ਜਾਂਦੇ ਸੀ, ਪਾਤਸ਼ਾਹ ਦਾ ਦਰਸ਼ਨ ਕਰ ਜਾਂਦੇ ਸੀ । ਸਾਰੀ ਦਿਹਾੜੀ ਕੋਠਿਆਂ ਉਤੇ ਛਾਲਾਂ ਮਾਰਦੇ ਰੈਂਹਦੇ ਸਨ ਜੀ । ਐਸੇ ਜਾਨਵਰ ਸੀਲ ਸਨ, ਕਿਸੇ ਨਿਆਣੇ ਸਿਆਣੇ ਨੂੰ ਦੁਖ ਨਹੀਂ ਸੀ ਦੇਂਦੇ । ਐਸੀ ਪਾਤਸ਼ਾਹ ਦਇਆ ਕੀਤੀ ਪਿੰਡ ਦਾ ਹਰ ਇਕ ਵੇਖ

ਕੇ ਆਂਦਾ ਸੀ, ਮਹਾਰਾਜ ਦੇ ਲੰਗੂਰ ਛਾਲਾਂ ਮਾਰਦੇ ਹਨ । ਏਸ ਬਹਾਨੇ ਨਾਲ ਘਵਿੰਡ ਦੇ ਮਾਸੀ ਸ਼ਰਾਬੀ ਜੀਵ ਵੀ ਪਾਤਸ਼ਾਹ ਦਾ ਨਾਮ ਲੈ ਲੈਂਦੇ ਸਨ ਜੀ । ਇਕ ਦਿਨ ਐਸੀ ਖੇਡ ਹੋਈ, ਘਵਿੰਡ ਦਾ ਸਰਦਾਰ ਗੁਰਦਿਆਲ ਸਿੰਘ ਸੀ । ਉਸ ਦੀ ਛੋਟੀ ਜਹੀ ਕਾਕੀ ਛਣਕਣਾ ਲੈ ਕੇ ਖੜੋਤੀ ਸੀ । ਉਸ ਦੇ ਹੱਥ ਵਿਚੋਂ ਲੰਗੂਰ ਛਣਕਣਾ ਲੈ ਕੇ ਭੱਜ ਗਿਆ । ਉਚੇ ਥਾਂ ਕੋਠੇ ਤੇ ਜਾ ਬੈਠਾ । ਸਰਦਾਰ ਕੋਲ ਬੰਦੂਕ ਸੀ, ਉਸ ਬੰਦੂਕ ਨਾਲ ਉਸ ਲੰਗੂਰ ਨੂੰ ਮਾਰ ਦਿਤਾ । ਜਿਸ ਵਕਤ ਮਾਰ ਦਿਤਾ, ਸਿਖ ਚੁਕ ਕੇ ਲੈ ਗਏ ਹਨ । ਮਹਾਰਾਜ ਹੋਰੀਂ ਤੇ ਤੇਜਾ ਸਿੰਘ ਓਸ ਵਕਤ ਬਾਰ ਵਿਚ ੨੭ ਚੱਕ ਸਿਖਾਂ ਦੇ ਗਏ ਹਨ । ਲੰਗੂਰੀ ਕੱਲੀ ਹੋ ਗਈ ਤੇ ਅੰਨ ਪਾਣੀ ਨਾ ਛਕੇ । ਵਿਰਲਾਪ ਕਰਦੀ ਫਿਰੇ । ਸਾਰੇ ਆਖਣ ਸਰਦਾਰ ਨੇ ਬੜਾ ਪਾਪ ਕੀਤਾ, ਪਾਤਸ਼ਾਹ ਦਾ ਲੰਗੂਰ ਮਾਰ ਦਿਤਾ ਹੈ । ਪਾਤਸ਼ਾਹ ਵੀ ਬਾਰ ਵਿਚੋਂ ਆ ਗਏ ਹਨ ਤੇ ਵੇਖ ਕੇ ਬਹੁਤ ਗੁੱਸੇ ਵਿਚ ਆਂਦੇ ਹਨ ਜਿਸ ਤਰ੍ਹਾ ਤੂੰ ਸਾਡਾ ਲੰਗੂਰ ਮਾਰਿਆ ਹੈ, ਏਸੇ ਤਰ੍ਹਾਂ ਅਸੀਂ ਤੈਨੂੰ ਮਾਰਾਂਗੇ । ਸਾਰੇ ਲੋਕੀ ਰੌਲਾ ਸੁਣ ਕੇ ਕੱਠੇ ਹੋ ਗਏ । ਸਾਰੇ ਆਖਣ ਲੱਗੇ ਗੱਲ ਤਾਂ ਕੋਈ ਵੀ ਨਹੀਂ ਹੋਈ, ਸਰਦਾਰ ਦੀ ਧੀ ਦੇ ਹੱਥੋਂ ਲੰਗੂਰ ਛਣਕਣਾ ਖੋਹ ਕੇ ਲੈ ਗਿਆ ਸੀ ਤੇ ਏਸ ਨੇ ਮਾਰ ਦਿਤਾ । ਓਸ ਵਕਤ ਪਾਤਸ਼ਾਹ ਬਚਨ ਕੀਤਾ ਕਿ ਜਿਸ ਧੀ ਦੇ ਹੱਥੋਂ ਛਣਕਣਾ ਫੜਿਆਂ ਦੇ ਬਦਲੇ ਸਾਡਾ ਲੰਗੂਰ ਮਾਰਿਆ ਹੈ ਓਸ ਧੀ ਨੂੰ ਏਹ ਆਪਣੀ ਹੱਥੀਂ ਮਾਰੇਗਾ । ਏਹ ਸਰਾਫ ਦੇ ਦਿਤਾ ਤੇ ਘਰ ਵਾਪਸ ਆ ਗਏ । ਸਰਦਾਰ ਬੰਦੇ ਨਾਲ ਲੈ ਕੇ ਘਰ ਆਇਆ ਤੇ ਆਣ ਕੇ ਹੱਥ ਜੋੜੇ, ਪਾਤਸ਼ਾਹ ਮੈਨੂੰ ਭੁੱਲ ਬਖ਼ਸ਼ੋ । ਸੱਚੇ ਪਾਤਸ਼ਾਹ ਸ਼ਾਂਤੀ ਤਾਂ ਕਰ ਗਏ, ਦਇਆ ਦੇ ਸਮੁੰਦਰ ਸਨ । ਪਰ ਜੇਹੜਾ ਵਾਕ ਛੱਡ ਦਿਤਾ ਹੈ ਓਹ ਨਹੀਂ ਮੁੜਿਆ । ਕੋਈ ਦਿਨ ਪਾ ਕੇ ਸਰਦਾਰ ਦੀ ਧੀ ਨੌਜਵਾਨ ਹੋਈ । ਘਰ ਵਿਚ ਜੁਲਾਹਿਆਂ ਦਾ ਮੁੰਡਾ ਕਾਮਾ ਰੱਖਿਆ ਹੋਇਆ ਸੀ । ਓਸ ਨਾਲ ਬੇਈਮਾਨ ਹੋ ਗਈ ਤੇ ਕੁਵਾਰੀ ਨੂੰ ਗਰਭ ਹੋ ਗਿਆ । ਸਰਦਾਰ ਨੇ ਓਹੋ ਧੀ ਹੱਥੀਂ ਗਲ ਘੁੱਟ ਕੇ ਮਾਰੀ । ਸੱਚੇ ਪਿਤਾ ਦਾ ਬਚਨ ਸਤਿ ਹੋ ਗਿਆ । ।

## ❊ ਬਾਜ ਸਿੰਘ ਤੇ ਮਿਹਰ ਕਰਨੀ ❊

ਇਕ ਦਿਨ ਸੱਚੇ ਪਾਤਸ਼ਾਹ ਹੋਰੀਂ ਸਾਰੇ ਪਰਵਾਰ ਸਮੇਤ ਬਾਲੇ ਚੱਕ ਸਿਖਾਂ ਕੋਲ ਚਲੇ ਗਏ ਹਨ ਤੇ ਅੱਠ ਦਿਨ ਬੁਧ ਸਿੰਘ ਦੇ ਘਰ ਰਹੇ ਹਨ । ਦਿਨੇ ਅੰਮ੍ਰਿਤਸਰ ਸੈਰ ਕਰਨਾ ਤੇ ਰਾਤ ਨੂੰ ਬਾਲੇ ਚੱਕ ਆ ਜਾਣਾ । ਓਥੋਂ ਫੇਰ ਸੱਚੇ ਪਾਤਸ਼ਾਹ ਕਾਰ ਉਤੇ ਚੜ੍ਹ ਕੇ ਨੈਹਰੇ ਨੈਹਰੇ ਭੁਚਰ ਆ ਗਏ ਹਨ । ਬਾਜ ਸਿੰਘ ਦੇ ਘਰ ਪੈਹਲੋਂ ਗਏ ਹਨ । ਮਾਣਾ ਸਿੰਘ ਤੇ ਬਾਜ ਸਿੰਘ ਦਾ ਇਕੱਠਾ ਘਰ ਸੀ । ਬਾਜ ਸਿੰਘ ਔਦਿਆਂ ਨੂੰ ਬੀਮਾਰ ਸੀ ਉਸ ਦਾ ਅੰਤ ਸਮਾਂ ਨਜ਼ਦੀਕ ਆਇਆ ਸੀ । ਸਾਰੇ ਪਰਵਾਰ ਦੇ ਸਿਖ ਬੜੀ ਸੇਵਾ ਕਰ ਰਹੇ ਹਨ । ਦੋ ਪਹਿਰ ਓਥੇ ਰਹਿ ਕੇ ਸੱਚੇ ਪਾਤਸ਼ਾਹ ਵਿਦਾ ਹੋ ਪਏ ਹਨ । ਸਮਰਥਿਆ ਅਨੁਸਾਰ ਸਿਖਾਂ ਨੇ ਪਰਸ਼ਾਦ ਰੱਖ ਕੇ ਸੇਵਾ ਰਖੀ ਹੈ । ਸਿਖ ਬੇਨੰਤੀ ਕਰਦੇ ਹਨ । ਸੱਚੇ ਪਿਤਾ ਦੀਨ ਦਿਆਲ ਬੜੀ ਦਇਆ ਕੀਤੀ । ਅੱਜ ਤਾਂ ਕੀੜੀ ਦੇ ਘਰ ਨਰਾਇਣ ਆਏ ਹਨ ਤੇ ਨਾਲੇ ਸ਼ਬਦ ਪੜ੍ਹਦੇ ਨੇ । "ਸੋਹੇ ਨੇ ਬੰਕ ਦਵਾਰ ਅੱਜ ਮੇਰੇ ਸੋਹੇ ਨੇ" । ਸੱਚੇ ਪਿਤਾ ਬਾਜ ਸਿੰਘ ਨੂੰ ਆਂਦੇ ਨੇ ਬਾਬਾ ਕੁਛ ਮੰਗ ਸਾਥੋਂ, ਅਸੀਂ ਤੈਨੂੰ ਲੈਣ ਆਏ ਹਾਂ । ਬਾਜ ਸਿੰਘ ਨੇ ਡੂੰਘੀ ਰਮਜ ਨਹੀਂ ਸਮਝੀ ਤੇ ਆਖਣ ਲੱਗਾ ਸੱਚੇ ਪਾਤਸ਼ਾਹ ਜਦੋਂ ਮੇਰਾ ਬੁਖਾਰ ਲੱਥ ਗਿਆ ਉਸੇ ਵਕਤ ਮੈਂ ਆ ਜਾਵਾਂਗਾ । ਫਿਰ ਦੂਸਰੀ ਵਾਰ ਪਾਤਸ਼ਾਹ ਬਚਨ ਕੀਤਾ, ਬਾਬਾ ਕੁਛ ਮੰਗ । ਫਿਰ ਬਾਜ ਸਿੰਘ ਆਖਣ ਲੱਗਾ, ਸੱਚੇ ਪਾਤਸ਼ਾਹ ਦਲੀਪ ਸਿੰਘ ਤੁਹਾਡਾ ਬੱਚਾ ਅੰਞਾਣਾ ਹੈ । ਹੱਥ ਦੇ ਕੇ ਰਖਿਓ ਜੇ । ਪਾਤਸ਼ਾਹ ਫਿਰ ਤੀਸਰੀ ਵਾਰ ਬਚਨ ਕੀਤਾ । ਬਾਬਾ ਕੁਛ ਮੰਗ ਲੈ ਤੇ ਅਸੀਂ ਹੁਣ ਤੈਨੂੰ ਲੈਣ ਆਏ ਹਾਂ । ਬਾਜ ਸਿੰਘ ਫਿਰ ਆਖਿਆ ਸੱਚੇ ਪਾਤਸ਼ਾਹ ਦਲੀਪ ਸਿੰਘ (ਬਾਜ ਸਿੰਘ ਦਾ ਪੁੱਤ ਸੀ) ਨੇ ਨਹਿਰ ਦਾ ਠੇਕਾ ਲਿਆ ਹੈ ਤੇ ਉਸਨੂੰ ਨਫਾ ਹੋਵੇ ਤੇ ਮੈਂ ਤੁਹਾਡੀ ਸੇਵਾ ਲੈ ਕੇ ਆਵਾਂਗਾ । ਤੇਜਾ ਸਿੰਘ ਆਖਿਆ ਚਾਚਾ ਤੂੰ ਆਪਣੇ ਵਾਸਤੇ ਕੁਛ ਮੰਗਿਆ ਨਹੀਂ । ਦਲੀਪ ਸਿੰਘ ਵਾਸਤੇ

ਮੰਗਾਂ ਮੰਗੀ ਜਾਂਦਾ ਹੈਂ । ਪਾਤਸ਼ਾਹ ਫਿਰ ਹੱਸ ਕੇ ਆਖਣ ਲੱਗੇ, ਚੰਗਾ ਬਾਬਾ ਅਸੀਂ ਹੁਣ ਜਾਂਦੇ ਹਾਂ । ਭਲਕੇ ਬੰਦਾ ਘੱਲ ਕੇ ਤੈਨੂੰ ਅਸੀਂ ਲੈ ਜਾਵਾਂਗੇ । ਆਪ ਆ ਗਏ ਹਨ ਤੇ ਅਗਲੇ ਦਿਨ ਬਾਜ ਸਿੰਘ ਦੇਹ ਛਡ ਦਿਤੀ । ਪਾਤਸ਼ਾਹ ਨਜ਼ਰੀ ਨਜ਼ਰ ਨਿਹਾਲ ਹਨ । ਇੰਦਰ ਸਿੰਘ ਝੁਬਾਲ ਵਾਲੇ ਨੂੰ ਵੀ ਪਾਤਸ਼ਾਹ ੧੫ ਦਿਨ ਆਂਦੇ ਰਹੇ, ਇੰਦਰ ਸਿੰਘ ਮੰਗ ਜੋ ਮੰਗਣਾ ਈ । ਉਸ ਵੀ ਕੁਛ ਨਹੀਂ ਮੰਗਿਆ । ਜੀਵ ਕੀ ਕਰ ਸਕਦਾ ਹੈ । ਆਪ ਹੀ ਦਇਆ ਕਰਦੇ ਹਨ ਜੀ । ।

## ✳ ਤੋੜੇ ਵਾਲੇ ਲਾਭ ਸਿੰਘ ਦੀ ਸਾਖੀ ✳

ਲਾਭ ਸਿੰਘ ਤੋੜੇ ਦਾ ਮਜ਼੍ਹਬੀ ਸਿਖ ਸੀ । ਉਸ ਐਨੀ ਪਾਤਸ਼ਾਹ ਦੇ ਘਰ ਦੀ ਸੇਵਾ ਕੀਤੀ ਹੈ ਮੈਂ ਉਪਮਾ ਨਹੀਂ ਕਰ ਸਕਦਾ । ੨ ਮੀਲ ਤੋਂ ਘਾਹ ਤੇ ਲੰਗਰ ਵਿਚ ਬਾਲਣ ਰੋਜ਼ ਦੋ ਦੋ ਪੰਡਾਂ ਲਿਔਣਾ । ਰਾਤ ਨੂੰ ਸਾਰੀ ਰਾਤ ਸੱਚੇ ਪਾਤਸ਼ਾਹ ਦੇ ਚਰਨਾਂ ਵਲੇ ਬੈਠ ਕੇ ਸਾਰੀ ਰਾਤ ਸ਼ਬਦ ਪੜ੍ਹਦੇ ਰਹਿਣਾ । ਅੱਠੇ ਪਹਿਰ ਬੋਜੇ ਵਿਚ ਕੈਸੀਆ ਰੱਖਦਾ ਸੀ ਵਜੌਣ ਵਾਸਤੇ । ਜਿਨਾਂ ਚਿਰ ਕੰਮ ਕਰਦੇ ਰਹਿਣਾ, ਓਨਾਂ ਚਿਰ ਕਰਦੇ ਰਹਿਣਾ ਤੇ ਫਿਰ ਬਿਛਨ ਪਤੇ ਤੇ ਬਹੁਤ ਪ੍ਰੇਮ ਵਾਲੇ ਸ਼ਬਦ ਪੜ੍ਹਨੇ । ਸੱਚੇ ਪਾਤਸ਼ਾਹ ਸ਼ਬਦ ਸੁਣ ਕੇ ਬੜਾ ਖ਼ੁਸ਼ ਹੋਣਾ । ਪਾਤਸ਼ਾਹ ਆਖਣਾ, ਲਾਭ ਸਿੰਘ ਛਾਲਾਂ ਮਾਰ ਤੇ ਛਾਲਾਂ ਮਾਰਨੀਆਂ । ਜੇ ਆਖਣਾ ਲਾਭ ਸਿੰਘ ਭੱਜ ਕੇ ਵਖਾ, ਤੇ ਭੱਜ ਉਠਣਾ । ਏਸ ਤਰ੍ਹਾਂ ਸਿਖ ਨੇ ਸਤਿ ਬਚਨ ਮੰਨਣਾ । ਪਾਤਸ਼ਾਹ ਖ਼ੁਸ਼ ਹੋ ਕੇ ਆਖਣਾ ਲਾਭ ਸਿੰਘ ਮੰਗ ਜੋ ਮੰਗਣਾ ਈ । ਉਸਨੇ ਬੇਨੰਤੀ ਕਰਨੀ ਪਾਤਸ਼ਾਹ ਮੈਨੂੰ ਹਨੂਮਾਨ ਦਾ ਬਲ ਬਖ਼ਸ਼ੋ, ਤੇ ਸਦਾ ਮੇਰੇ ਹਿਰਦੇ ਤੇ ਰਹੋ । ਅੱਠੇ ਪਹਿਰ ਮੈਨੂੰ ਭੁੱਲੋ ਨਾ । ਕੋਈ ਦਿਨ ਪਾ ਕੇ ਪਾਤਸ਼ਾਹ ਦੇ ਚਰਨਾਂ ਵਿਚ ਸੇਵਾ ਕਰਦਿਆਂ, ਲਾਭ ਸਿੰਘ ਦਾ ਅੰਤ ਸਮਾਂ ਆ ਗਿਆ । ਉਸਨੇ ਦੇਹ ਛੱਡ ਦਿਤੀ । ਦੋ ਮੀਲ ਘਵਿੰਡੋਂ ਖੇਤ ਦਾ ਪੈਂਡਾ ਸੀ, ਓਥੇ ਲਾਭ ਸਿੰਘ ਦੇਹ ਛਡ ਦਿਤੀ । ਬਾਰਾਂ ਭਾਦਰੋਂ ਵਾਲੇ ਦਿਨ ਦੇਹ ਛੱਡੀ ਹੈ । ਲਾਗੇ ਇਕ ਪਿੰਡ ਨਾਰਲੀ ਮੇਲਾ ਸੀ, ਪਾਤਸ਼ਾਹ ਮੇਲੇ ਗਏ ਹਨ । ਰਾਤ ਨੂੰ ਪਾਤਸ਼ਾਹ ਆਏ ਤੇ ਸਿਖਾਂ ਦੱਸਿਆ, ਪਾਤਸ਼ਾਹ, ਲਾਭ ਸਿੰਘ ਦੇਹ ਛੱਡ ਗਿਆ ਹੈ । ਸਿਖਾਂ ਨੇ ਇਸ਼ਨਾਨ ਕਰਾ ਦਿਤਾ, ਸੁੱਕੀ ਬੇਰੀ ਪਾਤਸ਼ਾਹ ਬਾਲਣ ਪਾ ਕੇ ਸਸਕਾਰ ਕੀਤਾ ਹੈ । ਸੱਚੇ ਪਾਤਸ਼ਾਹ ਆਪਣੀ ਹੱਥੀਂ ਲੰਬੂ ਲਾਇਆ ਹੈ ਤੇ ਤਿੰਨ ਵੇਰਾਂ ਬਚਨ ਕੀਤੇ ਨੇ ਕਿ ਲਾਭ ਸਿੰਘ ਤੇਰੀ ਜੇਹੜੀ ਮੰਗ ਸੀ ਅਸਾਂ ਤੈਨੂੰ ਦਿਤੀ । ਐਡੀ ਦਇਆ ਕਰਦੇ ਹਨ ਜੀ । ਐਸੇ ਨਰ ਅਵਤਾਰ ਸੱਚੇ ਪਾਤਸ਼ਾਹ ਦਿਆਲੂ ਸੀ, ਜੁਗਾਂ ਜੁਗਾਂ ਦੇ ਵਿਛੜਿਆਂ ਨੂੰ ਬਾਹੋਂ ਫੜ ਕੇ ਚਰਨੀ ਲਾਇਆ ਹੈ । ।

## ✳ ਗੁਜਰ ਸਿੰਘ ਤੇ ਚੇਤ ਸਿੰਘ ਦਾ ਸ਼ਰੀਰ ਛੁਟਣਾ ✳

ਕੱਤੇ ਦੇ ਮਹੀਨੇ ਵਿਚ ਐਨੀ ਬੀਮਾਰੀ ਸੀ, ਘਰ ਘਰ ਦੋ ਚਾਰ ਮੰਜੇ ਸਾਰਿਆਂ ਦੇ ਪਏ ਸੀ । ਤਾਪ ਚੜ੍ਹ ਜਾਣਾ ਤੇ ਹਿਕ ਪੱਕ ਜਾਣੀ । ਬਹੁਤ ਦੁਨੀਆਂ ਰੋਜ਼ ਮਰਦੀ ਸੀ । ਤੇਜਾ ਸਿੰਘ ਉਸ ਵਕਤ ਭੁੱਚਰ ਹੈ ਤੇ ਹੁਣ ਮਾਣਾ ਸਿੰਘ ਉਸ ਵਕਤ ਪਾਤਸ਼ਾਹ ਦੇ ਦਰਸ਼ਨ ਕਰਨ ਆਇਆ ਹੈ । ਚੇਤ ਸਿੰਘ ਗੁਜਰ ਸਿੰਘ ਦਰਸ਼ਨਾਂ ਨੂੰ ਆਏ ਹਨ । ਰਾਤ ਭੁੱਚਰ ਰਹੇ । ਅਗਲੇ ਦਿਨ ਘਵਿੰਡ ਨੂੰ ਤੁਰੇ ਹਨ । ਨਾਲ ਤੇਜਾ ਸਿੰਘ ਨੂੰ ਵੀ ਜਾਣ ਲਈ ਆਂਦੇ ਹਨ । ਉਸ ਆਖਿਆ ਮੇਰਾ ਬਾਪ ਘਵਿੰਡ ਗਿਆ ਹੈ, ਉਹ ਆਵੇਗਾ ਤੇ ਮੈਂ ਆ ਜਾਵਾਂਗਾ । ਮਾਣਾ ਸਿੰਘ ਘਵਿੰਡੋਂ ਭੁੱਚਰ ਚਲਾ ਗਿਆ ਹੈ ਤੇ ਭੁੱਚਰ ਤੇਜਾ ਸਿੰਘ ਵੀ ਬੀਮਾਰ ਹੋ ਗਿਆ ਹੈ । ਗੁਜਰ ਸਿੰਘ ਤੇ ਚੇਤ ਸਿੰਘ ਘਵਿੰਡ ਆ ਕੇ ਬੀਮਾਰ ਹੋ ਗਏ ਹਨ । ਤੇਜਾ ਸਿੰਘ ਸਖ਼ਤ ਬਿਮਾਰ ਹੋ ਗਿਆ । ਆਪਣੇ ਬਾਪ ਨੂੰ ਆਖਣ ਲਗਾ, ਸੱਚੇ ਪਾਤਸ਼ਾਹ ਅੱਗੇ ਜਾ ਕੇ ਮੇਰੀ ਬੇਨੰਤੀ ਕਰ । ਮਾਣਾ ਸਿੰਘ ਬੇਨੰਤੀ ਕਰਨ ਗਿਆ ਤੇ ਘਵਿੰਡ ਜਾਂਦੇ ਨੂੰ ਗੁਜਰ ਸਿੰਘ ਦੇਹ ਛੱਡ ਜਾਂਦਾ ਹੈ । ਜਾਂਦਿਆਂ ਨੂੰ ਗੁਜਰ ਸਿੰਘ ਦਾ ਸਸਕਾਰ ਕਰਨ ਚਲੇ ਸਨ । ਨਾਲ ਮਾਣਾ ਸਿੰਘ ਵੀ ਸਸਕਾਰ ਕਰਨ ਗਿਆ ਹੈ ।

ਪਾਤਸ਼ਾਹ ਘਰ ਆਏ ਹਨ ਤੇ ਮਾਣਾ ਸਿੰਘ ਬੇਨੰਤੀ ਕੀਤੀ ਪਾਤਸ਼ਾਹ ਤੇਜਾ ਸਿੰਘ ਬੜਾ ਸਖ਼ਤ ਬੀਮਾਰ ਹੈ । ਦਇਆ ਕਰਿਓ ਜੇ । ਮੇਰੀ ਤਾਂ ਬੁਢੜੇ ਦੀ ਡੰਗੋਰੀ ਆ ਕਿਤੇ ਭੱਜ ਨਾ ਜਾਏ । ਪਾਤਸ਼ਾਹ ਹੱਸ ਕੇ ਆਖਣ ਲਗੇ, ਬਾਬਾ ਕੋਈ ਖਤਰਾ ਨਹੀਂ ਤੇਰੀ ਡੰਗੋਰੀ ਨੂੰ । ਅਸਾਂ ਤਾਂ ਅਜੇ ਓਹਦੇ ਕੋਲੋਂ ਸੇਵਾ ਬੜੀ ਲੈਣੀ ਆ । ਪਾਤਸ਼ਾਹ ਅੱਗੇ ਬੇਨੰਤੀ ਕਰਨ ਦੀ ਦੇਰ ਸੀ, ਤੇਜਾ ਸਿੰਘ ਨੂੰ ਰਮਾਨ ਹੋ ਗਿਆ ਜੀ । ਫਿਰ ਮਾਣਾ ਸਿੰਘ ਖ਼ੁਸ਼ੀ ਲੈ ਰਿਹਾ ਹੈ । ਪਾਤਸ਼ਾਹ ਆਂਦੇ ਹਨ, ਬਾਬਾ ਅਸੀਂ ਤੈਨੂੰ ਅੱਜ ਨਹੀਂ ਜਾਣ ਦੇਣਾ, ਆਪੇ ਰਮਾਨ ਆਜੂ । ਦੂਸਰੇ ਦਿਨ ਚੇਤ ਸਿੰਘ ਸਿਖ ਵੀ ਘਵਿੰਡ ਪਾਤਸ਼ਾਹ ਦੇ ਚਰਨਾਂ ਵਿਚ ਦੇਹ ਛੱਡ ਗਿਆ ਹੈ । ਸੱਚੇ ਪਾਤਸ਼ਾਹ ਨਜ਼ਰੀ ਨਜ਼ਰ ਨਿਹਾਲ ਹਨ । ਆਪਣੀ ਗੋਦ ਵਿਚ ਸਿਖਾਂ ਨੂੰ ਲੈ ਗਏ ਹਨ । ਕਿਸੇ ਮਾਸੀ ਸ਼ਰਬੀ ਦੇ ਅਖ਼ੀਰ ਵੇਲੇ ਵੀ ਹੱਥ ਲੱਗਣ ਨਹੀਂ ਦਿਤੇ । ਗੁਜਰ ਸਿੰਘ ਦੀ ਮਾਤਾ ਸੁਣ ਕੇ ਆਈ ਹੈ ਕਿ ਗੁਜਰ ਸਿੰਘ ਤੇ ਚੇਤ ਸਿੰਘ ਦੋਵੇਂ ਜਣੇਂ ਗੁਜਰ ਗਏ ਹਨ ਜੀ । ਧੰਨ ਸਿਖ ਤੇ ਧੰਨ ਉਸ ਦੀ ਮਾਤਾ ਹੈ । ਜਿਸ ਨੇ ਇਕ ਅਥਰੂ ਵੀ ਆਣ ਕੇ ਨਹੀਂ ਕੇਰਿਆ । ਸਾਰੇ ਅਫਸੋਸ ਕਰਨ ਤੇ ਮਾਤਾ ਆਖੇ, ਜੀ ਫੇਰ ਕੀ ਹੋਇਆ, ਏਨ੍ਹਾਂ ਦੀ ਚੀਜ ਸੀ ਤੇ ਏਹੋ ਲੈ ਗਏ ਹਨ । ਪਾਤਸ਼ਾਹ ਅੱਗੇ ਹੱਥ ਜੋੜ ਕੇ ਬੇਨੰਤੀ ਕੀਤੀ ਕਿ ਸੱਚੇ ਪਿਤਾ ਦੀਨ ਦਿਆਲ ਤ੍ਰਿਲੋਕੀ ਨਾਥ, ਖੰਡਾਂ ਬ੍ਰਹਿਮੰਡਾਂ ਦੇ ਮਾਲਕ, ਅੱਜ ਗੁਜਰ ਸਿੰਘ ਸਿਖ ਤੁਹਾਡਾ ਪੱਕੇ ਪਿਆ ਹੈ, ਤੁਸਾਂ ਆਪ ਦੇ ਚਰਨਾਂ ਵਿਚ ਉਸ ਦੀ ਨਿਭਾਹ ਦਿਤੀ ਹੈ । ਸਿਖ ਤੁਹਾਡੇ ਦਰ ਤੇ ਅੱਜ ਪਰਵਾਨ ਹੋਇਆ ਹੈ ਮੈਂ ਬੜੀ ਖ਼ੁਸ਼ ਹਾਂ । ਬੇਬੇ ਨੇ ਏਹ ਬੇਨੰਤੀ ਕੀਤੀ ਸਾਰੀਆਂ ਜਨਾਨੀਆਂ ਤੇ ਬੰਦੇ ਬੇਨੰਤੀ ਸੁਣ ਕੇ ਹੈਰਾਨ ਪਰੇਸ਼ਾਨ ਹੋ ਗਏ ਹਨ ਕਿ ਐਡਾ ਜਵਾਨ ਪੁਤ ਗੁਜਰ ਗਿਆ ਹੈ ਤੇ ਮਾਈ ਰੋਂਦੀ ਨਹੀਂ । ਏਹ ਸਾਰੀ ਪਾਤਸ਼ਾਹ ਦੀ ਦਇਆ ਹੈ । ਜੀਵ ਦੇ ਕੀ ਵੱਸ ਹੈ ਜੀ । ।

## ❊ ਪਾਤਸ਼ਾਹ ਦੇ ਘੋੜਾ ਤੇ ਬੋਲਦ ਚੋਰੀ ਹੋਣੇ ❊

ਇਕ ਸਮੇਂ ਦਾ ਬਚਨ ਹੈ, ਤੇਜਾ ਸਿੰਘ ਸਿਖ ਹਾੜ ਦੇ ਮਹੀਨੇ ਵਿਚ ਬਾਰ ਵਿਚ ਚਲਾ ਗਿਆ ਹੈ । ਅਗਲਾ ਮਹੀਨਾ ਸਾਵਣ ਬਾਰਸ਼ ਦਾ ਹੈ । ਚੇਤ ਸਿੰਘ ਕਲਸੀਆਂ ਵਾਲਾ ਬਕੌਂਠੇ ਰੱਖ ਵਿਚ ਵਾਈ ਕਰਦਾ ਸੀ । ਚੇਤ ਸਿੰਘ ਸੱਚੇ ਪਾਤਸ਼ਾਹ ਦਾ ਦਰਸ਼ਨ ਕਰਨ ਆਇਆ ਹੈ । ਓਸ ਆਖਿਆ ਸੱਚੇ ਪਾਤਸ਼ਾਹ ਰੱਖ ਵਿਚ ਘਾਹ ਬੜਾ ਹੈ ਤੇ ਸੌਣ ਦਾ ਮਹੀਨਾ ਮਾਲ ਸਾਰਾ ਓਥੇ ਘਲ ਦਿਓ । ਤੁਹਾਡਾ ਸਿਖ ਇਕ ਜਾਣਾ ਮਾਲ ਲੈ ਜਾਵੇ, ਚੰਗਾ ਚੰਗਾ ਘਾਹ ਤੁਹਾਡਾ ਮਾਲ ਛਕੀ ਜਾਵੇਗਾ । ਸੱਚੇ ਪਾਤਸ਼ਾਹ ਸਿਖਾਂ ਨੂੰ ਆਖਿਆ, ਜੇਹੜੇ ਕੋਲ ਸਨ ਕਿਸੇ ਹਾਂ ਨਹੀਂ ਕੀਤੀ ਜੀ । ਓਨੇ ਚਿਰ ਨੂੰ ਤੇਜਾ ਸਿੰਘ ਬਾਰ ਵਿਚੋਂ ਆ ਗਿਆ । ਸੱਚੇ ਪਾਤਸ਼ਾਹ ਬਚਨ ਕੀਤਾ ਕਿ ਚੇਤ ਸਿੰਘ ਸਨਾਹ ਦੇ ਗਿਆ ਹੈ ਕਿ ਮਾਲ ਰੱਖ ਵਿਚ ਲੈ ਆਓ । ਤੇਜਾ ਸਿੰਘ ਆਖਿਆ ਸੱਚੇ ਪਾਤਸ਼ਾਹ ਜਿਸ ਤਰ੍ਹਾਂ ਆਪ ਜੀ ਦਾ ਹੁਕਮ ਹੋਵੇ ਤਿਆਰ ਹਾਂ । ਪਾਤਸ਼ਾਹ ਆਖਿਆ ਮਹੀਂ ਤੇ ਘੋੜੀ ਤੇਜਾ ਸਿੰਘ ਰੱਖ ਵਿਚ ਲੈ ਜਾ । ਤੇਜਾ ਸਿੰਘ ਸਤਿ ਬਚਨ ਮੰਨ ਕੇ ਤੁਰ ਪਿਆ ਹੈ । ੩ ਮੀਲ ਰੱਖ ਦਾ ਪੈਂਡਾ ਹੈ । ਮਹੀਂ ਚਾਰ ਕੇ ਦੋਵੇਂ ਟੈਮ ਦੁੱਧ ਲੈ ਔਣਾ ਤੇ ਪਰਸ਼ਾਦ ਛਕ ਜਾਣਾ । ੨ ਮਹੀਨੇ ਓਥੇ ਮਹੀਂ ਰੱਖੀਆਂ ਹਨ । ਚੇਤ ਸਿੰਘ ਸਿਖ ਨੇੜੇ ਕਰ ਕੇ ਹਰ ਇਕ ਚੀਜ ਦੀ ਬੜੀ ਸੇਵਾ ਕਰਦਾ ਸੀ । ਇਕ ਦਿਨ ਤੇਜਾ ਸਿੰਘ ਨੂੰ ਬੁਖਾਰ ਚੜ੍ਹ ਗਿਆ, ਤੇ ਰੰਗਾ ਸਿੰਘ ਪਾਤਸ਼ਾਹ ਦਾ ਚਾਚਾ, ਮਾਲ ਕੋਲ ਚਲਾ ਗਿਆ । ਰੰਗਾ ਸਿੰਘ ਸੌਂ ਗਿਆ ਤੇ ਇਕ ਚੋਰ ਚੋਰੀ ਘੋੜੀ ਖੋਲ੍ਹ ਕੇ ਲੈ ਗਿਆ । ਰਾਤ ਨੂੰ ਪਾਤਸ਼ਾਹ ਨੂੰ ਸਨੇਹਾ ਆ ਗਿਆ ਕਿ ਬਾਬਾ ਰੰਗਾ ਸਿੰਘ ਘੋੜੀ ਗੁਵਾ ਬੈਠਾ ਹੈ । ਫੇਰ ਜਿਸ ਵੇਲੇ ਪਤਾ ਲੱਗਾ, ਤੇ ਚੋਰ ਫੜਿਆ ਗਿਆ । ਚੋਰ ਪਾਤਸ਼ਾਹ ਨੂੰ ਆਖਣ ਲੱਗਾ ਪਾਤਸ਼ਾਹ ਮੈਂ ਭੁੱਖਾ ਮਰਦਾ ਤੁਹਾਡੀ ਘੋੜੀ ਲੈ ਗਿਆ ਸੀ । ਸੱਚੇ ਪਾਤਸ਼ਾਹ ਬੜੇ ਰੈਹਮ ਦਿਲ ਸਨ । ਗਰੀਬ ਕਰ ਕੇ ਉਸ ਨੂੰ ਛੱਡ ਦਿਤਾ । ਸਿਖਾਂ ਨੇ ਸੇਵਾ ਕਰਨੀ ਤੇ ਚੰਗੀ ਚੀਜ ਲੱਭ ਕੇ ਲਿਆਉਣੀ, ਆਖਣਾ ਪਾਤਸ਼ਾਹ ਨੂੰ ਦਿਆਂਗੇ ਤੇ ਲੋਕਾਂ ਵੇਖ

ਕੇ ਸੜ ਜਾਣਾ । ਜਿਸ ਨੂੰ ਜਣਾਵੇ ਸੋ ਜਨ ਜਾਣੇ, ਜੀਆਂ ਦੇ ਕੀ ਅਖਤਿਆਰ ਹੈ । ਸੱਚੇ ਪਾਤਸ਼ਾਹ ਦੀ ਘੋੜੀ ਚੋਰ ਲੈ ਗਏ ਸੁਣ ਕੇ ਬਲਵੰਤ ਸਿੰਘ ਭੁਚਰ ਵਾਲਾ ਪਤਾ ਲੈਣ ਆਇਆ ਘੋੜੀ ਤੇ ਚੜ੍ਹ ਕੇ ਤੇ ਓਹੋ ਘੋੜੀ ਸਣੇ ਕਾਠੀ ਪਾਤਸ਼ਾਹ ਨੂੰ ਦੇ ਗਿਆ । ਲੋਕੀ ਓਸ ਚੋਰ ਨੂੰ ਫਿਟਕਾਂ ਪੌਣ ਕਿ ਤੂੰ ਪਾਤਸ਼ਾਹ ਦੀ ਹੀ ਘੋੜੀ ਚੁਰੌਣੀ ਸੀ । ਓਨਾਂ ਨੂੰ ਤਾਂ ਕੋਈ ਘਾਟਾ ਨਹੀਂ । ਹੋਰ ਘੋੜੀ ਸਿਖ ਦੇ ਗਏ ਹਨ । ਪਾਤਸ਼ਾਹ ਵੀ ਮਾਸੀਆਂ ਸ਼ਰਾਬੀਆਂ ਨੂੰ ਆਪਣਾ ਆਪ ਨਹੀਂ ਸੀ ਵਖੌਂਦੇ । ।

ਸਾਲ ਪਿਛੋਂ ਫੇਰ ਆਸਲਾਂ ਦੇ ਚੋਰ ਪਾਤਸ਼ਾਹ ਦੇ ਦੋ ਬੌਲਦ ਤੇ ਇਕ ਘੋੜਾ ਚੋਰੀ ਕਰ ਕੇ ਲੈ ਗਏ । ਇਕ ਆਸਲਾਂ ਦਾ ਜ਼ਿਮੀਦਾਰ ਉਸ ਨੇ ਦੋ ਖੂਨ ਕੀਤੇ ਸੀ ਤੇ ਰੱਖ ਵਿਚ ਲੁਕਿਆ ਫਿਰਦਾ ਸੀ । ਓਸ ਨੂੰ ਪਤਾ ਲੱਗਾ ਤੇ ਓਸ ਆਖਿਆ ਮਾੜਾ ਕੀਤਾ, ਪਾਤਸ਼ਾਹ ਦੀ ਚੋਰੀਂ ਨਹੀਂ ਸੀ ਕਰਨੀ । ਦਿਨੇ ਲੱਭਣ ਚੜ੍ਹੇ ਹਨ । ਓਸ ਡਾਕੂ ਨੇ ਸਨੇਹਾ ਘਲਿਆ ਕਿ ਪਾਤਸ਼ਾਹ ਐਵੇਂ ਲਭਦੇ ਨਾ ਫਿਰਨ, ਪਸ਼ੂ ਤੇ ਸਾਡੇ ਪਿੰਡ ਦੇ ਲੈ ਆਏ ਹਨ । ਮੈਂ ਆਪੇ ਤੁਹਾਡੇ ਘਰ ਪੁਚਾ ਦਿਆਂਗਾ । ਚੋਰ ਡਾਕੂ ਦੇ ਆਖੇ ਲੱਗ ਕੇ ਵੀ ਨਾ ਮੋੜਨ । ਮਹਾਰਾਜ ਨੇ ਇਕ ਚੋਰ ਨੂੰ ਰਾਤੀਂ ਭੈ ਦਿਤਾ, ਉਹ ਮਰਾਸੀ ਜਾਤ ਦਾ ਸੀ । ਭੈ ਦੇ ਕੇ ਆਖਣ ਲੱਗੇ ਕੁੱਤਿਆ ਮਰਾਸੀਆ ਤੇਰੇ ਪ੍ਰਾਣ ਕੱਢ ਦਿਆਂਗੇ, ਨਹੀਂ ਤੇ ਸਾਡੇ ਬੌਲਦ ਤੇ ਘੋੜੀ ਦੇ ਦੇ । ਮਰਾਸੀ ਉਸੇ ਵਕਤ ਬੌਲਦ ਤੇ ਘੋੜੀ ਜਿਥੇ ਹੈ ਸਨ, ਲੈਣ ਤੁਰ ਪਿਆ । ਬੌਲਦ ਲੈ ਆਇਆ ਘੋੜੀ ਫਿਰ ਨਾਲ ਦੇ ਚੋਰਾਂ ਨਹੀਂ ਦਿਤੀ । ਰੱਖ ਵਾਲੇ ਡਾਕੂ ਕੋਲ ਮਰਾਸੀ ਬੌਲਦ ਛੱਡ ਗਿਆ ਤੇ ਆਖਣ ਲੱਗਾ ਪਾਤਸ਼ਾਹ ਅੱਗੇ ਮੇਰੀ ਬੇਨੰਤੀ ਕਰੀਂ, ਰਾਤ ਮੈਨੂੰ ਬੜਾ ਭੈ ਦਿਤਾ ਹੈ, ਮੇਰੇ ਤੇ ਦਇਆ ਕਰਨ । ਡਾਕੂ ਸਨੇਹਾ ਘਲਿਆ ਸੱਚੇ ਪਾਤਸ਼ਾਹ ਤੁਹਾਡੇ ਬੌਲਦ ਮੇਰੇ ਕੋਲ ਹਨ, ਤੇ ਆਣ ਕੇ ਲੈ ਜਾਓ । ਪਾਤਸ਼ਾਹ ਬੌਲਦ ਲੈਣ ਰੱਖ ਨੂੰ ਗਏ ਤੇ ਨਾਲ ੧੦ ਬੰਦੇ ਸਨ । ਉਥੇ ਮਰਾਸੀ ਬਚਨ ਕੀਤਾ ਕਿ ਪਾਤਸ਼ਾਹ ਮੈਨੂੰ ਦੋ ਰਾਤਾਂ ਸੌਣ ਨਹੀਂ ਦਿਤਾ, ਮੂੰਹ ਵਿਚ ਘਾ ਲੈ ਕੇ ਭੁਲ ਬਖ਼ਸ਼ੌਂਦਾ ਹੈ । ਪਾਤਸ਼ਾਹ ੧੦ ਰੁਪੈਏ ਜੇਬ ਵਿਚੋਂ ਕੱਢ ਕੇ ਮਰਾਸੀ ਨੂੰ ਦਿਤੇ ਤੇ ਖ਼ੁਸ਼ ਹੋ ਗਿਆ । ਬੂੜੀ ਡਾਕੂ ਨੂੰ ਆਖਣ ਲਗੇ, ਜਾਹ ਤੂੰ ਪੇਸ਼ ਹੋ ਜਾ, ਬਰੀ ਹੋਜੇਂਗਾ । ਤੈਨੂੰ ਤੱਤੀ ਵਾ ਨਾ ਲੱਗੂ । ਦੂਸਰਿਆਂ ਚੋਰਾਂ ਨੇ ਘੋੜੀ ਨਹੀਂ ਦਿਤੀ । ਘੋੜੀ ਲਕੌਂਦੇ ਫਿਰਦੇ ਹਨ । ਮਗਰੋਂ ਉਨ੍ਹਾਂ ਦੀ ਬੜੀ ਬਦਨਾਮੀ ਹੋਈ । ਇਕੋ ਫੁਕਾਰਾ ਪਾਤਸ਼ਾਹ ਮਾਰਿਆ, ਫਿਰ ਪਿਛੋਂ ਕਿਸੇ ਚੋਰ ਡੰਗਰ ਨੂੰ ਹੱਥ ਨਹੀਂ ਲਾਇਆ, ਖੁਲ੍ਹੇ ਚਰਦੇ ਰਹੇ । ।

## ✳ ਸੱਚੇ ਪਾਤਸ਼ਾਹ ਦੇ ਸਿਖ ਚੇਤ ਸਿੰਘ ਤੇ ਹਰਸੁਖ ਲਾਲ ਖੱਤਰੀ ਦੀ ਸਾਖੀ ✳

ਘਵਿੰਡ ਦਾ ਇਕ ਖੱਤਰੀ ਸੀ । ਚੇਤ ਸਿੰਘ ਉਸ ਤੋਂ ਗਰਜ ਬਦਲੇ ਰੁਪੈਏ ਲਏ ਸੀ । ੩ ਸਾਲ ਹੋ ਗਏ ਰੁਪੈਏ ਲਿਆਂ ਨੂੰ । ਇਕ ਦਿਹਾੜੀ ਮਨਿਆਦ ਰੈਂਹਦੀ ਸੀ । ਸੱਚੇ ਪਾਤਸ਼ਾਹ ਅੱਗੇ ਖੱਤਰੀ ਫਰਿਆਦ ਲੌਂਦਾ ਹੈ, ਕਿ ਪਾਤਸ਼ਾਹ ਤੁਹਾਡੇ ਸਿਖ ਚੇਤ ਸਿੰਘ ਤਿੰਨ ਸਾਲ ਹੋ ਗਏ ਮੇਰੇ ਪੈਸੇ ਨਹੀਂ ਦਿਤੇ । ਪਾਤਸ਼ਾਹ ਆਖਣ ਲੱਗੇ ਬਾਬਾ ਜੀ ਭਲਕੇ ਕਲਸੀ ਚਲਾਂਗੇ ਤੇ ਤੈਨੂੰ ਪੈਸੇ ਦਵਾ ਦਵਾਂਗੇ । ਓਹ ਆਖਣ ਲੱਗਾ ਪਾਤਸ਼ਾਹ ਭਲਕ ਦੀ ਦਿਹਾੜੀ ਮਨਿਆਦ ਹੈ । ਕਿਸ ਤਰ੍ਹਾਂ ਹੋਵੇ ਹੁਣ । ਪਾਤਸ਼ਾਹ ਆਖਣ ਲੱਗੇ ਬਾਬਾ ਫਿਕਰ ਨਾ ਕਰ, ਅਸੀਂ ਤੈਨੂੰ ਪੈਸੇ ਦਵਾ ਦਿਆਂਗੇ । ਖੱਤਰੀ ਸਤਿ ਬਚਨ ਮੰਨ ਲਿਆ । ਸੱਚੇ ਪਾਤਸ਼ਾਹ ਫਿਰ ਮਹੀਨਾ ਹੋ ਗਿਆ ਤੇ ਪੈਸੇ ਨਾ ਪੁਛੇ । ਇਕ ਦਿਨ ਪਾਤਸ਼ਾਹ ਨੂੰ ਧਿਆਨ ਆਇਆ ਆਖਣ ਲੱਗੇ ਚਲ ਬਾਬਾ, ਤੈਨੂੰ ਪੈਸੇ ਦੁਵਾ ਲਿਆਈਏ । ਓਸ ਆਖਿਆ ਜੀ ਮੈਂ ਓਥੇ ਜਾ ਕੇ ਕੀ ਬਣੌਣਾ ਹੈ, ਮਨਿਆਦ ਲੰਘ ਗਈ ਹੈ । ਹੁਣ ਜੀ ਕਰਦਾ ਤੇ ਦੁਵਾ ਦਿਓ, ਨਹੀਂ ਤੇ ਨਾ ਦੁਵਾਓ । ਫਿਰ ਖੱਤਰੀ ਪਾਤਸ਼ਾਹ ਦੇ ਨਾਲ ਰਖ ਵਿਚ ਚਲਾ ਗਿਆ ਹੈ ਜੀ । ਸੱਚੇ ਪਾਤਸ਼ਾਹ ਜਦੋਂ ਕਿਤੇ ਜਾਂਦੇ ਸੀ, ਨਾਲ ੧੦ ਆਦਮੀ ਜ਼ਰੂਰ

ਹੁੰਦੇ ਸੀ । ਐਸੇ ਦਿਆਲੂ ਸਨ, ਅੱਠੇ ਪਹਿਰ ਭੰਡਾਰੇ ਭਰਭੂਰ ਰਖਦੇ ਸਨ । ਜੋ ਕੋਈ ਮੂੰਹੋਂ ਮੰਗਦਾ ਸੀ ਦੇਈ ਜਾਂਦੇ ਸਨ । ਕਈ ਤਾਂ ਦਰਸ਼ਨ ਦੇ ਭੁੱਖੇ ਅੱਠੇ ਪਹਿਰ ਨਾਲ ਰੈਂਦੇ ਹਨ, ਤੇ ਕਈ ਢਿਡ ਦੇ ਭੁੱਖੇ ਨਾਲ ਰਹਿੰਦੇ ਹਨ । ਕਈ ਨਾਲ ਸ਼ਿਕਾਰੀ ਕੁੱਤੇ ਤੇ ਹੋਰ ਗਗੜੇ ਸਾਂਸੀ ਵੀ ਨਾਲ ਹੁੰਦੇ ਸਨ । ਓਨ੍ਹਾਂ ਦੀ ਲੀਲ੍ਹਾ ਨੂੰ ਓਹੋ ਜਾਣਦੇ ਹਨ । ਜਿਸ ਤਰ੍ਹਾਂ ਸੌਣ ਦੀ ਘਟਾ ਵੇਖ ਕੇ ਮੋਰ ਖ਼ੁਸ਼ ਹੁੰਦਾ ਹੈ, ਇਸ ਤਰ੍ਹਾਂ ਨਾਲ ਜੇਹੜੇ ਗਰੀਬ ਗੁਰਬੇ ਹਨ, ਓਹ ਖ਼ੁਸ਼ ਹੁੰਦੇ ਹਨ ਕਿ ਚਾਰ ਪਹਿਰ ਪਰਸ਼ਾਦ ਨਾਲ ਰੱਜਾਂਗੇ । ਜਿਸ ਪਾਸੇ ਜਾਂਦੇ ਹਨ ਫੌਜਾਂ ਵਾਂਗੂ ਰੌਲਾ ਪੈਂਦਾ ਜਾਂਦਾ ਹੈ । ਧੰਨ ਮਾਝੇ ਦੇਸ਼ ਦੀ ਧਰਤੀ ਜਿਥੇ ਦੀਨ ਦਿਆਲ ਲੀਲ੍ਹਾ ਕਰ ਰਹੇ ਹਨ । ਸ਼ਿਕਾਰ ਖੇਡਦੇ ਖੇਡਦੇ ਰੱਖ ਵਿਚ ਚਲੇ ਗਏ ਹਨ । ਜੁਗਾਂ ਦੇ ਵਿਛੜਿਆਂ ਨੂੰ ਜੰਗਲਾਂ ਦੇ ਜੀਆਂ ਨੂੰ ਤੇ ਜੰਗਲਾਂ ਦੇ ਦਰਖਤਾਂ ਨੂੰ ਦਰਸ਼ਨ ਦੇ ਕੇ ਤਾਰ ਰਹੇ ਹਨ । ਦੁਪਹਿਰੇ ਜਾ ਕੇ ਚੇਤ ਸਿੰਘ ਦੇ ਘਰ ਪਹੁੰਚੇ ਹਨ । ਚੇਤ ਸਿੰਘ ਤੇ ਉਸ ਦੇ ਪੁੱਤਰ ਦੀਨ ਦਿਆਲ ਨੂੰ ਵੇਖ ਕੇ ਬੜਾ ਖ਼ੁਸ਼ ਹੋਏ । ਨਿਮਸਕਾਰ ਕੀਤੀ ਤੇ ਪਲੰਘ ਡਾਹ ਦਿਤਾ ਤੇ ਸਾਰਾ ਪਰਵਾਰ ਵੇਖ ਕੇ ਬੜਾ ਖ਼ੁਸ਼ ਹੋਇਆ । ਜਲ ਪਾਣੀ ਵੀ ਬੜੇ ਪ੍ਰੇਮ ਨਾਲ ਛਕਾਇਆ ਤੇ ਓਸ ਵਕਤ ਚਾਹ ਧਰੀ ਹੈ । ਛੰਗਾਰ ਸਿੰਘ ਓਸ ਵਕਤ ਆਖਿਆ, (ਚੇਤ ਸਿੰਘ ਦੇ ਵੱਡੇ ਪੁਤ ਨੇ) ਸੱਚੇ ਪਾਤਸ਼ਾਹ ਦੁਧ ਸਵੇਰ ਦਾ ਕੜ੍ਹਿਆ ਹੋਇਆ ਏ, ਤਾਜਾ ਦੁਧ ਤੁਹਾਡੀ ਚਾਹ ਵਿਚ ਪੌਂਦੇ ਤਾਂ ਸਈ ਪਰ . . . . . ਪਾਤਸ਼ਾਹ ਹੱਸ ਕੇ ਬਚਨ ਕੀਤਾ, ਛੰਗਾਰ ਸਿੰਘ, ਜੇਹੜੀ ਮੈਂਹ ਤੇਰੀ ਮਰਜੀ ਆ ਫੜ ਕੇ ਚੋ ਲਾ, ਓਹੋ ਮਿਲ ਪਊ । ਸਾਰੀਆਂ ਮਈਂ ਗਾਈਂ ਤੁਹਾਡੀਆਂ ਸੁਰਿਆਂ ਹੋ ਜਾਣਗੀਆਂ, ਜਦੋਂ ਜੀ ਕਰੇ ਚੋ ਲਿਆ ਕਰਿਓ । ਉਸ ਦਿਨ ਤੋਂ ਜੇਹੜੀ ਮੈਂਹ ਥੱਲੇ ਕੱਟੀ ਕੱਟਾ ਛੱਡਦੇ ਹਨ, ਓਹੋ ਮਿਲ ਪੈਂਦੀ ਹੈ । ਐਸੀ ਪਾਤਸ਼ਾਹ ਦਇਆ ਕੀਤੀ, ਸਾਰੀ ਸੰਗਤਾਂ ਨੂੰ ਪ੍ਰੇਮ ਨਾਲ ਦੁੱਧ ਛਕਾਈ ਜਾਂਦੇ ਹਨ । ਸਭ ਸ਼ਿਕਾਰੀ ਤੇ ਸਿਖ ਧੰਨ ਧੰਨ ਸੱਚੇ ਪਾਤਸ਼ਾਹ ਨੂੰ ਕਰ ਰਹੇ ਹਨ ਕਿ ਸੱਚੇ ਪਾਤਸ਼ਾਹ ਜਿਥੇ ਤੁਸੀਂ ਜਾਂਦੇ ਜੇ, ਓਥੇ ਕੋਈ ਤੋਟ ਨਹੀਂ ਰੈਂਹਦੀ । ਪਰਸ਼ਾਦ ਤਿਆਰ ਹੋ ਗਏ ਹਨ ਜੀ । ਬੇਨੰਤੀ ਕਰ ਕੇ ਥਾਲ ਲਵਾਇਆ ਗਿਆ ਹੈ, ਪਾਤਸ਼ਾਹ ਛਕਦੇ ਹਨ । ਨਾਲ ਗਰੀਬ ਗੁਰਬਾ ਵੀ ਪਰਸੰਨ ਹੋ ਰਹੇ ਹਨ । ਪਰਸ਼ਾਦ ਛਕ ਕੇ ਪਾਤਸ਼ਾਹ ਤੁਰਨ ਲੱਗੇ ਹਨ । ਚੇਤ ਸਿੰਘ ਤੇ ਉਸ ਦੇ ਪੁੱਤਰ ਬੇਨੰਤੀ ਕਰਦੇ ਹਨ । ਸੱਚੇ ਪਾਤਸ਼ਾਹ ਸਾਨੂੰ ਪਾਣੀ ਦੀ ਬੜੀ ਔਖਿਆਈ ਹੈ, ਦੂਰੋਂ ਲਿਔਂਦਾ ਪੈਂਦਾ ਛਕਣ ਵਾਸਤੇ, ਓਹ ਜਲ ਵੀ ਸਵਾਦ ਨਹੀਂ ਹੈ । ਘਵਿੰਡ ਪਿੰਡ ਦਾ ਇਕ ਜ਼ਿਮੀਦਾਰ ਸੁੰਦਰ ਸਿੰਘ ਪਾਤਸ਼ਾਹ ਦਾ ਸਿਖ ਸੀ । ਪਿਛਲਾ ਜਨਮ ਉਸ ਦਾ ਬੜਾ ਉਜਲਾ ਸੀ । ਪਿਛਲੇ ਜਨਮ ਸੁੰਦਰ ਸਿੰਘ ਗਗੋ ਬੂਹੇ ਗੁਰੂ ਹੋਇਆ ਸੀ । ਵੀਰ ਸਿੰਘ ਨਾਮ ਸੀ । ਨੌਰੰਗਾਬਾਦ ਤੇ ਮੁਠਿਆਂ ਵਾਲੇ ਉਸ ਦੇ ਝੰਡੇ ਝੁਲਦੇ ਸੀ । ਹੁਣ ਘਵਿੰਡ ਵਿਚ ਜਰਮ ਲੈ ਕੇ ੧੦੦ ਸਾਲ ਦੀ ਉਮਰ ਹੋ ਗਈ ਹੈ । ਐਡੀ ਉਸ ਤੇ ਪਾਤਸ਼ਾਹ ਦੀ ਦਇਆ ਹੈ, ਉਸ ਨੂੰ ਆਪਣੇ ਪਿਛਲੇ ਜਨਮ ਦੀ ਵੀ ਸੁਰਤ ਹੈ । ਸੱਚੇ ਪਾਤਸ਼ਾਹ ਨੂੰ ਰੋਜ਼ ਸਵੇਰੇ ਉਠ ਕੇ ਨੰਗੀ ਪੈਰੀਂ ਆ ਕੇ ਦਾੜੇ ਨਾਲ ਪਾਤਸ਼ਾਹ ਦੇ ਚਰਨ ਝਾੜਦਾ ਹੈ ਤੇ ਲੰਗਰ ਦੇ ਭਾਂਡੇ ਸਾਰੇ ਮਾਂਜ ਕੇ ਜਾਂਦਾ ਹੈ । ਓਧਰ ਓਥੇ ਸੱਚੇ ਪਾਤਸ਼ਾਹ ਚੇਤ ਸਿੰਘ ਨੂੰ ਆਂਦੇ ਹਨ ਕਿ ਬਾਬੇ ਸੁੰਦਰ ਸਿੰਘ ਨੂੰ ਲਿਆ ਕੇ, ਪਹਿਲਾ ਟੱਪ ਲਵਾ ਲੋ, ਤੇ ਖੂਹਾ ਪੁਟ ਲੋ । ਇਥੋਂ ਅੰਮ੍ਰਿਤ ਜਲ ਨਿਕਲੇਗਾ । ਸੱਚੇ ਪਾਤਸ਼ਾਹ ਸਿਖਾਂ ਨੂੰ ਵਰ ਤੇ ਖ਼ੁਸ਼ੀਆਂ ਦੇ ਕੇ ਨਿਹਾਲ ਕਰ ਕੇ ਆ ਗਏ ਹਨ । ਤੁਰਨ ਲੱਗੇ ਚੇਤ ਸਿੰਘ ਨੂੰ ਆਂਦੇ ਹਨ, ਚੇਤ ਸਿੰਘ ਸੁਖ ਲਾਲ ਖੱਤਰੀ ਆਂਦਾ ਮੈਂ ਚੇਤ ਸਿੰਘ ਕੋਲੋਂ ਰੁਪੈਏ ਲੈਣੇ ਹਨ । ਉਸ ਆਖਿਆ ਜੀ ਦੇਣੇ ਹਨ, ਦੋ ਮੇਰੇ ਕੋਲ ਵੈਹੜਾਂ ਹਨ, ਲੈ ਜਾਵੇ ਤੇ ਪੈਸੇ ਪੂਰੇ ਕਰ ਲਵੇ । ਖੱਤਰੀ ਆਖਣ ਲੱਗਾ ਪਾਤਸ਼ਾਹ ਮੈਥੋਂ ਵੈਹੜਾਂ ਸਾਂਭੀਆਂ ਨਹੀਂ ਜਾਣੀਆਂ । ਮੈਨੂੰ ਥੋੜੇ ਪੈਸੇ ਦੇ ਦੇਵੇ, ਤੇ ਨਕਦ ਦੇ ਦੇਵੇ । ਚੇਤ ਸਿੰਘ ਆਖਿਆ ਮਹਾਰਾਜ ਜੀ ਦੋਵਾਂ ਵੈਹੜਾਂ ਵਿਚੋਂ ਜੇਹੜੀ ਜੀ ਕਰਦਾ ਓ ਮੱਲ ਲਵੇ ਤੇ ਜਦੋਂ ਸੂਣਗੀਆਂ ਓਦੋਂ ਲੈ ਜਾਵੇ, ਮੈਂ ਸਾਂਭੀ ਜਾਂਦਾ ਹਾਂ । ਖੱਤਰੀ ਨੇ ਜੇਹੜੀ ਚੰਗੀ ਸੀ ਓਹ ਮੱਲ ਲਈ । ਬਚਨ ਕਰ ਕੇ ਪਾਤਸ਼ਾਹ ਘਵਿੰਡ ਨੂੰ ਆ ਗਏ ਹਨ । ਕੋਈ ਦਿਨ ਪਾ ਕੇ ਦੋਵੇਂ ਵੈਹੜਾਂ ਸੂ ਪਈਆਂ ਹਨ ਜੀ । ਸ਼ੱਤਰੀ ਵਾਲੀ ਵੈਹੜ ਨੇ ਵੱਛਾ ਦਿਤਾ ਹੈ, ਤੇ

ਦੂਜੀ ਨੇ ਵੱਛੀ ਦਿਤੀ ਹੈ । ਸ਼ੱਤਰੀ ਨੇ ਸੁਣਿਆ ਤੇ ਆਖਣ ਲੱਗਾ, ਪਾਤਸ਼ਾਹ ਮੇਰੀ ਵੈਹੜ ਸੁਣਿਆ ਹੈ ਕਿ ਸੂ ਪਈ ਹੈ, ਦਇਆ ਕਰੋ ਤੇ ਸਾਨੂੰ ਲਿਆ ਦਿਉ । ਪਾਤਸ਼ਾਹ ਆਖਿਆ ਜਾਹ ਬਾਬਾ ਤੂੰ ਆਪੇ ਲੈ ਆ, ਤੈਨੂੰ ਦੇ ਦੇਣਗੇ । ਖੱਤਰੀ ਰੱਖ ਵਿਚ ਚਲਾ ਗਿਆ ਤੇ ਜਾ ਕੇ ਗਊ ਮੰਗੀ ਹੈ । ਚੇਤ ਸਿੰਘ ਆਖਿਆ, ਸ਼ਾਹ ਜੀ ਵੱਛੀ ਵਾਲੀ ਗਊ ਲੈ ਜਾਓ । ਸ਼ੱਤਰੀ ਆਖਣ ਲਗਾ, ਮੇਰੀ ਤਾਂ ਵੱਛੇ ਵਾਲੀ ਹੈ ਤੇ ਮੈਂ ਇਹ ਕਿਉਂ ਖੜਾਂ । ਚੇਤ ਸਿੰਘ ਆਖਣ ਲਗਾ, ਮੈਂ ਵੱਛੇ ਵਾਲੀ ਗਊ ਨਹੀਂ ਦੇਣੀ ਜੀ ਕਰਦਾ ਤੇ ਵੱਛੀ ਵਾਲੀ ਲੈ ਜਾ ਨਹੀਂ ਤੇ ਨਾ ਖੜ । ਸ਼ੱਤਰੀ ਸੱਚੇ ਪਾਤਸ਼ਾਹ ਨੂੰ ਘਵਿੰਡ ਆਣ ਕੇ ਦੱਸਿਆ । ਪਾਤਸ਼ਾਹ ਖੱਤਰੀ ਨੂੰ ਆਖਣ ਲੱਗੇ, ਚੇਤ ਸਿੰਘ ਨਹੀਂ ਮੁਕਰਦਾ । ਅਸੀਂ ਕਿਸੇ ਦਿਨ ਤੇਰੇ ਨਾਲ ਚਲ ਕੇ ਗਊ ਤੇਰੀ ਦੁਵਾ ਲਿਆਵਾਂਗੇ । ਇਕ ਦਿਨ ਪਾਤਸ਼ਾਹ ਆਖਣ ਲਗੇ, ਆ ਬਾਬਾ ਤੇਰੀ ਗਊ ਦੁਵਾ ਲਿਆਈਏ । ਸੱਚੇ ਪਾਤਸ਼ਾਹ ਖੱਤਰੀ ਦੇ ਨਾਲ ਰੱਖ ਵਿਚ ਚਲੇ ਗਏ ਹਨ । ਸਿਖਾਂ ਜਾਂਦਿਆਂ ਦਾ ਦਰਸ਼ਨ ਕਰ ਕੇ ਬੜੇ ਨਿਹਾਲ ਹੋਏ ਹਨ । ਬਾਲੇ ਚੱਕ ਵਾਲਾ ਆਸਾ ਸਿੰਘ ਵੀ ਰੱਖ ਵਿਚ ਵਾਈ ਕਰਦਾ ਸੀ । ਉਸ ਵੀ ਦਰਸ਼ਨ ਕੀਤੇ ਤੇ ਧੰਨ ਧੰਨ ਦਿਹਾੜਾ ਸਮਝਿਆ । ਪਾਤਸ਼ਾਹ ਉਸ ਵਕਤ ਬਚਨ ਬਲਾਸ ਕਰਨ ਲਗੇ । ਆਖਣ ਚੇਤ ਸਿੰਘ, ਅਸਾਂ ਖੱਤਰੀ ਨੂੰ ਘੱਲਿਆ ਸੀ ਤੂੰ ਗਊ ਨਹੀਂ ਦਿਤੀ । ਓਸ ਆਖਿਆ ਜੀ ਮੈਂ ਵੱਛੀ ਵਾਲੀ ਗਊ ਇਹਨੂੰ ਆਖੀ ਤੇ ਏਸ ਨੇ ਖੜੀ ਨਹੀਂ । ਪਾਤਸ਼ਾਹ ਆਖਣ ਲੱਗੇ, ਤੂੰ ਵੱਛਾ ਕਰ ਕੇ ਹੁਣ ਮੁਕਰਦਾ ਹੈ । ਗਊ ਤਾਂ ਇਹਦੀ ਵੱਛੇ ਵਾਲੀ ਹੈ । ਚੇਤ ਸਿੰਘ ਆਖਣ ਲਗਾ, ਪਾਤਸ਼ਾਹ ਮੈਂ ਵੱਛੇ ਵਾਲੀ ਗਊ ਨਹੀਂ ਦੇਣੀ ਜੀ । ਜੀ ਕਰਦਾ ਤੇ ਵੱਛੀ ਵਾਲੀ ਲੈ ਜੇ ਨਹੀਂ ਤਾਂ ਨਾ ਖੜੇ । ਪਾਤਸ਼ਾਹ ਖੱਤਰੀ ਨੂੰ ਆਖਣ ਲੱਗੇ, ਬਾਬਾ ਸਾਡੇ ਆਖੇ ਤੂੰ ਵੱਛੀ ਵਾਲੀ ਗਊ ਲੈ ਜਾ, ਆਪੇ ਤੈਨੂੰ ਲੈਹਣੀਆਂ ਕਰੇਗੀ । ਖੱਤਰੀ ਸਤਿ ਬਚਨ ਮੰਨ ਕੇ ਵੱਛੀ ਵਾਲੀ ਗਊ ਲੈ ਆਇਆ ਹੈ । ਚੇਤ ਸਿੰਘ ਵਾਲੀ ਗਊ ਨੇ ਏਨ੍ਹਾਂ ਨੂੰ ਦੁਧ ਨਹੀਂ ਚੋਣ ਦਿਤਾ । ਵੱਛੇ ਨੂੰ ਚੰਗੋਦੀ ਰਹੀ ਹੈ, ਤੇ ਫਿਰ ਗਾਂ ਮੁੜ ਕੇ ਸੂਈ ਨਹੀਂ । ਓਹੋ ਵੱਛਾ ਦਿਤਾ ਫਿਰ ਨਹੀਂ ਸੂਈ । ਫਿਰ ਜਦੋਂ ਪਾਤਸ਼ਾਹ ਨੇ ਜਾਣਾ ਤੇ ਓਦੋਂ ਚੇਤ ਸਿੰਘ ਬੇਨੰਤੀਆਂ ਕਰਨੀਆਂ । ਸੱਚੇ ਪਾਤਸ਼ਾਹ ਗਊ ਬੜੀ ਸੀ ਵੱਛੇ ਵਾਲੀ ਮੁੜ ਕੇ ਸੂਈ ਨਹੀਂ । ਪਾਤਸ਼ਾਹ ਆਖਣ ਲੱਗੇ, ਚੇਤ ਸਿੰਘ ਅਸੀਂ ਤੇਰੇ ਤੇ ਬੜਾ ਰੈਹਮ ਕਰ ਆਏ ਹਾਂ ਤੇ ਗਊ ਤੇ ਗੁੱਸਾ ਪਾ ਆਏ ਹਾਂ । ਗੁੱਸਾ ਸਾਨੂੰ ਤੇਰਾ ਸੀ, ਜੇਹੜਾ ਤੂੰ ਜਬਾਨ ਕਰਕੇ ਮੁਕਰ ਗਿਆ ਸੀ । ਹੁਣ ਇਹ ਗਊ ਇਸ ਜਨਮ ਵਿਚ ਨਾ ਸੂਏ ਗੀ । ਚੇਤ ਸਿੰਘ ਦੇ ਅਖਤਿਆਰ ਨਹੀਂ, ਅਸੀਂ ਸਾਰੇ ਸਿਖ ਹੀ ਭੁਲਣਹਾਰ ਹਾਂ । "ਭੁਲਣ ਅੰਦਰ ਸਭ ਕੋ ਅਣਭੁਲ ਗੁਰੂ ਕਰਤਾਰ", ਸੱਚੇ ਪਿਤਾ ਆਪ ਹੀ ਬਾਹੋਂ ਫੜ ਕੇ ਸਿਖਾਂ ਨੂੰ ਤਾਰ ਰਹੇ ਹਨ । ਸਾਡੇ ਵਿਚ ਗੁਣ ਕੋਈ ਨਹੀਂ । ।

## ❊ ਤੇਜਾ ਸਿੰਘ ਸਿਖ ਦੀ ਸਾਖੀ ਕਿਸ ਤਰ੍ਹਾਂ ਪਾਤਸ਼ਾਹ ਨੂੰ ਘੋੜਾ ਦਿਤਾ ❊

ਤੇਜਾ ਸਿੰਘ ਸਿਖ ਨੇ ਇਕ ਵੇਰਾਂ ਤਿੰਨ ਵਛੇਰੇ ਕੱਠੇ ਖਰੀਦੇ । ਜਿਸ ਵੇਲੇ ਢਾਈਆਂ ਤਿੰਨਾਂ ਸਾਲਾਂ ਦੇ ਘੋੜੇ ਬਣੇ ਹਨ ਜੀ । ਇਕ ਵਛੇਰਾ ਛੋਟਾ ਵੇਚ ਲਿਆ ਤੇ ਦੂਸਰੇ ਦੋ ਪਾਸ ਹਨ । ਉਨ੍ਹਾਂ ਦੋਹਾਂ ਵਿਚੋਂ ਇਕ ਬੜਾ ਸੁੰਦਰ ਘੋੜਾ ਸੀ ਕਮੈਦ ਰੰਗ ਦਾ । ਮੱਥਿਓ ਬੱਲਾ ਤੇ ਚੰਬਾ ਸੀ । ਦਰਸ਼ਨ ਕਰਨ ਨੂੰ ਮਾਣਾ ਸਿੰਘ ਘਵਿੰਡ ਆਇਆ ਹੋਇਆ ਹੈ । ਪਾਤਸ਼ਾਹ ਆਖਣ ਲਗੇ, ਬਾਬਾ ਅਸਾਂ ਤੇਰੇ ਕੋਲੋਂ ਘੋੜਾ ਸੇਵਾ ਵਿਚ ਲੈਣਾ ਹੈ । ਹੱਥ ਜੋੜ ਕੇ ਮਾਣਾ ਸਿੰਘ ਆਖਣ ਲਗਾ, ਸੱਚੇ ਪਿਤਾ ਆਪ ਦੇ ਘੋੜੇ ਹਨ । ਜਦੋਂ ਹੁਕਮ ਕਰੋ ਉਸੇ ਵਕਤ ਸੇਵਾ ਵਿਚ ਦੇ ਜਾਂਦਾ ਹਾਂ । ਮਹਾਰਾਜ ਹੋਰੀਂ ਆਖਣ ਲੱਗੇ, ਬਾਬਾ ਜੇਹੜੀ ਸੇਵਾ ਮੂੰਹੋਂ ਕੱਢੀਏ, ਉਸੇ ਵਕਤ ਦੇ ਦੇਣੀ ਚਾਹੀਦੀ ਹੈ । ਹੱਥ ਜੋੜ ਕੇ ਬੇਨੰਤੀ ਕਰਦਾ ਹੈ ਦੀਨ ਦਿਆਲ ਦੋ ਵਛੇਰੇ ਨੇ, ਜੇਹੜਾ ਹੁਕਮ ਕਰੋ ਮੈਂ ਭੇਜ ਦੇਂਦਾ ਹਾਂ । ਮਹਾਰਾਜ ਹੋਰੀਂ ਆਖਣ ਲਗੇ, ਬਾਬਾ ਜਿਹੜਾ ਕਮੈਤ ਰੰਗ ਦਾ ਘੋੜਾ ਹੈ, ਓਹ ਸਾਨੂੰ ਭੇਜ ਦੇ । ਤੇਜਾ ਸਿੰਘ ਦੇ ਬਾਪ ਨੇ ਘੋੜਾ ਲਿਆ ਕੇ ਪਾਤਸ਼ਾਹ ਦੀ ਸੇਵਾ

ਕਰ ਦਿਤੀ । ਪਾਤਸ਼ਾਹ ਪੁਛਦੇ ਨੇ, ਬਾਬਾ ਘੋੜਾ ਲਾਦੂ ਕੱਢਿਆ ਕਿ ਨਹੀਂ ? ਉਸ ਆਖਿਆ ਜੀ ਅਸੀਂ ਤਾਂ ਨਹੀਂ ਉਤੇ ਚੜ੍ਹੇ, ਆਪ ਦਇਆ ਕਰੋ । ।

ਭਾਦਰੋਂ ਦੇ ਮਹੀਨੇ ਦਾ ਬਚਨ ਹੈ, ਦੂਸਰਾ ਵਛੇਰਾ ਪਾਲਦੇ ਹਨ ਜੀ । ਤੇਜਾ ਸਿੰਘ ਦੂਸਰੇ ਵਛੇਰੇ ਚੜ੍ਹ ਕੇ ਪਾਤਸ਼ਾਹ ਕੋਲ ਆਇਆ ਹੈ ਦਰਸ਼ਨ ਕਰਨ । ਪਾਤਸ਼ਾਹ ਹੱਸ ਕੇ ਆਖਣ ਲੱਗੇ ਤੇਜਾ ਸਿੰਘ ਆਪਣੇ ਵਾਲਾ ਘੋੜਾ ਸਾਨੂੰ ਦੇ ਦੇ ਤੇ ਸਾਡੇ ਵਾਲਾ ਤੂੰ ਲੈ ਲਾ । ਜੇ ਭਾਗ ਚੰਗੇ ਹੁੰਦੇ ਤੇ ਸਿਖ ਸਤਿ ਬਚਨ ਮੰਨ ਲੈਂਦਾ ਜੀ । ਅੱਗੋਂ ਸਗੋਂ ਬੇਨੰਤੀ ਕਰਨ ਦੀ ਬਜਾਏ ਤੇਜਾ ਸਿੰਘ ਆਖਣ ਲਗਾ, ਸੱਚੇ ਪਾਤਸ਼ਾਹ ਇਹ ਘੋੜਾ ਨਹੀਂ ਤੁਹਾਨੂੰ ਦੇਣ ਵਾਲਾ । ਸਿਖ ਦਾ ਕਰਮ ਨਹੀਂ ਅਗੋਂ ਪਾਤਸ਼ਾਹ ਦਾ ਬਚਨ ਮੋੜਨਾ ਜੀ । ਪਰ ਸੱਚੇ ਪਾਤਸ਼ਾਹ ਜਬਾਬ ਸੁਣ ਕੇ ਚੁਪ ਕਰ ਗਏ । ਐਸਾ ਖੋਟਾ ਬਚਨ ਕਰਨ ਕਰਕੇ ਪਾਤਸ਼ਾਹ ਨਰਾਜ਼ ਜਾਪਦੇ ਹਨ । ਦਿਹਾੜੀ ਰਹਿ ਕੇ ਤੇਜਾ ਸਿੰਘ ਚਲਾ ਗਿਆ ਹੈ । ਜਾ ਕੇ ਆਪਣੇ ਬਾਪ ਨੂੰ ਆਖਿਆ, ਬਾਪੂ ਪਾਤਸ਼ਾਹ ਤਾਂ ਇਹ ਵੀ ਘੋੜਾ ਮੰਗਦੇ ਸਨ । ਮਾਣਾ ਸਿੰਘ ਆਖਣ ਲਗਾ, ਫੇਰ ਤੂੰ ਕੀ ਆਖਿਆ ਸੀ । ਤੇਜਾ ਸਿੰਘ ਆਖਿਆ ਬਾਪੂ ਮੈਂ ਆਖਿਆ ਸੀ, ਪਾਤਸ਼ਾਹ ਇਹ ਘੋੜਾ ਨਹੀਂ ਤੁਹਾਡੇ ਦੇਣ ਵਾਲਾ । ਮਾਣਾ ਸਿੰਘ ਆਖਿਆ ਤੂੰ ਬਹੁਤ ਕਠੋਰ ਬਚਨ ਬੋਲਿਆ ਹੈ । ਸਿਖ ਦਾ ਕੰਮ ਨਹੀਂ ਇਹ ਬਚਨ ਬੋਲਣਾ । ਤੇਜਾ ਸਿੰਘ ਆਖਿਆ, ਮੈਥੋਂ ਬਾਪੂ ਜੀ ਗਲਤੀ ਹੋ ਗਈ ਹੈ, ਮੈਨੂੰ ਭੁਲ ਬਖ਼ਸ਼ਣਾ । ਕੋਈ ਦਿਨ ਪਾ ਕੇ ਤੇਜਾ ਸਿੰਘ ਵਿਸਾਖੀ ਤੇ ਘੋੜਾ ਲੈ ਕੇ ਗਿਆ ਹੈ । ੫੦੦ ਰੁਪੈਆ ਘੋੜੇ ਦਾ ਮਿਲੇ ਤੇ ਤੇਜਾ ਸਿੰਘ ਨੇ ਦਿਤਾ ਨਾ । ਠੱਗਾਂ ਕੋਲੋਂ ਘੋੜਾ ਠਗਾ ਕੇ ਆ ਗਿਆ । ਰਸੀਦ ਵੀ ਓਨ੍ਹਾਂ ਨੇ ਬਣਵਾ ਲਈ ਤੇ ਪੈਸੇ ਵੀ ਨਾ ਓਨ੍ਹਾਂ ਦਿਤੇ । ਪਾਤਸ਼ਾਹ ਦੇ ਹੁਕਮ ਮੋੜਨ ਦਾ ਫਲ ਪਾ ਲਿਆ । ਸਿਖੀ ਵਿਚ ਕਲੰਕ ਲਗ ਗਿਆ ਕਿ ਪਾਤਸ਼ਾਹ ਦਾ ਬਚਨ ਮੋੜਿਆ ਤੇ ਘੋੜਾ ਗੁਆ ਲਿਆ । ਸਿਖ ਸਦਾ ਭੁਲਣਹਾਰ ਹਨ, ਤੇ ਸੱਚਾ ਸਾਹਿਬ ਬਖ਼ਸ਼ਣਹਾਰ ਹੈ । ਏਸੇ ਕਰ ਕੇ ਸਿਖੀ ਦਾ ਬਚਨ ਲਿਖਿਆ ਹੈ, "ਖੰਡਿਉਂ ਤਿਖੀ ਤੇ ਵਾਲੋਂ ਨਿਕੀ" । ਨਿਰੰਕਾਰ ਸੱਚੇ ਪਾਤਸ਼ਾਹ ਦੇ ਦਵਾਰੇ ਸੋਚ ਕੇ ਬਚਨ ਬੋਲਣ ਦੀ ਲੋੜ ਹੈ । ਮਾੜਾ ਬਚਨ ਕੱਢਣ ਨਾਲ ਭੋਗਣਾ ਪੈ ਜਾਂਦਾ । ਅਠ ਘੋੜੇ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਭੁਚਰੋਂ ਆਏ ਹਨ । ।

ਇਕ ਵੇਰਾਂ ਦਾ ਬਚਨ ਹੈ ਕਿ ਤੇਜਾ ਸਿੰਘ ਦੀਆਂ ਅੱਖਾਂ ਦੁਖਣੀਆਂ ਆ ਗਈਆਂ । ਐਨੀਆਂ ਦੁਖਦੀਆਂ ਹਨ ਕਿ ਬਿਲਕੁਲ ਅੱਖੀਂ ਦਿਸਣੋਂ ਹਟ ਗਿਆ । ਚੋਰਾਂ ਠੱਗਾਂ ਵਲ ਧਿਆਨ ਰੱਖਣ ਨਾਲ ਮੇਰੀਆਂ ਅੱਖਾਂ ਬੰਦ ਹੋ ਗਈਆਂ । ੨੭ ਚੱਕੋਂ ੧੦੦ ਕੋਹ ਪੈਂਡਾ ਘਵਿੰਡ ਦਾ ਸੀ । ਬਾਰ ਵਾਲਾ ਬੁਧ ਸਿੰਘ ਪਾਤਸ਼ਾਹ ਦਾ ਸਿੱਖ ਸੀ । ਤੇਜਾ ਸਿੰਘ ਤੇ ਬੁਧ ਸਿੰਘ ਦਾ ਬੜਾ ਪਿਆਰ ਸੀ । ਤੇਜਾ ਸਿੰਘ ਬੁਧ ਸਿੰਘ ਨੂੰ ਆਖਣ ਲਗਾ, ਬੁਧ ਸਿੰਘ ਮੈਂ ਪਾਤਸ਼ਾਹ ਦੀ ਸੇਵਾ ਵਿਚੋਂ ਆ ਗਿਆ ਹਾਂ, ਤੇ ਮੇਰੀਆਂ ਅੱਖਾਂ ਦੁਖਦੀਆਂ ਹਨ । ਜੇ ਮੈਂ ਚਲਾ ਜਾਵਾਂ, ਜਾ ਕੇ ਭੁੱਲ ਬਖ਼ਸ਼ਾ ਲਵਾਂ ਤੇ ਹੁਣੇ ਰਮਾਨ ਆ ਜੇ । ਮੇਰੇ ਪਾਸ ਸੇਵਾ ਹੈ ਨਹੀਂ ਤੇ ਇਸ ਕਰ ਕੇ ਨਹੀਂ ਜਾਂਦਾ । ਬੁਧ ਸਿੰਘ ਕਿਹਾ ਜੋ ਜੀ ਕਰਦਾ ਤੇਰਾ ਮੇਰੇ ਪਾਸੋਂ ਸੇਵਾ ਲੈ ਜਾ, ਮੈਂ ਕਿਸੇ ਕੋਲੋਂ ਲੈ ਦੇਂਦਾ ਹਾਂ । ਤੂੰ ਜਾ ਕੇ ਸੇਵਾ ਕਰ ਤੇ ਦਰਸ਼ਨ ਕਰ ਆ । ਬੁਧ ਨੇ ਇਕ ਸੌ ਪੰਜਾਹ ਰੁਪੈਏ ਪਾਲ ਸਿੰਘ ਕੋਲੋਂ ਉਧਾਰ ਲੈ ਕੇ ਦਿਤੇ ਫਿਰ ਤੇਜਾ ਸਿੰਘ ਨੇ ਸਵਾ ਸੌ ਰੁਪੈਏ ਦਾ ਘੋੜਾ ਚਿੱਟੇ ਰੰਗ ਦਾ ਲਿਆ ਤੇ ਨਵੀਂ ਕਾਠੀ ੨੫ ਰੁਪੈਏ ਦੀ ਲੈਲਪੁਰੋਂ ਲੈ ਕੇ ਪਾਤਸ਼ਾਹ ਦੇ ਚਰਨਾਂ ਵਿਚ ਧਿਆਨ ਰਖ ਕੇ ਤੁਰ ਪਿਆ ਹੈ ਜੀ । ਇਕ ਮੰਜ਼ਲ ਪੁਛ ਪੁਛਾ ਕੇ ਆਇਆ ਤੇ ਦੂਸਰੀ ਮੰਜ਼ਲ ਪਾਤਸ਼ਾਹ ਦਇਆ ਕਰ ਦਿਤੀ, ਚਾਨਣ ਹੋ ਗਿਆ । ਨਿਗਾਹ ਠੀਕ ਹੁੰਦੀ ਗਈ । ਚੌਥੇ ਦਿਨ ਪਾਤਸ਼ਾਹ ਦੇ ਚਰਨਾਂ ਵਿਚ ਪਹੁੰਚ ਗਿਆ ਹੈ । ਜਿਸ ਵਕਤ ਪਾਤਸ਼ਾਹ ਦਾ ਦਰਸ਼ਨ ਕੀਤਾ ਦੁਖ ਦੂਰ ਹੋ ਗਏ । ਪਾਤਸ਼ਾਹ ਅੱਗੇ ਬੇਨੰਤੀ ਕੀਤੀ ਸੱਚੇ ਪਾਤਸ਼ਾਹ ਮੈਨੂੰ ਭੁਲ ਬਖ਼ਸ਼ੋ । ਆਪ ਦੀ ਚੀਜ ਆਪ ਦੇ ਪਾਸ ਆ ਗਈ ਹੈ । ਮੈਨੂੰ


ਹੁਣ ਹੱਥੀ ਸੇਵਾ ਤੇ ਦੇਹ ਨਰੋਈ ਤੇ ਸਾਸ ਸੁਖਾਲੇ ਬਖ਼ਸ਼ੋ । ਪਾਤਸ਼ਾਹ ਆਖਣ ਲੱਗੇ ਅਸੀਂ ਤੁਹਾਨੂੰ ਬਲਦੀਆਂ ਅੱਗਾਂ ਵਿਚੋਂ ਕੱਢਦੇ ਹਾਂ, ਤੁਸੀਂ ਜਾਣ ਜਾਣ ਕੇ ਵੜਦੇ ਜੇ । ਜੇਕਰ ਸਾਡੀ ਕਿਰਪਾ ਨਾ ਹੁੰਦੀ ਤੇ ਸਾਡੇ ਚਰਨਾਂ ਵਿਚ ਕਿਸ ਤਰ੍ਹਾਂ ਆਉਂਦਾ । ਸਾਨੂੰ ਤਾਂ ਸਾਰਾ ਪਿਛਲੀਆਂ ਤੁਹਾਡੀਆਂ ਕਮਈਆਂ ਦਾ ਪਤਾ ਹੈ, ਤੇ ਤੁਹਾਨੂੰ ਕੀ ਪਤਾ ਹੈ । ਸ਼ੁਕਰ ਕਰ ਕੇ ਘੋੜਾ ਵੀ ਨਿਮਸਕਾਰ ਕਰ ਕੇ ਮੱਥਾ ਟੇਕ ਦਿਤਾ । ਆਪ ਸਤਿ ਬਚਨ ਮੰਨ ਕੇ ਸੇਵਾ ਨੂੰ ਲਗ ਪਿਆ ਜੀ । ਤੇਜਾ ਸਿੰਘ ਸਿਖ ਬੁਧ ਸਿੰਘ ਦਾ ਬੜਾ ਧੰਨਵਾਦ ਕਰਦਾ ਹੈ ਜਿਸ ਨੇ ਕਰਜਾ ਉਠਾ ਕੇ ਗੁਰ ਭਾਈ ਨੂੰ ਸੇਵਾ ਵਿਚ ਘੱਲਿਆ ਹੈ ਜੀ । ਪਾਲ ਸਿੰਘ ਨੂੰ ਬੁਧ ਸਿੰਘ ਨੇ ਆਪ ਪੈਸੇ ਦੇ ਦਿਤੇ । ਤੇਜਾ ਸਿੰਘ ਨੂੰ ੫ ਸਾਲ ਪੁਛਿਆ ਨਹੀਂ । ਫਿਰ ਤੇਜਾ ਸਿੰਘ ਆਪਣੇ ਆਪ ਬੁਧ ਸਿੰਘ ਨੂੰ ਪੈਸੇ ਦਿਤੇ ਹਨ ਜੀ । ।

ਬਾਰ ਵਾਲੀ ਸਿਖੀ ਦਾ ਪਾਲ ਸਿੰਘ ਥੰਮ ਸੀ । ਕਿਸੇ ਰਕਮ ਦੀ ਤਕਲੀਫ ਜਾਂ ਚਿੰਤਾ ਹੋਵੇ, ਪਾਤਸ਼ਾਹ ਦੇ ਬਚਨ ਸੁਣਾ ਕੇ ਕੈਮ ਕਰ ਦਿੰਦਾ ਸੀ ।


## ✻ ਇੰਦਰ ਸਿੰਘ ਝੁਬਾਲ ਵਾਲੇ ਨੇ ਪਾਤਸ਼ਾਹ ਦੀ ਸ਼ਰਨ ਔਣਾ ✻

ਇੰਦਰ ਸਿੰਘ ਝੁਬਾਲ ਦਾ ਇਕ ਸਿਖ ਸੀ । ਓਹ ੨੧ ਸਾਲ ਦਾ ਸੀ ਜਦੋਂ ਪਾਤਸ਼ਾਹ ਦੀ ਸ਼ਰਨ ਲੱਗਾ ਹੈ ਸ਼ਰਨ ਲੱਗਣ ਤੋਂ ਪਹਿਲਾਂ ਸੱਚੇ ਪਾਤਸ਼ਾਹ ਓਸ ਨੂੰ ਦਰਸ਼ਨ ਦੇਂਦੇ ਸਨ । ਮਨ ਵਿਚ ਤਾਂ ਸਮਝੇ ਕਿ ਪਾਤਸ਼ਾਹ ਅਵਤਾਰ ਧਾਰਿਆ ਹੈ, ਪਤਾ ਨਾ ਓਸ ਨੂੰ ਲੱਗੇ ਕੇਹੜੀ ਜਗ੍ਹਾ ਹਨ । ਮੁਲਤਾਨ ਵਿਚ ਇੰਦਰ ਸਿੰਘ ਰੇਲਵਾਈ ਕਾਰਖਾਨੇ ਵਿਚ ਨੌਕਰ ਹੁੰਦਾ ਸੀ । ਇੰਦਰ ਸਿੰਘ ਛੁੱਟੀ ਆਇਆ ਹੈ । ਇੰਦਰ ਸਿੰਘ ਦੀ ਭੈਣ ਪਊਵਿੰਡ ਵਿਆਈ ਹੋਈ ਸੀ, ਓਸ ਨੂੰ ਮਿਲਣ ਗਿਆ ਹੈ । ਇੰਦਰ ਸਿੰਘ ਦੀ ਭਣੇਵੀ ਰਾਮਗੜ੍ਹੀਆਂ ਸਿੰਘਾਂ ਦੇ ਘਰ ਗਾਗੇ ਵਿਆਈ ਹੋਈ ਸੀ । ਗਾਗੇ ਵਾਲੇ ਪਾਤਸ਼ਾਹ ਦੀ ਭੂਆ ਦੇ ਪੁਤ ਭਰਾ ਸਨ । ਸੱਚੇ ਪਾਤਸ਼ਾਹ ਆਪ ਦੀ ਭੂਆ ਨੂੰ ਮਿਲਣ ਜਾਂਦੇ ਹੁੰਦੇ ਸਨ । ਪਾਤਸ਼ਾਹ ਦੀ ਸਕੀ ਭੈਣ ਠਾਕਰੀ ਵੀ ਗਾਗੇ ਪਿੰਡ ਵਿਆਈ ਹੋਈ ਸੀ । ਭੂਆ ਤੇ ਭੈਣ ਨੂੰ ਪਾਤਸ਼ਾਹ ਮਹੀਨੇ ੨੦ ਦਿਨਾਂ ਪਿਛੋਂ ਜਰੂਰ ਮਿਲਣ ਜਾਂਦੇ ਸਨ । ਸੱਚੇ ਪਾਤਸ਼ਾਹ ਦਿਲਾਂ ਦੀਆ ਜਾਨਣ ਵਾਲੇ ਨੇ । ਪਊਵਿੰਡ ਵਾਲੀ ਬੀਬੀ (ਇੰਦਰ ਸਿੰਘ ਦੀ ਭਣੇਵੀ) ਬੜੀ ਸੱਚੇ ਪਾਤਸ਼ਾਹ ਦੇ ਦਰਸ਼ਨਾਂ ਦੀ ਤਾਂਘ ਰਖਦੀ ਸੀ । ਪਾਤਸ਼ਾਹ ਐਡੇ ਦਿਆਲ ਹੋਏ ਉਸ ਬੀਬੀ ਨੂੰ ਸੋਲਾਂ ਕਲਾਂ ਸੰਪੂਰਨ ਦਰਸ਼ਨ ਦੇਣ ਲਗ ਪਏ । ਜਿਸ ਵਕਤ ਪਊਵਿੰਡ ਆਪ ਦੇ ਪੇਕੇ ਘਰ ਬੀਬੀ ਜਾਂਦੀ ਸੀ, ਅੱਠੇ ਪਹਿਰ ਮੋਰ ਮੁਕਟ ਸਿਰ ਤੇ ਦਰਸ਼ਨ ਦੇਂਦੇ ਰਹਿਣ, ਐਡੇ ਮਿਹਰਵਾਨ ਹਨ । ।

ਸੰਤ ਮਨੀ ਸਿੰਘ ਵੀ ਗਾਗੇ ਜਾਂਦੇ ਸਨ । ਬੀਬੀ ਨੇ ਓਹਨਾਂ ਦਾ ਵੀ ਦਰਸ਼ਨ ਕੀਤਾ ਹੋਇਆ ਸੀ । ਸੰਤਾਂ ਨੂੰ ਗੁਰੂ ਜਾਣ ਕੇ ਹਿਰਦੇ ਵਿਚ ਰੱਖਦੀ ਸੀ । ਉਸ ਬੀਬੀ ਨੇ ਆਪ ਦੀ ਮਾਤਾ ਨਾਲ ਬਚਨ ਕੀਤੇ ਕਿ ਨਿਹਕਲੰਕ ਅਵਤਾਰ ਤ੍ਰਿਲੋਕੀ ਨਾਥ ਨੇ ਘਵਿੰਡ ਪਿੰਡ ਵਿਚ ਅਵਤਾਰ ਧਾਰਿਆ ਹੈ, ਰਾਮਗੜ੍ਹੀਆਂ ਸਿਖਾਂ ਦੇ ਘਰ ਤੇ ਮੇਰੀ ਸੱਸ ਦੇ ਭਤੀਏ ਲਗਦੇ ਹਨ । ਪਾਤਸ਼ਾਹ ਦੀ ਸਕੀ ਭੈਣ ਵੀ ਸਾਡੇ ਕੋਲ ਹੈ, ਉਸ ਦੇ ਕੋਲ ਔਂਦੇ ਹਨ, ਤੇ ਮੈਨੂੰ ਦਰਸ਼ਨ ਹੋ ਜਾਂਦਾ ਹੈ । ਸੰਤ ਮਨੀ ਸਿੰਘ ਦਾ ਵੀ ਮੈਂ ਦਰਸ਼ਨ ਕੀਤਾ ਹੈ । ਬੀਬੀ ਦੀ ਮਾਤਾ ਨੂੰ ਬਚਨ ਸੁਣ ਕੇ ਬੜਾ ਪ੍ਰੇਮ ਜਾਗਿਆ । ਓਸ ਆਖਿਆ ਬੀਬੀ ਤੇਰੇ ਨਾਲ ਸਾਨੂੰ ਵੀ ਦਰਸ਼ਨ ਹੋ ਜਾਣਗੇ । ਉਸ ਨੇ ਆਖਿਆ, ਚਲੋ ਮਾਤਾ ਜੀ ਆਪਾਂ ਐਥੋਂ ਸਿਧੇ ਘਵਿੰਡ ਜਾ ਕੇ ਦਰਸ਼ਨ ਕਰ ਆਈਏ । ਜਿਸ ਵਕਤ ਇੰਦਰ ਸਿੰਘ ਗਿਆ ਤੇ ਦੋਵੇਂ ਮਾਵਾਂ ਧੀਆਂ ਪਾਤਸ਼ਾਹ ਦਾ ਜਸ ਕਰ ਕੇ ਅਨੰਦ ਹੋ ਰਹੀਆਂ ਹਨ । ਜਦੋਂ ਬੀਬੀ ਬਹੇ ਜਾਂ ਉਠੇ ਓਦੋਂ ਸੱਚੇ ਪਾਤਸ਼ਾਹ ਦਾ ਨਾਮ ਲੈਂਦੀ ਸੀ । ਇੰਦਰ ਸਿੰਘ ਆਖਣ ਲਗਾ, ਬੀਬੀ ਤੂੰ ਕੀਹਦਾ ਨਾਮ ਜਪਦੀ ਹੈਂ । ਓਹ ਆਖਣ ਲੱਗੀ ਮਾਮਾ ਜੀ, ਮੈਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਨਾਮ ਜਪਦੀ ਹਾਂ । ਓਹ ਆਖਣ ਲੱਗਾ ਮਹਾਰਾਜ ਕਿਥੇ ਰਹਿੰਦੇ ਹਨ । ਬੀਬੀ



ਸ੍ਰ ਬਿਸ਼ਨ ਸਿੰਘ



ਸ੍ਰ ਇੰਦਰ ਸਿੰਘ



ਸ੍ਰ ਪ੍ਰੀਤਮ ਸਿੰਘ

---

ਆਖਣ ਲੱਗੀ ਮਾਮਾ ਜੀ ਘਵਿੰਡ ਨਗਰ ਵਿਚ ਰਾਮਗੜ੍ਹੀਆਂ ਸਿਖਾਂ ਦੇ ਘਰ ਅਵਤਾਰ ਧਾਰਿਆ ਹੈ । ਗਾਗੇ ਵੀ ਪਾਤਸ਼ਾਹ ਔਂਦੇ ਹਨ ਆਪ ਦੀ ਭੂਆ ਤੇ ਭੈਣ ਕੋਲ ਤੇ ਮੈਨੂੰ ਵੀ ਦਰਸ਼ਨ ਹੋ ਜਾਂਦਾ ਹੈ । ਓਸ ਵਕਤ ਇੰਦਰ ਸਿੰਘ ਆਖਣ ਲਗਾ ਬੀਬੀ ਤੂੰ ਬੜੇ ਭਾਗਾਂ ਵਾਲੀ ਹੈਂ, ਮੈਨੂੰ ਵੀ ਦਰਸ਼ਨ ਕਰਾ । ਓਸ ਵਕਤ ਇੰਦਰ ਸਿੰਘ ਬਚਨ ਕਰਦਾ ਹੈ ਕਿ ਬੀਬੀ ਮੈਨੂੰ ਵੀ ਪਾਤਸ਼ਾਹ ਦਰਸ਼ਨ ਤਾਂ ਬੜਾ ਦੇਂਦੇ ਰਹੇ ਹਨ ਪਰ ਮੈਨੂੰ ਸਮਝ ਨਹੀਂ ਲੱਗੀ । ਅੱਛਾ ਹੁਣ ਮੈਂ ਦਰਸ਼ਨ ਕਰ ਕੇ ਫੇਰ ਤੈਨੂੰ ਦੱਸਾਂਗਾ । ਜਿਸ ਤਰ੍ਹਾਂ ਮੈਨੂੰ ਵਖੌਂਦੇ ਸੀ, ਮੈਂ ਸਿਆਣ ਲਵਾਗਾਂ । ਇੰਦਰ ਸਿੰਘ ਪੁਛਦਾ ਹੈ ਬੀਬੀ ਜੀ ਕਿਸ ਤਰ੍ਹਾਂ ਪਤਾ ਲੱਗਾ ਤੁਹਾਨੂੰ ਕਿ ਪਰਗਟ ਹੋਏ ਹਨ । ਓਹ ਆਖਣ ਲੱਗੀ ਮਾਮਾ ਜੀ ਮਾਲਵੇ ਦੇਸ ਵਿਚੋਂ ਸੰਤ ਮਨੀ ਸਿੰਘ ਆਇਆ ਹੈ । ਓਸ ਆਖਿਆ ਤੇ ਢੋਲ ਮਾਰੇ ਹਨ ਕਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਝੇ ਦੇਸ ਵਿਚ ਗਰੀਬਾਂ ਦੀ ਰੱਖਿਆ ਕਰਨ ਆਏ ਹਨ । ਮੈਂ ਬਲਿਹਾਰ ਹਾਂ ਸੱਚੇ ਸਾਹਿਬ ਤੋਂ, ਓਨ੍ਹਾਂ ਦੇ ਗੁਣ ਤਾਂ ਮੈਂ ਨਹੀਂ ਗਾ ਸਕਦੀ । ਇੰਦਰ ਸਿੰਘ ਆਖਿਆ ਬੀਬੀ ਤੂੰ ਹੁਣ ਮੈਨੂੰ ਦਰਸ਼ਨ ਜਰੂਰ ਕਰਾ । ਓਸ ਆਖਿਆ ਮਾਮਾ ਜੀ ਤੁਸੀਂ ਚਲੋ ਤੇ ਸਗੋਂ ਮੈਂ ਵੀ ਤੁਹਾਡੇ ਨਾਲ ਜਾ ਕੇ ਦਰਸ਼ਨ ਕਰ ਲਵਾਂਗੀ । ਅਗਲੇ ਦਿਨ ਸੰਤ ਮਨੀ ਸਿੰਘ ਵੀ ਸਬੱਬ ਨਾਲ ਪਊਵਿੰਡ ਚਲੇ ਗਏ । ਨਾਲ ਬਾਬਾ ਰੰਗਾ ਸਿੰਘ ਪਾਤਸ਼ਾਹ ਦਾ ਚਾਚਾ ਅਤੇ ਸੰਤ ਫੁੰਮਣ ਸਿੰਘ ਸੇਵਾਦਾਰ ਸੀ । ਤਿੰਨੇ ਜਣੇ ਘਰ ਪੁਛ ਕੇ ਚਲੇ ਗਏ ਹਨ । ਬੀਬੀ ਵੇਖ ਕੇ ਬੜੀ ਖ਼ੁਸ਼ ਹੋਈ । ਆਪ ਦੀ ਮਾਤਾ ਨੂੰ ਸਮਝਾਇਆ ਕਿ ਏਹ ਸੰਤ ਮਨੀ ਸਿੰਘ ਆਏ ਹਨ । ਜਿਨ੍ਹਾਂ ਮਹਾਰਾਜ ਹੋਰਾਂ ਨੂੰ ਲੱਭਾ ਹੈ, ਤੇ ਇਕ ਪਾਤਸ਼ਾਹ ਦਾ ਚਾਚਾ ਨਾਲ ਹੈ । ਪਲੰਘ ਡਾਹ ਦਿਤੇ ਬੀਬੀ ਨੇ ਹੱਥ ਜੋੜ ਕੇ ਨਿਮਸਕਾਰ ਕੀਤੀ । ਜਲ ਪਾਣੀ ਦੀ ਸੇਵਾ ਵਿਚ ਲਗ ਪਏ ਹਨ । ਹੱਟੀਉਂ ਪਰਸ਼ਾਦ ਲਿਆ ਕੇ ਸੰਤਾਂ ਅੱਗੇ ਰੱਖ ਦਿਤਾ ਹੈ । ਓਨੇ ਚਿਰ ਨੂੰ ਬਾਹਰੋਂ ਇੰਦਰ ਸਿੰਘ ਵੀ ਆ ਗਿਆ । ਬੀਬੀ ਦੱਸਿਆ ਕਿ ਮਾਮਾ ਜੀ ਗੁਰੂ ਸਾਹਿਬ ਬਾਬੇ ਮਨੀ ਸਿੰਘ ਹੋਰੀਂ ਆਏ ਹਨ । ਇੰਦਰ ਸਿੰਘ ਨੂੰ ਆਖਦੀ ਹੈ ਕਿ ਮਾਮਾ ਜੀ ਹੱਟੀਉਂ ਪਰਸ਼ਾਦ ਲਿਆ ਕੇ ਬਾਬੇ

ਮਨੀ ਸਿੰਘ ਦੇ ਅੱਗੇ ਰੱਖ ਕੇ ਗਲ ਵਿਚ ਪੱਲਾ ਪਾ ਕੇ ਬੇਨੰਤੀ ਕਰ, ਹੇ ਸੱਚੇ ਪਿਤਾ ਮੈਨੂੰ ਗਰੀਬ ਨੂੰ ਆਪ ਦਾ ਸਿਖ ਕਰੋ ਤੇ ਆਪ ਦੇ ਜਹਾਜੇ ਚੜ੍ਹਾ ਲਓ । ਸੰਤ ਮਨੀ ਸਿੰਘ ਆਕਾਸ਼ ਬਾਣੀ ਨਾਲ ਜੁੜਨਗੇ । ਪਾਤਸ਼ਾਹ ਹੁਕਮ ਦਿਤਾ ਤੇ ਤੇਰਾ ਪਰਸ਼ਾਦ ਵਰਤੌਣਗੇ, ਨਹੀਂ ਤੇ ਓਨ੍ਹਾਂ ਚਿਰ ਨਹੀਂ ਵਰਤੌਂਦੇ । ਇੰਦਰ ਸਿੰਘ ਬਚਨ ਸੁਣ ਕੇ ਹੱਟੀ ਨੂੰ ਪਰਸ਼ਾਦ ਲੈਣ ਚਲਾ ਗਿਆ ਹੈ । ਤਾਂ ਕੂਜਿਆਂ ਮਿਸ਼ਰੀ ਦਾ ਪਰਸ਼ਾਦ ਲਿਆਇਆ ਹੈ । ਬਾਬੇ ਮਨੀ ਸਿੰਘ ਅੱਗੇ ਪਰਸ਼ਾਦ ਰਖ ਕੇ, ਗਲ ਵਿਚ ਪੱਲਾ ਪਾ ਕੇ ਬੇਨੰਤੀ ਕਰਦਾ ਹੈ ਕਿ ਦੀਨ ਦਿਆਲ ਜਿਸ ਤਰ੍ਹਾਂ ਦੂਸਰੀਆਂ ਸੰਗਤਾਂ ਬਾਹੋਂ ਫੜ ਕੇ ਬੰਨੇ ਲਾਇਆ ਹਨ, ਮੇਰੇ ਤੇ ਵੀ ਦਇਆ ਕਰੋ । ਸੰਤਾਂ ਆਖਿਆ ਪਾਤਸ਼ਾਹ ਦੀ ਧਾਰਨਾ ਤੈਨੂੰ ਵਰਤਣੀ ਪਵੇਗੀ । ਮਾਸ ਸ਼ਰਾਬ ਤਿਆਗਣਾ ਪਵੇਗਾ, ਸੱਚੇ ਪਾਤਸ਼ਾਹ ਦੀ ਇਹ ਧਾਰਨਾ ਹੈ । ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਨੀ, ਸੱਚੇ ਪਿਤਾ ਦੇ ਚਰਨ ਪੂਜਣੇ । ਇੰਦਰ ਸਿੰਘ ਆਖਿਆ ਬਾਬਾ ਜੀ ਮੈਂ ਤਾਂ ਹੁਣ ਤਿਆਗ ਕਰਦਾ ਹਾਂ, ਪਰ ਆਪ ਹੀ ਮੇਰੇ ਸਿਰ ਤੇ ਹੱਥ ਰਖੋਗੇ ਤੇ ਨਿਭਾਉਗੇ । ।

ਸੱਚੇ ਪਾਤਸ਼ਾਹ ਦਾ ਐਸਾ ਪ੍ਰੇਮ ਜਾਗਿਆ, ਕਾਰ ਵਿਹਾਰ ਛੱਡ ਕੇ ਹੁਣ ਅੱਠੇ ਪਹਿਰ ਸੇਵਾ ਵਿਚ ਪਾਤਸ਼ਾਹ ਦੇ ਦਰ ਤੇ ਆ ਗਿਆ ਹੈ । ਐਸੀ ਸੱਚੇ ਪਾਤਸ਼ਾਹ ਦਇਆ ਕੀਤੀ, ਨੰਗੇ ਪੈਰੀਂ ਚਰਨਾਂ ਵਿਚ ਔਂਦਾ ਹੈ । ਦੋ ਸਾਲ ਪੈਰੀਂ ਜੋੜਾ ਨਹੀਂ ਪਾਇਆ । ਅੱਠੇ ਪਹਿਰ ਮਾਲ ਦੀ ਸੇਵਾ ਵਿਚ ਲਗ ਪਿਆ । ੬ ਮਾਸ ਏਸੇ ਤਰ੍ਹਾਂ ਗੁਜਾਰੇ । ਸੱਚੇ ਪਾਤਸ਼ਾਹ ਦੇ ਮਕਾਨ ਬਣਾਏ ਹਨ । ਬੜੀ ਪ੍ਰੇਮ ਨਾਲ ਸੇਵਾ ਕੀਤੀ । ਲੱਕੜ ਦਾ ਕੰਮ ਵੇਖਣ ਵਾਲਾ ਹੈ, ਜਿਹੜਾ ਉਸ ਕੰਮ ਕੀਤਾ ਹੈ । ਸਿਖਾਂ ਨੂੰ ਮਾਇਆ ਦੀ ਸੇਵਾ ਕਰਦਿਆਂ ਵੇਖ ਕੇ ਉਸ ਦਾ ਦਿਲ ਵੀ ਕੀਤਾ ਕਿ ਕੋਈ ਨੌਕਰੀ ਕਰ ਕੇ ਤੇ ਮਾਇਆ ਦੀ ਸੇਵਾ ਪਾਤਸ਼ਾਹ ਦੀ ਮੈਂ ਵੀ ਕਰਾਂ । ਪਾਤਸ਼ਾਹ ਤੋਂ ਖ਼ੁਸ਼ੀ ਲੈ ਕੇ ਸਮੁੰਦਰਾਂ ਤੋਂ ਪਾਰ ਨਰੋਬੀ ਕੰਮ ਤੇ ਚਲਾ ਗਿਆ ਹੈ । ਓਥੇ ਤਿੰਨ ਸਾਲ ਕੰਮ ਤੇ ਰਿਹਾ ਹੈ । ਓਥੋਂ ਫੇਰ ਸੱਚੇ ਪਾਤਸ਼ਾਹ ਦੀ ਬਹੁਤ ਵਧੀਆ ਰੇਸ਼ਮੀ ਪੁਸ਼ਾਕ ਸਣੇ ਕੋਟ ਬਿਲਟੀ ਕਰ ਘੱਲੀ ਹੈ । ਕੋਟ ਦੇ ਬੋਜਿਆਂ ਵਿਚ ਸੇਵਾ ਵਾਸਤੇ ਰੁਪੈਏ ਘੱਲੇ ਹਨ । ਓਥੇ ਦਰਸ਼ਨ ਨਾ ਹੋਣ ਤੇ ਫੇਰ ਚਿਤ ਉਦਾਸ ਹੋ ਗਿਆ । ਸੋਚਦਾ ਹੈ ਕਿ ਮੈ ਸੱਚੇ ਪਿਤਾ ਦੀ ਸੱਚੀ ਨੌਕਰੀ ਛੱਡ ਕੇ ਝੂਠੀ ਨੌਕਰੀ ਕਰਦਾ ਹਾਂ । ਤਿੰਨ ਸਾਲ ਬਾਅਦ ਪਾਤਸ਼ਾਹ ਦੇ ਕੋਲ ਕੰਮ ਛੱਡ ਕੇ ਆ ਗਿਆ । ਔਂਦੇ ਨੇ ਪਾਤਸ਼ਾਹ ਦੀ ਪੁਸ਼ਾਕ, ਇਕ ਜੋੜਾ ਤੇ ਇਕ ਚਾਨਣੀ ਤੇ ੧੦੦ ਰੁਪੈਆ ਨਕਦ ਸੇਵਾ ਕੀਤੀ, ਦਰਸ਼ਨ ਕਰ ਕੇ ਨਿਹਾਲ ਹੋਇਆ । ਸੱਚੇ ਪਾਤਸ਼ਾਹ ਖ਼ੁਸ਼ ਹੋ ਕੇ ਆਖਣ ਲੱਗੇ, ਇੰਦਰ ਸਿੰਘ ਮੰਗ ਕੁਛ ਸਾਡੇ ਪਾਸੋਂ । ਆਖਣ ਲੱਗਾ ਸੱਚੇ ਪਾਤਸ਼ਾਹ ਮੈਨੂੰ ਤਾਂ ਪਤਾ ਨਹੀਂ ਕੇਹੜੀ ਚੀਜ ਤੁਹਾਥੋਂ ਮੰਗੀ ਦੀ ਆ ਤੇ ਕੇਹੜੀ ਚੰਗੀ ਆ, ਤੁਸੀਂ ਆਪ ਹੀ ਦਇਆ ਕਰੋ । ਪਾਤਸ਼ਾਹ ਆਖਨ ਲੱਗੇ ਅਸੀਂ ਤਾਂ ਦੇਵਾਂਗੇ ਈ, ਇੰਦਰ ਸਿੰਘ ਤੂੰ ਵੀ ਮੰਗ ਲਾ, ਜੋ ਜੀ ਕਰਦਾ ਈ । ਇੰਦਰ ਸਿੰਘ ਆਖਣ ਲੱਗਾ ਸੱਚੇ ਪਾਤਸ਼ਾਹ ਜਨਮ ਜਨਮਾਂਤਰ ਤੁਹਾਡੇ ਚਰਨਾਂ ਦਾ ਸੰਗ ਤੇ ਭਜਨ ਦਾ ਰੰਗ ਤੇ ਪਿਛਲੇ ਜਾਮੇ ਦੀ ਸਾਰੀ ਸੁਰਤ ਬਖ਼ਸ਼ਿਓ ਜੇ । ਇਹ ਮੰਗ ਸਿਖ ਨੇ ਮੰਗੀ । ਸੱਚੇ ਪਾਤਸ਼ਾਹ ਆਖਣ ਲੱਗੇ ਇੰਦਰ ਸਿੰਘ ਤੇਰੀਆਂ ਆਸਾਂ ਮੁਰਾਦਾਂ ਅਸੀਂ ਸਾਰੀਆਂ ਪੂਰੀਆਂ ਕਰਾਂਗੇ ਜੀ । ।

ਇੰਦਰ ਸਿੰਘ ਫੇਰ ਸੇਵਾ ਵਿਚ ਰਾਤ ਦਿਨੇ ਹਾਜ਼ਰ ਹੋ ਗਿਆ । ਮਾਣ ਚੰਦਰਾ ਜੀਆਂ ਵਿਚ ਸੱਚੇ ਪਾਤਸ਼ਾਹ ਖੌਰੇ ਕਿਉਂ ਵਸਾ ਦਿਤਾ ਹੈ । ਮਾਣ ਕਰ ਕੇ ਸਿਖ ਭੁਲਣਹਾਰ ਹੋ ਜਾਂਦਾ ਹੈ । ਇਕ ਸਮੇਂ ਦਾ ਬਚਨ ਹੈ ਕਿ ਇੰਦਰ ਸਿੰਘ ਓਸ ਵਕਤ ਝੁਬਾਲ ਸੀ । ਤੇਜਾ ਸਿੰਘ ਨੂੰ ਪਾਤਸ਼ਾਹ ਨੇ ਇੰਦਰ ਸਿੰਘ ਕੋਲੋਂ ਸੇਵਾ ਲੈਣ ਘੱਲਿਆ । ਤੇਜਾ ਸਿੰਘ ਜਾ ਕੇ ਸੇਵਾ ਮੰਗੀ ਕਿ ਪਾਤਸ਼ਾਹ ਮੈਨੂੰ ਘੱਲਿਆ ਹੈ । ਇੰਦਰ ਸਿੰਘ ਆਖਿਆ ਮੈਂ ਘਸਵਟੀ ਨਹੀਂ ਦੇਣ ਜੋਗਾ, ਮੈਂ ਆਪ ਦੀ ਖ਼ੁਸ਼ੀ ਨਾਲ ਪੁਜ ਆਈ ਸੇਵਾ ਕਰਾਂਗਾ । ਜਦੋਂ ਮੇਰਾ ਦਿਲ ਕਰੂੰ, ਮੈਂ ਆਪੇ ਜਾ ਕੇ ਸੇਵਾ ਦੇ ਦਿਆਂਗਾ । ਤੇਜਾ ਸਿੰਘ ਨੂੰ ਆਖਣ ਲੱਗਾ, ਤੈਨੂੰ ਕੀ ਪਤਾ

ਕਿਸ ਤਰ੍ਹਾਂ ਪੈਸੇ ਬਣਦੇ ਹਨ । ਨਾ ਤੂੰ ਕਮਾਈ ਕੀਤੀ ਤੇ ਨਾ ਤੈਨੂੰ ਪਤਾ ਲਗਾ । ਮੈਂ ਤਿੰਨ ਸਾਲ ਸਮੁੰਦਰਾਂ ਤੋਂ ਪਾਰ ਜਾ ਕੇ ਤੇ ਐਸ ਸੱਜੇ ਹੱਥ ਨਾਲ ਤੇਸਾ ਵਾਹ ਕੇ ਆਂਦੇ ਹਨ । ਤੁਹਾਡੇ ਭਾਣੇ ਖਣੀ ਓਥੋਂ ਡਾਕਾ ਮਾਰ ਕੇ ਲੈ ਆਇਆ ਹਾਂ । ਤੇਜਾ ਸਿੰਘ ਆਖਿਆ ਮੈਂ ਸੱਚੇ ਪਾਤਸ਼ਾਹ ਦਾ ਘੱਲਿਆ ਤੇਰੇ ਪਾਸ ਆਇਆ ਹਾਂ, ਤੇ ਤੇਰਾ ਘੱਲਿਆ ਪਾਤਸ਼ਾਹ ਕੋਲ ਚਲਿਆ ਜਾਵਾਂਗਾ । ਤੇਜਾ ਸਿੰਘ ਆ ਗਿਆ ਤੇ ਪਾਤਸ਼ਾਹ ਨੂੰ ਆਣ ਕੇ ਆਖਣ ਲੱਗਾ, ਪਾਤਸ਼ਾਹ ਇੰਦਰ ਸਿੰਘ ਆਂਦਾ ਸੀ, ਸੇਵਾ ਤਿਆਰ ਨਹੀਂ, ਮੈਂ ਥੋੜੇ ਦਿਨਾਂ ਤਕ ਲੈ ਕੇ ਆਪ ਆਵਾਂਗਾ । ਥੋੜੇ ਦਿਨਾਂ ਤੱਕ ਆ ਕੇ ਸੇਵਾ ਦੇ ਕੇ ਫੇਰ ਚਲਾ ਗਿਆ ਹੈ । ਤੇਜਾ ਸਿੰਘ ਨੇ ਇੰਦਰ ਸਿੰਘ ਦਾ ਹੋਰ ਬਚਨ ਵਧ ਘਟ ਕੋਈ ਪਾਤਸ਼ਾਹ ਨੂੰ ਨਹੀਂ ਦੱਸਿਆ । ।

ਇਕ ਦਿਨ ਇੰਦਰ ਸਿੰਘ ਲਹੌਰ ਨੂੰ ਮੋਟਰ ਸੈਕਲ ਤੇ ਚੜ੍ਹ ਕੇ ਗਿਆ ਤੇ ਮੋਟਰ ਸੈਕਲ ਡਿਗ ਪਿਆ ਤੇ ਮਸ਼ੀਨ ਬੰਦ ਨਾ ਹੋਈ । ਸੱਜਾ ਹੱਥ ਇੰਦਰ ਸਿੰਘ ਦਾ ਸਾਰੀ ਹਥੇਲੀ ਵੱਡੀ ਗਈ ਹੈ । ਓਸ ਵਕਤ ਰਾਈਆਂ ਨੇ ਫੜ ਕੇ ਹੱਥ ਬੰਨ੍ਹ ਦਿਤਾ । ਡਿਗੇ ਪਏ ਨੂੰ ਵੇਖ ਕੇ ਮੋਟਰਾਂ ਵਾਲੇ ਲੰਘੇ ਹਨ, ਓਹਨਾਂ ਮੋਟਰ ਤੇ ਪਾ ਕੇ ਵੱਡੇ ਹਸਪਤਾਲ ਸੁੱਟ ਦਿਤਾ ਹੈ ਜੀ । ਫੇਰ ਹਸਪਤਾਲ ਰਿਹਾ । ਜ਼ਖ਼ਮ ਮਿਲਣ ਦਾ ਨਾਂ ਨਹੀਂ ਲੈਂਦਾ । ਫੇਰ ਪਾਤਸ਼ਾਹ ਅੱਗੇ ਆ ਕੇ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਹੱਥ ਦਾ ਜ਼ਖ਼ਮ ਨਹੀਂ ਮਿਲਦਾ । ਪਾਤਸ਼ਾਹ ਆਖਣ ਲੱਗੇ, ਆਜੁ ਰਮਾਨ, ਕੋਈ ਲੋੜ ਨਹੀਂ ਹਸਪਤਾਲ ਜਾਣ ਦੀ । ਮਾੜੀ ਜਹੀ ਮਲਮ ਪਾਤਸ਼ਾਹ ਘਰ ਬਣਾਈ ਹੋਈ ਸੀ, ਆਖਣ ਲੱਗੇ ਏਹ ਹੱਥ ਤੇ ਲਾਈ ਜਾ । ਦੋ ਚਾਰ ਦਿਨ ਲਾਇਆ ਰਮਾਨ ਆ ਗਿਆ ਹੈ । ਸੱਚੇ ਪਾਤਸ਼ਾਹ ਦਇਆ ਕੀਤੀ, ਕੋਈ ਦਿਨ ਪਾ ਕੇ ਸੱਚੇ ਪਾਤਸ਼ਾਹ ਤੇ ਸਾਰੀ ਸੰਗਤ ਘਵਿੰਡ ਘਰ ਬੈਠੇ ਸਨ । ਤੇਜਾ ਸਿੰਘ ਹੱਸ ਕੇ ਬਚਨ ਕੀਤਾ । ਇੰਦਰ ਸਿੰਘ ਜੇਹੜਾ ਸੱਜਾ ਹੱਥ ਮੈਨੂੰ ਓਦਣ ਸੇਵਾ ਲੈਣ ਗਏ ਨੂੰ ਵਖਾਇਆ ਸੀ, ਹੁਣ ਅੱਜ ਵਖਾ ਖਾਂ । ਇੰਦਰ ਸਿੰਘ ਹੱਸ ਪਿਆ, ਪਾਤਸ਼ਾਹ ਪੁਛਣ ਲਗੇ, ਇੰਦਰ ਸਿੰਘ ਕੀ ਗਲ ਹੈ । ਓਹ ਆਖਣ ਲੱਗਾ ਸੱਚੇ ਪਾਤਸ਼ਾਹ ਆਪੇ ਤੇਜਾ ਸਿੰਘ ਦੱਸ ਦੇਂਦਾ ਹੈ । ਪਾਤਸ਼ਾਹ ਖੈਹੜੇ ਪੈ ਗਏ ਤੇਜਾ ਸਿੰਘ ਹੱਸ ਕੇ ਆਖਣ ਲੱਗਾ, ਸੱਚੇ ਪਾਤਸ਼ਾਹ ਜਦੋਂ ਤੁਸਾਂ ਮੈਨੂੰ ਸੇਵਾ ਲੈਣ ਘੱਲਿਆ ਸੀ, ਇੰਦਰ ਸਿੰਘ ਆਖਣ ਲੱਗਾ, ਮੈਂ ਸੱਜੇ ਹੱਥ ਨਾਲ ਤੇਸਾ ਵਾਹ ਕੇ ਕਮਾਈ ਕਰ ਕੇ ਪੈਸੇ ਆਂਦੇ ਹਨ । ਮੇਰਾ ਜੀ ਕਰੂ ਤੇ ਸੇਵਾ ਦਊਂ, ਜੀ ਕਰੂੰ ਤੇ ਨਾ ਦਊਂ । ਸੱਚੇ ਪਾਤਸ਼ਾਹ ਮੈਂ ਤੁਹਾਨੂੰ ਆਣ ਕੇ ਦੱਸਿਆ ਨਹੀਂ ਹੁਣ ਵੇਖ ਲੌ ਓਹੋ ਸੱਜਾ ਹੱਥ ਮੋਟਰ ਸੈਕਲ ਵਿਚ ਆ ਕੇ ਸਾਰਾ ਵੱਢਿਆ ਗਿਆ ਹੈ । ਏਹ ਬਚਨ ਸੁਣ ਕੇ ਪਾਤਸ਼ਾਹ ਹੱਸ ਪਏ ਤੇ ਸਾਰੀ ਸੰਗਤ ਵੀ ਸੁਣ ਕੇ ਖ਼ੁਸ਼ ਹੋਈ ਪਾਤਸ਼ਾਹ ਆਖਣ ਲੱਗੇ, ਤੇਜਾ ਸਿੰਘ ਓਨੇ ਕੋਈ ਝੂਠ ਆਖਿਆ ਹੈ, ਠੀਕ ਹੀ ਸੱਜੇ ਹੱਥ ਨਾਲ ਕਮਾਈ ਕੀਤੀ ਹੈ । ਏਸ ਤਰ੍ਹਾਂ ਪਾਤਸ਼ਾਹਾਂ ਹਾਸੇ ਬਚਨ ਪਾ ਦਿਤਾ । ਜੇਹੜਾ ਸਿਖ ਅੱਠੇ ਪਹਿਰ ਪਾਸ ਰਹਿਣ ਵਾਲਾ ਹੈ, ਓਸ ਕੋਲੋਂ ਜਰੂਰ ਭੁੱਲ ਹੋ ਜਾਂਦੀ ਹੈ, ਜੇਹੜਾ ਕਦੀ ਕਦਾਈਂ ਦਰਸ਼ਨ ਕਰਨ ਆਵੇ ਓਹ ਭੈ ਵਿਚ ਰਹਿੰਦਾ ਹੈ । ਫੇਰ ਇੰਦਰ ਸਿੰਘ ਨੇ ਸਾਰੀ ਉਮਰ ਐਡੀ ਪ੍ਰੇਮ ਨਾਲ ਸੇਵਾ ਮਾਇਆ ਦੀ ਤੇ ਹੱਥਾਂ ਦੀ ਕੀਤੀ ਹੈ ਮੈਂ ਉਪਮਾ ਨਹੀਂ ਕਰ ਸਕਦਾ । ਧੰਨ ਸੱਚੇ ਪਾਤਸ਼ਾਹ ਤੇ ਧੰਨ ਉਸ ਦੇ ਸਿਖ ਹਨ । ।

## ❊ ਲੰਗਰ ਦੀ ਸਾਖੀ ❊

ਤੇੜੇ ਦਾ ਗੁੱਜਰ ਸਿੰਘ ਪਾਤਸ਼ਾਹ ਦਾ ਸਿਖ ਸੀ ਤੇ ਘਵਿੰਡ ਸੇਵਾ ਵਿਚ ਰਹਿੰਦਾ ਸੀ । ਮਜ਼ੂਰੀ ਕਰ ਕੇ ਟੋਕਰੀ ਢੋ ਕੇ ਆਪਣੇ ਜੀਆ ਜੰਤ ਦੀ ਪਾਲਨਾ ਕਰਦਾ ਸੀ । ਸਾਲ ਵਿਚੋਂ ਦੋ ਮਹੀਨੇ ਪਾਤਸ਼ਾਹ ਦੀ ਸੇਵਾ ਕਰ ਜਾਂਦਾ ਸੀ । ਜਦੋਂ ਤੋਂ ਸ਼ਰਨ ਲਗਾ ਹੈ ਏਸੇ ਤਰ੍ਹਾਂ ਸੇਵਾ ਕਰਦਾ ਹੈ ਜੀ । ਬੁਧ ਸਿੰਘ ਬਾਲੇ ਚੱਕ ਵਾਲਾ ਵੀ ਏਸੇ ਤਰ੍ਹਾਂ ਸੇਵਾ ਕਰਦਾ ਸੀ । ਚੇਤ ਸਿੰਘ ਬਾਲੇ ਚੱਕ ਦਾ ਤੇ ਗੁਜਰ ਸਿੰਘ ਦਬੁਰਜੀ

ਵਾਲਾ ਵੀ ਏਸੇ ਤਰ੍ਹਾਂ ਦੀਨ ਦਿਆਲ ਦੀ ਸੇਵਾ ਕਰਦੇ ਸਨ । ਬਲਵੰਤ ਸਿੰਘ ਭੁਚਰ ਵਾਲਾ ਵੀ ਹਰ ਵਕਤ ਵਾਹੀ ਦਾ ਕੰਮ ਕਰੌਂਦਾ ਸੀ । ਉਸ ਦੇ ਘਰੋਂ ਲੰਗਰ ਦੀ ਸੇਵਾ ਵਿਚ ਰਹਿੰਦੀ ਸੀ । ਲਾਭ ਸਿੰਘ ਤੋੜੇ ਵਾਲਾ ਹਰ ਵਕਤ ਲੰਗਰ ਦੇ ਬਾਲਣ ਦੀ ਸੇਵਾ ਕਰਦਾ ਸੀ । ਚੇਤ ਸਿੰਘ ਕਲਸੀਆਂ ਵਾਲਾ ਹਰ ਵਕਤ ਪਾਤਸ਼ਾਹ ਦੇ ਨਾਲ ਰਹਿੰਦਾ ਸੀ । ਜਿਧਰ ਜਾਂਦੇ ਸਨ ਹਾਜਰ ਰਹਿ ਕੇ ਸੇਵਾ ਕਰਦਾ ਸੀ । ਚੇਤ ਸਿੰਘ ਦੀ ਨੇੜੇ ਰਹਿਣ ਕਰ ਕੇ ਬਹੁਤ ਸੇਵਾ ਸੀ, ਕਿਉਂਕਿ ਜਿਸ ਵੀ ਚੀਜ ਦੀ ਜਰੂਰਤ ਹੋਵੇ ਓਸੇ ਵਕਤ ਲਿਆ ਕੇ ਹਾਜਰ ਕਰਦਾ ਸੀ । ਗੱਡ ਦੀ ਜਰੂਰਤ ਹੋਵੇ ਸਣੇ ਬੌਲਦ ਗੱਡ ਲੈ ਔਣੀ । ਬਾਲਣ ਗੱਡਾ ਜੋਅ ਕੇ ਛੱਡ ਜਾਣਾ । ਆਟਾ ਪੀਹਣ ਵਾਲਾ ਹੋਵੇ ਤੇ ਆਪ ਦੇ ਘਰੋਂ ਬੋਰੀ ਕਣਕ ਦੀ ਪੀਹ ਕੇ ਛੱਡ ਜਾਣੀ । ਗੱਲ ਕੀ ਅਨਗਿਣਤ ਸੇਵਾ ਹੈ ਸਿਖ ਦੀ । ੧੨ ਜਾਂ ੧੩ ਸਿਖ ਜਰੂਰ ਹਰ ਵਕਤ ਸੇਵਾ ਵਿਚ ਰਹਿੰਦੇ ਹਨ । ਪੁਰਾਣੇ ਬਿਰਧ ਸਿਖ ਦਰਸ਼ਨਾਂ ਨੂੰ ਔਂਦੇ ਹਨ ਤੇ ਸਿਖਾਂ ਨੂੰ ਬਚਨ ਬਲਾਸ ਦੱਸਦੇ ਹਨ । ਏਹੋ ਉਪਦੇਸ਼ ਦੇਣਾ ਕਿ ਸਿਖੋ ਪਾਤਸ਼ਾਹ ਦੇ ਚਰਨਾਂ ਵਲ ਧਿਆਨ ਰੱਖਣਾ ਜੇ, ਨੇਤਰਾਂ ਵਲ ਨਹੀਂ ਸਾਮ੍ਹਣੇ ਵੇਖੀ ਜਾਣਾ । ਜਿਸ ਵਕਤ ਪਾਤਸ਼ਾਹ ਹੁਕਮ ਦੇਣ ਓਸੇ ਵਕਤ ਬਚਨ ਮੰਨ ਕੇ ਹਾਜਰ ਹੋ ਜਾਇਆ ਕਰੋ । ਵੇਖਿਓ ਕਿਤੇ ਸਰਾਫ ਨਾ ਲੈ ਲਿਓ । ਪਾਤਸ਼ਾਹ ਕਾਲੇ ਨਾਗ ਹਨ । ਧੰਨ ਧੰਨ ਬਾਬਾ ਮਨੀ ਸਿੰਘ ਤੇ ਧੰਨ ਪੁਰਾਣੇ ਸਿਖ ਹਨ ਜਿਨਾਂ ਨੇ ਉਪਦੇਸ਼ ਦੇ ਕੇ ਮਹਾਰਾਜ ਸੱਚੇ ਪਿਤਾ ਦੀ ਸ਼ਰਨ ਲਾਇਆ ਹੈ । ਏਹ ਵੀ ਬਚਨ ਆਖਣਾ ਕਿ ਜੋ ਹਾਸੇ ਨਾਲ ਵੀ ਸੇਵਾ ਮੂੰਹੋਂ ਕੱਢਦੇ ਹੁੰਦੇ ਜੇ, ਦੇ ਦਿਆ ਕਰੋ, ਕਿਉਂਕਿ ਦੇਹ ਦਾ ਕੀ ਪਤਾ ਹੈ, ਤੇ ਸੁਖਣਾ ਸੱਚੇ ਪਾਤਸ਼ਾਹ ਜਰਮ ਪਾ ਕੇ ਵੀ ਨਹੀਂ ਛਡਦੇ । ਪੁਰਾਣਿਆਂ ਸਿਖਾਂ ਨੇ ਮਾਤਾ ਹੋਰਾਂ ਨੂੰ ਵੀ ਉਪਦੇਸ਼ ਦੇਣਾ ਕਿ ਮਾਤਾ ਜੀ ਕਿਤੇ ਭੁੱਲ ਨਾ ਜਾਇਓ, ਏਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਨ । ਏਹਨਾਂ ਕੋਲ ਸਤਿ ਬਚਨ ਮੰਨਣ ਦੀ ਲੋੜ ਹੈ ਤੇ ਮਾਤਾ ਜੀ ਤੁਹਾਡੀ ਅੰਵਾਣ ਬੁਧ ਹੈ, ਕਿਤੇ ਸੱਚੇ ਪਾਤਸ਼ਾਹ ਦੇ ਲੰਗਰ ਵਿਚ ਦੂਜ ਨਾ ਪਾ ਦਿਓ ਜੇ । ਪਿਛਲੇ ਜਰਮਾਂ ਦੇ ਵਿਛੜੇ ਸਿਖ ਪਾਤਸ਼ਾਹ ਚਰਨੀ ਲਾਏ ਹਨ । ਹੁਣ ਦੇ ਵਿਛੜਿਆਂ ਦਾ ਚਾਰ ਜੁਗ ਮੇਲਾ ਨਹੀਂ ਹੋਣਾ । ਬੌਹਲ ਸਿੰਘ ਆਖਣ ਲਗਾ ਮਾਤਾ ਜੀ ਮੈਂ ਤੁਹਾਨੂੰ ਲੰਗਰ ਦੀ ਕਥਾ ਸੁਣੌਂਦਾ ਹਾਂ । ਜਰ੍ਹਾ ਪ੍ਰੇਮ ਨਾਲ ਪਾਤਸ਼ਾਹ ਦੇ ਚਰਨਾਂ ਵਿਚ ਧਿਆਨ ਕਰ ਕੇ ਸੁਣੋ :

ਸਿੰਘ ਸਾਹਿਬ ਬਾਬਾ ਮਤਾਬ ਸਿੰਘ ਮਨੀ ਸਿੰਘ ਦੇ ਗੁਰੂ ਸਨ । ਤੇ ਓਨ੍ਹਾਂ ਆਪਣੀ ਅੱਖੀਂ ਵੇਖਿਆ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕ ਡੱਬੇ ਰੰਗ ਦੀ ਕੁੱਤੀ ਰੱਖੀ ਹੈ । ਅਸਾਂ ਜਦੋਂ ਸਵੇਰੇ ਉਠ ਕੇ ਮਹਾਰਾਜ ਸ਼ੇਰ ਸਿੰਘ ਦੀਆਂ ਪਰਕਰਮਾਂ ਕਰਨੀਆਂ, ਕੁੱਤੀ ਨੇ ਪਾਤਸ਼ਾਹ ਦੀ ਬੁੱਕਲ ਵਿਚ ਸੁੱਤੀ ਹੋਣਾ । ਫੇਰ ਸਿਖਾਂ ਨੇ ਬਾਬੇ ਮਨੀ ਸਿੰਘ ਨਾਲ ਬਚਨ ਕੀਤਾ ਕਿ ਬਾਬਾ ਜੀ ਸੱਚੇ ਪਾਤਸ਼ਾਹ ਡੱਬੀ ਕੁੱਤੀ ਨਾਲ ਬੜਾ ਪ੍ਰੇਮ ਕਰਦੇ ਹਨ । ਪਲੰਘ ਤੇ ਭਾਂਵੇ ਬੈਠ ਜਾਵੇ ਗੁੱਸੇ ਨਹੀਂ ਹੁੰਦੇ । ਮਨੀ ਸਿੰਘ ਆਖਿਆ, ਬੌਹਲ ਸਿੰਘ ਬਾਬਾ ਮਤਾਬ ਸਿੰਘ ਛੇਵੀਂ ਪਾਤਸ਼ਾਹੀ ਹਰਿ ਗੋਬਿੰਦ ਸਾਹਿਬ ਦਾ ਜਾਮਾ ਸਨ ਤੇ ਮਾਈ ਗੁਲਾਬੀ ਬਰਕੀ ਨਗਰ ਦੀ ਧੀ ਲਗਦੀ ਸੀ । ਪ੍ਰੇਮ ਬੜਾ ਕਰਦੀ ਸੀ । ਅੱਠੇ ਪਹਿਰ ਸੇਵਾ ਵਿਚ ਰਹਿੰਦੀ ਸੀ । ਮਤਾਬ ਸਿੰਘ ਦੀਆਂ ਮੱਝੀ ਗਾਈਂ ਬਹੁਤ ਸਨ । ਬਾਰਾਂ ਮਹੀਨੇ ਲੰਗਰ ਵਿਚ ਦੱਉਂਧ ਬੜਾ ਰਹਿੰਦਾ ਸੀ । ਜਿੰਨੇ ਭੰਡਾਰੇ ਭਰਪੂਰ ਓਥੇ ਲੰਗਰ ਵਿਚ ਰਹਿੰਦੇ ਸੀ, ਓਨਾਂ ਮਾਈ ਗੁਲਾਬੀ ਸਿਖਾਂ ਨੂੰ ਖ਼ੁਸ਼ ਹੋ ਕੇ ਛਕੌਂਦੀ ਨਹੀਂ ਸੀ । ਪਾਤਸ਼ਾਹ ਬਾਬੇ ਮਤਾਬ ਸਿੰਘ ਦਾ ਥਾਲ ਵੀ ਸਣੇ ਮਲਾਈ ਨਹੀਂ ਸੀ ਲਵੌਂਦੀ । ਏਹ ਹੁਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨੇ ਜਾਮਾ ਪਹਿਨਿਆ ਹੈ । ਲੰਗਰ ਦੀ ਦੁਬਦਾ ਕਰਨ ਨਾਲ ਮਾਈ ਗੁਲਾਬੀ ਨੇ ਹੁਣ ਕੁੱਤੀ ਦਾ ਜਰਮ ਪਾਇਆ ਹੈ । ਜੇਹੜੀ ਏਸ ਸੇਵਾ ਕੀਤੀ ਸੀ, ਓਸ ਕਰ ਕੇ ਸੱਚੇ ਪਾਤਸ਼ਾਹ ਏਸ ਨਾਲ ਪ੍ਰੇਮ ਕਰਦੇ ਹਨ । ਤੇ ਸਰਾਫ ਕਰ ਕੇ ਕੁਤੀ ਦਾ ਜਰਮ ਪਾਇਆ ਹੈ । ਹੁਣ ਸੱਚੇ ਪਾਤਸ਼ਾਹ ਹਰ ਇਕ ਵਿਛੜੇ ਸਿਖ ਨੂੰ ਚਰਨਾਂ ਵਿਚ ਮੇਲਦੇ ਹਨ ਤੇ ਹੁਣ ਕੁੱਤੀ ਦਾ ਜਰਮ ਦੇ ਕੇ, ਆਪ ਦਾ ਸਰਾਫ ਭੁਗਤਾ

ਕੇ, ਇਸ ਦੀ ਗਤੀ ਕਰ ਦੇਣਗੇ । ਸਿਖੋ ਜੇਹੜਾ ਹੁਣ ਸੱਚੇ ਪਾਤਸ਼ਾਹ ਸ਼ਿਕਾਰ ਵੀ ਖੇਡਦੇ ਹਨ । ਜੇਹੜੇ ਜੁਗਾਂ ਦੇ ਵਿਛੜੇ ਹਨ ਤੇ ਜੰਗਲਾਂ ਵਿਚ ਜਰਮ ਧਾਰੇ ਹਨ, ਓਨ੍ਹਾਂ ਦੀ ਸ਼ਿਕਾਰ ਦੇ ਪੱਜ ਜਾ ਕੇ ਗਤੀ ਕਰਦੇ ਹਨ । ਏਨ੍ਹਾਂ ਦੀ ਮਹਿੰਮਾ ਨੂੰ ਜੀਵ ਨਹੀਂ ਜਾਣਦੇ । ਮੈਂ ਬਲਿਹਾਰ ਹਾਂ ਸੱਚੇ ਪਿਤਾ ਤੇ ਉਸ ਦੇ ਸਿਖਾਂ ਦੇ ਜੇਹੜੇ ਹਰ ਵਕਤ ਸੇਵਾ ਵਿਚ ਰਹਿੰਦੇ ਹਨ, ਤੇ ਐਨਾਂ ਭੈ ਰਖਦੇ ਹਨ ਜੀ ਕਿ ਏਹ ਵੇਲਾ ਮੁੜ ਕੇ ਹੱਥ ਨਹੀਂ ਔਣਾ । ਏਥੇ ਡਰਨ ਦੀ ਲੋੜ ਹੈ । ।

## ❊ ਚੇਤ ਸਿੰਘ ਕਲਸੀਆਂ ਵਾਲੇ ਨੇ ਸੁਖਣਾ ਸੁਖੀ ❊

ਚੇਤ ਸਿੰਘ ਕਲਸੀਆਂ ਵਾਲੇ ਕੋਲ ਇਕ ਘਰ ਦਾ ਵਛੇਰਾ ਸੀ । ਮੂੰਹੋਂ ਬਚਨ ਕੱਢ ਦਿਤਾ ਕਿ ਸੱਚੇ ਪਾਤਸ਼ਾਹ ਇਹ ਵਛੇਰਾ ਤੁਹਾਡਾ ਹੈ, ਰਾਜੀ ਰਹੇ । ਫੇਰ ਪਾਤਸ਼ਾਹ ਨੂੰ ਦੇ ਗਿਆ । ਪਾਤਸ਼ਾਹ ਇਕ ਮਹੀਨਾ ਉਤੇ ਚੜ੍ਹੇ ਫਿਰਦੇ ਰਹੇ ਹਨ ਜੀ । ਜੇ ਕੋਈ ਪੁਛੇ ਪਾਤਸ਼ਾਹ ਘੋੜਾ ਮੁੱਲ ਲਿਆ ਹੈ ਤੇ ਪਾਤਸ਼ਾਹ ਆਖਣਾ ਨਹੀਂ ਚੇਤ ਸਿੰਘ ਕਲਸੀਆਂ ਵਾਲੇ ਸਾਡੇ ਸਿਖ ਨੇ ਘੋੜਾ ਦਿਤਾ ਹੈ । ਇਕ ਦਿਨ ਚੇਤ ਸਿੰਘ ਆਇਆ ਤੇ ਜਾਣ ਲੱਗਾ ਘੋੜੇ ਤੇ ਚੜ੍ਹ ਕੇ ਚਲਾ ਗਿਆ । ੧੦ ਦਿਨ ਹੋ ਗਏ ਤੇ ਪਾਤਸ਼ਾਹ ਸਿਖ ਨੂੰ ਘੱਲਿਆ, ਜਾਓ ਜਾ ਕੇ ਸਾਡਾ ਘੋੜਾ ਲਿਆਓ । ਜਾ ਕੇ ਸਿਖ ਆਖਿਆ ਚੇਤ ਸਿੰਘ ਪਾਤਸ਼ਾਹ ਘੋੜਾ ਮੰਗਦੇ ਹਨ । ਓਸ ਆਖਿਆ ਮੈਂ ਤਾਂ ਪਾਤਸ਼ਾਹ ਨੂੰ ਚਾਰ ਦਿਨ ਚੜ੍ਹਨ ਵਾਸਤੇ ਘੋੜਾ ਦਿਤਾ ਸੀ, ਸਾਰਾ ਨਹੀਂ ਦਿਤਾ । ਮੈਨੂੰ ਤਾਂ ਆਪ ਲੋੜ ਬੜੀ ਹੈ, ਘੋੜਾ ਵੇਚਣਾ ਲਾਇਆ ਹੈ । ਸਿਖ ਨੇ ਜਾ ਕੇ ਓਸੇ ਤਰ੍ਹਾਂ ਦੱਸ ਦਿਤਾ ਕਿ ਪਾਤਸ਼ਾਹ ਓਹ ਆਂਦਾ ਹੈ ਤੇ ਮੈਂ ਵਕਾਊ ਧਰਿਆ ਹੈ । ਪਾਤਸ਼ਾਹ ਬਚਨ ਸੁਣ ਕੇ ਆਖਣ ਲਗੇ, ਪਹਿਲੋਂ ਸਾਨੂੰ ਘੋੜਾ ਦੇ ਕੇ ਤੇ ਹੁਣ ਵੇਚਣਾ ਧਰਿਆ ਹੈ । ਅੱਛਾ ਫੇਰ ਕੀ ਹੋਇਆ, ਸਾਨੂੰ ਨਹੀਂ ਦਿਤਾ, ਤੇ ਸਾਡੇ ਘੋੜੇ ਤੇ ਹੋਰ ਵੀ ਨਹੀਂ ਕੋਈ ਚੜ੍ਹਦਾ । ਓਸ ਵਕਤ ਪਾਤਸ਼ਾਹ ਏਹ ਵਾਕ ਛਡ ਦਿਤਾ । ਘੋੜਾ ਪਾਣੀ ਪੀਣ ਨਹਿਰ ਵਿਚ ਵੜ ਗਿਆ, ਜੰਜੀਰ ਵੱਝਾ ਸੀ, ਮੁੜ ਕੇ ਨਿਕਲਿਆ ਨਾ ਗਿਆ । ਨਹਿਰ ਵਿਚ ਡੁੱਬ ਕੇ ਘੋੜਾ ਮਰ ਗਿਆ । ਪਾਸ ਰਹਿਣ ਵਾਲੇ ਨੂੰ ਵਰ ਮਗਰੋਂ ਤੇ ਸਰਾਫ ਪਹਿਲਾਂ ਹੋ ਜਾਂਦਾ ਹੈ । ਆਪ ਹੀ ਸਚੇ ਪਾਤਸ਼ਾਹ ਸਿਖ ਤੇ ਰਹਿਮ ਕਰਦੇ ਨੇ । ਸਿਖ ਦੀ ਕੋਈ ਤਾਕਤ ਨਹੀਂ । ਆਪ ਹੀ ਭੁੱਲੇ ਹੋਏ ਨੂੰ ਮਾਰਗ ਪਾ ਲੈਂਦੇ ਨੇ । ।

ਇਕ ਦਿਨ ਸੱਚੇ ਪਾਤਸ਼ਾਹ ਬੜੇ ਦਿਆਲੂ ਹੋਏ ਤੇ ਚੇਤ ਸਿੰਘ ਦਾ ਵੱਡਾ ਪੁੱਤ ਛੰਗਾਰਾ ਸਿੰਘ ਖੇਤੀਂ ਵਾੜੇ ਸੱਚੇ ਪਾਤਸ਼ਾਹ ਦਾ ਦਰਸ਼ਨ ਕਰਨ ਗਿਆ ਹੈ । ਸੱਚੇ ਪਾਤਸ਼ਾਹ ਹੱਸ ਕੇ ਆਖਣ ਲੱਗੇ, ਛੰਗਾਰ ਸਿੰਘ ਅੱਜ ਅਸੀਂ ਤੇਰੇ ਕੋਲੋਂ ਘੋੜੀ ਲੈਣੀ ਹੈ । ਓਹ ਆਖਣ ਲੱਗਾ, ਸੱਚੇ ਪਾਤਸ਼ਾਹ ਅੱਜ ਤਾਂ ਮੈਂ ਤੁਰ ਕੇ ਆਇਆ ਹਾਂ । ਮੇਰੇ ਕੋਲ ਘੋੜੀ ਕੋਈ ਨਹੀਂ, ਚੋਰੀ ਕਿਸੇ ਦੀ ਭਾਵੇਂ ਭਜਾ ਲਿਆਵਾਂ । ਪਾਤਸ਼ਾਹ ਮਖੌਲ ਕਰਦੇ ਹਨ ਭਾਵੇਂ ਕਿਤੋਂ ਲਿਆ ਦੇ, ਅਸੀਂ ਪਰਵਾਨ ਕਰ ਲਵਾਂਗੇ । ਫੇਰ ਪਾਤਸ਼ਾਹ ਕੋਲੋਂ ਖ਼ੁਸ਼ੀ ਲੈ ਕੇ ਛੰਗਾਰ ਸਿੰਘ ਬੈਕੰਉਠੇ ਰੱਖ ਜਾਣ ਲਈ ਚਲ ਪਿਆ । ਤੁਰਿਆ ਜਾਂਦਿਆ ਵਿਚਾਰਾਂ ਕਰਦਾ ਹੈ ਕਿ ਪਾਤਸ਼ਾਹ ਭਾਵੇਂ ਹੱਸਦੇ ਸਨ ਪਰ ਬਚਨ ਪੂਰਾ ਹੋਵੇ ਤੇ ਤਾਹੀਏਂ ਗਲ ਠੀਕ ਹੈ । ਮਨ ਵਿਚ ਵਿਚਾਰਾਂ ਕਰਦਾ ਜਾਂਦਾ ਹੈ ਤੇ ਛੰਗਾਰ ਸਿੰਘ ਤੋਂ ਛੋਟਾ ਦੀਦਾਰ ਸਿੰਘ ਉਸ ਦਾ ਭਰਾ ਵਾਂਡੇ ਗਿਆ ਹੋਇਆ ਸੀ, ਘੋੜੀ ਲੈ ਕੇ ਓਹ ਰਸਤੇ ਵਿਚ ਮਿਲ ਪਿਆ । ਦੀਦਾਰ ਸਿੰਘ ਨੂੰ ਛੰਗਾਰ ਸਿੰਘ ਆਖਣ ਲਗਾ, ਘੋੜੀ ਮੈਨੂੰ ਦੇਦੇ ਮੈਨੂੰ ਕੰਮ ਹੈ ਤੇ ਤੂੰ ਤੁਰ ਕੇ ਘਰ ਨੂੰ ਚਲਾ ਜਾ । ਛੰਗਾਰਾ ਸਿੰਘ ਓਨ੍ਹੀਂ ਪੈਰੀ ਘੋੜੀ ਲੈ ਕੇ ਖੇਤੀਂ ਪਾਤਸ਼ਾਹ ਕੋਲ ਆ ਗਿਆ ਹੈ । ਪਾਤਸ਼ਾਹ ਨੂੰ ਨਿਮਸਕਾਰ ਕਰ ਕੇ ਗਲ ਵਿਚ ਪੱਲਾ ਪਾ ਕੇ ਬੇਨੰਤੀ ਕਰਦਾ ਹੈ ਕਿ ਪਾਤਸ਼ਾਹ ਆਹ ਘੋੜੀ ਮੈਂ ਸੇਵਾ ਕਰਦਾ ਹਾਂ ਤੇ ਦਇਆ ਕਰ ਕੇ ਪਰਵਾਨ ਕਰੋ । ਪਾਤਸ਼ਾਹ

ਹੱਸ ਕੇ ਆਖਣ ਲੱਗੇ ਛੰਗਾਰ ਸਿੰਘ ਅੱਜ ਤਾਂ ਸੇਵਾ ਵਲੋਂ ਪਿਛਲੀਆਂ ਟੋਟਾਂ ਸਾਰੀਆਂ ਕੱਢ ਲਈਆਂ ਈ। ਸੱਚੇ ਪਾਤਸ਼ਾਹ ਆਪ ਹੀ ਸਿਖ ਤੇ ਦਇਆ ਕਰ ਦੇਂਦੇ ਹਨ, ਜੇ ਸਿਖ ਭੁੱਲ ਵੀ ਕਰਦਾ ਹੈ। ਘੋੜੇ ਵਾਲੀ ਭੁਲ ਪਾਤਸ਼ਾਹ ਬਖ਼ਸ਼ ਦਿਤੀ ਤੇ ਘੋੜੀ ਪਰਵਾਨ ਕਰ ਲਈ। ਐਡੇ ਦਿਆਲੂ ਅਵਤਾਰ ਕਲਜੁਗ ਵਿਚ ਹਨ ਅਸੀਂ ਏਨ੍ਹਾਂ ਦੀ ਉਸਤਤ ਨਹੀਂ ਕਰ ਸਕਦੇ ਜੀ।।

## ✻ ਮਾਈ ਜਿਊਣੀ ਦੀ ਸੇਵਾ ਤੇ ਸੰਤ ਮਨੀ ਸਿੰਘ ਦੇਹ ਛੱਡਣੀ ✻

ਮਾਈ ਜੀਊਣੀ ਭੰਡਾਲਾਂ ਪਿੰਡ ਦੀ ਸੀ ਤੇ ਬੜਾ ਪ੍ਰੇਮ ਕਰਦੀ ਸੀ। ਦੋ ਮਾਈ ਦੇ ਪੁੱਤਰ ਸਨ। ਇਕ ਅੱਠਾਂ ਤੇ ਦੂਸਰਾ ਦਸਾਂ ਕੁ ਸਾਲਾਂ ਦੀ ਉਮਰ ਦਾ ਸੀ। ਆਦਮੀ ਮਾਈ ਦਾ ਸੁਰਗਵਾਸ ਹੋ ਗਿਆ ਸੀ। ਪਦਾਰਥ ਪਾਤਸ਼ਾਹ ਦੀ ਦਇਆ ਨਾਲ ਮਾਈ ਕੋਲ ਬਹੁਤ ਸੀ। ਦੋਵਾਂ ਪੁੱਤਾਂ ਨੂੰ ਪੜ੍ਹੌਂਦੀ ਸੀ, ਤੇ ਛੀਬਿਆਂ ਦੇ ਘਰ ਦਾ ਜਰਮ ਸੀ। ਬੜੀ ਸੱਚੇ ਪਾਤਸ਼ਾਹ ਦੀ ਮਾਇਆ ਤੇ ਬਸਤਰਾਂ ਦੀ ਸੇਵਾ ਕਰਦੀ ਸੀ। ਸੰਤ ਮਨੀ ਸਿੰਘ ਵੀ ਭੰਡਾਲੀਂ ਬਹੁਤ ਰਹਿੰਦੇ ਸਨ, ਮਾਈ ਦੇ ਪ੍ਰੇਮ ਕਰ ਕੇ। ਐਸਾ ਸਮਾਂ ਆਇਆ ਕਿ ਸੰਤ ਮਨੀ ਸਿੰਘ ਭੰਡਾਲੀਂ ਗਏ ਹਨ। ਤੇ ਮਾਈ ਦੇ ਪੁੱਤਰ ਵੀ ਗਭਰੂ ਹੋ ਗਏ। ਸਾਢੇ ਤਿੰਨ ਸਾਲ ਸੰਤ ਮਨੀ ਸਿੰਘ ਸੰਗਰੂਰੀਂ ਨਜ਼ਰ ਬੰਦ ਰਹੇ ਹਨ। ਜਿਸ ਵਕਤ ਓਥੋਂ ਛੁੱਟੇ ਹਨ ਤੇ ਸਿੱਧੇ ਭੰਡਾਲੀਂ ਆਏ ਹਨ। ਓਥੇ ਮਹੀਨਾ ਰਹੇ ਹਨ। ਸਾਰੀ ਸਿਖੀ ਸੰਤ ਆਏ ਸੁਣ ਕੇ ਹੁਮ ਹੁਮਾ ਕੇ ਦਰਸ਼ਨਾਂ ਨੂੰ ਗਈ ਹੈ। ਜੇਹੜੇ ਸਿਖ ਪਾਤਸ਼ਾਹ ਕੋਲ ਹਨ, ਓਨ੍ਹਾਂ ਵੀ ਪੁਛਿਆ, ਸੱਚੇ ਪਾਤਸ਼ਾਹ ਜੇ ਆਖੋ ਅਸੀਂ ਵੀ ਬਾਬਾ ਮਨੀ ਸਿੰਘ ਭੰਡਾਲੀਂ ਆਏ ਹਨ, ਓਨ੍ਹਾਂ ਦੇ ਦਰਸ਼ਨ ਕਰ ਆਈਏ। ਪਾਤਸ਼ਾਹ ਆਖਣ ਲੱਗੇ, ਕੋਈ ਲੋੜ ਨਹੀਂ। ਆਪੇ ਏਥੇ ਆ ਜਾਣਗੇ। ਸਿਖ ਜੇਹੜੇ ਓਥੇ ਜਾਂਦੇ ਨੇ ਓਹਨਾਂ ਨੂੰ ਬੰਨੌਣ ਜਾਂਦੇ ਹਨ। ਸਿਖਾਂ ਗਿਆਂ ਨੂੰ ਵੇਖ ਕੇ ਭੰਡਾਲਾਂ ਦੇ ਵਿਚੋਂ ਇਕ ਜ਼ਿਮੀਦਾਰ ਨੇ ਕਪੂਰਥਲੇ ਜਾ ਕੇ ਚੁਗਲੀ ਮਾਰੀ ਕਿ ਇਕ ਸੰਤ ਅੰਗਰੇਜ਼ਾਂ ਦੇ ਵਰਖਲਾਫ ਬੜੇ ਬਚਨ ਲਿਖਦਾ ਹੈ। ਰਾਜੇ ਦੀ ਪੁਲਸ ਆਣ ਕੇ ਸੰਤਾਂ ਨੂੰ ਗਿਰਫਤਾਰ ਕਰ ਲਿਆ ਤੇ ਕਪੂਰਥਲੇ ਜੇਲ ਵਿਚ ਸੰਤ ਦੇ ਦਿਤੇ ਹਨ। ਰਾਜੇ ਸੰਗਰੂਰ ਦੀ ਜੇਲ ਵਿਚੋਂ ਛੁੱਟੇ ਹਨ ਤੇ ਰਾਜੇ ਕਪੂਰਥਲੇ ਵਾਲੇ ਨੇ ਸੰਤ ਕੈਦ ਕਰ ਦਿਤੇ ਹਨ। ਨਾਲ ਸਿਖ ਵੀ ਓਸ ਵਕਤ ਜੇਹੜੇ ਕੋਲ ਸਨ ਫੜੇ ਗਏ ਹਨ। ਖੀਰਾਂ ਵਾਲੀ ਦੇ ਦੋ ਸਿਖ ਅਤਰ ਸਿੰਘ ਤੇ ਖੜਕ ਸਿੰਘ ਓਹ ਨਾਲ ਫੜੇ ਗਏ ਹਨ। ਐਸਾ ਅੰਨ੍ਹਾ ਰਾਜਾ ਸੀ ਚੁਗਲੀ ਸੁਣ ਕੇ ਹੀ ਸੰਤਾਂ ਨੂੰ ਕੈਦ ਕਰ ਦਿਤਾ। ਕੁਛ ਸੋਚਿਆ ਨਹੀਂ ਕਿ ਬਿਰਧ ਸੰਤ ਹਨ। ਹਾੜ ਦਾ ਮਹੀਨਾ ਸੀ। ਗਰਮੀ ਬਹੁਤ ਪੈਂਦੀ ਹੈ। ਮੁਕਦਮਾ ਚਲ ਪਿਆ ਤੈ ਤ੍ਰੀਕਾਂ ਪੈਣ ਲਗ ਪਈਆਂ। ਸੰਤਾਂ ਨੂੰ ਮਹਾਰਾਜ ਹੋਰਾਂ ਆਕਾਸ਼ ਬਾਣੀ ਦਿਤੀ ਕਿ ਸੰਤਾ ਮੈਂ ਜੋਤ ਰੂਪੀ ਰਾਜੇ ਮਾਰ ਦਿਤੇ ਹਨ, ਤੇ ਏਹਨਾਂ ਦੇ ਹੁਣ ਤੂੰ ਸਿਆਪੇ ਕਰ ਦੇ। ਸੰਤ ਮਨੀ ਸਿੰਘ ਸਿਖਾਂ ਨੂੰ ਆਖਣ ਲੱਗੇ ਕਿ ਪਾਤਸ਼ਾਹ ਬਚਨ ਦੇਂਦੇ ਹਨ, ਬਾਬਾ ਰਾਜਿਆਂ ਦੇ ਸਿਆਪੇ ਕਰ, ਅਸੀਂ ਜੋਤ ਸਰੂਪੀ ਮਾਰ ਦਿਤੇ ਹਨ। ਮਨੀ ਸਿੰਘ ਸਤਿ ਬਚਨ ਮੰਨ ਕੇ ਇਕ ਸੀੜੀ ਰੋਜ ਬਣਾ ਕੇ ਤੇ ਸਾੜ ਦਿਆ ਕਰਨ ਤੇ ਕੋਲ ਪਿਟਿਆ ਕਰਨ, ਸਿਆਪਾ ਕਰਿਆ ਕਰਨ। ਸਿਖ ਸਾਰੇ ਜੇਹੜੇ ਨਾਲ ਸੀ ਓਹ ਗੱਲਾਂ ਨੂੰ ਪਿਟਿਆ ਕਰਨ ਤੇ ਮਨੀ ਸਿੰਘ ਵਿਚ ਬੈਹ ਕੇ ਮਰਾਸਣਾਂ ਵਾਂਗੂੰ ਅਲੌਣੀਆਂ ਦਿਆਂ ਕਰਨ। ੧੫ ਦਿਨ ਏਸੇ ਤਰ੍ਹਾਂ ਸਿਆਪਾ ਹੁੰਦਾ ਰਿਹਾ। ਤਿੰਨ ਮਹੀਨੇ ਏਸੇ ਤਰ੍ਹਾਂ ਸਿਖ ਤੇ ਮਨੀ ਸਿੰਘ ਬੰਦੀਖਾਨੇ ਰਹੇ ਹਨ। ਗਰਮੀ ਬੜੀ ਸੀ, ਸੰਤਾਂ ਨੂੰ ਮਰੋੜ ਔਣ ਲਗ ਪਏ।।

ਇਕ ਦਿਨ ਰਾਜੇ ਕਪੂਰਥਲੇ ਵਾਲੇ ਦਾ ਵੱਡਾ ਪੁੱਤਰ ਜੇਲ ਵਿਚ ਸੈਰ ਕਰਨ ਤੇ ਕੈਦੀਆਂ ਨੂੰ ਵੇਖਣ ਵਾਸਤੇ ਆਇਆ ਹੈ। ਨਾਲ ਹੋਰ ਵੀ ਬਹੁਤ ਅਫਸਰ ਹਨ ਜੀ। ਬਿਰਧ ਸੰਤ ਕੈਦ ਵਿਚ ਵੇਖ ਕੇ ਓਸ

ਨੇ ਪੁਛਿਆ ਕਿ ਸੰਤ ਬਿਰਧ ਅਵਸਥਾ ਵਿਚ ਕਿਉਂ ਕੈਦ ਵਿਚ ਦਿਤੇ ਹਨ । ਓਹਨਾਂ ਆਖਿਆ ਜੀ ਸੰਤ ਰਾਜ ਦੇ ਵਰਖਲਾਫ ਪਰਚਾਰ ਕਰਦਾ ਸੀ । ਇਸ ਕਰ ਕੇ ਕੈਦ ਕੀਤਾ ਹੈ । ਓਸ ਪੁਛਿਆ ਕਿ ਇਹ ਸੰਤ ਕੋਈ ਬੰਦੂਕਾਂ ਤੇ ਰੈਫਲਾਂ ਨਾਲ ਲਈ ਫਿਰਦਾ ਸੀ । ਓਹਨਾਂ ਆਖਿਆ ਨਹੀਂ ਜੀ ਕੋਲ ਤਾਂ ਕੁਛ ਨਹੀਂ ਸੀ । ਓਸ ਗੁੱਸੇ ਹੋਇਆਂ ਕਿਹਾ ਸੰਤਾਂ ਨੂੰ ਐਸੇ ਵਕਤ ਛੋੜ ਦਿਤਾ ਜਾਵੇ । ਉਸ ਦੇ ਮੂੰਹ ਤੇ ਆਖਣ ਲੱਗੇ ਜੀ ਚੰਗਾ, ਫੇਰ ਛੱਡਿਆ ਨਹੀਂ ਗਾ, ਐਸੇ ਲੋਕੀਂ ਪਾਪੀ ਸਨ । ਐਹਲਕਾਰਾਂ ਸਲਾਹ ਕੀਤੀ ਕਿ ਸੰਤਾਂ ਨੂੰ ਜਮਾਨਤ ਲੈ ਕੇ ਛੱਡੋ । ਮਾਈ ਜੀਊਣੀ ਨੂੰ ਠਾਣੇਦਾਰ ਆਖਣ ਲੱਗਾ, ਮਾਈ ਤੂੰ ਸੰਤਾਂ ਦੀ ਜਮਾਨਤ ਦੇ ਦੇਵੇਂਗੀ । ਮਾਈ ਆਖਿਆ ਮੈਂ ਸੰਤਾਂ ਤੇ ਸਾਰੇ ਸਿਖਾਂ ਦੀ ਜਮਾਨਤ ਦੇਵਾਂਗੀ । ਫੇਰ ਓਸ ਵਕਤ ਮਾਈ ਜਮਾਨਤ ਦੇ ਕੇ ਸਾਰੇ ਸਿਖ ਤੇ ਮਨੀ ਸਿੰਘ ਨੂੰ ਆਪ ਦੇ ਨਾਲ ਭੰਡਾਲੀਂ ਲੈ ਆਈ ਹੈ । ੧੨ ਸੌ ਰੁਪੈਆ ਮਾਈ ਜੀਊਣੀ ਦਾ ਇਸ ਮੁਕੱਦਮੇ ਤੇ ਲਗ ਗਿਆ ਹੈ । ਮਨੀ ਸਿੰਘ ਦਾ ਬਿਰਧ ਸ਼ਰੀਰ ਸੀ । ਮਾਈ ਬੜੀ ਸੇਵਾ ਕੀਤੀ । ਪਰ ਸੰਤਾਂ ਦੇ ਮਰੋੜ ਹਟੇ ਨਹੀਂ । ੧੦ ਅੱਸੂ ਬਿਕ੍ਰਮੀ ੧੯੭੬ ਨੂੰ ਸੰਤ ਮਨੀ ਸਿੰਘ ਚੋਲਾ ਛੱਡ ਗਏ ਹਨ । ਲਾਗੇ ਤਿੰਨ ਮੀਲ ਪੈਂਡਾ ਸੀ ਖੀਰਾਂਵਾਲੀ ਦਾ । ਅਤਰ ਸਿੰਘ ਤੇ ਖੜਕ ਸਿੰਘ ਸਿਖ ਦੋਵੇਂ ਸੰਤਾਂ ਦੇ ਕੋਲ ਦੇਹ ਛੱਡਣ ਵੇਲੇ ਆ ਗਏ ਹਨ ਜੀ । ਅਤਰ ਸਿੰਘ ਸਿਖ ਤੇ ਪਾਤਸ਼ਾਹ ਦੀ ਬੜੀ ਕਿਰਪਾ ਸੀ । ਸੰਤਾਂ ਦੀ ਸੇਵਾ ਕਰਨ ਨਾਲ ਅਤਰ ਸਿੰਘ ਦੀ ਸੁਰਤ ਖੁਲ੍ਹੀ ਹੋਈ ਸੀ । ਜਿਸ ਵਕਤ ਬਹਿ ਕੇ ਸ਼ਬਦ ਨਾਲ ਜੁੜਦਾ ਹੈ ਪਾਤਸ਼ਾਹ ਓਸੇ ਵਕਤ ਦਰਸ਼ਨ ਦੇਂਦੇ ਸਨ । ਅਤਰ ਸਿੰਘ ਸੰਤਾਂ ਦੀ ਦੇਹ ਕੋਲ ਬੈਠ ਕੇ ਸ਼ਬਦ ਨਾਲ ਜੁੜਿਆ ਹੈ । ਜਿਸ ਤਰ੍ਹਾਂ ਪਾਤਸ਼ਾਹ ਹੁਕਮ ਦਿਤਾ, ਓਸੇ ਤਰ੍ਹਾਂ ਸੰਤਾਂ ਦੇ ਕਪੜੇ ਤੇ ਇਸ਼ਨਾਨ ਕਰਾਇਆ ਗਿਆ । ਪਾਤਸ਼ਾਹ ਬਚਨ ਦਿਤਾ ਕਿ ਸੰਤਾਂ ਦਾ ਸੰਸਕਾਰ ਖੇਤ ਜਾ ਕੇ ਖੂਹ ਦੇ ਕੋਲ ਮਾਈ ਜਿਉਣੀ ਦੀ ਪੈਲੀ ਵਿਚ ਕੀਤਾ ਜਾਵੇ ਤੇ ਕੱਚੀ ਮਿੱਟੀ ਦੀ ਢੇਰੀ ਓਥੇ ਨਿਸ਼ਾਨੀ ਬਣਾ ਦਿਤੀ ਜਾਵੇ । ਅਤਰ ਸਿੰਘ ਨੇ ਉਸੇ ਤਰ੍ਹਾਂ ਸਸਕਾਰ ਕਰਕੇ ਓਥੇ ਸਵਾਹ ਦੀ ਢੇਰੀ ਲਾ ਦਿਤੀ । ਫੁਲ ਚੁਗ ਕੇ ਗੜਵੀ ਵਿਚ ਪਾ ਲਏ ਤੇ ਘਵਿੰਡ ਆਣ ਕੇ ਪਾਤਸ਼ਾਹ ਦੇ ਚਰਨਾਂ ਵਿਚ ਰੱਖ ਦਿਤੇ । ।

ਸਾਰਿਆਂ ਸਿਖਾਂ ਨੂੰ ਪਤਾ ਲਗਾ ਕਿ ਗੁਰੂ ਸਾਹਿਬ ਸਾਡੇ ਦੇਹ ਛੱਡ ਗਏ ਹਨ । ਸਾਰੇ ਸਿਖ ਪਾਤਸ਼ਾਹ ਕੋਲ ਅਫਸੋਸ ਵਾਸਤੇ ਗਏ ਹਨ । ਸਾਰਿਆਂ ਸਿਖਾਂ ਨੇ ਪਾਤਸ਼ਾਹ ਕੋਲ ਸੰਤਾਂ ਦੇ ਨਾਂ ਪਰਸ਼ਾਦ ਕਰਾਇਆ ਤੇ ਬੇਨੰਤੀ ਕੀਤੀ ਕਿ ਸੱਚੇ ਪਿਤਾ ਅੱਗੇ ਤਾਂ ਸੰਤਾਂ ਨੂੰ ਆਕਾਸ਼ ਬਾਣੀ ਦੇਂਦੇ ਸੋ ਤੇ ਅਸੀਂ ਬਚਨ ਸੁਣਦੇ ਰਹਿੰਦੇ ਸਾਂ, ਤੇ ਹੁਣ ਆਪ ਹੀ ਦਇਆ ਕਰਿਓ ਜੇ । ਸੱਚੇ ਪਾਤਸ਼ਾਹ ਆਖਣ ਲੱਗੇ । ਸਿਖੋ ਸੰਤ ਮਨੀ ਸਿੰਘ ਤੁਹਡੇ ਕੋਲ ਹੀ ਰਹਿਣਗੇ । ਕਿਤੇ ਦੂਰ ਨਹੀਂ ਜਾਂਦੇ । ਜਦੋਂ ਅਸੀ ਤੁਹਾਡੇ ਪਾਸ ਹਾਂ ਫੇਰ ਤੁਹਾਨੂੰ ਕਾਹਦਾ ਸਹਿੰਸਾ ਹੈ । ਸਾਰਿਆਂ ਆਖਿਆ ਸੱਚੇ ਪਿਤਾ ਤੁਹਾਡੇ ਹੁੰਦਿਆਂ ਸਾਨੂੰ ਕਾਹਦਾ ਫਿਕਰ ਹੈ । ਧੰਨ ਬਾਬਾ ਮਨੀ ਸਿੰਘ ਹੈ ਜੇਹੜਾ ਜੁਗਾਂ ਦੇ ਵਿਛੜਿਆਂ ਨੂੰ ਬਾਹੋਂ ਫੜਕੇ ਤੁਹਾਡੀ ਚਰਨੀ ਲਾ ਗਿਆ ਹੈ । ਅੱਸੂ ਵਿਚ ਦੇਹ ਛੱਡੀ ਹੈ ਸੰਤਾਂ ਨੇ ਕੱਤੇ ਦੀ ਚੌਦੇ ਵਾਲੀ ਰਾਤ ਮਨੀ ਸਿੰਘ ਪਾਤਸ਼ਾਹ ਦੇ ਘਰ ਪਾਤਸ਼ਾਹ ਦਾ ਪੁੱਤਰ ਬਣ ਕੇ ਆ ਗਿਆ ਹੈ । ਮਾਤਾ ਬੰਤੀ ਦੀ ਕੁਖੋਂ ਸੰਤਾਂ ਨੇ ਜਰਮ ਲਿਆ ਹੈ । ਤਿੰਨ ਸਾਹਿਬਜਾਦੇ ਮਾਤਾ ਨੈਣੋ ਦੀ ਕੁੱਖ ਵਿਚੋਂ ਹਨ । ਇਕ ਮਾਤਾ ਭਜਨੋ ਦੀ ਕੁੱਖੋਂ ਸਾਹਿਬਜਾਦਾ ਹੈ । ੫ ਸਾਹਿਬਜਾਦੇ ਪਾਤਸ਼ਾਹ ਦੇ ਹਨ । ਵੱਡੇ ਸਾਹਿਬਜਾਦੇ ਦਾ ਨਾਮ ਜੋਤ ਸਰੂਪ ਪਾਤਸ਼ਾਹ ਭਗਵਾਨ ਸਿੰਘ ਰੱਖਿਆ ਹੈ । ਫੇਰ ਪਾਤਸ਼ਾਹ ਲਾਡ ਨਾਲ ਮੋਹਣ ਕਰ ਕੇ ਵਾਜ ਮਾਰਦੇ ਸਨ । ਲੋਕੀਂ ਵੀ ਮੋਤਿਆ ਆਖਣ ਲਗ ਪਏ । ਜੋ ਸਿਖ ਹਨ ਸਾਰੇ ਬਾਬਾ ਭਗਵਾਨ ਸਿੰਘ ਜੀ ਆਖ ਬੁਲੌਂਦੇ ਹਨ । ਉਸ ਤੋਂ ਛੋਟੇ ਦਾ ਨਾਮ ਊਧਮ ਸਿੰਘ ਸੀ, ਤੀਜੇ ਸਾਹਿਬਜਾਦੇ ਨਾ ਨਾਮ, ਮਾਤਾ ਬੰਤੀ ਦੇ ਪੁੱਤਰ ਦਾ, ਜੋਤ ਸਰੂਪ ਕਰਤਾਰ ਸਿੰਘ ਪਾਤਸ਼ਾਹ ਰਖਿਆ ਹੈ । ਸਿਖ ਸਾਰੇ ਬਾਬਾ ਕਰਤਾਰ ਸਿੰਘ ਆਖਦੇ ਤੇ ਹੋਰ ਦੁਨੀਆਂ ਸੂਰਤ ਸਿੰਘ ਆਖਦੀ ਹੈ ਜੀ । ਉਸ ਤੋਂ ਛੋਟੇ ਦਲੀਪ ਸਿੰਘ ਤੇ ਸ਼ਾਮ ਸਿੰਘ ਹਨ ਜੀ । ।




ਬਾਬਾ ਕਰਤਾਰ ਸਿੰਘ
(ਬਾਬਾ ਸੂਰਤ ਸਿੰਘ)



ਬਾਬਾ ਊਧਮ ਸਿੰਘ



ਬਾਬਾ ਭਗਵਾਨ ਸਿੰਘ
(ਬਾਬਾ ਮੋਤਾ ਸਿੰਘ)



ਬਾਬਾ ਸ਼ਾਮ ਸਿੰਘ



ਬਾਬਾ ਦਲੀਪ ਸਿੰਘ

## ✻ ਸਿਖਾਂ ਪਾਤਸ਼ਾਹ ਲਈ ਬੈਠਕ ਬਣੌਣੀ ✻

ਇਕ ਵਾਰ ਸਾਰਿਆਂ ਸਿਖਾਂ ਰਲ ਕੇ ਸਲਾਹ ਕੀਤੀ ਕਿ ਪਾਤਸ਼ਾਹ ਅੱਗੇ ਬੇਨੰਤੀ ਕਰ ਕੇ ਇਕ ਪਾਤਸ਼ਾਹ ਲਈ ਬੈਠਕ ਬਣਾਈਏ । ਪਾਤਸ਼ਾਹ ਅੱਗੇ ਬੇਨੰਤੀ ਕੀਤੀ ਕਿ ਸਾਡੀ ਸਲਾਹ ਹੈ, ਆਪ ਦੇ ਬਹਿਣ ਵਾਸਤੇ ਇਕ ਬੈਠਕ ਤਿਆਰ ਕਰੀਏ । ਪਾਤਸ਼ਾਹ ਆਖਣ ਲੱਗੇ ਸਾਨੂੰ ਤਾਂ ਕੋਈ ਐਡਾ ਬੈਠਕ ਦਾ ਚਾ ਨਹੀਂ । ਅਸੀਂ ਏਸੇ ਤਰ੍ਹਾਂ ਖ਼ੁਸ਼ ਹਾਂ । ਸਿਖਾਂ ਆਖਿਆ, ਪਾਤਸ਼ਾਹ ਸਾਨੂੰ ਚਾ ਹੈ ਬੈਠਕ ਬਣੌਣ ਦਾ ਤੁਸੀਂ ਦਇਆ ਕਰੋ । ਪਾਤਸ਼ਾਹ ਆਖਿਆ ਚੰਗਾ ਤੁਹਾਡੀ ਖ਼ੁਸ਼ੀ । ਸਿਖਾਂ ਨੇ ੫੦੦ ਰੁਪੈਆ ਕੱਠਾ ਕਰ ਕੇ ਹੁਡਿਆਰੇ ਪਿੰਡ ਜਾ ਕੇ ੪੦ ਹਜਾਰ ਇੱਟ ਲੈਣੀ ਕਰ ਆਏ, ਸਾਈ ਫੜਾ ਆਏ । ਹਾੜ ਦੇ ਮਹੀਨੇ ਵਿਚ ਇੱਟਾਂ ਢੋਣੀਆਂ ਸ਼ੁਰੂ ਕਰ ਦਿਤੀਆਂ ਹਨ । ਸਾਰਿਆਂ ਸਿਖਾਂ ਨੇ ਗੱਡਾਂ ਲਿਆ ਕੇ ਤਿੰਨਾਂ ਦਿਨਾਂ ਵਿਚ ਇੱਟਾਂ ਢੋ ਲਈਆਂ ਹਨ । ਮਹਾਰਾਜ ਹੋਰਾਂ ਦੇ ਪਿਤਾ ਨੇ ਹਵੇਲੀ ਵਲੀ ਹੋਈ ਸੀ । ਜ਼ਿਮੀਦਾਰਾਂ ਨੇ ਥਾਂ ਦਿਤਾ ਹੋਇਆ ਸੀ । ਪਾਤਸ਼ਾਹ ਥਾਂ ਵਾਲੇ ਜ਼ਿਮੀਦਾਰਾਂ ਨੂੰ ਪੁਛਿਆ ਕਿ ਅਸੀਂ ਡਿਓਡੀ ਤੇ ਬੈਠਕ ਬਣੌਣ ਲੱਗੇ ਹਾਂ ਜੇ ਥਾਂ ਦਾ ਫੇਰ ਕੋਈ ਰੌਲਾ ਪੌਣਾ ਤੇ ਹੁਣੇ ਦੱਸ ਦਿਓ । ਸਾਰੇ ਆਖਣ ਲਗੇ ਸੱਚੇ ਪਾਤਸ਼ਾਹ ਬਣਾਓ, ਤੁਸੀਂ ਜੋ ਜੀ ਕਰਦਾ ਹੈ । ਜਿਸ ਵਕਤ ਮਕਾਨ ਤਿਆਰ ਹੋ ਗਿਆ ਤੇ ਆਖਣ ਲੱਗੇ ਥਾਂ ਸਾਡਾ ਏ । ਮਹਾਰਾਜ ਹੋਰਾਂ ਆਖਿਆ ਕਿ ਅਸੀਂ ਹੁਣ ਮਕਾਨ ਤਿਆਰ ਕੀਤਾ ਹੈ । ਤੁਸੀਂ ਜਾਂ ਸਾਡੇ ਕੋਲੋਂ ਕਰਾਇਆ ਲਈ ਜਾਓ ਤੇ ਜਾਂ ਥਾਂ ਦੀ ਕੀਮਤ ਲੈ ਲਓ । ਆਖਣ ਲੱਗੇ ਨਹੀਂ ਮਹਾਰਾਜ ਜੀ, ਸਾਡਾ ਸਾਰੀ ਪੱਤੀ ਦਾ ਸਾਂਝਾ ਥਾਂ ਹੈ ਅਸੀਂ ਜੰਞਾਂ ਵਾਸਤੇ ਤਿਆਰ ਕਰ ਕੇ ਰੱਖਣਾ ਹੈ ਅਸੀਂ ਪੈਸੇ ਨਹੀਂ ਲੈਣੇ । ਓਸ ਤਰ੍ਹਾਂ ਤਾਂ ਪਾਤਸ਼ਾਹ ਨੂੰ ਕੁਛ ਨਹੀਂ ਆਖ ਸਕਦੇ ਸਨ ਕਿਉਂਕਿ ਪਾਤਸ਼ਾਹ ਕੋਲ ਬੰਦਿਆਂ ਦਾ ਬਹੁਤ ਜੋਰ ਸੀ । ਤਿੰਨ ਮੀਲ ਲਾਗੇ ਭਡਾਣਾ ਪਿੰਡ ਸੀ, ਓਥੇ ਜਾ ਕੇ ਸਰਦਾਰ ਕੋਲ ਦਾਹਵਾ ਕਰ ਦਿਤਾ । ਸਰਦਾਰ ਜੱਟ ਸੀ । ਜੱਟਾਂ ਨੇ ਫਰਮੈਸ਼ ਪਾਈ ਤੇ ਆਂਦੇ ਨੇ ਅਸਾਂ ਥਾਂ ਦਿਤਾ ਸੀ, ਪਾਤਸ਼ਾਹ ਮਕਾਨ ਪਾ ਬੈਠੇ ਹਨ ਜੀ, ਤੇ ਅਸੀਂ ਹੱਕ ਨਹੀਂ ਛੱਡਣਾ ਤੁਸੀਂ ਹੁਣ ਓਹਨਾਂ ਦਾ ਦਾਹਵਾ ਤੋੜ ਦਿਓ । ਓਸ ਸਰਦਾਰ ਬੇਈਮਾਨ ਨੇ ਪਾਤਸ਼ਾਹ ਦਾ ਹੱਕ ਤੋੜ ਦਿਤਾ । ਪਾਤਸ਼ਾਹ ਨੂੰ ਹੁਕਮ ਕੀਤਾ ਕਿ ਆਪ ਦਾ ਮਕਾਨ ਹਦੇੜ ਲਓ । ਜੇ ਇਕ ਮਹੀਨੇ ਵਿਚ ਨਾ ਹਦੇੜੋਗੇ, ਤੇ ਤੁਹਾਡਾ ਏਹ ਵੀ ਹੱਕ ਜਾਂਦਾ ਰਹੇਗਾ । ਓਥੇ ਲੋਕ ਪਾਤਸ਼ਾਹ ਨਾਲ ਬਹੁਤ ਦੁਬਿਧਾ ਕਰਦੇ ਰਹੇ ਹਨ ਜੀ । ਪਾਤਸ਼ਾਹ ਨੇ ਸਿਖਾਂ ਨੂੰ ਹੁਕਮ ਦਿਤਾ ਕਿ ਮਕਾਨ ਹਦੇੜ ਕੇ ਖੇਤ ਜਾ ਕੇ ਬੈਠਕ ਬਣਾ ਲਓ । ਮਾਲ ਡੰਗਰ ਵੀ ਵਾੜ ਵਲ ਕੇ ਓਥੇ ਲੈ ਜਾਓ । ਸਾਰੀ ਸਿਖੀ ਵਿਚ ਪਾਤਸ਼ਾਹ ਹੁਕਮ ਦੇ ਦਿਤਾ ਕਿ ਜੋ ਮਾਈ ਭਾਈ ਏਸ ਸੇਵਾ ਵਿਚ ਹੱਥ ਲੌਣਗੇ, ਸਾਰਿਆਂ ਦੀ ਸੇਵਾ ਪਰਵਾਨ ਕਰਾਂਗੇ । ਤੇਜਾ ਸਿੰਘ ਨੂੰ ਬਾਰ ਵਿਚ ਪਾਤਸ਼ਾਹਾਂ ਘੱਲ ਦਿਤਾ ਕਿ ਸਾਰਿਆਂ ਸਿਖਾਂ ਨੂੰ ਸਾਡਾ ਹੁਕਮ ਸੁਣਾ ਦਿਓ । ਤੇਜਾ ਸਿੰਘ ਬਾਰ ਵਿਚ ਜਾ ਕੇ ਸੱਚੇ ਪਾਤਸ਼ਾਹ ਦਾ ਹੁਕਮਨਾਮਾ ਸੁਣਾ ਦਿਤਾ ਹੈ ਕਿ ਪਾਤਸ਼ਾਹ ਮਕਾਨ ਹਦੇੜ ਕੇ ਖੇਤ ਖੜਨਾ ਹੈ ਮਿਟੀ ਸਮੇਤ । ਜੋ ਮਾਈ ਭਾਈ ਆਣ ਕੇ ਇਸ ਮਿਟੀ ਨੂੰ ਹੱਥ ਲਾਵੇਗਾ ਚਾਰ ਜੁਗ ਉਸ ਦਾ ਨਾਮ ਰਹੇਗਾ । ਆਪਸ ਵਿਚ ਸਲਾਹ ਕਰ ਕੇ ਜੀਉਣ ਸਿੰਘ ਆਖਣ ਲਗਾ, ਸਾਡਾ ਵੇਹਲ ਨਹੀਂ । ਕੰਮ ਦਾ ਬੜਾ ਜੋਰ ਹੈ । ਤੇਜਾ ਸਿੰਘ ਮੁੜ ਆਇਆ ਤੇ ਜੋ ਕੁਛ ਸਿਖਾਂ ਆਖਿਆ ਆਣ ਕੇ ਸੱਚੇ ਪਾਤਸ਼ਾਹ ਨੂੰ ਸੁਣਾ ਦਿਤਾ । ਏਧਰ ਇਕ ਰਾਤ ਵਿਚ ਜੋ ਮਾਝੇ ਦੀ ਸਿਖੀ ਸੀ, ਸਾਰੀ ਆਣ ਕੇ ਬੜੇ ਪ੍ਰੇਮ ਨਾਲ ਸੇਵਾ ਕਰ ਰਹੀ ਹੈ । ਕਹਿਣ ਸ਼ੁਕਰ ਹੈ ਜੇ ਪਾਤਸ਼ਾਹ ਸਾਨੂੰ ਸੇਵਾ ਬਖ਼ਸ਼ੀ ਹੈ । ਇਕ ਰਾਤ ਵਿਚ ਸਿਖ ਮਕਾਨ ਹਦੇੜ ਕੇ ਲੈ ਗਏ ਹਨ ਜੀ । ਪਾਤਸ਼ਾਹ ਨੇ ਤੇਜਾ ਸਿੰਘ ਨੂੰ ਪੁਛਿਆ, ਕੋਈ ਸਿਖ ਤੇਰੇ ਨਾਲ ਆਇਆ ਹੈ । ਉਸ ਆਖਿਆ ਨਹੀਂ ਜੀ, ਓਹ ਆਂਦੇ ਸਨ ਸਾਡਾ ਵੇਹਲ ਨਹੀਂ । ਘਵਿੰਡੋਂ ਦੋ ਮੀਲ ਪਾਤਸ਼ਾਹ ਦਾ ਖੇਤ ਸੀ, ਜਿਥੇ ਇੱਟਾਂ ਖੜੀਆਂ ਹਨ । ੪੦ ਹਜਾਰ ਇੱਟ ਚੌਂਹ ਪੈਹਰਾਂ ਵਿਚ ਸਿਖ ਖੇਤ ਲੈ ਗਏ ਹਨ । ਲੱਕੜ ਦਾ ਸਾਰਾ ਸਮਾਨ ਕਲਸੀਂ ਪੁਚਾ ਦਿਤਾ ਸੀ ਚੇਤ ਸਿੰਘ ਦੇ ਘਰ । ਨਗਰ ਦੇ ਵਾਸੀ ਵੇਖ ਕੇ ਹੈਰਾਨ ਪਰੇਸ਼ਾਨ ਹੋ ਗਏ ਹਨ ਕਿ ਏਥੇ ਹੁਣ ਪਈ ਧੂੜ ਉਡਦੀ ਹੈ । ।

ਏਥੇ ਵਾਲਿਆਂ ਸਿਖਾਂ ਤਾਂ ਸੇਵਾ ਕਰ ਕੇ ਰੱਜ ਲਿਆ, ਤੇ ਬਾਰ ਵਾਲੇ ਸਿਖ ਲੜਾਈ ਕਰ ਬੈਠੇ । ਜੀਉਣ ਸਿੰਘ ਵੱਢਿਆ ਫੱਟਿਆ ਗਿਆ । ਮਰਨੋਂ ਤਾਂ ਬਚ ਗਿਆ, ਹਾਲ ਬੁਰਾ ਹੋ ਗਿਆ ਹੈ । ਸੱਟ ਲੱਗਣ ਕਰ ਕੇ ਹਸਪਤਾਲ ਪੈ ਗਿਆ । ਮਾਇਆ ਲਗਣੀ ਸ਼ੁਰੂ ਹੋ ਗਈ । ਏਧਰੋਂ ਸਿਖਾਂ ਨੇ ਜੇਹੜੇ ਕੱਚੇ ਮਕਾਨ ਸਨ ਓਨ੍ਹਾਂ ਤੋਂ ਮਿੱਟੀ ਲਾਹ ਕੇ ਸਭ ਛੱਪੜ ਵਿਚ ਸੁੱਟ ਦਿਤੀ । ਓਸ ਵਕਤ ਸੱਚੇ ਪਾਤਸ਼ਾਹ ਨੇ ਐਸਾ ਸਿਖੀ ਵਿਚ ਬਲ ਬਖ਼ਸ਼ਿਆ ਕਿ ਜੇ ਸਾਰੇ ਰਲ ਕੇ ਪਹਾੜ ਨੂੰ ਧੱਕਾ ਮਾਰਨ ਤੇ ਪਹਾੜ ਡੇਗ ਦੇਣ । ਜੋ ਬੱਚੇ ਦੁਧ ਚੁੰਗ ਰਹੇ ਸਨ ਓਨ੍ਹਾਂ ਦੇ ਹੱਥ ਵੀ ਸੰਗਤ ਨੇ ਲਵਾਏ ਹਨ । ਮਿੱਟੀ ਦੀ ਐਸੇ ਪ੍ਰੇਮ ਨਾਲ ਸੇਵਾ ਕੀਤੀ ਹੈ, ਥਾਂ ਪੱਧਰਾ ਕਰ ਕੇ ਜੋ ਕੱਖ ਕੰਡਾ ਸੀ, ਸਭ ਨੂੰ ਅੱਗ ਲਾ ਦਿਤੀ ਹੈ । ਅੱਗ ਦੇ ਭਾਂਬੜ ਬਲਦੇ ਵੇਖ ਸਾਰਾ ਪਿੰਡ ਕੋਠਿਆਂ ਤੇ ਚੜ ਕੇ ਵੇਂਹਦਾ ਹੈ । ਓਸ ਪੱਤੀ ਨੂੰ ਲਾਨਤਾਂ ਤੇ ਧ੍ਰਿਗ ਪੈਂਦੀ ਹੈ । ਦੁਨੀਆਂ ਸਾਰੀ ਆਂਦੀ ਹੈ ਕਿ ਪਾਪੀਆਂ ਪਾਪ ਕੀਤਾ ਹੈ । ਲੇਖਾ ਦੇਣਾ ਪਊ । ਸਾਵਣ ਦਾ ਮਹੀਨਾ ਸੀ ਬੱਦਲ ਤੇ ਘਟਾਂ ਚੜ੍ਹ ਕੇ ਆ ਗਈਆਂ ਹਨ । ਅੱਠ ਪਹਿਰ ਐਨਾਂ ਮੀਂਹ ਪਿਆ ਕਿ ਜੋ ਮਿਟੀ ਥੋੜੀ ਬਹੁਤ ਰੈਂਹਦੀ ਸੀ । ਸਾਰੀ ਰੁੜ ਕੇ ਛੱਪੜ ਵਿਚ ਜਾ ਪਈ ਹੈ । ਸੱਚੇ ਪਾਤਸ਼ਾਹ ਮਾਲ ਖੇਤ ਲੈ ਗਏ ਹਨ । ਸਿਖੀ ਸਾਰੀ ਖ਼ੁਸ਼ੀਆਂ ਲੈ ਕੇ ਆਪੋ ਆਪਣੇ ਘਰੀਂ ਚਲੀ ਗਈ ਹੈ । ਘਵਿੰਡ ਦੇ ਵਾਸੀ ਏਸ ਤਰ੍ਹਾਂ ਪਾਤਸ਼ਾਹ ਨਾਲ ਵਰਤਦੇ ਰਹੇ ਹਨ ਜੀ । ਪਾਤਸ਼ਾਹ ਦੋ ਜਹਾਨਾਂ ਦੇ ਵਾਲੀ ਕਿਸੇ ਨੂੰ ਮੱਥੇ ਵੱਟ ਨਹੀਂ ਸੀ ਪੌਂਦੇ । ਸੰਤ ਮਨੀ ਸਿੰਘ ਦਾ ਬਚਨ ਹੈ ਪਾਤਸ਼ਾਹ ਦੇ ਹੱਥ ਕੜਛਾ ਫੜਿਆ ਹੋਇਆ ਹੈ, ਜਿਹੜਾ ਸੇਵਾ ਕਰਦਾ, ਓਹ ਸਿੱਧਾ ਪੁਵਾ ਲੈਂਦਾ ਹੈ ਤੇ ਜੇਹੜਾ ਨਿੰਦਿਆ ਕਰਦਾ ਹੈ, ਓਹ ਪੁਠਾ ਪੁਵਾ ਲੈਂਦਾ ਹੈ, ਸਰਾਫ ਲੈ ਕੇ ਬੈਠ ਜਾਂਦਾ ਹੈ । ਕੋਈ ਦਿਨ ਪਾ ਕੇ ਸਿਖਾਂ ਨੇ ਖੇਤ ਵਿਚ ਪੱਕੇ ਮਕਾਨ ਤੇ ਬੈਠਕ ਬਣਾ ਦਿਤੀ । ਮਾਲ ਡੰਗਰ ਵੀ ਰਾਤ ਦਿਨੇ ਖੇਤ ਰਹੇ । ਅਨੇਕ ਭਾਂਤ ਦੇ ਓਥੇ ਫਲਾਂ ਦੇ ਬੂਟੇ ਸਿਖਾਂ ਨੇ ਲਿਆ ਕੇ ਬਾਗ ਲਾ ਦਿਤਾ । ਧਰਤੀ ਨੂੰ ਭਾਗ ਲੱਗਾ ਪਿਆ ਹੈ, "ਓਹ ਤਾਂ ਧਰਤੀ ਨਸੀਬਾਂ ਵਾਲੀ ਜਿਥੇ ਮੇਰਾ ਸਾਹਿਬ ਵਸਦਾ" । ਜਿਥੇ ਪਾਤਸ਼ਾਹ ਚਰਨ ਪਾਏ ਹਨ, ਧੰਨ ਓਹ ਧਰਤੀ ਹੈ । ।

## ❊ ਦਫਤੂ ਵਾਲੇ ਸਿਖਾਂ ਦੀ ਸਾਖੀ ❊

ਇਕ ਦਫਤੂ ਦਾ ਸਿਖ ਤੇ ਬੀਬੀਆਂ ਮਾਈਆਂ ਬੜਾ ਸੱਚੇ ਪਾਤਸ਼ਾਹ ਦਾ ਪ੍ਰੇਮ ਕਰਦੀਆਂ ਸਨ ਤੇ ਦਰਸ਼ਨ ਕਰਨ ਔਂਦੇ ਰੈਂਦੇ ਸਨ । ਪਾਤਸ਼ਾਹ ਵੀ ਐਸਾ ਹੀ ਪ੍ਰੇਮ ਕਰਦੇ ਸਨ । ਜਦੋਂ ਸੰਗਤਾਂ ਗੁਰਪੁਰਬ ਤੇ ਔਂਦੀਆਂ ਸੀ, ਅੱਠ ਅੱਠ ਦਿਨ ਪਾਤਸ਼ਾਹ ਸਿਖਾਂ ਨੂੰ ਜਾਣ ਨਹੀਂ ਸੀ ਦੇਂਦੇ । ੧੨ ਮੀਲ ਦਫਤੂ ਤੋਂ ਘਵਿੰਡ ਦਾ ਪੈਂਡਾ ਸੀ । ਬੇਬੇ ਕਰਮੋ ਸਵੇਰੇ ਪਰਸ਼ਾਦ ਪਕਾ ਕੇ ਤਸਮਈ ਤੇ ਕੜਾਹ ਪਰਸ਼ਾਦ ਤਿਆਰ ਕਰ ਕੇ, ਕਈ ਪਰਕਾਰ ਦੇ ਭੋਜਨ ਤਿਆਰ ਕਰ ਕੇ, ਸਿਰ ਤੇ ਥਾਲ ਚੁਕ ਕੇ ਤੇ ਨੰਗੀ ਪੈਰੀਂ ਤੁਰ ਕੇ ਆਣ ਕੇ ਘਵਿੰਡ ਪਾਤਸ਼ਾਹ ਨੂੰ ਪਰਸ਼ਾਦ ਛਕਾ ਕੇ ਫੇਰ ਆਪ ਛਕਦੀ ਸੀ । ਐਨਾ ਬੇਬੇ ਦਾ ਪ੍ਰੇਮ ਹੈ, ਮੈਂ ਦੱਸ ਨਹੀਂ ਸਕਦਾ । ਸੱਚੇ ਪਾਤਸ਼ਾਹ ਪਰਵਾਨ ਕਰਨ ਤੇ ਸਿਖਾਂ ਦੀ ਚਰਨੀ ਲੱਗਿਆਂ ਦੀ ਨਿਭਾ ਦੇਣ । ਜਦੋਂ ਬੇਬੇ ਕਰਮੋ ਨੇ ਘਰ ਜਾਣਾ ਤੇ ਸਾਰਿਆਂ ਗੁੱਸੇ ਹੋਣਾ, ਐਨੇ ਦਿਨ ਜਾ ਕੇ ਬੈਹ ਰੈਂਦੀ ਹੈ । ਓਹਨਾਂ ਆਖਣਾ ਪਾਤਸ਼ਾਹ ਦਾ ਪਜ ਲੌਂਦੀਆਂ ਨੇ ਕਿ ਸਾਨੂੰ ਔਣ ਨਹੀਂ ਦੇਂਦੇ । ਅਸੀਂ ਵੀ ਪਾਤਸ਼ਾਹ ਦੇ ਸਿਖ ਹਾਂ, ਸਾਨੂੰ ਓਹਨਾਂ ਕਦੇ ਨਹੀਂ ਆਖਿਆ, ਆਓ ਜਾਂ ਨਾ ਆਓ । ਬੇਬੇ ਕਰਮੋ ਦੇ ਨਾਲ ਚਾਰ ਕੁ ਬੀਬੀਆਂ ਸੇਵਾਦਾਰ ਹੋਰ ਵੀ ਔਂਦੀਆਂ ਸਨ । ਜਦੋਂ ਫੇਰ ਬੀਬੀਆਂ ਨੇ ਔਣਾਂ ਤੇ ਬੇਨੰਤੀ ਕਰਨੀ, ਸੱਚੇ ਪਾਤਸ਼ਾਹ ਤੁਸੀਂ ਸਾਨੂੰ ਖ਼ੁਸ਼ੀ ਨਹੀਂ ਦੇਂਦੇ ਜਦੋ ਆਖੀਦਾ ਹੈ, ਘਰ ਦੇ ਸਾਨੂੰ ਜਾਂਦਿਆਂ ਨੂੰ ਗੁੱਸੇ ਹੁੰਦੇ ਹਨ । ਆਂਦੇ ਨੇ ਸਾਨੂੰ ਤਾਂ ਪਾਤਸ਼ਾਹ ਕੁਛ ਨਹੀਂ ਆਂਦੇ । ਬੇਬੇ ਧੰਨੋ ਦਫਤੂ ਵਾਲੀ ਨੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ, ਹੇ ਸੱਚੇ ਪਿਤਾ ਮੈਨੂੰ ਔਲਾਦ ਦੀ ਬੜੀ ਭੁੱਖ ਹੈ, ਦਇਆ ਕਰੋ । ਤੇਜਾ ਸਿੰਘ ਪਾਤਸ਼ਾਹ ਤੋਂ ਅੱਗੇ ਪਿਛੇ ਹੋ ਕੇ ਬੀਬੀਆਂ ਨੂੰ ਸਮਝੌਣਾ

ਕਿ ਤੁਸੀਂ ਬੰਦਿਆਂ ਦੀ ਅਰਜ ਨਾ ਕਰਿਆ ਕਰੋ, ਪਾਤਸ਼ਾਹ ਸਾਨੂੰ ਗੁੱਸੇ ਹੁੰਦੇ ਨੇ । ਸੱਚੇ ਪਾਤਸ਼ਾਹ ਫੜ ਲੈਣ ਤੇ ਛੇਤੀ ਛੱਡਦੇ ਨਹੀਂ । ਬੇਬੇ ਧੰਨੋ ਤੇ ਬੇਬੇ ਕਰਮੋ ਮਾਸੀ ਭਣੇਵੀ ਸਨ । ਧੰਨੋ ਨੂੰ ਸਿਖਾਂ ਆਖਣਾ ਬੇਬੇ ਜੇ ਪਾਤਸ਼ਾਹ ਕੋਲੋਂ ਪੁੱਤਰ ਮੰਗਦੀ ਹੈਂ, ਬੇਨੰਤੀ ਕਰਿਆ ਕਰ, ਸੱਚੇ ਪਾਤਸ਼ਾਹ ਕੋਈ ਆਪਣਾ ਭਗਤ ਈ ਬਖ਼ਸ਼ਿਓ ਜੇ, ਨਲੈਕ ਨਾ ਹੋਵੇ । ਸੱਚੇ ਪਾਤਸ਼ਾਹ ਸਾਲ ਭਰ ਤੱਕ ਅਰਜਾਂ ਸੁਣਦੇ ਰਹੇ ਹਨ ਤੇ ਕੋਈ ਬਚਨ ਨਹੀਂ ਕੀਤਾ । ਬੇਬੇ ਕਰਮੋ ਜਦੋਂ ਔਣਾ ਘਰ ਦੀਆਂ ਫਰਿਆਦਾਂ ਲੈਂਣੀਆਂ । ਗੁਰਪੁਰਬ ਤੇ ਬੇਬੇ ਹੋਰੀ ਆਈਆਂ ਤੇ ਧੰਨੋ ਗਲ ਵਿਚ ਪੱਲਾ ਪਾ ਕੇ ਅਰਜ ਕੀਤੀ ਕਿ ਸੱਚੇ ਪਾਤਸ਼ਾਹ ਮੇਰੇ ਘਰ ਪੁੱਤਰ ਹੋਵੇ ਭਾਵੇਂ ਉਲਾਮੇ ਈ ਲਿਆਵੇ, ਬੇਸ਼ਕ ਨਲੈਕ ਹੀ ਹੋਵੇ । ਸੱਚੇ ਪਾਤਸ਼ਾਹ ਹੱਸ ਪਏ ਤੇ ਆਖਣ ਲੱਗੇ ਬੇਬੇ ਏਥੇ ਕੋਈ ਤੋਟ ਨਹੀਂ । ਤੂੰ ਇਕ ਮੰਗਦੀ ਹੈਂ ਤੇ ਤੇਰੇ ਘਰ ਦੋ ਹੋ ਪੈਣਗੇ । ਕਰਮੋ ਫੇਰ ਅਰਜ ਕੀਤੀ, ਸੱਚੇ ਪਾਤਸ਼ਾਹ ਮੈਂ ਅਗਲੀ ਵਾਰੀ ਗਈ ਸਾਂ ਤੇ ਮੈਨੂੰ ਘਰ ਦੇ ਬੜੇ ਗੁੱਸੇ ਹੋਏ ਸੀ । ਪਾਤਸ਼ਾਹ ਆਖਣ ਲੱਗੇ, ਚੰਗਾ ਬੇਬੇ ਹੁਣ ਫੇਰ ਨਹੀਂ ਤੈਨੂੰ ਗੁੱਸੇ ਹੁੰਦੇ । ਦੋਵੇਂ ਮਾਸੀ ਭਣੇਵੀਂ ਪਾਤਸ਼ਾਹ ਤੋਂ ਵਰ ਤੇ ਖ਼ੁਸ਼ੀ ਲੈ ਕੇ ਘਰ ਚਲੀਆਂ ਗਈਆਂ ਹਨ ਜੀ । ।

ਕੋਈ ਦਿਨ ਪਾ ਕੇ ਬੇਬੇ ਧੰਨੋ ਦੇ ਘਰ ਪੁੱਤਰ ਹੋਇਆ ਹੈ ਤੇ ਉਸਦਾ ਨਾਂ ਆਤਮਾ ਸਿੰਘ ਰੱਖਿਆ ਹੈ । ਫੇਰ ਉਸ ਬੇਬੇ ਦੇ ਦੋ ਪੁੱਤਰ ਤੇ ਦੋ ਧੀਆਂ, ਚਾਰ ਬੱਚੇ ਪਾਤਸ਼ਾਹ ਬਖ਼ਸ਼ੇ ਹਨ । ਜਦੋਂ ਬੇਬੇ ਦਾ ਪੁੱਤ ਗਭਰੂ ਹੋਇਆ ਤੇ ਚੋਰੀਆਂ ਕਰਨ ਲੱਗ ਪਿਆ ਹੈ । ਠਾਣੇਦਾਰਾਂ ਘਰੀਂ ਆਣ ਤਲਾਸ਼ੀਆਂ ਲੈਣੀਆਂ ਸ਼ੁਰੂ ਕਰ ਦਿਤੀਆਂ । ਆਤੂ ਦੇ ਬਾਪ ਨੂੰ ਵੀ ਪੁਲਸ ਵਾਲਿਆਂ ਧੂਈ ਫਿਰਨਾ । ਜਿਸ ਤਰ੍ਹਾਂ ਦਾ ਬੇਬੇ ਵਰ ਮੰਗਿਆਂ ਓਸੇ ਤਰ੍ਹਾਂ ਪਾਤਸ਼ਾਹ ਦੇ ਦਿਤਾ । ਬੇਬੇ ਕਰਮੋ ਦੀ ਵੀ ਬੇਨੰਤੀ ਪਰਵਾਨ ਕਰ ਕੇ ਪਾਤਸ਼ਾਹ ਉਸ ਦੇ ਘਰ ਵਾਲੇ ਨੂੰ ਫੜ ਲਿਆ ਤੇ ਕਰਮੋ ਦੀ ਵੀ ਮਸਤਾਨੀ ਬਿਰਤੀ ਹੋ ਗਈ । ਆਪਣੇ ਆਪ ਦੀ ਸੁਰਤ ਨਹੀਂ ਸੀ ਰੱਖਦੀ, ਤੇ ਲੋਕੀ ਆਖਣ ਕਮਲੀ ਹੋ ਗਈ ਹੈ । ਕਰਮੋ ਦਾ ਦਿਉਰ ਬੜਾ ਮਖੌਲ ਕਰਦਾ ਸੀ ਤੇ ਆਂਦਾ ਸੀ ਕਿ ਮਹਾਰਾਜ ਮੈਨੂੰ ਨਹੀਂ ਕੁਛ ਵਖੌਂਦੇ । ਓਹ ਵੀ ਘਰੋਂ ਨਿਕਲ ਗਿਆ । ਕਰਮੋ ਦਾ ਘਰ ਵਾਲਾ ਜੇ ਰੋਟੀ ਖਾਣ ਲੱਗੇ ਤੇ ਓਸੇ ਵਕਤ ਸਪਸ਼ਟ ਦਰਸ਼ਨ ਦੇ ਕੇ ਪਾਤਸ਼ਾਹ ਆਖਣ, ਕਿਉਂ ਖਾਂਦਾ ਹੈਂ । ਗੱਲ ਕੀ, ਨਾ ਪਾਤਸ਼ਾਹ ਜਲ ਛੱਕਣ ਦੇਣ ਤੇ ਨਾ ਹੀ ਬੈਹਣ ਦੇਣ । ਸੱਚੇ ਪਾਤਸ਼ਾਹ ਬੂੜ ਸਿੰਘ ਨੂੰ ਜੋਤ ਰੂਪ ਘਰੋਂ ਘੇਰ ਕੇ ਬਾਹਰ ਖੇਤ ਲੈ ਗਏ ਹਨ । ਓਥੇ ਚਤੁਰਭੁਜ ਹੋ ਕੇ ਪਾਤਸ਼ਾਹ ਦਰਸ਼ਨ ਦਿਤਾ, ਕਿ ਦੱਸ ਸਿਖਾਂ ਸਾਨੂੰ ਹੁਣ ਮੰਨੇਗਾ ਕਿ ਨਹੀਂ । ਉਸ ਵਕਤ ਬੂੜ ਸਿੰਘ ਹੱਥ ਜੋੜ ਕੇ ਬੇਨੰਤੀ ਕੀਤੀ, ਸੱਚੇ ਪਾਤਸ਼ਾਹ ਮੈਨੂੰ ਭੁੱਲ ਬਖ਼ਸ਼ੋ ਮੈਂ ਹੁਣ ਤੁਹਾਡੀ ਨਿੰਦਿਆਂ ਨਹੀਂ ਕਰਦਾ । ਪਾਤਸ਼ਾਹ ਆਖਣ ਲੱਗੇ ਕਰਮੋ ਨੂੰ ਛੱਡ ਦਿਆਂਗੇ ਤੈਨੂੰ ਨਹੀਂ ਛੱਡਣਾ । ਬੂੜ ਸਿੰਘ ਆਖਿਆ ਸੱਚੇ ਪਾਤਸ਼ਾਹ ਮੇਰੇ ਤੇ ਦਇਆ ਕਰੋ ਤੇ ਮੈਂ ਆਪ ਹੀ ਹੁਣ ਤੁਹਾਡੀ ਸੇਵ ਵਿਚ ਆਇਆ ਕਰਾਂਗਾ । ਕਰਮੋ ਨੂੰ ਮਸਤਾਨੀ ਬਿਰਤੀ ਵਿਚ ਰੱਖੋ । ਬੂੜ ਸਿੰਘ ਤੇ ਪਾਤਸ਼ਾਹ ਦਇਆ ਕਰ ਦਿਤੀ ਤੇ ਕਰਮੋ ਨੂੰ ਆਪਣੇ ਚਰਨਾਂ ਦੇ ਪ੍ਰੇਮ ਦੀ ਮਸਤਾਨੀ ਬਖ਼ਸ਼ ਬਿਰਤੀ ਦਿਤੀ । ।

ਫੇਰ ਕਰਮੋ ਤੇ ਬੂੜ ਸਿੰਘ ਮੁਖੇ ਦੇ ਨਾਲ ਦਰਸ਼ਨਾਂ ਨੂੰ ਆਏ ਹਨ । ਇਕ ਘੋੜੀ ਸੇਵਾ ਵਿਚ ਲਿਆਏ ਹਨ । ਕਰਮੋ ਦੇ ਤਿੰਨ ਪੁੱਤਰ ਸਨ । ਵੱਡੇ ਦਾ ਨਾਂ ਗੁਰਦੀਪ ਸਿੰਘ ਤੇ ਛੋਟੇ ਦਾ ਨਾਂ ਕਛਾਲ ਸਿੰਘ । ਉਸ ਤੋਂ ਛੋਟੇ ਦਾ ਮੁਖਾਂ ਸਿੰਘ ਨਾਮ ਹੈ । ਛੋਟਾ ਮੁਖਾ ਸਿੰਘ ਉਸ ਵਕਤ ੫ ਸਾਲ ਦਾ ਸੀ । ਬੇਬੇ ਕਰਮੋ ਮੁਖਾ ਸਿੰਘ ਤੇ ਬੂੜ ਸਿੰਘ ਦਰਸ਼ਨ ਨੂੰ ਆਏ ਹਨ । ਆ ਕੇ ਪਾਤਸ਼ਾਹ ਦਾ ਦਰਸ਼ਨ ਕੀਤਾ ਤੇ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਆਪ ਦੀ ਸੇਵਾ ਵਿਚ ਘੋੜੀ ਲਿਆਏ ਹਾਂ ਤੇ ਆਹ ਮੁਖਾ ਸਿੰਘ ਤੁਹਾਡਾ ਬੱਚਾ ਤੁਹਾਡੀ ਸੇਵਾ ਵਿਚ ਦੇਂਦੇ ਹਾਂ । ਜਦੋਂ ਸਿਆਣਾ ਹੋ ਗਿਆ, ਤੁਹਾਡੇ ਮਾਲ ਦੀ ਸੇਵਾ ਕਰੇਗਾ ।



(ਸ੍ਰ ਮੁੱਖਾ ਸਿੰਘ ਜਿਸ ਨੂੰ ਉਨ੍ਹਾਂ ਦੇ ਪਿਤਾ ਸ੍ਰ ਬੂੜ ਸਿੰਘ ਅਤੇ ਮਾਤਾ ਬੇਬੇ ਕਰਮੋ ਨੇ ਮਹਾਰਾਜ ਜੀ ਦੀ ਸੇਵਾ ਵਿਚ ਭੇਟ ਕੀਤਾ)

ਦੀਨ ਦਿਆਲ ਮੇਰੇ ਤੇ ਦਇਆ ਕਰੋ ਤੇ ਮੈਨੂੰ ਦਾਨੀ ਬਿਰਤੀ ਬਖ਼ਸ਼ੋ । ਸੱਚੇ ਪਾਤਸ਼ਾਹ ਦਇਆ ਕੀਤੀ ਤੇ ਆਖਿਆ ਚੰਗਾ, ਜਿਸ ਤਰ੍ਹਾਂ ਤੁਸੀਂ ਆਖੋਗੇ ਓਸੇ ਤਰ੍ਹਾਂ ਹੋ ਜਾਵੇਗਾ । ਬੂੜ ਸਿੰਘ ਤੈਨੂੰ ਖੁਲ੍ਹੀ ਛੁੱਟੀ ਹੈ ਜਦੋਂ ਜੀ ਕਰੇ ਆ ਜਾਇਆ ਕਰ ਤੇ ਬੇਬੇ ਕਰਮੋ ਨੂੰ ਹਰ ਮਸਿਆ ਤੇ ਔਣਾ ਪਵੇਗਾ, ਜੇ ਨਾ ਆਵੇਗੀ ਤੇ ਅਸੀਂ ਜੂੜ ਪਾ ਕੇ ਲੈ ਆਵਾਂਗਾ । ਫੇਰ ਬੇਬੇ ਕਰਮੋ ਉਸ ਦਿਨ ਤੋਂ ਹਰ ਮੱਸਿਆ ਨੂੰ ਦਰਸ਼ਨ ਕਰਨ ਔਂਦੀ ਹੈ । ਅਨੇਕ ਪਰਕਾਰ ਦੇ ਭੋਜਨ ਤੇ ਮਠਿਆਈਆਂ ਹੱਥੀਂ ਬਣਾ ਕੇ ਪ੍ਰੇਮ ਨਾਲ ਪਾਤਸ਼ਾਹ ਦਾ ਥਾਲ ਲੁਵਾ ਕੇ, ਸਿਰ ਤੇ ਚੁਕ ਕੇ ਲਿਔਂਦੀ ਹੈ । ਪਾਤਸ਼ਾਹ ਨੂੰ ਪਰਸ਼ਾਦ ਛਕਾ ਕੇ ਫੇਰ ਆਪ ਛਕਦੀ ਰਹੀ ਹੈ । ੧੫ ਦਿਨ ਆਪਣੇ ਘਰ ਜਾਂਦੀ ਸੀ ਤੇ ੧੫ ਦਿਨ ਅਗਲੀ ਮਸਿਆ ਤੋਂ ਫੇਰ ਸੇਵਾ ਵਿਚ ਆ ਜਾਂਦੀ ਸੀ । ਸੇਵਾ ਕਰਦੀ ਕਰਦੀ ਕਿਤੇ ਅੱਕਦੀ ਥੱਕਦੀ ਨਹੀਂ । ਧੰਨ ਸੱਚੇ ਪਾਤਸ਼ਾਹ ਹਨ ਤੇ ਧੰਨ ਕਮਾਈ ਓਹਨਾਂ ਦੇ ਸਿਖਾਂ ਦੀ ਹੈ । ਸਾਰੀ ਸੰਗਤ ਗਜ ਕੇ ਆਖੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ । ਮੁਖਾ ਸਿੰਘ ਜਿਸ ਵਕਤ ਗਭਰੂ ਹੋ ਗਿਆ ਹੈ, ਬਹੁਤ ਪ੍ਰੇਮ ਨਾਲ ਸੇਵਾ ਵਿਚ ਲਗ ਪਿਆ ਹੈ । ਐਸਾ ਸੀਤਲ ਸੁਭਾ ਸਿਖ ਦਾ ਹੈ ਮੈਂ ਲਿਖ ਨਹੀਂ ਸਕਦਾ । ਭਾਵੇਂ ਕੋਈ ਉਸ ਦੇ ਕੋਲ ਕੁਛ ਕਰਦਾ ਰਹੇ ਉਸ ਨੇ ਕਿਸੇ ਦੀ ਨਿੰਦਿਆ ਚੁਗਲੀ ਨਹੀਂ ਕਰਨੀ ਤੇ ਨਾ ਕਿਸੇ ਖਾਣ ਵਾਲੀ ਚੀਜ ਦਾ ਲਲਾਚ ਕਰਨਾ ਹੈ । ਸਿਰਫ ਸੇਵਾ ਵਿਚ ਤੇ ਪਾਤਸ਼ਾਹ ਦੇ ਚਰਨਾਂ ਵਿਚ ਧਿਆਨ ਰੱਖਦਾ ਹੈ । ਹੁਣ ਉਸ ਦਿਨ ਤੋਂ ਮੁੱਖਾ ਸਿੰਘ ਅੱਠੇ ਪਹਿਰ ਸੇਵਾ ਵਿਚ ਹਾਜਰ ਹੈ ਜੀ । ਮੈਂ ਬੂੜ ਸਿੰਘ ਤੇ ਬੇਬੇ ਕਰਮੋ ਦੀ ਉਸਤਤ ਨਹੀਂ ਕਰ ਸਕਦਾ । ਪਾਤਸ਼ਾਹ ਹੀ ਉਨ੍ਹਾਂ ਦੇ ਗੁਣਾਂ ਨੂੰ ਜਾਣਦੇ ਹਨ । ।

## ❊ ਬੀਬੀ ਠਾਕਰੀ ਤੇ ਕੇਹਰ ਸਿੰਘ ਦੀ ਪਾਤਸ਼ਾਹ ਕੋਲ ਬੇਨੰਤੀ ❊

ਇਕ ਸਮੇਂ ਦਾ ਬਚਨ ਹੈ ਕਿ ਬੀਬੀ ਠਾਕਰੀ ਤੇ ਉਸ ਦੇ ਮਾਲਕ ਕੇਹਰ ਸਿੰਘ ਗਾਗੇ ਵਾਲੇ ਨੇ ਸੱਚੇ ਪਾਤਸ਼ਾਹ ਅੱਗੇ ਹੱਥ ਜੋੜ ਕੇ ਬੇਨੰਤੀ ਕੀਤੀ, ਰਾਤ ਨੂੰ ਜਿਸ ਵਕਤ ਪਾਤਸ਼ਾਹ ਪਲੰਘ ਤੇ ਬਿਰਾਜਮਾਨ ਹੋਏ ਹਨ । ਕਿ ਸੱਚੇ ਪਾਤਸ਼ਾਹ ਬੀਬੀ ਤਾਰੋ ਨੂੰ ਜੇ ਤੁਸਾਂ ਰਾਜੀ ਨਹੀਂ ਕਰਨਾ ਤੇ ਦੇਹ ਛੁਡਾ ਦਿਉ, ਗੁੱਸੇ ਨਾਲ ਮੇਹਣਾ ਮਾਰਿਆ । ਇਕੋ ਧੀ ਸੀ ਬੀਬੀ ਠਾਕਰੀ ਦੀ, ਪੁੱਤ ਕੋਈ ਨਹੀਂ ਸੀ । ਪਾਤਸ਼ਾਹ ਆਖਿਆ ਠਾਕਰੀਏ ਸਵੇਰੇ ਬੇਨੰਤੀ ਕਰੀਂ, ਏਸ ਵਕਤ ਨਹੀਂ ਕਰੀ ਦੀ । ਓਨ੍ਹਾਂ ਆਖਿਆ ਕਿ ਸਵੇਰੇ ਆਪੇ ਸੋਚ ਕੇ ਬੇਨੰਤੀ ਕਰਨਗੇ । ਫੇਰ ਅੰਮ੍ਰਿਤ ਵੇਲੇ ਸੱਚੇ ਪਾਤਸ਼ਾਹ ਪਲੰਘ ਤੇ ਬੈਠੇ ਹਨ । ਓਸੇ ਵਕਤ ਠਾਕਰੀ ਤੇ ਕੇਹਰ ਸਿੰਘ ਹੱਥ ਜੋੜ ਕੇ ਬੇਨੰਤੀ ਕਰਨ ਲੱਗੇ ਕਿ ਸੱਚੇ ਪਾਤਸ਼ਾਹ ਤਾਰੋ ਦਾ ਤਾਪ ਟੁਟਦਾ ਨਹੀਂ ਤੇ ਅਸੀਂ ਬੜੇ ਔਖੇ ਹਾਂ । ਜੇ ਮਹਾਰਾਜ ਜੀ ਏਸ ਦਾ ਤਾਪ ਨਹੀਂ ਹਟੌਣਾ ਤੇ ਇਸ ਦੀ ਦੇਹ ਛੁਡਾ ਦਿਓ ।

ਸੱਚੇ ਪਾਤਸ਼ਾਹ ਆਖਣ ਲੱਗੇ, ਜਾਓ ਬੈਹ ਜੋ ਰਮਾਨ ਨਾਲ, ਏਸ ਅਰਜ ਕਰਨ ਖੁਣੋ ਕੀ ਥੁੜਿਆ ਸੀ । ਫੇਰ ਵੀ ਪਾਤਸ਼ਾਹ ਦੀ ਰਮਜ ਨਹੀਂ ਸਮਝੇ, ਫੇਰ ਆਖਣ ਲੱਗੇ ਸੱਚੇ ਪਾਤਸ਼ਾਹ ੧੦੦ ਗਊ ਦਾ ਪੁੰਨ ਹੈ ਜੇ ਤਾਰੋ ਮਰ ਜਾਵੇ ਤੇ । ਸਾਨੂੰ ਏਹਦੇ ਸੌਹਰੇ ਵੀ ਬੜਾ ਤੰਗ ਕਰਦੇ ਹਨ । ਸੱਚੇ ਪਾਤਸ਼ਾਹ ਬੜੇ ਖਫੇ ਹੋਏ ਤੇ ਸਾਰਿਆਂ ਦਾ ਦਿਲ ਬੜਾ ਖਰਾਬ ਹੋ ਗਿਆ । ਪਾਤਸ਼ਾਹ ਵੀ ਚੁਪ ਕਰ ਕੇ ਪਲੰਘ ਤੇ ਲੰਮੇ ਪੈ ਗਏ । ਜਿਸ ਵਕਤ ਚਾਹ ਪਾਣੀ ਤਿਆਰ ਹੋ ਗਿਆ, ਪਾਤਸ਼ਾਹ ਅੱਗੇ ਬੇਨੰਤੀ ਗਈ ਕਿ ਪਾਤਸ਼ਾਹ ਦਇਆ ਕਰੋ, ਆਪ ਭੋਗ ਲਾਓ ਸੀਤ ਪਰਸ਼ਾਦ ਤੁਹਾਡੀਆਂ ਸੰਗਤਾਂ ਛਕਣ । ਸੱਚੇ ਪਾਤਸ਼ਾਹ ਚਾਹ ਛਕਣ ਲੱਗ ਪਏ ਹਨ ਤੇ ਫਿਰ ਸਾਰੀ ਸੰਗਤ ਛਕ ਰਹੀ ਹੈ । ਸੱਚੇ ਪਾਤਸ਼ਾਹ ਬਚਨ ਬਲਾਸ ਸੰਗਤਾਂ ਨਾਲ ਕਰ ਰਹੇ ਹਨ । ਬਾਬਾ ਸੁੰਦਰ ਸਿੰਘ ਬੁਗਿਆ ਵਾਲਾ ਵੀ ਆਇਆ ਹੋਇਆ ਸੀ । ਪਰਸ਼ਾਦ ਛਕ ਕੇ ਰੋਟੀ ਵੇਲੇ ਸੁੰਦਰ ਸਿੰਘ ਖ਼ੁਸ਼ੀ ਲੈ ਲਈ ਹੈ । ਕੇਹਰ ਸਿੰਘ ਬੀਬੀ ਦਾ ਬਾਪ ਵੀ ਪਰਸ਼ਾਦਾ ਛਕ ਕੇ ਗਾਗੇ ਨੂੰ ਚਲਾ ਗਿਆ ਹੈ । ਇੰਦਰ ਸਿੰਘ ਨੂੰ ਪਾਤਸ਼ਾਹ ਸਿਆਣੇ ਵਲ ਘਲ ਦਿਤਾ ਕਿ ਜਾਹ ਕੇ ਤਾਰੋ ਲਈ ਦੁਵਾਈ ਲਿਆ ਰਾਜੀ ਹੋਜੂ । ਸੱਚੇ ਪਾਤਸ਼ਾਹ ਖੇਤ ਵਾਲਿਆਂ ਵਾਸਤੇ ਰੋਟੀਆਂ ਬੰਨੌਂਦੇ ਹਨ ਤੇ ਨਾਲ ਸਿਖ ਵੀ ਤਿਆਰ ਹਨ । ਓਨੇ ਚਿਰ ਨੂੰ ਡੱਗੀ ਵਾਲਾ ਭਾਈ ਕਪੜਾ ਵੇਚਣ ਆ ਗਿਆ ਹੈ । ਠਾਕਰੀ ਤੇ ਬੀਬੀ ਤਾਰੋ ਕਪੜਾ ਖਰੀਦਣ ਲਗ ਪਈਆਂ ਹਨ । ਸੱਚੇ ਪਿਤਾ ਅਜੇ ਪਿੰਡੋਂ ਬਾਹਰ ਨਹੀਂ ਗਏ ਤੇ ਬੀਬੀ ਤਾਰੋ ਕਪੜਾ ਖਰੀਦਦੀ ਖਰੀਦਦੀ ਉਥੇ ਬੈਠੀ ਡਿਗ ਪਈ ਹੈ ਤੇ ਅੱਖਾਂ ਪੁੱਠੀਆਂ ਹੋ ਗਈਆਂ ਹਨ । ਸਰੀਰ ਮਰੋੜੀਦਾ ਤੇ ਭੱਜਦਾ ਹੈ । ਜਨਾਨੀਆਂ ਨੇ ਚੁੱਕ ਕੇ ਮੰਜੇ ਤੇ ਪਾਈ ਹੈ । ਇਕ ਜਾਣਾ ਸੱਚੇ ਪਾਤਸ਼ਾਹ ਵਲੇ ਭੱਜ ਗਿਆ ਹੈ ਕਿ ਪਾਤਸ਼ਾਹ ਛੇਤੀ ਨਾਲ ਘਰ ਨੂੰ ਆਓ, ਤਾਰੋ ਬੜੀ ਔਖੀ ਹੈ । ਪਾਤਸ਼ਾਹ ਘਰ ਆਏ ਤੇ ਓਨਾਂ ਵਾਜ ਮਾਰੀ । ਬੀਬੀ ਨੇ ਨੇਤਰ ਪੁਟ ਕੇ ਵੇਖਿਆ ਪਾਤਸ਼ਾਹ ਆਖਣ ਲੱਗੇ ਤਾਰੋ ਆਖ ਵਹਿਗੁਰੂ ਧੰਨ ਸੱਚੇ ਪਾਤਸ਼ਾਹ । ਏਨਾਂ ਬਚਨ ਬੀਬੀ ਦੇ ਮੂੰਹ ਵਿਚ ਹੈ, ਤੇ ਬੀਬੀ ਤਾਰੋ ਦੇ ਸਵਾਸ ਪੂਰੇ ਹੋ ਗਏ ਹਨ । ਜੇਹੜਾ ਖੋਟਾ ਬਚਨ ਕੀਤਾ, ਬੇਨੰਤੀ ਕੀਤੀ ਓਸੇ ਵੇਲੇ ਪਾਤਸ਼ਾਹ ਭੁਗਤਾ ਦਿਤਾ । ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਕਦੀ ਖੋਟਾ ਬਚਨ ਨਹੀਂ ਕਰਨਾ ਚਾਹੀਦਾ । ਸਾਕ ਕਰ ਕੇ ਪਾਤਸ਼ਾਹ ਨੂੰ ਮੇਹਣਾ ਮਾਰਦੇ ਹਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇ ਗੁੱਸੇ ਨੂੰ ਨਹੀਂ ਜਾਣਦੇ । (ਇਹ ਹਮੇਸ਼ਾ ਜੁਗੋ ਜੁਗ ਗਲ ਪਰਗਟ ਹੈ ਕਿ ਚਾਰ ਧਿਰਾਂ ਨਹੀਂ ਉਧਾਰਦੇ : ਅਵਤਾਰ ਦੇ ਕੋਲ, ਨਾਨਕ ਦਾਦਕ, ਸੌਹਰੇ, ਤੇ ਜੁੰਡੀ ਦੇ ਯਾਰ) । ਬੀਬੀ ਠਾਕਰੀ ਓਨੇ ਵਰ ਨਹੀਂ ਲਏ ਜਿਨੇ ਸਰਾਫ ਲਏ ਹਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਦਰਵਾਜਾ ਨੀਵਾਂ ਹੈ, ਜੇਹੜਾ ਨਿਉਂ ਕੇ ਚਲਦਾ ਹੈ ਓਹ ਖੱਟ ਜਾਂਦਾ ਹੈ । ਅਗਲੇ ਦਿਨ ਫੇਰ ਬੀਬੀ ਤਾਰੋ ਦਾ ਸਸਕਾਰ ਕੀਤਾ ਗਿਆ ਹੈ ।

ਦੇਹ ਦਾ ਵਿਹਾਰ ਕਰ ਕੇ, ਸੱਚੇ ਪਾਤਸ਼ਾਹ ਬੀਬੀ ਠਾਕਰੀ ਨਾਲ ਪ੍ਰੇਮ ਬੜਾ ਕਰਦੇ ਸਨ । ੯੦ ਸਾਲ ਦੀ ਬੇਬੇ ਠਾਕਰੀ ਦੀ ਉਮਰ ਸੀ ਤੇ ਪਾਤਸ਼ਾਹ ਦਿਨ ਦਿਹਾੜ ਬੜੀ ਯਾਦ ਕਰਦੇ ਸਨ ਜੀ । ਕੋਈ ਕੰਮ ਕਰਨਾ ਹੋਵੇ ਪਹਿਲਾਂ ਭੈਣ ਨੂੰ ਸੱਦਦੇ ਸਨ । ਇਕ ਵੇਰਾਂ ਚਾਰ ਮੱਝਾਂ ਪਾਤਸ਼ਾਹ ਦੀਆਂ ਸੱਜਰਾਂ ਸਨ ਤੇ ਇਕ ਪਹਿਲੇ ਸੂਏ ਝੋਟੀ ਸੀ । ਉਸ ਨਾਲ ਪਾਤਸ਼ਾਹ ਬੜਾ ਪ੍ਰੇਮ ਕਰਦੇ ਸੀ ਤੇ ਬਚਨ ਕਰਨਾ ਏਹ ਅਸਾਂ ਘਰ ਰੱਖਣੀ ਹੈ । ਸੱਚੇ ਪਾਤਸ਼ਾਹ ਆਖਿਆ ਠਾਕਰੀਏ ਚਾਰ ਮੱਝਾਂ ਸੱਜਰਾਂ ਹਨ । ਇਕ ਝੋਟੀ ਤੋਂ ਬਗੈਰ ਜੇਹੜੀ ਜੀ ਕਰਦਾ, ਲੈ ਜਾ । ਠਾਕਰੀ ਨੇ ਆਪਣੀ ਲੜਕੀ ਤਾਰੋ ( ਓਸ ਵਕਤ ਜਿਉਂਦੀ ਸੀਂ ) ਕੋਲੋਂ ਓਸ ਪਾਤਸ਼ਾਹ ਵਾਲੀ ਝੋਟੀ ਤੇ ਲੀੜਾ ਪਵਾ ਦਿਤਾ । ਸੱਚੇ ਪਾਤਸ਼ਾਹ ਨੇ ਫੇਰ ਚੁਪ ਕਰ ਕੇ ਝੋਟੀ ਫੜਾ ਦਿਤੀ ਫੇਰ ਮਗਰੋਂ ਸਿਖਾਂ ਨਾਲ ਪਾਤਸ਼ਾਹ ਹਿਰਖ ਕਰਦੇ ਹਨ ਕਿ ਜੇਹੜੀ ਚੀਜ ਖ਼ੁਸ਼ ਹੋ ਕੇ ਦੇਈਏ ਓ ਚੰਗੀ ਹੈ ਕਿ ਜੇਹੜੀ ਨਰਾਜ ਕਰਕੇ ਧੀ ਭੈਣ ਖੜੇ ਓਹ ਚੰਗੀ ਹੈ । ਸੱਚੇ ਪਾਤਸ਼ਾਹ ਨੂੰ ਸਿਖ ਆਖਣ ਲੱਗੇ ਜੀ ਜੇਹੜੀ ਚੀਜ ਤੁਸੀਂ ਖ਼ੁਸ਼ ਹੋ ਕੇ ਦਿਉ ਓਹ ਚੰਗੀ ਹੈ, ਭਾਵੇਂ ਮਾੜੀ ਹੋਵੇ । ਪਾਤਸ਼ਾਹ ਆਖਣ

ਲੱਗੇ ਸਾਨੂੰ ਤਾਰੋ ਤੇ ਗੁਸਾ ਬੜਾ ਆਇਆ ਸੀ, ਪਰ ਅਸੀਂ ਵਿਚੋ ਵਿਚ ਜਰ ਗਏ ਹਾਂ । ਠਾਕਰੀ ਤੇ ਕੇਹਰ ਸਿੰਘ ਕੁੜੀ ਨੂੰ ਸਖਾ ਕੇ ਲੀੜਾ ਪਵਾਇਆ ਹੈ । ਓਥੇ ਜਾ ਕੇ ਝੋਟੀ ਕਿਸੇ ਦਿਨ ਮਿਲੇ ਕਦੀ ਨਾ ਮਿਲੇ । ਦੋ ਥਣਾਂ ਨੂੰ ਮੌਹਰੀ ਲੱਗ ਗਈ । ਏਸ ਤਰ੍ਹਾਂ ਕੌਡੀਆਂ ਤੋਂ ਖੋਟੀ ਹੋ ਗਈ । ਜਿਨੀਆਂ ਉਸ ਮੈਂਹ ਦੀਆਂ ਕੱਟੀਆਂ ਸੂਈਆਂ ਹਨ, ਸਾਰੀਆਂ ਦੇ ਥਣਾਂ ਨੂੰ ਮੌਹਰੀ ਲਗ ਕੇ ਹਵਾਨੇ ਖਰਾਬ ਹੋ ਜਾਣ । ਐਸਾ ਮੱਝ ਦੀ ਕੁਲ ਨੂੰ ਸਰਾਫ ਹੋ ਗਿਆ । ਜੋਰਾਵਰ ਦੇ ਕੋਲ ਰੈਹਣ ਨਾਲ ਹਰ ਵਕਤ ਭੁੱਲਾਂ ਹੋ ਜਾਦੀਆਂ ਹਨ ਜੀ । ।

## ❊ ਸਾਰਿਆਂ ਸਿਖਾਂ ਪਾਤਸ਼ਾਹ ਦਾ ਵਾੜਾ ਵਲਨਾ ❊

ਇਕ ਸਮੇਂ ਦਾ ਬਚਨ ਹੈ ਕਿ ਤੇਜਾ ਸਿੰਘ ਤੇ ਹੋਰ ਪੰਜ ਛੀ ਸਿਖ ਸਨ । ਸਾਰਿਆਂ ਸਲਾਹ ਕੀਤੀ ਕਿ ਵਾੜਾ ਵਲ ਕੇ ਚਾਰ ਚੁਫੇਰੇ ਵਾੜ ਕਰ ਕੇ ਅੱਗੇ ਫੁਲਾਹ ਲਾ ਦੇਈਏ । ਤੇਜਾ ਸਿੰਘ, ਇੰਦਰ ਸਿੰਘ, ਲਾਭ ਸਿੰਘ ਤੋੜੇ ਵਾਲਾ, ਬੁਧ ਸਿੰਘ ਬਾਲੇ ਚੱਕ ਵਾਲਾ, ਸਾਰਿਆਂ ਸਲਾਹ ਕਰ ਲਈ । ਬਬੂਲ ਦੇ ਛਾਪੇ ਨੈਹਰੋਂ ਪਾਰ ਜਾ ਕੇ ਵੱਢ ਕੇ ਨੈਹਰ ਦੇ ਵਿਚ ਦੀ ਸਿਰ ਤੇ ਲਿਔਣੇ ਤੇ ਨੈਹਰ ਲੰਘਾ ਕੇ ਫੇਰ ਬਲਦਾਂ ਮਗਰ ਪਾ ਕੇ ਲਿਔਣੇ । ਚਾਲੀ ਸੈਲਾਂ ਬਲਦਾਂ ਮਗਰ ਖੜੀਆਂ ਹਨ । ਇਕ ਵਿਘਾ ਵਾੜਾ ਸੀ । ਐਨਾਂ ਛਾਪਾ ਕੱਠਾ ਕਰ ਲਿਆ, ਲੰਘਣ ਨੂੰ ਥਾਂ ਨਹੀਂ ਫੇਰ ਵਾੜਾ ਵਲਨਾ ਸ਼ੁਰੂ ਕਰ ਦਿਤਾ । ਤੀਹਰੀ ਵਾੜ ਚਾਰ ਚੁਫੇਰੇ ਕੀਤੀ । ਉਚੀ ਐਡੀ ਘੋੜੇ ਤੇ ਅਸਵਾਰ ਚੜਿਆ ਹੋਵੇ ਤੇ ਵਿਚ ਦਿਸਦਾ ਨਹੀਂ ਸੀ । ਬੇਰੀ ਦੇ ਛਾਪਿਆਂ ਦਾ ਇੰਦਰ ਸਿੰਘ ਨੇ ਫੁਲਾਹ ਬਣਾ ਕੇ ਬੰਨ ਦਿਤਾ । ਅਜੇ ਟੋਏ ਕੱਢ ਕੇ ਗੱਡਦੇ ਹੀ ਹਾਂ ਤੇ ਜੰਦਰਾ ਕੁੰਡੀ ਲੌਣਾ ਹੈ, ਓਨੇ ਚਿਰ ਨੂੰ ਨਾਲ ਸਿਖ ਹਨ ਤੇ ਪਾਤਸ਼ਾਹ ਘੋੜੇ ਤੇ ਪਰਸ਼ਾਦ ਲੈ ਕੇ ਆ ਗਏ ਹਨ । ਭੁਲ ਸਾਡੀ ਹੈ ਕਿ ਪਾਤਸ਼ਾਹ ਦੇ ਔਂਦਿਆਂ ਨੂੰ ਥਾਂ ਸਾਫ ਕਰਨਾ ਸੀ, ਅੱਗੇ ਓਸੇ ਤਰ੍ਹਾਂ ਲੱਕੜਾਂ ਖਿਲਰੀਆਂ ਪਈਆਂ ਹਨ । ਜਿਸ ਵੇਲੇ ਪਾਤਸ਼ਾਹ ਲੰਘਣ ਲੱਗੇ ਹਨ ਤੇ ਘੋੜੇ ਨੂੰ ਲੱਕੜਾਂ ਪੈਰਾਂ ਨਾਲ ਅੜੀਆਂ ਹਨ । ਪਾਤਸ਼ਾਹ ਗੁੱਸੇ ਹੋਣ ਲਗ ਪਏ, ਸਾਡੀ ਵੀ ਓਸ ਵਕਤ ਐਸੀ ਮੂਰਖਤਾਈ ਹੋਈ, ਹੱਥ ਜੋੜ ਕੇ ਭੁੱਲ ਨਹੀਂ ਬਖ਼ਸ਼ਾਈ । ਉਲਟਾ ਗੁੱਸਾ ਕਰ ਲਿਆ ਹੈ । ਓਹਨਾਂ ਦੇ ਗੁਸੇ ਹੋਣ ਨਾਲ ਅਸੀਂ ਸਾਰੇ ਹੈਰਾਨ ਹੋ ਕੇ ਖਲੋ ਗਏ ਹਾਂ । ਵਾੜੇ ਵਿਚ ਜਾ ਕੇ ਸਿਖਾਂ ਨੇ ਘੋੜਾ ਫੜ ਲਿਆ, ਤੇ ਪਾਤਸ਼ਾਹ ਮੰਜੇ ਤੇ ਲੰਮੇ ਪੈ ਗਏ ਹਨ । ਤੇਜਾ ਸਿੰਘ ਸਿਖਾਂ ਨੂੰ ਆਖਿਆ ਕਿ ਜਿਥੇ ਚੀਜਾਂ ਪਈਆਂ ਹਨ ਖਿਲਰੀਆਂ ਰਹਿਣ ਦਿਓ, ਚੁੱਕੋ ਨਾ, ਤੇ ਪਾਤਸ਼ਾਹ ਨਾਲ ਹੁਣ ਆਪਾਂ ਕੋਈ ਸਿਖ ਵੀ ਕੂਈਏ ਨਾ, ਚੁਪ ਹੜਤਾਲ ਕਰ ਦੇਈਏ । ਜਦੋਂ ਪਰਸ਼ਾਦੇ ਲਿਔਣ ਛਕ ਲਿਆ ਕਰੀਏ ਤੇ ਫੇਰ ਖਿਲਰ ਜਾਇਆ ਕਰੀਏ । ਪਾਤਸ਼ਾਹ ਨਾਲ ਉਕਾ ਨਾ ਬੋਲੀਏ । ਜਿਥੇ ਸੱਚੇ ਪਾਤਸ਼ਾਹ ਬੈਠੇ ਹੋਣ, ਓਥੋਂ ਸਾਰੇ ਸਿਖ ਉਠ ਕੇ ਕੋਈ ਪਸ਼ਾਬ ਕਰਨ ਚਲਿਆ ਜਾਵੇ ਤੇ ਕੋਈ ਪਾਣੀ ਪੀਣ ਚਲਿਆ ਜਾਵੇ । ਜਿੰਨਾਂ ਚਿਰ ਪਾਤਸ਼ਾਹ ਵਾੜੇ ਵਿਚ ਰਹਿਣ ਕੋਈ ਨਾ ਲਾਗੇ ਖਲੋਵੇ, ਤੇ ਨਾ ਕੋਈ ਬਚਨ ਕਰੇ । ਜਦੋਂ ਘਰ ਵੀ ਜਾਣ ਰੋਟੀ ਖਾ ਕੇ ਵਾਪਸ ਮੁੜ ਔਣ, ਬਚਨ ਕੋਈ ਨਾ ਕਰੇ । ਜੇ ਪਾਤਸ਼ਾਹ ਬੁਲੌਣ ਵੀ ਤੇ ਅੱਗੋਂ ਕੋਈ ਚੱਜ ਨਾਲ ਬੋਲੇ ਨਾ । ਬੁਧ ਸਿੰਘ ਬੜਾ ਠੰਡਾ ਸੁਭਾ ਦਾ ਸੀ । ਓਹ ਪਾਤਸ਼ਾਹ ਦੇ ਨਾਲ ਬਚਨ ਬਲਾਸ ਕਰੇ, ਹੋਰ ਕੋਈ ਨਾ ਬੋਲੇ । ਬੁਧ ਸਿੰਘ ਪਾਤਸ਼ਾਹ ਤੋਂ ਚੋਰੀ, ਤੇਜਾ ਸਿੰਘ ਤੇ ਇੰਦਰ ਸਿੰਘ ਨੂੰ ਆਖਣ, ਬੇਈਮਾਨੋ ਪਾਤਸ਼ਾਹ ਨਾਲ ਤੁਸੀਂ ਬੇਨੰਤੀ ਕਰਨ ਦੀ ਬਜਾਏ ਸਗੋਂ ਗੁੱਸੇ ਹੋ ਗਏ ਜੇ । ਅੱਠ ਦਿਨ ਏਸੇ ਤਰ੍ਹਾਂ ਅਸਾਂ ਸੱਚੇ ਪਾਤਸ਼ਾਹ ਨਾਲ ਰੋਸ ਰੱਖਿਆ ਸੀ । ਇਕ ਦਿਨ ਸੱਚੇ ਪਾਤਸ਼ਾਹ ਮਾਤਾ ਹੋਰਾਂ ਨਾਲ ਬਚਨ ਕੀਤਾ ਕਿ ਅਸੀਂ ਹੁਣ ਖੇਤ ਨਹੀਂ ਜਾਇਆ ਕਰਨਾ, ਸਿਖ ਤਾਂ ਸਾਡੇ ਗਿਆਂ ਨਾਲ ਬੋਲਦੇ ਵੀ ਨਹੀਂ, ਗੁਸੇ ਹਨ । ਰਾਤ ਨੂੰ ਜਦੋਂ ਸਿਖ ਘਰ ਗਏ ਤੇ ਮਾਤਾ ਨੈਣੋ ਤੇ ਮਾਤਾ ਬੰਤੀ ਆਖਣ ਲੱਗੀਆਂ, ਭਾਈਆ ਕੀ ਗਲ ਹੈ, ਪਾਤਸ਼ਾਹ ਨਾਲ ਤੁਸੀਂ ਕੂੰਦੇ ਨਹੀਂ । ਪਾਤਸ਼ਾਹ ਕੋਲ । ਭਾਈਆ ਜੀ ਤੁਸੀਂ ਏਸ ਤਰ੍ਹਾਂ ਨਾ ਕਰੋ । ਫੇਰ ਕੀ ਹੋਇਆ ਜੇ ਗੁੱਸੇ ਹੋਏ ਹਨ, ਤੁਹਾਡੇ ਮਾਪੇ

ਨੇ । ਸਾਨੂੰ ਭਾਈਆ ਜੀ ਕਈ ਵੇਰਾਂ ਤੁਹਾਡੇ ਸਾਹਮਣੇ ਗੁੱਸੇ ਹੁੰਦੇ ਨੇ, ਤਾਂ ਫਿਰ ਅਸੀਂ ਹੁਣ ਓਨਾਂ ਨਾਲ ਲੜਦੀਆਂ ਰਹੀਏ ਜੀ । ਫਿਰ ਸਾਰੇ ਜਣੇ ਆਖਣ ਲੱਗੇ ਹੁਣ ਬੇਨੰਤੀ ਕਰਕੇ ਪਾਤਸ਼ਾਹ ਕੋਲੋਂ ਭੁਲ ਬਖ਼ਸ਼ਾਈਏ । ਸੱਚੇ ਪਾਤਸ਼ਾਹ ਬਿਰਾਜੇ ਹੋਏ ਹਨ, ਤੇ ਸਿਖ ਰੁੱਗੇ ਛਕੌਣ ਲੱਗ ਪਏ । ਬੇਨੰਤੀ ਕੀਤੀ, ਪਾਤਸ਼ਾਹ ਜੀ ਅਸੀਂ ਭੁੱਲ ਗਏ ਹਾਂ, ਦਇਆ ਕਰੋ । ਅਸੀਂ ਹਮੇਸ਼ਾਂ ਭੁਲਣਹਾਰ ਜੀਵ ਹਾਂ ਤੇ ਤੁਸੀਂ ਮਾਪੇ ਬਖ਼ਸ਼ਣ ਜੋਗ ਜੇ । ਫੇਰ ਸੱਚੇ ਪਿਤਾ ਦਿਆਲੂ ਹੋਏ ਤੇ ਸਾਨੂੰ ਪਰਸ਼ਾਦ ਦਿਤਾ । ਪਰਸ਼ਾਦ ਛਕਦਿਆਂ ਸਾਰ ਹੀ ਸਾਡੇ ਸੀਤਲ ਹਿਰਦੇ ਹੋ ਗਏ । ਜਿੰਨੇ ਦਿਨ ਅਸੀਂ ਗੁੱਸੇ ਰਹੇ ਹਾਂ, ਓਨੇ ਦਿਨ ਪਾਤਸ਼ਾਹ ਦੇ ਹੱਥਾਂ ਦਾ ਪਰਸ਼ਾਦ ਨਹੀਂ ਛਕਿਆ । ।

## ✳ ਤੇਜਾ ਸਿੰਘ ਪਾਤਸ਼ਾਹ ਨਾਲ ਗੁਸੇ ਹੋਣਾ ਤੇ ਘੋੜੀ ਭੇਟ ਕਰਨੀ ✳

ਤੇਜਾ ਸਿੰਘ ਬੇਨੰਤੀ ਕਰਦਾ ਹੈ ਕਿ ਮੈਂ ਬੜਾ ਨਿਭਾਗਾ ਸਾਂ, ਹਰ ਵਕਤ ਹੀ ਭੁੱਲਾਂ ਕਰਦਾ ਸਾਂ । ਮੈਂ ਤੁਹਾਨੂੰ ਹੋਰ ਬਚਨ ਦੱਸਦਾ ਹਾਂ ਕਿ ਪੋਹ ਦਾ ਮਾਹੀਨਾ ਸੀ ਤੇ ਕਿਸੇ ਬਚਨ ਤੋਂ ਮੈਂ ਨਰਾਜ ਹੋ ਗਿਆ । ਰਾਤ ਦਾ ਵਕਤ ਸੀਂ । ਮੈਂ ਸਾਰੇ ਲੀੜੇ ਲਾਹ ਕੇ ਸਿਰਫ ਕੱਛਾ ਤੇੜ ਹੈ ਬਾਹਰ ਵੇਹੜੇ ਵਿਚ ਨੰਗਾ ਬੈਹ ਗਿਆ । ਸਾਰੇ ਸਿਖ ਵੀ ਮਨਾ ਰਹੇ, ਮੈਂ ਮੰਨਿਆ ਨਹੀਂ । ਮਾਤਾ ਹੋਰੀਂ ਵੀ ਆਖਦੀਆਂ ਹਨ, ਮੈਂ ਫੇਰ ਵੀ ਨਹੀਂ ਮੰਨਿਆਂ । ਮੈਂ ਆਖਿਆ ਜੇ ਮੈਂ ਮੰਨਣਾ ਹੋਊ ਤੇ ਸੱਚੇ ਪਾਤਸ਼ਾਹ ਦੇ ਆਖੇ ਮੰਨੂੰ, ਹੋਰ ਕਿਸੇ ਦੇ ਆਖੇ ਨਹੀਂ ਮੰਨਦਾ । ਮਾਤਾ ਹੋਰਾਂ ਅੰਦਰ ਜਾ ਕੇ ਆਖਿਆ, ਸੱਚੇ ਪਾਤਸ਼ਾਹ ਤੇਜਾ ਸਿੰਘ ਆਂਦਾ ਮੈਂ ਤੁਹਾਡੇ ਆਖੇ ਨਹੀਂ ਮੰਨਣਾ, ਤੁਸੀਂ ਮੈਨੂੰ ਆਖੋ । ਸੱਚੇ ਪਾਤਸ਼ਾਹ ਫਿਰ ਕਿਰਪਾ ਕੀਤੀ, ਅੰਦਰੋਂ ਵਾਜ ਮਾਰੀ । ਕੁਛ ਪਾ ਲੈ । ਮੈਨੂੰ ਵੀ ਪਾਲਾ ਲੱਗਾ, ਤੇ ਮੈਂ ਮੰਨ ਪਿਆ । ਮੇਰੇ ਵਿਚ ਐਸੀ ਮੂਰਖਤਾਈ ਸੀ, ਭੁੱਲ ਬਖ਼ਸ਼ੌਣ ਦੀ ਬਜਾਏ ਸਗੋਂ ਰੁੱਸ ਪੈਂਦਾ ਸੀ । ਮੇਰੇ ਕੋਲੋਂ ਭੁੱਲਾਂ ਹੁੰਦੀਆਂ ਰੈਂਹਦੀਆਂ ਸਨ । ਸੱਚੇ ਪਾਤਸ਼ਾਹ ਰਹਿਮ ਕਰ ਦੇਂਦੇ ਸਨ ਜੀ । ।

ਇਕ ਦਿਨ ਮੱਘਰ ਦਾ ਮਹੀਨਾ ਸੀ ਤੇ ਮੈਂ ਪਾਤਸ਼ਾਹ ਨਾਲ ਰੁਸ ਕੇ ਬਾਰ ਵਿਚ ਚਲਾ ਗਿਆ ਜੀ । ਓਥੇ ਜਾ ਕੇ ਮੈਂ ਚੋਰਾਂ ਠੱਗਾਂ ਨਾਲ ਰਹਿਣ ਲੱਗ ਪਿਆ । ਓਥੇ ਜਾਣ ਵਿਚ ਮੇਰੀ ਮਲੇਸ਼ ਬੁੱਧੀ ਹੋ ਗਈ । ਇਕ ਜ਼ਿਮੀਦਾਰ ਦੀ ਘੋੜੀ ਬੱਧੀ ਸੀ । ਮੈਂ ਕਾਠੀ ਪਾ ਕੇ ਦਿਨੇ ਹੀ ਘੋੜੀ ਭਜਾ ਲਿਆਂਦੀ । ਮੱਘਰ ਦਾ ਮਹੀਨਾ ਸੀ ਤੇ ਮੈਂ ਦੂਸਰੇ ਦਿਨ ਘਵਿੰਡ ਆ ਪਹੁੰਚਾ । ਦੁਪਹਿਰੇ ਮੈਂ ਘੋੜੀ ਲੈ ਕੇ ਘਵਿੰਡ ਘਰ ਆਇਆ ਹਾਂ । ਔਦਿਆਂ ਹੀ ਸੱਚੇ ਪਾਤਸ਼ਾਹ ਦੇ ਸਿੰਘਾਸਣ ਤੇ ਨਿਮਸਕਾਰ ਕੀਤੀ ਹੈ । ਮਾਤਾ ਹੋਰਾਂ ਨੂੰ ਨਿਮਸਕਾਰ ਕੀਤੀ ਤੇ ਰਾਜੀ ਖ਼ੁਸ਼ੀ ਪੁੱਛੀ । ਸਿਖਾਂ ਨੂੰ ਫਤੇਹ ਬੁਲਾਈ । ਫੇਰ ਮੈਂ ਰੋਟੀ ਖਾ ਕੇ ਘੋੜੀ ਹਵੇਲੀ ਨੂੰ ਲੈ ਕੇ ਚਲਾ ਗਿਆ ਹਾਂ ਜੀ । ਪਾਤਸ਼ਾਹ ਸ਼ਿਕਾਰ ਖੇਡ ਕੇ ਹਮੇਸ਼ਾਂ ਦਿਨ ਛਿਪੇ ਘਰ ਔਂਦੇ ਸਨ ਜੀ । ਹਵੇਲੀ ਵਿਚ ਇਕ ਮਕਾਨ ਸੀ । ਓਥੇ ਠੰਡ ਵਿਚ ਘੋੜੀ ਬੰਨ ਦਿਤੀ । ਸੱਚੇ ਪਾਤਸ਼ਾਹ ਹਵੇਲੀ ਵਿਚ ਆਏ ਹਨ ਤੇ ਸਾਰਿਆਂ ਸਿਖਾਂ ਨਿਮਸਕਾਰ ਕੀਤੀ । ਜਿਸ ਵਕਤ ਤੇਜਾ ਸਿੰਘ ਨਿਮਸਕਾਰ ਕਰਨ ਲੱਗਾ, ਪਾਤਸ਼ਾਹ ਨੇ ਮੱਥਾ ਨਹੀਂ ਟਿਕਾਇਆ, ਪਰਾਂ ਚਲੇ ਗਏ ਹਨ । ਗੁੱਸਾ ਭੁਲਾਇਆ ਨਹੀਂ ਗਾ ਜੀ । ਸਾਰੇ ਸਿਖ ਤੇ ਪਾਤਸ਼ਾਹ ਵੀ ਘਰ ਨੂੰ ਹਵੇਲੀ ਵਿਚ ਚਲੇ ਗਏ ਹਨ ਜੀ । ਘਰ ਵੀ ਪਾਤਸ਼ਾਹ ਤੇਜਾ ਸਿੰਘ ਨਾਲ ਬੋਲੇ ਨਹੀਂ ਗੇ । ਰਾਤ ਨੂੰ ਪਰਸ਼ਾਦ ਛਕ ਕੇ ਸਿਖਾਂ ਨਾਲ ਫੇਰ ਤੇਜਾ ਸਿੰਘ ਹਵੇਲੀ ਚਲਾ ਗਿਆ ਹੈ । ਮਗਰੋਂ ਪਾਤਸ਼ਾਹ ਮਾਤਾ ਹੋਰਾਂ ਨੂੰ ਪੁੱਛਦੇ ਹਨ ਕਿ ਤੇਜਾ ਸਿੰਘ ਕਿਧਰੋਂ ਆਇਆ ਹੈ । ਮਾਤਾ ਹੋਰਾਂ ਆਖਿਆ ਸੱਚੇ ਪਾਤਸ਼ਾਹ ਦੁਪੈਹਿਰ ਦਾ ਘੋੜੀ ਲੈ ਕੇ ਆਇਆ ਹੈ, ਤੇ ਆਂਦਾ ਸੀ ਮੈਂ ਬਾਰ ਵਿਚੋਂ ਆਇਆ ਹਾਂ । ਸਵੇਰੇ ਉਠ ਕੇ ਫੇਰ ਮੈਂ ਆਇਆ ਹਾਂ ਤੇ ਆਣ ਕੇ ਨਿਮਸਕਾਰ ਕੀਤੀ ਤੇ ਸੱਚੇ ਪਾਤਸ਼ਾਹ ਪੁਛਿਆ ਤੇਜਾ ਸਿੰਘ ਕਿਥੋਂ ਆਇਆ ਹੈ । ਮੈਂ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਮੈਂ ਬਾਰ ਵਿਚੋਂ ਆਇਆ ਹਾਂ, ਹੁਣ ਦਇਆ ਕਰੋ,

ਭੁੱਲਾਂ ਬਖ਼ਸ਼ੋ । ਸੱਚੇ ਪਿਤਾ ਨੇ ਪੁਛਿਆ ਕਿ ਤੁਰ ਕੇ ਆਇਆ ਕਿ ਗੱਡੀ ਤੇ । ਮੈਂ ਆਖਿਆ ਪਾਤਸ਼ਾਹ ਮੈਂ ਘੋੜੀ ਤੇ ਆਇਆ ਹਾਂ, ਤੇ ਆਖਣ ਲੱਗੇ ਘੋੜੀ ਕਿਥੇ ਹੈ । ਮੈਂ ਆਖਿਆ ਜੀ ਹਵੇਲੀ ਬੱਧੀ ਹੈ । ਪਾਤਸ਼ਾਹ ਆਖਿਆ ਘੋੜੀ ਕਿਥੋਂ ਆਂਦੀ ਹੈ । ਪਾਤਸ਼ਾਹ ਨੂੰ ਮੈਂ ਆਖਿਆ ਜੀ ਮੈਂ ਚੋਰੀ ਭਜਾ ਕੇ ਲਿਆਇਆ ਹਾਂ । ਪਾਤਸ਼ਾਹ ਬੜੇ ਗੁੱਸੇ ਹੋਏ, ਸੁਣ ਕੇ ਆਖਣ ਲੱਗੇ ਤੂੰ ਬੜਾ ਮਾੜਾ ਕੀਤਾ ਹੈ । ਐਡਾ ਪਾਪ ਕਰਨਾ ਸੀ, ਚੋਰੀ ਦੀ ਚੀਜ ਏਥੇ ਨਹੀਂ ਲਿਔਣੀ ਸੀ । ਫਿਰ ਤੇਜਾ ਸਿੰਘ ਓਸ ਵਕਤ ਆਖਿਆ ਸੱਚੇ ਪਾਤਸ਼ਾਹ ਜਿਨਾਂ ਦੀ ਮੈਂ ਘੋੜੀ ਆਂਦੀ ਹੈ, ਤੁਸੀਂ ਓਨਾਂ ਦੀ ਸੇਵਾ ਵਿਚ ਪਰਵਾਨ ਕਰ ਲਓ । ਸੱਚੇ ਪਾਤਸ਼ਾਹ ਬੜੇ ਦਿਆਲੂ ਸਨ, ਦਇਆ ਕਰ ਦਿਤੀ । ਇਕ ਹੱਥ ਦੀ ਮੁੰਦਰੀ ਮੈਂ ਸੇਵਾ ਕੀਤੀ । ਸੱਚੇ ਪਾਤਸ਼ਾਹ ਪੁਛਿਆ, ਏਹ ਮੁੰਦਰੀ ਕਿਥੋਂ ਲਈ ਹੈ । ਸੱਚੇ ਪਾਤਸ਼ਾਹ ਮੈਂ ਬੁਧ ਸਿੰਘ ਦੇ ਰੁਪੈ ਦੇਣੇ ਸੀ ਉਸ ਨੂੰ ਹੁਣ ਦਿਤੇ ਹਨ । ਓਸ ਨੇ ਵਿਚੋਂ ਪੈਸੇ ਮੋੜੇ ਹਨ, ਆਂਦਾ ਸੀ ਖਾ ਪੀ ਲੈ । ਦੀਨ ਦਿਆਲ ਓਹਨਾਂ ਪੈਸਿਆਂ ਦੀ ਮੈਂ ਹੁਣ ਤੁਹਾਡੀ ਮੁਦਰੀ ਬਣਾ ਕੇ ਲੈ ਆਇਆ ਹਾਂ । ।

ਦੂਸਰਿਆਂ ਸਿਖਾਂ ਨਾਲ ਪਾਤਸ਼ਾਹ ਬਚਨ ਕਰਦੇ ਹਨ ਕਿ ਘੋੜੀ ਦਿਨੇ ਹੀ ਚੁਰਾ ਕੇ ਲੈ ਆਇਆ ਹੈ । ਏਹ ਸਿਖਾਂ ਦਾ ਕਰਮ ਨਹੀਂ, ਪਰਾਈ ਚੀਜ ਚੁੱਕਣੀ । ਤੇਜਾ ਸਿੰਘ ਬੇਨੰਤੀ ਕੀਤੀ ਪਾਤਸ਼ਾਹ ਮੈਂ ਭੁਲ ਗਿਆ ਹਾਂ, ਦਇਆ ਕਰ ਕੇ ਮੈਨੂੰ ਬਖ਼ਸ਼ ਲਓ । ਪਾਤਸ਼ਾਹ ਮੈਨੂੰ ਘੋੜੀ ਚੰਗੀ ਲੱਗੀ ਤੇ ਮੈਂ ਆਖਿਆ ਘੋੜੀ ਤਾਂ ਪਾਤਸ਼ਾਹ ਦੇ ਰੱਖਣ ਵਾਲੀ ਹੈ ਤੇ ਨਾਲੇ ਘੋੜੀ ਦੀ ਜੂਨ ਪਾਤਸ਼ਾਹ ਦੇ ਚਰਨਾਂ ਵਿਚ ਕੱਟੀ ਜਾਏਗੀ ਨਾਲੇ ਓਨਾਂ ਸਿਖਾਂ ਦੀ ਸੇਵਾ ਪਾਤਸ਼ਾਹ ਦੇ ਦਰ ਤੇ ਪੁਜ ਜਾਏਗੀ । ਸੱਚੇ ਪਾਤਸ਼ਾਹ ਦਿਆਲ ਹੋ ਗਏ । ਸਿਖਾਂ ਸਾਰਿਆਂ ਵੀ ਮਾਫੀ ਮੰਗੀ । ਪਾਤਸ਼ਾਹ ਆਖਣ ਲੱਗੇ ਏਸੇ ਕਰ ਕੇ ਤੇਜਾ ਸਿੰਘ ਨੂੰ ਅਸੀਂ ਹਰ ਵਕਤ ਕੋਲ ਰਖਦੇ ਹਾਂ ਕਿ ਕੋਈ ਕਿਸੇ ਨਾਲ ਵੱਧ ਘੱਟ ਬਚਨ ਨਾ ਕਰੇ । ਏਹਦੇ ਸੁਭਾ ਦਾ ਸਾਨੂੰ ਪਤਾ ਹੈ । ਸੱਚੇ ਪਾਤਸ਼ਾਹ ਮਾਤਾ ਨੈਣੋਂ ਨੂੰ ਵਾਜ ਮਾਰੀ ਕਿ ਸਾਨੂੰ ਕੈਚੀ ਫੜਾਇਓ ਜੇ । ਕੈਚੀ ਮੰਗਵਾ ਕੇ ਪਾਤਸ਼ਾਹ ਸਿੰਘਾਸਣ ਤੋਂ ਉਤਰ ਬੈਠੇ, ਆਖਣ ਲੱਗੇ ਤੇਜਾ ਸਿੰਘ ਚਲ ਵਖਾ ਘੋੜੀ, ਕਿੱਥੇ ਹੈ । ਹਵੇਲੀ ਜਾ ਕੇ ਨਾਲ ਪਾਤਸ਼ਾਹ ਹਨ, ਤੇ ਅੰਦਰੋਂ ਘੋੜੀ ਖੋਲ੍ਹ ਕੇ ਪਾਤਸ਼ਾਹ ਦੇ ਚਰਨਾਂ ਵਿਚ ਲਿਆ ਦਿਤੀ । ਪਾਤਸ਼ਾਹ ਨੇ ਕੈਂਚੀ ਨਾਲ ਧੌਣ ਦੇ ਸਾਰੇ ਵਾਲ ਘੋੜੀ ਦੇ ਕਤਰ ਦਿਤੇ ਤੇ ਕੰਡ ਉਤੇ ਥਾਪੀ ਮਾਰ ਕੇ ਪਾਤਸ਼ਾਹ ਬਚਨ ਕੀਤਾ, ਘੋੜੀਏ ਹੁਣ ਤੂੰ ਸਾਡੀ ਹੋ ਗਈ ਹੈਂ । ਤੈਨੂੰ ਕੋਈ ਸਿਆਣ ਨਹੀਂ ਸਕਦਾ । ਏਨਾਂ ਬਚਨ ਸੁਣ ਕੇ ਸਿਖ ਧੰਨ ਧੰਨ ਕਰ ਰਹੇ ਹਨ । ਸੱਚੇ ਪਾਤਸ਼ਾਹ ਲਗਾਂਮ ਦੇ ਕੇ ਸਿਖ ਨੂੰ ਉਤੇ ਚੜਾ ਕੇ ਆਖਣ ਲੱਗੇ, ਸਾਨੂੰ ਤੋਰ ਕੇ ਵਖਾ । ਬਹੁਤ ਸੋਹਣੀ ਤੁਰਦੀ ਵੇਖ ਕੇ ਪਾਤਸ਼ਾਹ ਬੜੇ ਖ਼ੁਸ਼ ਹੋਏ ਹਨ । ਲਾਭ ਸਿੰਘ ਮਜ੍ਹਬੀ ਸਿੰਘ ਨੂੰ ਪਾਤਸ਼ਾਹ ਆਖਿਆ ਕਿ ਘੋੜੀ ਦੀ ਸੇਵਾ ਬਹੁਤ ਕਰਨੀ । ਕਿਸੇ ਨੂੰ ਏਸ ਦੀ ਸਿਆਣ ਨਾ ਆਵੇ । ਲਾਭ ਸਿੰਘ ਓਸੇ ਵਕਤ ਆਖਿਆ, ਪਾਤਸ਼ਾਹ ਦਇਆ ਕਰੋ ਤੇ ਮੈਂ ਹੁਣੇ ਈ ਤਾਜਾ ਘਾ ਲਿਆ ਕੇ ਪੌਂਦਾ ਹਾਂ । ਪਾਤਸ਼ਾਹ ਆਖਿਆ ਜਾ ਹਨੂਮਾਨ ਵਾਂਗੂੰ ਛਾਲਾਂ ਮਾਰ ਕੇ ਭੱਜ ਕੇ ਲਿਆ । ਸਿਖ ਸਦਾ ਹੀ ਭੁੱਲਣਹਾਰ ਹਨ ਤੇ ਸੱਚੇ ਪਿਤਾ ਬਖ਼ਸ਼ਣ ਜੋਗ ਹਨ । "ਤੇਰੇ ਜਿਹਾ ਨਾ ਦਿਆਲ ਸੱਚੇ ਪਾਤਸ਼ਾਹ, ਮੇਰੇ ਵਰਗਾ ਪਾਪੀ ਕੋਈ ਨਾ" । ਤੇਜਾ ਸਿੰਘ ਬੇਨੰਤੀ ਕਰਦਾ ਹੈ ਕਿ ਸੱਚੇ ਪਿਤਾ ਮੇਰੇ ਵਿਚ ਗੁਣ ਕੋਈ ਨਹੀਂ । ਆਪ ਹੀ ਸਿਖਾਂ ਨੂੰ ਤਾਰਨ ਵਾਸਤੇ ਅਵਤਾਰ ਧਾਰਿਆ ਹੈ, ਤੇ ਬਹਾਨੇ ਨਾਲ ਤਾਰੀ ਜਾਂਦੇ ਹਨ । ।

## ✻ ਦਿਲੀ ਵਾਲੀ ਮਾਈ ਦੀ ਸਾਖੀ ✻

ਇਕ ਮਾਈ ਦਿਲੀਉਂ ਪਾਤਸ਼ਾਹ ਦਾ ਦਰਸ਼ਨ ਕਰਨ ਔਂਦੀ ਸੀ ਗੁਰਪੁਰਬ ਤੇ । ਫਿਰ ਦੋ ਚਾਰ ਮਹੀਨੇ ਲੰਗਰ ਵਿਚ ਸੇਵਾ ਕਰਨੀ । ਇਕ ਦਿਨ ਪਾਤਸ਼ਾਹ ਅਗੇ ਬੇਨੰਤੀ ਕਰਨ ਲੱਗੀ ਕਿ ਮਹਾਰਾਜ ਮੈਂ ਗਰੀਬਣੀ ਹਾਂ, ਮੈਂ ਸੇਵਾ ਵਿਚ ਔਣ ਵਾਸਤੇ ਬੜੀ ਤਿਆਰ ਰੈਂਹਦੀ ਹਾਂ ਤੇ ਸੱਚੇ ਪਿਤਾ ਜੀ ਕਰਾਏ ਖੂਣੇ ਆਪ

ਦੇ ਦਰਸ਼ਨ ਨਹੀਂ ਹੁੰਦੇ । ਪਾਤਸ਼ਾਹ ਉਸ ਵਕਤ ਐਡੇ ਦਿਆਲੂ ਹੋਏ, ਬਚਨ ਕੀਤਾ, ਮਾਈ ਤੂੰ ਚੁਪ ਕਰ ਕੇ ਸਾਡਾ ਨਾਂ ਲੈ ਕੇ ਗੱਡੀ ਵਿਚ ਬੈਠ ਜਾਇਆ ਕਰ, ਕੋਈ ਤੇਰੇ ਕੋਲੋਂ ਕਿਰਾਇਆ ਨਹੀਂ ਪੁਛਦਾ । ਸਾਰਿਆਂ ਸਿਖਾਂ ਨੇ ਉਸ ਵਕਤ ਪਾਤਸ਼ਾਹ ਦੇ ਨਾਮ ਨੂੰ ਧੰਨ ਧੰਨ ਕੀਤਾ । ਧੰਨ ਸੱਚਾ ਪਾਤਸ਼ਾਹ ਹੈ, ਗਰੀਬਾਂ ਦੀ ਰੱਛਿਆ ਕਰਨ ਵਾਲਾ । ਉਸ ਵਕਤ ਤੋਂ ਮਾਈ ਨੇ ਇਕ ਪੈਸਾ ਵੀ ਨਹੀਂ ਕਰਾਇਆ ਦਿਤਾ, ਤੇ ਨਾ ਕਿਸੇ ਉਸ ਨੂੰ ਪੁਛਿਆ ਹੈ । ਚੁਪ ਕਰ ਕੇ ਜਦੋਂ ਜੀ ਕਰੇ ਆ ਜਾਂਦੀ ਸੀ ।

## ❊ ਮਾਈ ਅਤਰੀ ਤੇ ਦਿਸੌਂਦਾ ਸਿੰਘ ਦੀ ਸਾਖੀ ❊

ਕੈਰੋਂ ਪਿੰਡ ਦੇ ਵਿਚ ਇਕ ਅਤਰੀ ਨਾਮ ਦੀ ਮਾਈ ਸੀ । ਪਤੀ ਉਸ ਦੇ ਦਾ ਨਾਮ ਦਿਸੌਂਦਾ ਸਿੰਘ ਸੀ । ਐਸਾ ਉਨਾਂ ਦੋਹਾਂ ਦਾ ਸੀਤਲ ਸੁਭਾ ਸੀ, ਮੈਂ ਕੀ ਦੱਸਾਂ, ਏਸ ਤਰ੍ਹਾਂ ਜਾਪਦੇ ਸਨ ਕਿ ਜਿਸ ਤਰ੍ਹਾਂ ਦੇਵਤਿਆਂ ਨੇ ਜਰਮ ਧਾਰਿਆ ਹੈ । ਧੀ ਪੁਤ ਉਨਾਂ ਦਾ ਕੋਈ ਨਹੀਂ ਸੀ । ਘਰੋਂ ਵੀ ਗਰੀਬ ਸਨ । ਮਾਈ ਅਤਰੀ ਨੇ ਆਪਣੀ ਹੱਥੀਂ ਬਰੀਕ ਸੂਤਰ ਕੱਤ ਕੇ ਪਾਤਸ਼ਾਹ ਦੇ ਕਪੜੇ ਬਣਾ ਕੇ ਲਿਔਣੇ । ਪਾਤਸ਼ਾਹ ਦੇ ਗੁਰਪੁਰਬ ਤੇ ਸਾਰਿਆਂ ਸਿਖਾਂ ਦੇ ਨਾਲ ਮਾਈ ਨੇ ਵੀ ਸੇਵਾ ਕਰਨੀ । ਸੱਚੇ ਪਾਤਸ਼ਾਹ ਨੇ ਮਾਈ ਦੇ ਕਪੜੇ ਖੱਦਰ ਦੇ ਵੇਖ ਕੇ ਬੜਾ ਖ਼ੁਸ਼ ਹੋਣਾ । ਮਾਈ ਵੀ ਪਾਤਸ਼ਾਹ ਦੇ ਕਪੜੇ ਸੁਵਾਂ ਕੇ ਲਿਔਂਦੀ । ਪਾਤਸ਼ਾਹ ਅਸ਼ਨਾਨ ਕਰ ਕੇ ਮਾਈ ਦੇ ਖੱਦਰ ਦੇ ਕਪੜੇ ਗਲ ਪੌਂਣੇ ਤੇ ਪਲੰਘ ਤੇ ਬੈਠ ਕੇ ਸਾਰਿਆਂ ਸਿਖਾਂ ਨੂੰ ਵਖੌਂਣੇ । ਆਖਣਾ ਬਾਬਾ ਵੇਖੋ, ਕਿੱਡਾ ਸੋਹਣਾ ਕਪੜਾ ਮਾਈ ਨੇ ਹੱਥੀਂ ਸੂਤ ਕੱਤ ਕੇ ਬਣਾਇਆ ਹੈ । ਸਾਨੂੰ ਰੇਸ਼ਮ ਨਾਲੋਂ ਚੰਗਾ ਲਗਦਾ ਹੈ, ਤਿਲੇ ਦੀਆਂ ਤਾਰਾਂ ਹਨ । ਸਾਡਾ ਦਿਲ ਕਰਦਾ ਏਹੋ ਈ ਗਲ ਰੱਖਿਆ ਕਰੀਏ । ਹੋਰ ਜਿਹੜੀ ਸੇਵਾ ਲੰਗਰ ਵਿਚ ਆਟਾ ਜਾਂ ਚੌਲ ਮਾਈ ਨੇ ਲਿਔਣੇ ਪਾਤਸ਼ਾਹ ਆਖਣਾ, ਮਾਈ ਵਾਲੇ ਆਟੇ ਦਾ ਫੁਲਕਾ ਪਕਾ ਕੇ ਸਾਡਾ ਥਾਲ ਲੁਵਾਇਓ ਜੇ, ਮਾਈ ਬਿਰਧ ਅਵਸਥਾ ਸਿਰ ਤੇ ਚੁੱਕ ਕੇ ਲਿਆਈ ਹੈ । ।

ਦਿਸੌਂਦਾ ਸਿੰਘ ਸਿਖ ਵੀ ਬਹੁਤ ਭੋਲਾ ਸੀ । ਇਕ ਦਿਨ ਸਿਖਾਂ ਨੇ ਆਖਿਆ ਕਿ ਬਾਬਾ ਮਨੀ ਸਿੰਘ ਮਸਤੂਆਣੇ ਜਾ ਕੇ ਲਿਖਾਈ ਕਰਦੇ ਹਨ ਤੇ ਚਲੋ ਆਪਾਂ ਵੀ ਚਲੀਏ, ਨਾਲੇ ਮਸਤੂਆਣਾ ਵੇਖ ਆਵਾਂਗੇ, ਨਾਲੇ ਬਾਬੇ ਹੋਰਾਂ ਦੇ ਦਰਸ਼ਨ ਕਰ ਆਵਾਂਗੇ । ਦਿਸੌਂਦਾ ਸਿੰਘ ਅਤਰੀ ਨਾਲ ਸਲਾਹ ਕਰਦਾ ਹੈ ਕਿ ਪਾਤਸ਼ਾਹ ਦੇ ਸਿਖ ਮਸਤੂਆਣੇ ਮਨੀ ਸਿੰਘ ਦੇ ਦਰਸ਼ਨ ਕਰਨ ਚਲੇ ਹਨ, ਤੂੰ ਆਖੇਂ ਤੇ ਮੈਂ ਵੀ ਨਾਲ ਚਲਾ ਜਾਵਾਂ । ਮਾਈ ਆਖਿਆ ਭਗਤਾਂ ਚਲਾ ਜਾਹ । ਅੰਮ੍ਰਿਤਸਰੋਂ ਗੱਡੀ ਚੜ੍ਹ ਕੇ ਸਿਖ ਚਲੇ ਗਏ ਹਨ । ਸੰਗਰੂਰ ਵਿਚ ਟੇਸਣ ਤੇ ਜਾ ਉਤਰੇ ਹਨ । ਉਥੋਂ ਤਿੰਨ ਮੀਲ ਪੈਂਡਾ ਸੀ, ਫਿਰ ਮਸਤੂਆਣੇ ਚਲੇ ਗਏ ਹਨ । ਉਥੇ ਜਾ ਕੇ ਸੰਤ ਮਨੀ ਸਿੰਘ ਦੇ ਦਰਸ਼ਨ ਕੀਤੇ, ਜੋ ਤਿਲ ਫੁਲ ਖੜਿਆ ਸੀ ਪਰਸ਼ਾਦ ਅੱਗੇ ਰੱਖ ਕੇ ਨਿਮਸਕਾਰ ਕੀਤੀ । ਮਨੀ ਸਿੰਘ ਨੇ ਸਾਰਿਆਂ ਸਿਖਾਂ ਦੇ ਤੇ ਪਾਤਸ਼ਾਹ ਦੇ ਘਰ ਦੀ ਸੁਖ ਪੁਛੀ । ।

## ❊ ਮਨੀ ਸਿੰਘ ਸਿਖਾਂ ਨੂੰ ਬਚਨ ਸੁਣੌਂਣੇ ❊

ਓਥੇ ਸਿਖਾਂ ਦੇ ਜਾਣ ਕਰਕੇ, ਪਾਤਸ਼ਾਹ ਆਕਾਸ਼ ਬਾਣੀ ਦੇ ਕੇ ਲਿਖਾਈ ਸ਼ੁਰੂ ਕਰ ਦਿਤੀ । ਸੰਤ ਲਿਖਦੇ ਹਨ ਤੇ ਲਿਖ ਕੇ ਫਿਰ ਪੜ੍ਹ ਕੇ ਸੁਣੌਂਦੇ ਹਨ ਕਿ ਪਾਤਸ਼ਾਹ ਲਿਖਾਇਆ ਹੈ ਜਦੋਂ ਮਾਝੇ ਦੇਸ਼ ਵਿਚ ਭਾਣਾ ਵਰਤਿਆ, ਸਿਖੀ ਨੂੰ ੧੫ ਦਿਨ ਅਗੋਂ ਮਸਤੂਆਣੇ ਲੈ ਆਵਾਂਗੇ । ਮਸਤੂਆਣੇ ਦੇ ਗਿਰਦ ਮੀਲ ਮੀਲ ਪੈਂਡੇ ਤੇ ਪਾਤਸ਼ਾਹ ਨਿਸ਼ਾਨੀਆਂ ਲਾ ਦਿਤੀਆਂ, ਤੇ ਆਖਿਆ ਕਿ ਜਦੋਂ ਭਾਜੜਾਂ ਪੈਣਗੀਆਂ, ਇਸ ਨਿਸ਼ਾਨੀ ਤੋਂ ਅੰਦਰ ਕੋਈ ਦੁਸ਼ਮਨ ਨਹੀਂ ਆਵੇਗਾ । ਜਦੋਂ ਕੋਈ ਦੁਸ਼ਮਣ ਅੰਦਰ ਆਵੇਗਾ ਉਸ ਦੇ ਸਰੀਰ ਨੂੰ ਅੱਗ ਲਗ ਜਾਵੇਗੀ । ਸਭ ਖੱਬੇ ਸੱਜੇ ਹੋ ਕੇ ਦੁਨਿਆ ਲੰਘ ਜਾਵੇਗੀ । ਜਿਸ ਵਕਤ ਸੰਗਤ ਆਵੇਗੀ ਮਸਤੂਆਣੇ,

ਰਾਜੇ ਸੰਗਰੂਰ ਨੂੰ ਪਾਤਸ਼ਾਹ ਪਕੜ ਕਰ ਲੈਣਗੇ । ਮੈਹਲਾਂ ਵਿਚੋਂ ਰਾਜੇ ਰਾਣੀਆਂ ਨੂੰ ਸ਼ੇਰ ਦਾ ਭੈ ਆਵੇਗਾ । ਬਾਹਰ ਵੀ ਬੈਠਣਗੇ ਤੇ ਦਿਲ ਨੂੰ ਚਿੰਤਾ ਉਦਾਸੀ ਰਹੇਗੀ । ਫਿਰ ਪਰਗਟ ਹੋ ਕੇ ਸੱਚੇ ਪਾਤਸ਼ਾਹ ਰਾਜੇ ਨੂੰ ਜੋਤ ਰੂਪ ਦਰਸ਼ਨ ਦੇਣਗੇ । ਐਸੇ ਸੱਚੇ ਪਾਤਸ਼ਾਹ ਜੋਤ ਰੂਪੀ ਜੂੜ ਪੌਣਗੇ, ਤਰਲੇ ਲਵੇਗਾ ਤੇ ਮਿੰਤਾ ਕੱਢੇਗਾ, ਕਿ ਸੱਚੇ ਪਾਤਸ਼ਾਹ ਮੈਨੂੰ ਸਪਸ਼ਟ ਦਰਸ਼ਨ ਦਿਓ, ਤੇ ਮੇਰੀ ਚਿੰਤਾ ਦੂਰ ਕਰੋ । ਫਿਰ ਰਾਜਾ ਹਾਥੀ ਦੀ ਸਵਾਰੀ ਕਰ ਕੇ ਆਵੇਗਾ ਤੇ ਢਹਿ ਕੇ ਸੱਚੇ ਪਿਤਾ ਦੀ ਸ਼ਰਨ ਪੈ ਜਾਵੇਗਾ । ਸਵਾ ਲੱਖ ਰੁਪੈਆ ਪਾਤਸ਼ਾਹ ਦੀ ਭੇਟਾ ਦੇਵੇਗਾ । ਜੇਹੜੀ ਬਾਣੀ ਪਾਤਸ਼ਾਹ ਦੀ ਨਜ਼ਰ ਬੰਦ ਕੀਤੀ ਹੈ ਸਿਰ ਤੇ ਚੁੱਕ ਕੇ ਲਿਆਵੇਗਾ । ਗਲ ਵਿਚ ਪੱਲਾ ਪਾ ਕੇ ਆਖੇਗਾ । ਪਾਤਸ਼ਾਹ ਮੈਂ ਭੁੱਲ ਗਿਆ ਹਾਂ । ਜੋ ਤੋਸ਼ੇਖਾਨੇ ਨੇ ਪਾਤਸ਼ਾਹ ਦੀ ਭੇਟਾ ਕਰ ਦੇਵੇਗਾ । ਸੰਗਤਾਂ ਵਾਸਤੇ ਅਤੁਟ ਭੰਡਾਰੇ ਤੇ ਲੰਗਰ ਖੋਲ੍ਹ ਦੇਵੇਗਾ । ਚਾਰੇ ਰਾਜੇ ਏਸੇ ਤਰਾਂ ਨਾਭਾ, ਪਟਿਆਲਾ, ਫਰੀਦਕੋਟ, ਸੰਗਰੂਰ, ਢਹਿ ਕੇ ਪਾਤਸ਼ਾਹ ਦੀ ਚਰਨੀ ਪੈ ਜਾਣਗੇ । ਸੱਚੇ ਪਾਤਸ਼ਾਹ ਦੇ ਨਾਂ ਦੇ ਲੰਗਰ ਰਾਜੇ ਖੋਲ੍ਹ ਦੇਣਗੇ । ਮਾਝੇ ਦੇਸ਼ ਵਿਚ ਬਹੁਤ ਸਖਤੀ ਵਰਤੇਗੀ । ਬਹੁਤ ਕਤਲੇਆਮ ਹੋਵੇਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਖੀ ਸਾਰੀ ਨੂੰ ਮਸਤੂਆਨੇ ਆਪਣੇ ਪਾਸ ਫੁੱਲ ਵਾਗ ਰੱਖਣਗੇ । ਤੱਤੀ ਵਾ ਨਾ ਲੱਗਣ ਦੇਣਗੇ । ਜਿਸ ਵਕਤ ਅਮਨ ਹੋਇਆ ਮਹਾਰਾਜ ਸਿਖੀ ਨੂੰ ਲੈ ਕੇ ਦਿਲੀ ਚਲੇ ਜਾਣਗੇ । ਐਸਾ ਰਾਜਾ ਪਾਤਸ਼ਾਹ ਦਾ ਸਿਖ ਹੋਵੇਗਾ, ਊਗਣ ਆਥਣ ਤਾਈਂ ਰਾਜ ਕਰੇਗਾ । ਪਾਤਸ਼ਾਹ ਦੇ ਨਾਮ ਦਾ ਸਿਕਾ ਚਲਾਵੇਗਾ । ਸੱਚੇ ਪਾਤਸ਼ਾਹ ਓਥੇ ਜਾ ਕੇ ਸਾਰੀ ਸਿਖੀ ਨੂੰ ਸੁਖ ਭੁਗਤੌਣਗੇ । ਸਤਿਜੁਗ ਦਾ ਪਹਿਰ ਹੋਵੇਗਾ । ਸਾਰੇ ਸਤਿਵਾਦੀ ਜੀਵ ਹੋਣਗੇ । ਸਾਰੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਨਾਮ ਜਪਣਗੇ । ਕਿਸੇ ਹੋਰ ਦੇਵੀ ਦੇਵਤੇ ਦੀ ਪੂਜਾ ਭੇਟਾ ਨਾ ਹੋਵੇਗੀ । ਦਫਤਰਾਂ ਵਿਚ ਗੁਰਮੁਖੀ ਨਾਲ ਕੰਮ ਹੋਣਗੇ । ਦਿਲੀ ਕਿਲੇ ਵਿਚ ਮਹਾਰਾਜ ਰਿਹਾ ਕਰਨਗੇ । ਮੀਲ ਮੀਲ ਤੇ ਸਿਖਾਂ ਦੀਆਂ ਕੋਠੀਆਂ ਪੈ ਜਾਣਗੀਆਂ । ਦਿਨੇ ਸਿਖ ਪਾਤਸ਼ਾਹ ਕੋਲ ਕਿਲੇ ਵਿਚ ਰਿਹਾ ਕਰਨਗੇ, ਤੇ ਰਾਤ ਨੂੰ ਆਪੋ ਆਪਣੀਆਂ ਕੋਠੀਆਂ ਵਿਚ ਰਿਹਾ ਕਰਨਗੇ । ਪਾਤਸ਼ਾਹ ਐਡੀ ਦਇਆ ਕਰਨਗੇ ਲੰਗਰ ਵਿਚ ਸਾਰੇ ਸਿਖ ਪਰਸ਼ਾਦ ਛਕਣਗੇ । ਸੇਰ ਮਖਣ, ਸੇਰ ਬਦਾਮ, ਕੁਜਿਆਂ ਦੀ ਮਿਸ਼ਰੀ ਤੇ ਜੇਬ ਖਰਚ ੨੫ ਰੁਪੇ ਰੋਜ਼ ਇਕ ਇਕ ਸਿਖ ਨੂੰ ਪਾਤਸ਼ਾਹ ਦੇਣਗੇ । ਏਸੇ ਤਰਾਂ ੧੦੦ ਜਰਮ ਸੁਖ ਭੁਗਤਾ ਕੇ ਫੇਰ ਪਾਤਸ਼ਾਹ ਜੋਤ ਵਿਚ ਜੋਤ ਮੇਲ ਲੈਣਗੇ । ਏਹ ਬਚਨ ਮਨੀ ਸਿੰਘ ਸੰਗਤਾਂ ਨੂੰ ਸੁਣਾਏ ਹਨ । ਕੋਈ ਦਿਨ ਰਹਿ ਕੇ ਫੇਰ ਸੰਤਾਂ ਕੋਲੋਂ ਖੁਸ਼ੀ ਲੈ ਕੇ ਸਿਖ ਆ ਗਏ ਹਨ ਤੇ ਆਣ ਕੇ ਬਚਨ ਕਰ ਕੇ ਸਿਖ ਬੜੇ ਖੁਸ਼ ਹੁੰਦੇ ਹਨ । ।

## ❊ ਅਤਰ ਸਿੰਘ ਖੀਰਾਂ ਵਾਲੇ ਦੀ ਸਾਖੀ ❊

ਖੀਰਾਂ ਵਾਲੀ ਨਗਰ ਦਾ ਇਕ ਸਿਖ ਅਤਰ ਸਿੰਘ ਨਾਮ ਦਾ ਸੀ । ਉਸ ਦਾ ਭਤੀਜਾ ਖੜਕ ਸਿੰਘ ਸੀ । ਦੋਵੇਂ ਜਣੇ ੫ ਜੇਠ ਦੇ ਗੁਰਪੁਰਬ ਤੇ ਜਰੂਰ ਔਂਦੇ ਸੀ, ਭਾਵੇਂ ਕਿਤੇ ਗਏ ਹੋਣ । ਪਾਤਸ਼ਾਹ ਓਨਾਂ ਨੂੰ ਮਸਤਾਨੀ ਬਿਰਤੀ ਵੀ ਕਰ ਦੇਂਦੇ ਸਨ । ਜੇਹੜਾ ਅਤਰ ਸਿੰਘ ਸੀ ਉਸ ਤੇ ਪਾਤਸ਼ਾਹ ਦੀ ਬੜੀ ਕਿਰਪਾ ਸੀ । ਉਸ ਨੂੰ ਤੁਰੇ ਜਾਂਦੇ ਨੂੰ ਵੀ ਪਾਤਸ਼ਾਹ ਦਰਸ਼ਨ ਦੇ ਦੇਂਦੇ ਸੀ । ਜੇਹੜਾ ਵੀ ਕੰਮ ਕਰਦਾ ਸੀ, ਸ਼ਬਦ ਨਾਲ ਜੁੜ ਕੇ ਪਾਤਸ਼ਾਹ ਤੋਂ ਹੁਕਮ ਲੈ ਕੇ ਕਰਦਾ ਸੀ । ਜੇ ਹੁਕਮ ਦੇਂਦੇ ਸੀ ਤੇ ਕਰਦਾ ਸੀ ਨਹੀ ਤੇ ਨਹੀਂ ਸੀ ਕਰਦਾ । ਜਿਸ ਪਿੰਡ ਵਿਚ ਦੀ ਲੰਗਦਾ ਸੀ, ਪਾਤਸ਼ਾਹ ਵਖਾ ਦੇਂਦੇ ਸਨ ਕਿ ਏਸ ਨਗਰ ਵਿਚ ਐਨੇ ਪਾਪੀ ਤੇ ਐਨੇ ਸਾਡੇ ਭਗਤ ਨਾਮ ਜਪਣ ਵਾਲੇ ਹਨ । ਜਿਨਾਂ ਦੀ ਭਗਤੀ ਨਾਲ ਨਗਰ ਖਲੋਤਾ ਹੈ ਜੀ । ਇਕ ਵੇਰਾਂ ਅਤਰ ਸਿੰਘ ਘਵਿੰਡ ਆਇਆ ਤੇ ਬਚਨ ਕਰਦਾ ਹੈ, ਕਿ ਮੈਂ ਤੁਹਾਨੂੰ ਪਾਤਸ਼ਾਹ ਦਾ ਬਚਨ ਸੁਣੌਂਦਾ ਹਾਂ । ।

ਇਕ ਦਿਨ ਮੈਂ ਕਰਤਾਰ ਪੁਰੋਂ ਕੰਮ ਕਰ ਕे ਆਇਆ ਹਾਂ, ਤੇ ਮੇਰੇ ਮਗਰ ਦੋ ਰਾਹੀ ਤੁਰੇ ਔਂਦੇ ਹਨ । ਸੱਚੇ ਪਾਤਸ਼ਾਹ ਬਚਨ ਦਿਤਾ, ਅਤਰ ਸਿੰਘ ਏਸ ਡੰਡੀ ਤੋਂ ਦੋ ਪੈਲੀਆਂ ਲਾਭੇ ਹੋ ਕੇ ਲੰਘ ਆ । ਮੈਂ ਸਤਿ ਬਚਨ ਮੰਨ ਕੇ ਪਾਸੇ ਗਿਆ ਹਾਂ । ਓਨੇ ਚਿਰ ਨੂੰ ਓਹ ਦੋਵੇਂ ਰਾਹੀ ਵੀ ਆਣ ਅਪੜੇ ਹਨ । ਓਨ ਪੁਛਿਆ ਬਾਬਾ ਡੰਡੀ ਵਿਚ ਸੱਪ ਬੈਠਾ ਸੀ ਤੇ ਤੂੰ ਵੇਖਿਆ ਨਹੀਂ, ਖੌਰੇ ਕੋਲ ਦੀ ਲੰਘ ਆਇਆ ਹੈਂ । ਅਸੀਂ ਹੁਣ ਮਾਰ ਕੇ ਆਏ ਹਾਂ ਜੀ । ਅਤਰ ਸਿੰਘ ਨੇ ਓਨਾਂ ਨੂੰ ਭੇਤ ਨਹੀਂ ਦੱਸਿਆ । ਆਖਣ ਲੱਗਾ ਓਦੋਂ ਤਾਂ ਹੈਨੀ ਸੀ, ਫੇਰ ਆਣ ਕੇ ਬੈਠਾ ਹੋਣਾ ਏ । ਸਾਰੇ ਸਿਖ ਬਚਨ ਸੁਣ ਕੇ ਧੰਨ ਧੰਨ ਕਰਦੇ ਹਨ, ਕਿ ਧੰਨ ਹੈ ਸੱਚੇ ਪਾਤਸ਼ਾਹ, ਜਿਹੜਾ ਜੰਗਲਾਂ ਪਹਾੜਾਂ ਤੇ ਉਜਾੜਾਂ ਵਿਚ ਵੀ ਹਰ ਵਕਤ ਸਿਖਾਂ ਦੇ ਨਾਲ ਰੈਂਹਦਾ ਹੈ । ਏਸ ਪਿਤਾ ਦੇ ਗੁਣਾਂ ਨੂੰ ਅਸੀਂ ਗਾ ਨਹੀਂ ਸਕਦੇ । ।

ਇਕ ਦਿਨ ਫੇਰ ਮੈਂ ਕਪੂਰਥਲਿਉਂ ਹਨੇਰੇ ਵਿਚ ਤੁਰਿਆ ਔਂਦਾ ਹਾਂ, ਤੇ ਰਸਤੇ ਵਿਚ ਚੋਰ ਖਲੋਤੇ ਸਨ । ਪਾਤਸ਼ਾਹ ਫੇਰ ਬਚਨ ਦਿਤਾ, ਅਤਰ ਸਿੰਘ ਦੋ ਪੈਲੀਆਂ ਲਾਂਭੇ ਹੋ ਜਾ । ਤਾਂ ਮੈਂ ਸਤਿ ਬਚਨ ਮੰਨ ਕੇ ਪਾਸੇ ਪਾਸੇ ਲੰਘ ਆਇਆ । ਮਗਰ ਰਾਹੀ ਹੋਰ ਓਸੇ ਪਾਸੇ ਥਾਣੀਂ ਸਿੱਧੇ ਲੰਘ ਆਏ । ਚੋਰਾਂ ਨੇ ਓਨਾਂ ਨੂੰ ਖਲਾਰ ਕੇ ਲੁੱਟ ਲਿਆ । ਮਗਰੋਂ ਓਹ ਰਾਹੀ ਆਣ ਅਪੜੇ ਮੈਨੂੰ ਆਖਣ ਲਗੇ, ਤੂੰ ਬਾਬਾ ਕੇਹੜੇ ਰਸਤੇ ਲੰਘ ਆਇਆ ਹੈਂ । ਅਸੀਂ ਤਾਂ ਚੋਰਾਂ ਕੋਲੋਂ ਕਪੜੇ ਵੀ ਲੁਹਾ ਆਏ ਹਾਂ । ਏਸ ਤਰ੍ਹਾਂ ਸਚੇ ਪਾਤਸ਼ਾਹ ਓਸ ਨੂੰ ਪਹਿਲੋਂ ਬਚਨ ਦੱਸ ਦੇਂਦੇ ਸਨ ਜੀ । ਐਡੀ ਸਿਖ ਤੇ ਦਇਆ ਸੀ । ਖੜਕ ਸਿੰਘ ਅਤਰ ਸਿੰਘ ਜਦੋਂ ਔਂਦੇ ਸੀ, ਦੋ ਦੋ ਮਹੀਨੇ ਹੱਥਾਂ ਦੀ ਸੇਵਾ ਕਰ ਜਾਂਦੇ ਸਨ ਜੀ । ਸਚੇ ਪਾਤਸ਼ਾਹ ਬੜੀ ਕਿਰਪਾ ਕਰਦੇ ਸੀ । ।

## ❊ ਰਸੂਲ ਪੁਰ ਵਾਲੇ ਸਰਦਾਰ ਦੀ ਸਾਖੀ ❊

ਸੱਚੇ ਪਾਤਸ਼ਾਹ ਐਸੇ ਦਿਆਲੂ ਸਨ ਕਿਸੇ ਵਕਤ ਓਮੀਆਂ ਨੂੰ ਵੀ ਮਿਹਰ ਕਰ ਕੇ ਤਾਰ ਦੇਂਦੇ ਸਨ ਜੀ । ਇਕ ਵੇਰਾਂ ਰਸੂਲ ਪੁਰੋਂ ਸਰਦਾਰਾਂ ਦਾ ਪੁੱਤ ਸ਼ਿਕਾਰ ਖੇਡਣ ਪਾਤਸ਼ਾਹ ਦੇ ਨਾਲ ਆਇਆ ਸੀ । ਸੱਚੇ ਪਾਤਸ਼ਾਹ ਐਡੇ ਦਿਆਲੂ ਸਨ ਘਵਿੰਡ ਪਿੰਡੋਂ ਦੱਖਣ ਦਿਸ਼ਾ ਨੂੰ ਸ਼ਿਕਾਰ ਗਏ ਹਨ । ਸ਼ਿਕਾਰ ਖੇਡਦੇ ਖੇਡਦੇ ਆਪਣੇ ਖੇਤ ਚਲੇ ਗਏ ਹਨ । ਜਿਸ ਵਕਤ ਗਏ, ਸਿਖਾਂ ਨੇ ਘੋੜਾ ਫੜ ਲਿਆ ਤੇ ਪਲੰਘ ਡਾਹ ਦਿਤਾ । ਪਾਤਸ਼ਾਹ ਬੈਠ ਗਏ । ਹੋਰ ਸਾਰੇ ਲਾਗੇ ਜਮੀਨ ਤੇ ਬੈਠ ਗਏ ਹਨ । ਸੱਚੇ ਪਾਤਸ਼ਾਹ ਦਾ ਬਗੀਚਾ ਬਹੁਤ ਅਜ਼ੀਬ ਲੱਗਾ ਹੋਇਆ ਸੀ । ਸਰਦਾਰ ਵੇਖ ਕੇ ਓਸ ਦੀ ਉਸਤਤ ਕਰਨ ਲੱਗਾ । ਪਾਤਸ਼ਾਹ ਤੇ ਸਰਦਾਰ ਬਚਨ ਕਰਦੇ ਕਰਦੇ ਬਗੀਚੇ ਵਿਚ ਉਠ ਕੇ ਚਲੇ ਗਏ ਹਨ । ਓਸ ਵਕਤ ਬਾਗ ਵਿਚ ਸੰਤਰੇ ਬਹੁਤ ਵਧੀਆਂ ਪੱਕੇ ਹੋਏ ਸਨ । ਪਾਤਸ਼ਾਹ ਬਹੁਤ ਸਾਰੇ ਸੰਤਰੇ ਤੋੜ ਕੇ ਲੈ ਆਏ ਹਨ । ੫ ਸੰਤਰੇ ਉਹਨਾਂ ਵਿਚੋਂ ਓਸ ਸਰਦਾਰ ਨੂੰ ਦਿਤੇ ਹਨ । ਸਰਦਾਰ ਆਪਦੇ ਨਾਲ ਦੇ ਸ਼ਿਕਾਰੀਆਂ ਨੂੰ ਦੇਣ ਲੱਗਾ । ਪਾਤਸ਼ਾਹ ਆਖਿਆ ਏਹ ਤੂੰ ਛਕ ਲਾ, ਤੇ ਏਨਾਂ ਨੂੰ ਅਸੀਂ ਹੋਰ ਦੇ ਦੇਨੇ ਹਾਂ । ਫੇਰ ਸਰਦਾਰ ਖ਼ੁਸ਼ੀ ਲੈ ਕੇ ਆਪ ਦੇ ਪਿੰਡ ਨੂੰ ਚਲਾ ਗਿਆ । ਅੱਗੇ ਕਦੀ ਓਸ ਨੇ ਪਾਤਸ਼ਾਹ ਦਾ ਦਰਸ਼ਨ ਨਹੀਂ ਕੀਤਾ ਸੀ ਤੇ ਨਾ ਓਸ ਦਿਨ ਤੋਂ ਬਾਅਦ ਆਇਆ ਹੈ । ਕਈਆਂ ਸਾਲਾਂ ਪਿਛੋਂ ਰਸੂਲ ਪੁਰ ਓਸ ਸਰਦਾਰ ਦੇ ਪਿੰਡ ਅਸੀਂ ਸਿਖਾਂ ਨਾਲ ਕਿਸੇ ਕੰਮ ਗਏ ਹਾਂ, ਤੇ ਨਾਲ ਪਾਤਸ਼ਾਹ ਵੀ ਗਏ ਹਨ । ਓਸ ਨੇ ਬੜਾ ਆਦਰ ਕੀਤਾ । ਫੇਰ ਪਾਤਸ਼ਾਹ ਦੀ ਉਸਤਤ ਕਰਨ ਲਗਾ । ਓਥੇ ਓਸੇ ਦੇ ਕੋਲ ਜੇਹੜੇ ਬੈਠੇ ਸਨ । ਓਨਾਂ ਨੂੰ ਬਚਨ ਦੱਸਣ ਲੱਗਾ ਕਿ ਇਕ ਵੇਰਾਂ ਤਕਰੀਬਨ ੧੦ ਸਾਲ ਹੋ ਗਏ ਮੈਂ ਪਾਤਸ਼ਾਹ ਨਾਲ ਸ਼ਿਕਾਰ ਗਿਆ । ਵਾਪਸੀ ਤੇ ਪਾਤਸ਼ਾਹ ਨੇ ਮੈਨੂੰ ੫ ਸੰਤਰੇ ਦਿਤੇ ਸੀ । ਏਹ ਪ੍ਰੀ ਪੂਰਨ ਪਰਮੇਸ਼ਵਰ ਹਨ । ਮੇਰੇ ਵਿਆਹ

ਨੂੰ ੧੫ ਸਾਲ ਹੋ ਗਏ ਸੀ ਤੇ ਮੇਰੇ ਔਲਾਦ ਨਹੀਂ ਸੀ ਹੁੰਦੀ । ਮੈਂ ਜਦੋਂ ਪਾਤਸ਼ਾਹ ਦੇ ਕੋਲ ਸ਼ਿਕਾਰ ਗਿਆ ਤੇ ਮੇਰਾ ਦਿਲ ਕਰੇ ਮੈਂ ਬੇਨੰਤੀ ਕਰਾਂ । ਪਰ ਮੈਂ ਸੰਗਦੇ ਬੇਨੰਤੀ ਨਹੀਂ ਕੀਤੀ, ਦਿਲ ਵਿਚ ਈ ਬੇਨੰਤੀ ਕਰਦਾ ਰਿਹਾ ਹਾਂ । ਪਾਤਸ਼ਾਹ ਦੀਨ ਦੁਨੀ ਦੇ ਵਾਲੀ ਤੇ ਦਿਲਾਂ ਦੀਆਂ ਜਾਨਣ ਵਾਲਿਆਂ ਨੇ ਆਪੇ ਜਾ ਕੇ ਬਾਗ ਵਿਚੋਂ ੫ ਸੰਤਰੇ ਮੈਨੂੰ ਲਿਆ ਕੇ ਦਿਤੇ ਹਨ । ਮੈਂ ਜੇਹੜੇ ਨਾਲ ਸਨ, ਓਨਾਂ ਨੂੰ ਦੇਣ ਲੱਗਾ ਤੇ ਪਾਤਸ਼ਾਹ ਮੈਨੂੰ ਕਹਿ ਦਿਤਾ ਕਿ ਤੂੰ ਆਪ ਛਕ ਲਾ । ਫੇਰ ਮੈਂ ਸਤਿ ਬਚਨ ਮੰਨ ਕੇ ਛਕ ਲਏ । ਐਡੀ ਏਨਾਂ ਦਇਆ ਕੀਤੀ ਕਿ ੪ ਪੁੱਤਰ ਤੇ ਇਕ ਧੀ ਮੇਰੇ ਘਰ ਹੋਈ ਹੈ । ਨਾ ਔਲਾਦ ਪਹਿਲਾਂ ਸੀ ਤੇ ਨਾ ਫੇਰ ਹੋਈ ਹੈ । ਜਿੰਨੇ ਫਲ ਪਾਤਸ਼ਾਹ ਦਿਤੇ ਹਨ, ਓਨੇ ਮੇਰੇ ਘਰ ਬੱਚੇ ਹੋਏ ਹਨ, ਤੇ ਰਾਜ਼ੀ ਖ਼ੁਸ਼ੀ ਹਨ । ਓਸ ਸਰਦਾਰ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ । ਸੱਚੇ ਪਾਤਸ਼ਾਹ ਤੀਨ ਲੋਕ ਦੇ ਮਾਲਕ ਹਨ ਜੋ ਚਾਹੇ ਕਰ ਸਕਦੇ ਹਨ । ਐਸੇ ਦਿਆਲੂ ਸਨ, ਸਿਖਾਂ ਤੋ ਬਗੈਰ ਵੀ ਜੇਹੜਾ ਪ੍ਰੇਮ ਨਾਲ ਨਿਮਸਕਾਰ ਕਰਦਾ ਹੈ ਉਸ ਨੂੰ ਵੀ ਤਾਰ ਦੇਂਦੇ ਸਨ । ।

## ❊ ਘੀਕਾ ਸਿੰਘ ਦੀ ਸਾਖੀ ❊

ਇਕ ਸਮੇਂ ਕਲੀਆਂ ਪਿੰਡ, ਸੱਚੇ ਪਾਤਸ਼ਾਹ ਆਪ ਦੇ ਸੌਹਰੇ ਘਰ ਗਏ ਹਨ, ਮਾਤਾ ਬੰਤੀ ਦੇ ਓਥੇ ਪੇਕੇ ਸਨ । ਨਾਲ ਦੋ ਚਾਰ ਸਿਖ ਵੀ ਸੇਵਾ ਵਾਸਤੇ ਗਏ ਹਨ । ਓਥੇ ਓਨਾਂ ਦੇ ਸਰੀਕੇ ਵਿਚ ਘੀਕਾ ਸਿੰਘ ਨਾਮ ਦਾ ਰਾਮਗੜ੍ਹੀਆ ਸਿਖ ਸੀ । ਪਾਤਸ਼ਾਹ ਜਦੋਂ ਜਾਣਾ ਓਸਨੇ ਬੜਾ ਪ੍ਰੇਮ ਕਰਨਾ । ਓਸ ਨੇ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਮੇਰੀ ਔਲਾਦ ਨਹੀਂ ਬਚਦੀ, ਮੇਰੇ ਤੇ ਦਇਅ ਕਰੋ । ਜੇਹੜੇ ਹੋਰ ਲਾਗੇ ਸਨ, ਓਨਾਂ ਵੀ ਆਖਿਆ ਜੀ ਦਇਆ ਕਰੋ । ਤੁਹਾਡੇ ਘਰ ਕੋਈ ਘਾਟਾ ਨਹੀਂ । ਸੱਚੇ ਪਾਤਸ਼ਾਹ ਬੇਨੰਤੀ ਸੁਣਕੇ ਮੋਨ ਹੋ ਗਏ ਹਨ । ਹੋਰ ਵੀ ਬਚਨ ਬਲਾਸ ਹੁੰਦੇ ਰਹੇ ਤੇ ਫੇਰ ਥੋੜਾ ਜਿਹਾ ਦਿਨ ਰਹਿ ਗਿਆ । ਪਾਤਸ਼ਾਹ ਪਰਸ਼ਾਦ ਛਕ ਕੇ ਜੰਗਲ ਨੂੰ ਗਏ ਹਨ । ਨਾਲ ਘੀਕਾ ਸਿੰਘ ਹੈ ਤੇ ਓਹ ਆਪ ਦੇ ਖੇਤ ਨੂੰ ਲੈ ਗਿਆ ਹੈ । ਘੀਕਾ ਸਿੰਘ ਆਪ ਦੇ ਬਾਗ ਵਿਚ ਪਾਤਸ਼ਾਹ ਨੂੰ ਲੈ ਕੇ ਚਲਾ ਗਿਆ ਹੈ । ਪਾਤਸ਼ਾਹ ਬਚਨ ਕਰਦੇ ਹਨ ਕਿ ਹੋਰ ਬਾਗ ਨਾਲ ਬੂਟੇ ਲਾ ਕੇ ਵਧਾ ਦੇ । ਆਂਦਾ ਸੱਚੇ ਪਾਤਸ਼ਾਹ ਔਲਾਦ ਨਹੀਂ ਬਚਦੀ, ਤੇ ਕੋਈ ਹੌਸਲਾ ਨਹੀਂ ਪੈਂਦਾ ਵਧੌਣ ਦਾ । ਪਾਤਸ਼ਾਹ ਆਖਣ ਲੱਗੇ ਵੇਖੋ ਖਾਂ ਬਾਗ ਵਿਚ ਕੋਈ ਫਲ ਨਜ਼ਰ ਔਂਦਾ ਹੈ । ਵੇਖਿਆ, ਕਰੁਤੀ ਰੁਤ ਸੀ, ਕੋਈ ਫਲ ਓਨਾਂ ਨੂੰ ਨਜ਼ਰ ਆ ਆਇਆ । ਸੱਚੇ ਪਾਤਸ਼ਾਹ ਨਿਗਾਹ ਮਾਰੀ ਤੇ ਦੋ ਸੰਤਰੇ ਇਕੇ ਟਾਹਣੀ ਨਾਲ ਲੱਗੇ ਹੋਏ ਸਨ । ਆਖਣ ਲੱਗੇ ਜਾਓ ਲਾਹ ਕੇ ਲਿਆਓ । ਸਾਰੇ ਵੇਖ ਕੇ ਬੜੇ ਖ਼ੁਸ਼ ਹੋਏ । ਹੱਸਦੇ ਹਨ, ਪਾਤਸ਼ਾਹ ਏਹ ਤਾਂ ਖੌਰੇ ਤੁਸਾਂ ਕਿਥੋਂ ਲੱਭ ਲਏ ਨੇ, ਹੁਣ ਕਿਤੇ ਸੰਤਰਿਆਂ ਦੀ ਰੁਤ ਆ । ਸਿਖਾਂ ਨੇ ਦੋਵੇਂ ਸੰਤਰੇ ਪਾਤਸ਼ਾਹ ਦੇ ਹੱਥ ਤੇ ਧਰ ਦਿਤੇ । ਸੱਚੇ ਪਾਤਸ਼ਾਹ ਫੇਰ ਪਿੰਡ ਨੂੰ ਆ ਗਏ ਹਨ । ਘਰ ਆਣ ਕੇ ਆਪ ਦੇ ਪਲੰਘ ਤੇ ਬੈਠ ਗਏ ਹਨ । ਸੰਤਰੇ ਆਪ ਦੇ ਅੱਗੇ ਪਲੰਘ ਤੇ ਰੱਖ ਲਏ ਹਨ । ਸਿਖ ਵੀ ਤੇ ਹੋਰ ਨਗਰ ਦੇ ਵਾਸੀ ਵੀ ਓਸ ਵਕਤ ਕੋਲ ਹਨ ਜੀ । ਜਿਸ ਵਕਤ ਘੀਕਾ ਸਿੰਘ ਖ਼ੁਸ਼ੀ ਲੈ ਕੇ ਨਿਮਸਕਾਰ ਕਰਕੇ ਘਰ ਨੂੰ ਚਲਿਆ ਹੈ, ਸੱਚੇ ਪਾਤਸ਼ਾਹ ਜੋੜਾ ਸੰਤਰਿਆਂ ਦਾ ਘੀਕਾ ਸਿੰਘ ਦੇ ਹੱਥ ਤੇ ਰੱਖ ਦਿਤਾ ਤੇ ਆਖਿਆ ਘੀਕਾ ਸਿੰਘ ਘਰ ਜਾ ਕੇ ਆਪ ਦੀ ਜਨਾਨੀ ਨੂੰ ਖਵਾ ਦੇ । ਕੋਈ ਦਿਨ ਪਾ ਕੇ ਦੋ ਪੁੱਤਰ ਘੀਕਾ ਸਿੰਘ ਦੇ ਹੋਏ ਹੋਰ ਕੋਈ ਨਹੀਂ ਹੋਇਆ ਓਨਾਂ ਦੀ ਕਿਰਪਾ ਨਾਲ ਰਾਜੀ ਖ਼ੁਸ਼ੀ ਹਨ । ਏਸ ਤਰ੍ਹਾ ਸੱਚੇ ਪਾਤਸ਼ਾਹ ਨਜ਼ਰੀਂ ਨਜ਼ਰ ਨਿਹਾਲ ਹਨ । ਸੱਚੇ ਪਾਤਸ਼ਾਹ ਦੇ ਗੁਣ ਅਸੀਂ ਗਾ ਨਹੀਂ ਸਕਦੇ । ਕਲਜੁਗ ਦੇ ਵਿਚ ਦਿਆਲੂ ਅਵਤਾਰ ਆਏ ਹਨ, ਗਰੀਬਾਂ ਨੂੰ ਤਾਰਨ ਵਾਸਤੇ ਜੀ । ।

## ❊ ਲਾਭ ਸਿੰਘ ਤੇ ਬੀਬੀ ਕਰਮੋ ਦੀ ਸਾਖੀ ❊

ਇਕ ਕੱਲੇ ਪਿੰਡ ਦਾ ਜ਼ਿਮੀਦਾਰ ਲਾਭ ਸਿੰਘ ਸਿਖ ਸੀ । ਬਾਲੇ ਚੱਕ ਵਾਲੇ ਬੁਧ ਸਿੰਘ ਦਾ ਭਣਵਈਆ ਲਗਦਾ ਸੀ । ਬੁਧ ਸਿੰਘ ਤੇ ਓਸਦੀ ਭੈਣ ਦਾ ਸੰਗ ਕਰਕੇ ਓਹ ਵੀ ਬੜਾ ਪ੍ਰੇਮ ਕਰਦਾ ਸੀ । ਆਪਣੀ ਕਮਾਈ ਵਿਚੋਂ ਸੇਵਾ ਲੰਗਰ ਵਿਚ ਪੌਂਦਾ ਸੀ । ਸੱਚੇ ਪਾਤਸ਼ਾਹ ਅੱਗੇ ਲਾਭ ਸਿੰਘ ਬੇਨੰਤੀ ਕੀਤੀ, ਕਿ ਸੱਚੇ ਪਾਤਸ਼ਾਹ ਸਾਡੇ ਘਰ ਚਰਨ ਪਾਓ । ਬੁਧ ਸਿੰਘ ਵੀ ਆਖਿਆ, ਪਾਤਸ਼ਾਹ ਮਿਹਰ ਕਰੋ । ਪਾਤਸ਼ਾਹ ਬੇਨੰਤੀ ਪਰਵਾਨ ਕਰਕੇ ਆਖਿਆ ਚੰਗਾ, ਬੁਧ ਸਿੰਘ ਜਦੋਂ ਤੂੰ ਆਖੇਂਗਾ ਚਲੇ ਚਲਾਂਗੇ । ਬੁਧ ਸਿੰਘ ਦੀ ਭੈਣ ਦਾ ਨਾਮ ਕਰਮੋ ਸੀ । ਪਾਤਸ਼ਾਹ ਵਿਸਾਖੀ ਦੁਵਾਲੀ ਜਾਂਦੇ ਸਨ ਤੇ ਰਾਹ ਬਾਲੇ ਚੱਕ ਰੈਂਦੇ ਸਨ । ਕਰਮੋ ਤੇ ਲਾਭ ਸਿੰਘ ਬਾਲੇ ਚੱਕ ਪਾਤਸ਼ਾਹ ਅੱਗੇ ਬੇਨੰਤੀ ਕੀਤੀ । ਓਸ ਵਕਤ ਛੋਟੇ ਛੋਟੇ ਸਾਹਿਬਜਾਦੇ ਨਾਲ ਮਾਤਾ ਹੋਰੀ ਤੇ ਸਿਖ ਵੀ ਸਨ । ਬੁਧ ਸਿੰਘ ਵੀ ਆਖਿਆ, ਪਾਤਸ਼ਾਹ ਦਇਆ ਕਰ ਦਿਉ, ਬੜਾ ਸੋਹਣਾ ਮੌਕਾ ਹੈ । ਪਾਤਸ਼ਾਹ ਬੇਨੰਤੀ ਪਰਵਾਨ ਕਰ ਲਈ । ਸਾਰੇ ਪਰਸ਼ਾਦ ਛਕ ਕੇ ਟਾਂਗਿਆਂ ਤੇ ਚੜ੍ਹ ਬੈਠੇ ਹਨ । ਕੱਲਾ ਪਿੰਡ ਸੜਕ ਦੇ ਉਤੇ ਸੀ ਜਿਉਂ ਚੜ੍ਹੇ ਹਨ, ਘਰ ਆਣ ਉਤਰੇ ਹਨ । ਦੋ ਦਿਨ ਪਾਤਸ਼ਾਹ ਓਥੇ ਰਹੇ ਹਨ । ਬੜੀ ਦਇਆ ਕੀਤੀ । ਜਿਸ ਵਕਤ ਤਿਆਰ ਹੋਏ ਹਨ, ਜੋ ਪੁਜ ਆਈ ਸਿਖ ਨੇ ਪੂਜਾ ਭੇਟਾ ਰੱਖੀ । ਕਰਮੋ ਤੇ ਲਾਭ ਸਿੰਘ ਗਲ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਖਲੋ ਗਏ ਹਨ । ਉਠ ਕੇ ਬੁਧ ਸਿੰਘ ਆਖਿਆ, ਸੱਚੇ ਪਾਤਸ਼ਾਹ ਕਰਮੋ ਤੇ ਲਾਭ ਸਿੰਘ ਆਪ ਅੱਗੇ ਅਰਜ ਕਰਦੇ ਹਨ । ਪਾਤਸ਼ਾਹ ਖ਼ੁਸ਼ ਹੋ ਕੇ ਆਖਿਆ ਕਰਮੋ ਤੂੰ ਕੀ ਮੰਗਦੀ ਹੈਂ । ਓਸ ਆਖਿਆ ਜੀ ਆਪ ਦੀ ਸੇਵਾ ਵਾਸਤੇ ਬੱਚਾ ਮੰਗਦੀ ਹਾਂ । ਸੱਚੇ ਪਾਤਸ਼ਾਹ ਓਸ ਵਕਤ ਕਰਮੋ ਤੇ ਲਾਭ ਸਿੰਘ ਨੂੰ ਪਰਸ਼ਾਦ ਦਿਤਾ ਹੈ । ਪਰਸ਼ਾਦ ਦੇ ਕੇ ਆਖਣ ਲੱਗੇ, ਜੋ ਤੇਰਾ ਮਨੋਰਥ ਹੈ ਪੂਰਾ ਹੋ ਜਾਵੇਗਾ । ਓਥੋਂ ਯੱਕਿਆਂ ਤੇ ਬੈਠ ਕੇ ਪਾਤਸ਼ਾਹ ਬੁਗੀਂ ਆ ਗਏ ਹਨ । ਕੋਈ ਦਿਨ ਪਾ ਕੇ ਪਹਿਲਾਂ ਕਾਕੀ ਹੋਈ ਤੇ ਫੇਰ ਪੁਤ ਹੋਇਆ ਹੈ । ਪੁਤ ਨੂੰ ਲੈ ਕੇ ਫੇਰ ਪਾਤਸ਼ਾਹ ਦੇ ਗੁਰਪੁਰਬ ਤੇ ਆਈ ਹੈ । ਬੋਤੀ ਲੱਦ ਕੇ ਦਾਣਿਆਂ ਦੀ ਆਂਦੀ ਹੈ । ਲੰਗਰ ਵਾਸਤੇ ੧੦੦ ਰੁਪੈਆ ਭੇਟਾ ਰੱਖ ਕੇ ਕਾਕੇ ਨੂੰ ਨਿਮਸਕਾਰ ਕਰਾਈ ਹੈ । ਹੱਥ ਜੋੜ ਕੇ ਫੇਰ ਆਖਦੇ ਹਨ ਕਿ ਪਾਤਸ਼ਾਹ ਕਾਕੇ ਦਾ ਨਾਂ ਰੱਖੋ । ਪਾਤਸ਼ਾਹ ਹਰਭਜਨ ਸਿੰਘ ਨਾਮ ਰੱਖਿਆ ਹੈ । ।

## ❊ ਮਾਈ ਬਸੰਤ ਕੌਰ ਤੇ ਉਸ ਦੀਆਂ ਧੀਆਂ ਦੀ ਸਾਖੀ ❊

ਬੁਗਿਆਂ ਤੋਂ ਪਾਤਸ਼ਾਹ ਗਗੋ ਬੂਏ ਆ ਗਏ ਹਨ । ਵੀਰ ਸਿੰਘ ਦੇ ਘਰ ਆ ਗਏ ਹਨ । ਮਾਈ ਲਛਮੀ ਵੀ ਸੁਣ ਕੇ ਦਰਸ਼ਨ ਕਰਨ ਆਈ ਹੈ । ਗਗੋ ਬੂਏ ਵੀ ਦਰਸ਼ਨ ਦੇ ਕੇ, ਘਵਿੰਡ ਪਿੰਡ ਆ ਗਏ ਹਨ । ਓਨਾਂ ਦੇ ਕੰਨੀਂ ਸੁਣਿਆਂ, ਮਾਈ ਬਸੰਤ ਕੌਰ ਵੀ ਚਰਨੀ ਲੱਗੀ ਹੈ । ਉਸ ਦੇ ੨ ਪੁੱਤਰ ਤੇ ੨ ਧੀਆਂ ਹਨ । ਦੋਵੇਂ ਕਾਕੀਆਂ ਵਿਆਹੀਆਂ ਹਨ । ਛੋਟੀ ਕਾਕੀ ਦੀ ਦੇਹ ਕੁਛ ਖਰਾਬ ਹੋ ਗਈ । ਸਾਰਾ ਸ਼ਰੀਰ ਲਾਲ ਹੋ ਕੇ ਲਹੂ ਸਿਮਣ ਲਗ ਪਵੇ । ਓ ਬੀਬੀ ਬਾਜੇ ਕੇ ਵਿਆਹੀ ਹੋਈ ਸੀ । ਬਾਜੇਕਿਆਂ ਵਾਲੇ ਬੀਬੀ ਨੂੰ ਖੜਦੇ ਨਹੀਂ ਗੇ । ਕੁਛ ਕਰੈਹਤ ਕਰਦੇ ਹਨ ਕਿ ਖੌਰੇ ਕੀ ਬਿਮਾਰੀ ਹੈ । ਧੀ ਵਾਲਿਆਂ ਨੂੰ ਬੜੀ ਚਿੰਤਾ ਪੈਦਾ ਹੋਈ । ਮਾਈ ਲਛਮੀ ਨਾਲ ਬੀਬੀ ਬਸੰਤ ਕੌਰ ਬਚਨ ਕੀਤੇ, ਤੇ ਨਾਲੇ ਬੀਬੀ ਦਾ ਪਿੰਡਾ ਵਖੋਂਦੀ ਹੈ । ਮਾਈ ਲਛਮੀ ਆਖਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਡੇ ਗੁਰੂ ਬੜੇ ਸਮਰੱਥ ਹਨ । ਓਥੇ ਜਾ ਕੇ ਢੈ ਕੇ ਚਰਨੀਂ ਪੈ ਜਾ, ਤੇਰੀ ਧੀ ਦਾ ਸ਼ਰੀਰ ਰਾਜੀ ਕਰ ਦੇਣਗੇ । ਬੜੇ ਦਿਆਲੂ ਹਨ । ਲਛਮੀ ਆਖਿਆ ਮੈਂ ਗਿਣ ਨਹੀਂ ਸਕਦੀ, ਜਿੰਨਿਆਂ ਜੀਆਂ ਦਾ ਓਸ ਦਰ ਤੇ ਕੋਹੜ ਹਟਿਆ ਹੈ । ਓ ਆਂਦੀ ਬੇਬੇ ਮੈਂ ਕੱਲੀ ਨਹੀਂ ਜਾ ਸਕਦੀ, ਮੇਰੇ ਨਾਲ ਚਲੇਂ ਤੇ ਤਾਂ ਹੈ । ਲਛਮੀ ਆਖਿਆ ੧੦ ਦਿਨ ਰੈਹਗੇ ਨੇ ਮਾਘੀ ਤੇ, ਪਾਤਸ਼ਾਹ ਦੀ ਸਾਰੀ ਸੰਗਤ ਔਂਦੀ ਹੈ । ਮੇਰੇ ਨਾਲ ਚਲੀ ਜਾਵੀਂ । ਮਾਘੀ ਦਿਹਾੜਾ ਆ ਗਿਆ ਹੈ । ਮਾਈ ਬਸੰਤ ਕੌਰ ਆਪ ਦੀ ਧੀ ਨੂੰ ਲੈ ਕੇ ਤਿਆਰ ਹੋ ਗਈ ਹੈ । ਨੌਜਵਾਨ

ਬੀਬੀ ਹੈ ਜਿਸਦੀ ਦੇਹ ਖਰਾਬ ਹੋ ਗਈ ਹੈ । ਬੀਬੀ ਦੀਪੋ ਉਸ ਦਾ ਨਾਮ ਹੈ । ਤਿੰਨੇ ਜਣੀਆਂ ਆ ਗਈਆਂ ਹਨ । ਹੋਰ ਵੀ ਸਾਰੇ ਮਾਈ ਭਾਈ ਦਰਸ਼ਨਾਂ ਨੂੰ ਆਏ ਹਨ । ਸਾਰੀਆਂ ਸੰਗਤਾਂ ਵੱਲ ਵੇਖ ਕੇ ਬਸੰਤ ਕੌਰ ਤੇ ਬੀਬੀ ਦੀਪੋ ਵੀ ਬੇਨੰਤੀ ਕਰਦੀਆਂ ਹਨ । ਸੱਚੇ ਪਾਤਸ਼ਾਹ ਦਇਆ ਕਰੋ, ਬੀਬੀ ਦੀ ਸਾਰੀ ਦੇਹ ਖਰਾਬ ਹੋ ਗਈ ਹੈ । ਲੂਤਾਂ ਤੇ ਦੱਦਰਾਂ ਸਾਰੇ ਸਰੀਰ ਤੇ ਹੋ ਗਈਆਂ ਹਨ । ਹੱਥਾਂ ਪੈਰਾਂ ਤੇ ਬੀਬੀ ਦੇ ਲਹੂ ਨਿਕਲਦਾ ਹੈ । ਪਾਤਸ਼ਾਹ ਨੂੰ ਵਖੌਂਦੀ ਹੈ । ਪਾਤਸ਼ਾਹ ਆਖਿਆ ਬੇਬੇ ਸਾਡੀ ਧਾਰਨ ਪੁਛ ਲਾ ਸਿਖਾਂ ਤੋਂ, ਜੇ ਓਸ ਮਰਯਾਦਾ ਤੇ ਚਲੇਂਗੀ ਤੇ ਰਾਜੀ ਹੋਜੂ । ਏਥੇ ਕੇਹੜੀ ਵੱਡੀ ਗਲ ਹੈ । ਬਸੰਤ ਕੌਰ ਆਖਿਆ ਸੱਚੇ ਪਾਤਸ਼ਾਹ ਜਿਸ ਤਰ੍ਹਾਂ ਤੁਸੀਂ ਆਖੋਂਗੇ ਓਸ ਤਰਾਂ ਮੈਂ ਮੰਨਾਂਗੀ । ਸੱਚੇ ਪਾਤਸ਼ਾਹ ਬੀਬੀ ਨੂੰ ਪਰਸ਼ਾਦ ਦਿਤਾ, ਤੇ ਆਖਿਆ, ਬੇਬੇ ਛੇਤੀ ਛੇਤੀ ਆਇਉ ਜੇ, ਤੇ ਆਣ ਕੇ ਲੰਗਰ ਵਿਚ ਸੇਵਾ ਕਰਿਆ ਕਰ, ਤੇ ਭਾਂਡੇ ਲੰਗਰ ਦੇ ਮਾਂਜਿਆ ਕਰ । ਆਪੇ ਤੇਰੀ ਦੇਹ ਸੋਹਣੀ ਹੋਜੂ । ਬੀਬੀ ਸਤਿ ਬਚਨ ਮੰਨ ਕੇ ਲੰਗਰ ਵਿਚ ਸੇਵਾ ਕਰਿਆ ਕਰੇ । ਦੋ ਚਾਰ ਵੇਰਾਂ ਆਈ ਤੇ ਸੋਨੇ ਵਰਗੀ ਦੇਹ ਬੀਬੀ ਦੀ ਹੋ ਗਈ । ਸੌਹਰੇ ਵੀ ਬੀਬੀ ਦੇ ਲੈ ਜਾਣ ਲਗ ਪਏ । ।

ਬਸੰਤ ਕੌਰ ਦੀ ਬੜੀ ਬੀਬੀ ਦੇ ਘਰ ਔਲਾਦ ਨਹੀਂ ਸੀ । ਆਪ ਦੀ ਭੈਣ ਵਲੋਂ ਵੇਖ ਕੇ ਓਹ ਵੀ ਆ ਕੇ ਸੱਚੇ ਪਾਤਸ਼ਾਹ ਦੀ ਸਰਨ ਪਈ । ਸੰਗਤਾਂ ਅਰਜਾਂ ਕਰਦੀਆਂ ਨੂੰ ਵੇਖ ਕੇ, ਓਹ ਵੀ ਬਨੰਤੀ ਕਰਦੀ ਹੈ ਕਿ ਪਾਤਸ਼ਾਹ ੧੦ ਸਾਲ ਹੋ ਗਏ ਨੇ ਮੇਰੇ ਘਰ ਔਲਾਦ ਨਹੀਂ ਹੋਈ । ਪਾਤਸ਼ਾਹ ਆਖਿਆ ਬੀਬੀ ਤੂੰ ਵੀ ਲੰਗਰ ਦੀ ਸੇਵਾ ਪ੍ਰੇਮ ਨਾਲ ਕਰਿਆ ਕਰ । ਏਸ ਘਰ ਜੋ ਕੁਛ ਮਿਲਦਾ, ਸੇਵਾ ਤੋਂ ਹੀ ਮਿਲਦਾ ਹੈ । ਬੀਬੀ ਦਾ ਨਾਮ ਤਾਰੋ ਹੈ । ਬੜੀ ਪ੍ਰੇਮ ਨਾਲ ਸੇਵਾ ਕਰਨ ਲਗ ਪਈ ਤੇ ਬਚਨ ਕੀਤਾ ਕਿ ਸੱਚੇ ਪਾਤਸ਼ਾਹ ਮੈਂ ਸੌ ਰੁਪੈਆ ਸੇਵਾ ਕਰਾਂਗੀ ਜਿਸ ਦਿਨ ਮੇਰੀ ਮੁਰਾਦ ਪੂਰੀ ਹੋਈ । ਕੋਈ ਦਿਨ ਪਾ ਕੇ ਕਾਕਾ ਹੋਇਆ ਹੈ ਤੇ ਤਰਨ ਤਾਰਨ ਦੇ ਲਾਗੇ ਗੋਲੇ ਦੀ ਪੰਡੋਰੀ ਬੀਬੀ ਵਿਆਹੀ ਹੋਈ ਸੀ । ਪਾਤਸ਼ਾਹ ਬੁਗੀਂ ਸੁੰਦਰ ਸਿੰਘ ਦੇ ਘਰ ਗਏ । ਤੇ ਬਸੰਤ ਕੌਰ ਗਗੋ ਬੂਏ ਵਾਲੀ ਕਾਕਾ ਹੋਇਆ ਸੁਣ ਕੇ, ਪੰਡੋਰੀ ਗਈ ਹੋਈ ਸੀ । ਸੱਚੇ ਪਾਤਸ਼ਾਹ ਨੇ ਬੁਗਿਆਂ ਤੋਂ ਸਿਖ ਘਲ ਦਿਤਾ ਕਿ ਅਸੀਂ ਬੁਗੀਂ ਆਏ ਹਾਂ, ਤੇ ਸਾਡੀ ਸੇਵਾ ਲੈ ਕੇ ਬੁਗੀਂ ਆ ਜਾ । ਓਸ ਵਕਤ ਬੀਬੀ ਕੋਲ ਤਾਂ ਪਾਤਸ਼ਾਹ ਦਾ ਦਿਤਾ ਬੜਾ ਕੁਛ ਸੀ । ਮਾਈ ਬਸੰਤ ਕੌਰ ਧੀ ਦਾ ਸਰਫਾ ਕਰਕੇ ਆਖਣ ਲੱਗੀ ਭਾਈਆ ਸੇਵਾ ਤਾਂ ਅੱਜੇ ਤਿਆਰ ਨਹੀਂ । ਫੇਰ ਬੀਬੀ ਤਾਰੋ ਤੇ ਮਾਈ ਬਸੰਤ ਕੌਰ ਬੁਗੀ ਆਣ ਕੇ ਨਿਮਸਕਾਰ ਕੀਤੀ ਤੇ ਸਾਰਿਆਂ ਦੇ ਦਰਸ਼ਨ ਕੀਤੇ । ਮਾਈ ਬਸੰਤ ਕੌਰ ਫੇਰ ਬੀਬੀ ਨੂੰ ਕੋਲ ਖਲਾਰਕੇ ਆਖਣ ਲਗੀ, ਸੱਚੇ ਪਾਤਸ਼ਾਹ ਸੇਵਾ ਅਜੇ ਬੀਬੀ ਕੋਲ ਤਿਆਰ ਨਹੀਂ । ਸੱਚੇ ਪਾਤਸ਼ਾਹ ਨਰਾਜ ਹੋ ਕੇ ਆਖਨ ਲਗੇ, ਬੇਬੇ ਆਪਣੀ ਸੇਵਾ ਵੀ ਲੈ ਲੈਣੀ ਹੈ ਤੇ ਪੁਤ ਵੀ ਤੁਹਾਡਾ ਨਹੀਂ ਰੈਹਣ ਦੇਣਾ । ਧੀ ਦਾ ਸਰਫਾ ਕਰਦੀ ਕਰਦੀ ਸੱਚੇ ਪਾਤਸ਼ਾਹ ਕੋਲੋਂ ਸਰਾਫ਼ ਲੈ ਕੇ ਚਲੀ ਗਈ । ਪਾਤਸ਼ਾਹ ਨੂੰ ਨਰਾਜ਼ ਹੋਏ ਵੇਖ ਕੇ ਫੇਰ ਮਾਵਾਂ ਧੀਆਂ ਪੰਡੋਰੀ ਗਈਆਂ ਹਨ ਤੇ ਜਾ ਕੇ ਸੇਵਾ ਸੌ ਰੁਪੈਆ ਲਿਆਈਆ ਹਨ । ਤੇ ਪਾਤਸ਼ਾਹ ਅੱਗੇ ਸੇਵਾ ਰੱਖ ਕੇ ਭੁੱਲ ਬਖ਼ਸੌਂਦੀ ਹੈ । ਪਾਤਸ਼ਾਹ ਆਖਣ ਲੱਗੇ ਬੇਬੇ ਏਹ ਤਾਂ ਵਾਕ ਹੁਣ ਛੁੱਟ ਗਿਆ ਮੁੜਨਾ ਨਹੀਂ । ਫੇਰ ਤੈਨੂੰ ਉਮਰ ਵਾਲਾ ਦੇ ਦਿਆਂਗੇ । ਕੋਈ ਦਿਨ ਪਾ ਕੇ ਓਸ ਕਾਕੇ ਦਾ ਸ਼ਰੀਰ ਛੁਟ ਗਿਆ । ਪਾਤਸ਼ਾਹ ਦਾ ਤੀਰ ਛੁੱਟਾ ਮੁੜਿਆ ਨਹੀਂ ਗਾ । ਸਿਖ ਸੇਵਾ ਵੀ ਕਰਦਾ ਹੈ ਪਰ ਕਿਸੇ ਵੇਲੇ ਬਦੋ ਬਦੀ ਗਲਤੀ ਕਰ ਜਾਂਦਾ ਹੈ । ਸੁਖਣਾਂ ਸੁਖਣ ਲੱਗਿਆਂ ਜਿਨੀ ਪੁਜ ਆਵੇ ਸੋਚ ਕੇ ਓਨੀ ਸੁਖਣੀ ਚਾਹੀਦੀ ਹੈ । ਥੋੜੇ ਚਿਰ ਬਾਅਦ ਵੱਡੀ ਉਮਰ ਵਾਲਾ ਕਾਕਾ ਪਾਤਸ਼ਾਹ ਬਖ਼ਸ਼ਿਆ ਹੈ ਜੀ । ਫੇਰ ਬੀਬੀ ਬੜੇ ਪ੍ਰੇਮ ਨਾਲ ਸੇਵਾ ਕਰਦੀ ਤੇ ਬਚਨ ਮੰਨਦੀ ਰਹੀ ਹੈ ਜੀ । ਸੱਚੇ ਪਿਤਾ ਮਹਾਰਾਜ ਸ਼ੇਰ ਸਿੰਘ ਦੀ ਮਹਿੰਮਾ ਅਪਰ ਅਪਾਰ ਹੈ ।

## ✻ ਇਕ ਮਸਤਾਨੇ ( ਬੱਗਾ ਸਿੰਘ ) ਤੇ ਬੁਧ ਸਿੰਘ ਦੀ ਸਾਖੀ ✻

ਲੁਧਿਆਣੇ ਜਿਲੇ ਤੇ ਆਲਮਗੀਰ ਨਗਰ ਵਿਚ ਦੋ ਭਰਾ ਛੀਂਬੇ ਸਿਖ ਪਾਤਸ਼ਾਹ ਦੇ ਸਨ । ਇਕ ਦਾ ਨਾਮ ਰਤਨ ਸਿੰਘ ਤੇ ਦੂਜੇ ਦਾ ਬੱਗਾ ਸਿੰਘ । ਬੱਗਾ ਸਿੰਘ ਮਸਤਾਨਾ ਰੈਂਹਦਾ ਸੀ । ਦੋ ਤਰਾਂ ਦੇ ਮਸਤਾਨੇ ਹਨ । ਇਕ ਦਾਨੇ ਮਸਤਾਨੇ ਤੇ ਇਕ ਦੀਵਾਨੇ ਮਸਤਾਨੇ ਹਨ । ਦਾਨੀ ਬਿਰਤੀ ਵਾਲਿਆਂ ਨੂੰ ਸੱਚੇ ਪਾਤਸ਼ਾਹ ਅੱਠੇ ਪਹਿਰ ਦਰਸ਼ਨ ਦੇ ਕੇ ਨਿਹਾਲ ਰਖਦੇ ਹਨ । ਬੱਗਾ ਸਿੰਘ ਮਸਤਾਨਾ, ਮਸਤਾਨੀ ਬਿਰਤੀ ਵਿਚ ਪਾਤਸ਼ਾਹ ਦੇ ਦਰਸ਼ਨਾਂ ਨੂੰ ਆਇਆ ਹੈ । ਅੰਮ੍ਰਿਤਸਰੋਂ ਗੱਡੀ ਤੇ ਉਤਰ ਕੇ ਬਾਲੇ ਚੱਕ ਬੁਧ ਸਿੰਘ ਸਿਖ ਦੇ ਘਰ ਆ ਗਿਆ ਹੈ ਤੇ ਮਸਤਾਨੇ ਬਚਨ ਕਰਨ ਲਗ ਪਿਆ । ਬੁਧ ਸਿੰਘ ਹੋਰਾਂ ਨੂੰ ਆਖਣ ਲੱਗਾ ਛੇਤੀ ਕਰੋ, ਸੱਚੇ ਪਾਤਸ਼ਾਹ ਦੀ ਜੋਤ ਆਈ ਹੈ, ਪਲੰਘ ਵਿਛਾ ਦਿਓ । ਸਿਖਾਂ ਸਤਿ ਬਚਨ ਮੰਨ ਕੇ ਪਲੰਘ ਡਾਹ ਦਿਤਾ । ਪਾਤਸ਼ਾਹ ਦੇ ਪਲੰਘ ਅੱਗੇ ਵੀ ਸਿਖਾਂ ਦੇ ਘਰੀਂ ਡੱਠੇ ਸਨ । ਕਿਉਂ ਕਿ ਸਿਖ ਰੋਜ ਧੂਫ ਧੁਖੌਂਦੇ ਤੇ ਥਾਲ ਲਵੌਂਦੇ ਸਨ ਜੀ । ਜਦੋਂ ਪਾਤਸ਼ਾਹ ਜਾਂਦੇ ਸੀ, ਓਸੇ ਪਲੰਘ ਤੇ ਬੈਠਦੇ ਸਨ । ਛਾਲ ਮਾਰ ਕੇ ਬੱਗਾ ਸਿੰਘ ਪਲੰਘ ਤੇ ਬੈਹ ਗਿਆ । ਸਿਖਾਂ ਮੱਥਾ ਟੇਕਿਆ, ਪਾਤਸ਼ਾਹ ਦੇ ਪਲੰਘ ਤੇ ਬੈਠਾ ਕਰਕੇ । ਫੇਰ ਆਖਣ ਲੱਗਾ, ਛੇਤੀ ਕਰੋ ਸਾਡਾ ਥਾਲ ਲੁਵਾਓ ਪਰਸ਼ਾਦ ਪਾ ਕੇ । ਸਿਖ ਜੋਤ ਤੋਂ ਡਰਦੇ ਬਚਨ ਮੰਨੀ ਜਾਣ । ਫੇਰ ਮਾਘੀ ਦੇ ਦਿਨ ਸਾਰੀ ਸੰਗਤ ਦਰਸ਼ਨਾਂ ਨੂੰ ਆਈ । ਬੱਗਾ ਸਿੰਘ ਮਸਤਾਨਾ ਵੀ ਆਣ ਪਹੁੰਚਿਆ । ਸੰਗਤ ਚਾਰ ਦਿਨ ਰੈਹ ਕੇ ਖ਼ੁਸ਼ੀਆਂ ਮੰਗ ਰਹੀ ਹੈ, ਜਾਣ ਵਾਸਤੇ । ਪਾਤਸ਼ਾਹ ਬਚਨ ਛੇੜਿਆ ਕਿ ਬੁਧ ਸਿੰਘ ਅਸਾਂ ਸੁਣਿਆ ਹੈ, ਬਾਲੇ ਚੱਕ ਬੱਗਾ ਸਿੰਘ ਪਲੰਘ ਤੇ ਬੈਠਾ ਸੀ ਸਾਡੇ ਵਾਲੇ ਤੇ । ਬੁਧ ਸਿੰਘ ਆਖਿਆ ਹਾਂ ਜੀ, ਉਸ ਕਿਹਾ ਕਿ ਮੇਰਾ ਥਾਲ ਲੁਵਾਓ ਤੇ ਫੇਰ ਅਸੀਂ ਥਾਲ ਲੁਵਾਇਆ । ਪਲੰਘ ਤੇ ਬੈਠ ਕੇ ਬਗਾ ਸਿੰਘ ਪਰਸ਼ਾਦ ਛਕ ਲਿਆ । ਥਾਲ ਮੈਨੂੰ ਫੜਾ ਕੇ ਆਖਣ ਲੱਗਾ, ਸਾਡਾ ਸੀਤ ਪਰਸ਼ਾਦ ਬੁਧ ਸਿੰਘ ਛਕ ਲਾ, ਅਸੀਂ ਤੇ ਮਹਾਰਾਜ ਸ਼ੇਰ ਸਿੰਘ ਇਕੋ ਹਾਂ । ਏਕ ਜੋਤ ਤੇ ਅਸੀਂ ਦੋ ਮੂਰਤਾਂ ਹਾਂ । ਸੱਚੇ ਪਾਤਸ਼ਾਹ ਮੈਂ ਫਿਰ ਛਕ ਲਿਆ ਹੈ । ਬੁਧ ਸਿੰਘ ਏਹ ਨਹੀਂ ਆਖਿਆ ਕਿ ਸੱਚੇ ਪਾਤਸ਼ਾਹ ਮੈਂ ਭੁੱਲ ਗਿਆ ਹਾਂ, ਮੇਰੇ ਤੇ ਦਇਆ ਕਰੋ । ਸਗੋਂ ਆਖਣ ਲਗਾ, ਸੱਚੇ ਪਾਤਸ਼ਾਹ ਏਹ ਕੇਹੜੀ ਵੱਡੀ ਗਲ ਆ । ਮਸਤਾਨੇ ਵਿਚ ਵੀ ਤੁਸੀਂ ਜੇ ਤੇ ਏਧਰ ਵੀ ਤੁਸੀਂ ਜੇ । ਪਾਤਸ਼ਾਹ ਸੁਣ ਕੇ ਨਰਾਜ ਹੋ ਗਏ ਤੇ ਕਿਹਾ ਤੁਹਾਨੂੰ ਫੇਰ ਏਥੇ ਸਾਡੇ ਕੋਲ ਔਣ ਦੀ ਕੋਈ ਲੋੜ ਨਹੀਂ । ਮਸਤਾਨਿਆਂ ਨੂੰ ਪੂਜਾ ਭੇਟਾ ਦੇ ਕੇ ਮੱਥਾ ਟੇਕ ਦਿਆ ਕਰੋ । ਪਾਤਸ਼ਾਹ ਕਿਹਾ ਕਿ ਮਸਤਾਨਿਆਂ ਨੂੰ ਸਾਡੀ ਪਕੜ ਹੁੰਦੀ ਹੈ, ਧੱਕੇ ਖਾਂਦੇ ਤੇ ਭੁੱਖੇ ਤਿਆਏ ਆਪਣੀਆਂ ਕਰਨੀਆਂ ਦੇ ਫੜੇ ਹੋਏ ਤੁਰੇ ਫਿਰਦੇ ਹਨ । ਤੁਸਾਂ ਆਖਿਆ ਓਨਾਂ ਵਿਚ ਵੀ ਤੁਸੀਂ ਹੋ । ਅਸੀਂ ਮਸਤਾਨਿਆਂ ਵਿਚ ਧੱਕੇ ਤਾਂ ਨਹੀਂ ਨਾ ਖਾਂਦੇ ਫਿਰਦੇ ।

ਬਾਲੇ ਚੱਕ ਵਾਲੀ ਸੰਗਤ ਜਿਸ ਵਕਤ ਖ਼ੁਸ਼ੀ ਲੈ ਕੇ ਤੁਰੇ ਹਨ, ਨਹਿਰ ਤੇ ਆਏ ਹਨ ਤੇ ਬੁਧ ਸਿੰਘ ਨੂੰ ਪਾਤਸ਼ਾਹ ਜੋਤ ਰੂਪ ਪਕੜ ਲਿਆ । ਨੈਹਰ ਦੀ ਪਟੜੀ ਦੇ ਉਤੇ ਮੱਛੀ ਵਾਂਗ ਤੜਫਦਾ ਹੈ । ਨਾਲ ਦੀ ਸੰਗਤ ਬਹੁਤ ਚਿੰਤਾ ਕਰ ਰਹੀ ਹੈ ਤੇ ਕੁਛ ਸਿਖ ਭੱਜ ਕੇ ਪਾਤਸ਼ਾਹ ਕੋਲ ਪਿਛਾਂਹ ਗਏ ਹਨ । ਜਾ ਕੇ ਸਿਖਾਂ ਅਰਜ ਕੀਤੀ ਕਿ ਸੱਚੇ ਪਾਤਸ਼ਾਹ ਬੁਧ ਸਿੰਘ ਬੜਾ ਪੀੜ ਨਾਲ ਤੜਫਦਾ ਹੈ, ਦਇਆ ਕਰੋ । ਜੀਵ ਤੇ ਹਰ ਵਕਤ ਭੁਲਣਹਾਰ ਹਨ ਤੇ ਤੁਸੀਂ ਸੱਚੇ ਮਾਪੇ ਬਖ਼ਸ਼ਣ ਜੋਗ ਜੇ । ਸੱਚੇ ਪਾਤਸ਼ਾਹ ਬਚਨ ਕੀਤਾ, ਮਰਦਾ ਨਹੀਂ, ਜੇਹੜੀ ਬੱਗਾ ਸਿੰਘ ਦੀ ਉਸ ਜੂਠ ਖਾਦੀ ਹੈ ਜਦੋਂ ਅੰਦਰੋਂ ਨਿਕਲ ਗਈ, ਓਦੋਂ ਰਮਾਨ ਆਜੂ । ਐਸੇ ਦਸਤ ਤੇ ਉਲਟੀਆਂ ਸ਼ੁਰੂ ਹੋਈਆਂ, ਪੱਛੀ ਵਾਕਰ ਸਾਰਾ ਸਰੀਰ ਹੋ ਗਿਆ । ਫੇਰ ਪਾਤਸ਼ਾਹ ਨੇ ਪਰਸ਼ਾਦ ਘੱਲਿਆ ਕਿ ਉਸ ਨੂੰ ਛਕਾ ਦਿਉ ਰਮਾਨ ਆਜੂ । ਜਿਸ ਵਕਤ ਪਾਤਸ਼ਾਹ ਦਾ ਪਰਸ਼ਾਦ ਛੱਕਿਆ, ਦੇਹ ਤੰਦਰੁਸਤ ਹੋ ਗਈ । ਫੇਰ ਸਿਖ ਚੁਕ ਕੇ ਚੇਤ ਸਿੰਘ ਦੇ ਘਰ ਕਲਸੀਂ ਲੈ ਗਏ । ਜਾ ਕੇ ਕਪੜੇ ਸਾਫ ਕੀਤੇ ਤੇ ਫੇਰ ਅਗਲੇ ਦਿਨ ਸਾਰੀ ਸੰਗਤ ਘਵਿੰਡ ਆਈ । ਆਣ ਕੇ ਬੇਨੰਤੀਆਂ ਕੀਤੀਆਂ

ਤੇ ਭੁੱਲਾਂ ਬਖ਼ਸ਼ਾਈਆਂ । ਮਸਤਾਨਾ ਓਦੋਂ ਦਾ ਝਿੜਕਿਆ ਮੁੜ ਕੇ ਪਾਤਸ਼ਾਹ ਕੋਲ ਨਹੀਂ ਆਇਆ । ਸਾਰੀ ਸੰਗਤ ਖ਼ੁਸ਼ੀਆਂ ਲੈ ਕੇ ਬਾਲੇ ਚੱਕ ਨੂੰ ਗਈ । ਉਸ ਦਿਨ ਤੋਂ ਬੁਧ ਸਿੰਘ ਨੰਗੀ ਪੈਰੀਂ ਪਾਤਸ਼ਾਹ ਦੀ ਸੇਵਾ ਵਿਚ ਹਾਜਰ ਰਿਹਾ ਕਰੇ । ।

## ✳ ਬੇਬੇ ਰਾਮੀ ਤੇ ਉਸ ਦੀ ਬੱਚੀ ਦੀ ਸਾਖੀ ✳

ਬੁਧ ਸਿੰਘ ਦੀ ਛੋਟੀ ਕਾਕੀ ਸੀ । ਓਸ ਨੇ ਅੰਞਾਣੀ ਕਰ ਕੇ ਰੋਜ਼ ਜੇਹੜਾ ਪਾਤਸ਼ਾਹ ਦੇ ਥਾਲ ਲਈ ਦਈਂ ਰੱਖਣਾ, ਥਾਲ ਲੱਗਣ ਤੋਂ ਪਹਿਲਾਂ ਰੋਜ਼ ਦਹੀਂ ਜੂਠਾ ਕਰ ਦੇਣ । ਦੋ ਸਾਲਾਂ ਦੀ ਸੀ, ਐਨੀ ਜਿਦ ਕਰਨੀ, ਆਖਣਾ ਮੈਂ ਦਹੀਂ ਹੁਣੇ ਲੈਣਾ ਹੈ । ਬੇਬੇ ਰਾਮੀ ਥਾਲ ਲਵੌਣ ਲੱਗੀ ਪਾਤਸ਼ਾਹ ਅੱਗੇ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਏਹ ਬੀਬੀ ਅੰਞਾਣੀ ਹੈ ਤੁਹਾਡਾ ਥਾਲ ਲੱਗਣ ਤੋਂ ਪਹਿਲਾਂ ਦਹੀਂ ਖਾ ਜਾਂਦੀ ਹੈ । ਸਾਥੋਂ ਤਾਂ ਹੱਟਦੀ ਨਹੀਂ, ਤੁਸੀਂ ਆਪ ਹੀ ਦਇਆ ਕਰੋ । ਸੱਚੇ ਪਾਤਸ਼ਾਹ ਘਵਿੰਡ ਸਨ ਦੇਹ ਕਰਕੇ । ਬੇਬੇ ਰਾਮੀ ਨੇ ਬਾਲੇ ਚੱਕ ਹੋਥ ਜੋੜ ਕੇ ਬੇਨੰਤੀ ਕੀਤੀ । ਅਗਲੇ ਦਿਨ ਸਵੇਰੇ ਬੇਬੇ ਰਾਮੀ ਨੇ ਥਾਲ ਵਾਸਤੇ ਦਹੀਂ ਰਖਿਆ । ਓਹ ਕਾਕੀ ਫੇਰ ਸੁੱਤੀ ਪਈ ਉਠ ਕੇ ਦਈਂ ਵਲੇ ਅੰਦਰ ਗਈ ਤੇ ਰਾਮੀ ਓਸ ਵਕਤ ਬਾਹਰ ਚੌਕੇ ਵਿਚ ਸੀ । ਜਿਸ ਵਕਤ ਭਾਂਡਾ ਲਾਹ ਕੇ ਦਈਂ ਵਾਲੇ ਭਾਂਡੇ ਨੂੰ ਫੜਨ ਲੱਗੀ । ਅੱਗੋਂ ਸੱਪ ਫੰਨ ਚੁੱਕ ਕੇ ਦੰਦੀ ਵੱਢਣ ਪੈ ਗਿਆ ਹੈ । ਕੁੜੀ ਨੇ ਉਚੀ ਸਾਰੀ ਚਾਂਗਰ ਮਾਰੀ ਤੇ ਰਾਮੀ ਭੱਜ ਕੇ ਅੰਦਰ ਗਈ ਕਿ ਕੀ ਹੋਇਆ ਕੁੜੀ ਨੂੰ ਕੁੱਛੜ ਚੁਕਿਆ ਤੇ ਕੁੜੀ ਦੱਸਦੀ ਨਹੀਂ । ਕੁਛੜ ਚੁੱਕੀ ਵੀ ਡਾਡਾਂ ਮਾਰ ਮਾਰ ਕੇ ਗਲ ਨੂੰ ਚੰਬੜਦੀ ਹੈ, ਪਾਤਸ਼ਾਹ ਡਰੌਂਦੇ ਹਨ । ਰਾਮੀ ਉਸਨੂੰ ਪੁਛਦੀ ਹੈ ਮੈਨੂੰ ਦੱਸ ਖਾਂ ਤੈਨੂੰ ਕੀ ਹੁੰਦਾ ਹੈ । ਕੁੜੀ ਆਖਣ ਲੱਗੀ ਦਈਂ ਵਾਲੇ ਭਾਂਡੇ ਕੋਲ ਸੱਪ ਬੈਠਾ ਹੈ ਤੇ ਮੈਨੂੰ ਵੱਡਣ ਪੈਂਦਾ ਹੈ । ਤੂੰ ਮੈਨੂੰ ਕੁੱਛੜ ਚੁੱਕਿਆ ਹੈ, ਤੇ ਤਾਂ ਵੀ ਸੱਪ ਮੈਨੂੰ ਵੱਢਣ ਪੈਂਦਾ ਹੈ । ਬੇਬੇ ਰਾਮੀ ਆਖਿਆ ਏਹ ਪਾਤਸ਼ਾਹ ਦੇ ਥਾਲ ਦਾ ਦਹੀਂ ਝੂਠਾ ਕਰ ਦੇਂਦੀ ਸੀ । ਮੈਂ ਕਲ ਪਾਤਸ਼ਾਹ ਅੱਗੇ ਬੇਨੰਤੀ ਕੀਤੀ ਸੀ ਕਿ ਸੱਚੇ ਪਾਤਸ਼ਾਹ ਸਾਡੇ ਆਖੇ ਨਈਂ ਹਟਦੀ, ਤੁਸੀਂ ਹਟਾਓ । ਤਾਂ ਹੀ ਅੱਜ ਦਹੀ ਲੈਣ ਲੱਗੀ ਪਾਤਸ਼ਾਹ ਭੈ ਦਿਤਾ ਹੈ । ਰਾਮੀ ਆਖਣ ਲੱਗੀ ਫੇਰ ਵੀ ਸੱਚੇ ਪਾਤਸ਼ਾਹ ਦੇ ਥਾਲ ਤੋਂ ਪਹਿਲਾਂ ਰੋਟੀ ਜਾਂ ਦਈ ਮੰਗੇਂਗੀ ? ਕਾਕੀ ਹੱਥ ਜੋੜਦੀ ਹੈ ਕਿ ਮੈਂ ਫੇਰ ਨਹੀਂ ਮੰਗਦੀ । ਮੈਨੂੰ ਅੱਜ ਸੱਪ ਤੋਂ ਛੁਡਾਓ । ਫੇਰ ਰਾਮੀ ਪਲੰਘ ਦੇ ਕੋਲ ਕੁੜੀ ਨੂੰ ਕੁਛੜ ਚੁਕ ਕੇ ਲੈ ਗਈ । ਕੁੜੀ ਨੇ ਬੇਨੰਤੀ ਕੀਤੀ ਤੇ ਨਾਲੇ ਬੇਬੇ ਰਾਮੀ ਨੇ ਕਿ ਸੱਚੇ ਪਾਤਸ਼ਾਹ ਮਿਹਰ ਕਰੋ । ਓਸ ਦਿਨ ਤੋਂ, ਬੁਧ ਸਿੰਘ ਦੇ ਦੋ ਕਾਕੇ ਤੇ ਇਕ ਬੀਬੀ ਸੀ, ਓਨਾਂ ਕਦੀ ਥਾਲ ਤੋਂ ਪਹਿਲਾਂ ਪਰਸ਼ਾਦ ਨਹੀਂ ਸੀ ਮੰਗਿਆ । ਸੱਚੇ ਪਾਤਸ਼ਾਹ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਹਰ ਵਕਤ ਸਿਖਾਂ ਦੇ ਪਾਸ ਹੁੰਦੇ ਹਨ । ਜੇ ਕੋਈ ਭੁੱਲ ਕਰਦਾ ਹੈ ਸਭ ਜਾਣਦੇ ਹਨ । ਬੇਬੇ ਰਾਮੀ ਤੇ ਬੁਧ ਸਿੰਘ ਦੀ ਐਸੀ ਜੋੜੀ ਪਾਤਸ਼ਾਹ ਬਣਾਈ ਹੈ ਅੱਠੇ ਪਹਿਰ ਦੋਵੇਂ ਜਣੇਂ ਬੈਠਦੇ ਉਠਦੇ ਪਾਤਸ਼ਾਹ ਦਾ ਨਾਮ ਜਪਦੇ ਸਨ । ।

## ✳ ਬੁਧ ਸਿੰਘ ਦੀ ਸੇਵਾ ✳

ਬੁਧ ਸਿੰਘ ਆਪ ਦੇ ਪਿੰਡ ਨੂੰ ਸੇਵਾ ਵਾਸਤੇ ਪਾਤਸ਼ਾਹ ਦਾ ਘੋੜਾ ਨਾਲ ਲੈ ਜਾਂਦਾ ਸੀ । ਘੋੜੇ ਨੂੰ ਦਾਲ ਤੇ ਮੱਖਣ ਚਾਰਨਾ ਸ਼ੁਰੂ ਕਰ ਦੇਣਾ । ੩੦ ਸਾਲ ਦਾ ਘੋੜਾ ਸੀ । ਐਨੀ ਬੁਧ ਸਿੰਘ ਸੇਵਾ ਕਰਦਾ ਸੀ, ਵੇਖਣ ਨੂੰ ਵਛੇਰਾ ਲਗਦਾ ਸੀ । ਸੱਚੇ ਪਾਤਸ਼ਾਹ ਦਿਵਾਲੀ ਵਿਸਾਖੀ ਹਮੇਸ਼ਾਂ ਜਾਂਦੇ ਸੀ । ਜਿਸ ਵਕਤ ਛੰਗਾਰਿਆ ਘੋੜਾ ਸ਼ਹਿਰ ਮੰਡੀ ਵਿਚ ਜਾਂਦਾ ਸੀ, ਲੋਕਾਂ ਨੇ ਬਚਨ ਕਰਨਾ ਕਿ ਮੰਡੀ ਦਾ ਲਾੜਾ ਆ ਗਿਆ ਹੈ । ਖਲਾਰ ਖਲਾਰ ਕੇ ਘੋੜੇ ਦੇ ਦਰਸ਼ਨ ਕਰਨਾ । ਸਾਰੀ ਮੰਡੀ ਵਿਚ ਸ਼ਰਤ ਰੱਖ ਕੇ ਤੇ ਜਿਤ ਕੇ ਔਂਦਾ ਸੀ । ਲੋਕਾਂ ਆਖਣਾ ਸੌ ਘੋੜਾ ਹੋਵੇ ਤੇ ਏਸ ਘੋੜੇ ਨਾਲ ਕੋਈ ਨਹੀਂ ਚਲ ਸਕਦਾ । ਸਿਆਣਿਆਂ ਲੋਕਾਂ ਆਖਣਾ ੩੦ ਸਾਲ ਦਾ ਬੁੱਢਾ ਘੋੜਾ ਹੈ ਕੇ ਪਾਤਸ਼ਾਹ ਦੀ ਦਇਆ ਨਾਲ ਚਲ ਰਿਹਾ ਹੈ । ਬੁਧ

ਸਿੰਘ ਦੀ ਐਡੀ ਸੇਵਾ ਸੀ । ਕੋਈ ਉਪਮਾ ਨਹੀਂ ਕਰ ਸਕਦਾ । ਅੱਠੇ ਪਹਿਰ ਨਾਮ ਦੀ ਰੰਗਣ ਵਿਚ ਰੰਗੇ ਰਹਿੰਦੇ ਸੇਵਾ ਕਰਨੀ ਜੀ । ਐਡਾ ਜਵਾਨ ਸਿਖ ਸੀ ੧੮ ਉਂਗਲਾਂ ਜੋੜਾ ਪੈਰੀਂ ਔਂਦਾ ਸੀ । ਤਿੰਨ ਸਾਲ ਨੰਗੀਂ ਪੈਰੀ ਸੇਵਾ ਵਿਚ ਰਿਹਾ ਤੇ ਫੇਰ ਪਾਤਸ਼ਾਹ ਮੋਚੀ ਕੋਲੋਂ ਜੋੜਾ ਮੰਗਾ ਕੇ ਬੁਧ ਸਿੰਘ ਨੂੰ ਦਿਤਾ । ਆਖਣ ਲੱਗੇ ਬੁਧ ਸਿੰਘ ਹੁਣ ਜੋੜਾ ਪੈਰੀ ਪਾ ਲੈ । ਤੇਰਾ ਤਪ ਅਸਾਂ ਪਰਵਾਨ ਕਰ ਲਿਆ ਹੈ । ।

## ❊ ਆਸਾ ਸਿੰਘ ਮਜ਼੍ਹਬੀ ਸਿਖ ਦੀ ਸਾਖੀ ❊

ਆਸਾ ਸਿੰਘ ਮਜ਼੍ਹਬੀ ਸਿਖ ਬਾਲੇ ਚੱਕ ਦਾ ਵੀ ਪਾਤਸ਼ਾਹ ਦਾ ਸਿਖ ਸੀ । ਓਸ ਗਡ ਬਣਾਈ ਹੋਈ ਸੀ ਤੇ ਸ਼ਹਿਰ ਭਾੜਾ ਵਾਹ ਕੇ ਗੁਜਾਰਾ ਕਰਦਾ ਸੀ । ਉਸ ਦੇ ਘਰੋਂ ਜੇਹੜੀ ਬੀਬੀ ਸੀ, ਬੜਾ ਪਾਤਸ਼ਾਹ ਦੇ ਚਰਨਾਂ ਦਾ ਪ੍ਰੇਮ ਕਰਦੀ ਸੀ । ਜਿਸ ਵਕਤ ਪਾਤਸ਼ਾਹ ਨੂੰ ਗੱਡ ਦੀ ਜਰੂਰਤ ਪਵੇ ਓਸੇ ਵਕਤ ਆਸਾ ਸਿੰਘ ਘਵਿੰਡ ਗੱਡ ਲੈ ਕੇ ਹਾਜਰ ਹੋ ਜਾਂਦਾ ਸੀ । ਆਸਾ ਸਿੰਘ ਦਾ ਪਿਛਲਾ ਜਰਮ ਬਾਲਮੀਕ ਦਾ ਸੀ, ਸ੍ਰੀ ਰਾਮ ਚੰਦਰ ਦੇ ਵਕਤ ਦਾ । ਜੇਹੜੀ ਉਸ ਦੀ ਜਨਾਨੀ ਸੀ, ਉਸਦਾ ਪਿਛਲਾ ਜਰਮ ਭੀਲਣੀ ਦਾ ਸੀ । ਹੁਣ ਸੱਚੇ ਪਾਤਸ਼ਾਹ ਦੀਨ ਦੁਨੀ ਦੇ ਵਾਲੀ, ਜੁਗਾਂ ਦੇ ਵਿਛੜਿਆਂ ਸਿਖਾਂ ਨੂੰ ਆਪ ਦੀ ਸਰਨ ਆਂਦਾ ਹੈ । ਸਿਖਾਂ ਦੀ ਸੇਵਾ ਦੀ ਮੈਥੋਂ ਗਿਣਤੀ ਨਹੀਂ ਹੁੰਦੀ । ਧੰਨ ਸੱਚੇ ਪਾਤਸ਼ਾਹ ਤੇ ਧੰਨ ਉਸ ਦੇ ਸਿਖ ਹਨ ਜੀ । ।

## ❊ ਮਾਣਾ ਸਿੰਘ ਦੀ ਧੀ ਨਿਹਾਲੋ ਦੀ ਸਾਖੀ ❊

ਇਕ ਸਮੇਂ ਦੀ ਗਲ ਹੈ ਕਿ ਪਾਤਸ਼ਾਹਾਂ ਦੇ ਮਕਾਨ ਲਈ ਸਿਖ ਸ਼ਹਿਰੋਂ ਜਾ ਕੇ ਸ਼ਤੀਰੀਆਂ ਗੱਡਾਂ ਤੇ ਲੱਦ ਨਹਿਰੋ ਨਹਿਰ ਰਾਤ ਭੁਚਰ ਆ ਰਹੇ ਹਨ । ਮਾਣਾ ਸਿੰਘ ਸਿਖ ਨੂੰ ਵੇਖ ਬੜੀ ਖ਼ੁਸ਼ੀ ਹੋਈ । ਜਿਸ ਵਕਤ ਸਵੇਰੇ ਉਠ ਕੇ ਸਿਖ ਤਿਆਰ ਹੋਏ ਹਨ, ਮਾਣਾ ਸਿੰਘ ਦੀ ਧੀ ਨਿਹਾਲੋ ਕੁਛੜ ਕਾਕੀ ਸੀ । ਆਪਣੇ ਪਿਤਾ ਨਾਲ ਸਲਾਹ ਕਰਦੀ ਹੈ ਕਿ ਪਾਤਸ਼ਾਹ ਦੀਆਂ ਗੱਡਾਂ ਤੇ ਮੈਂ ਵੀ ਭਾਈਏ ਆਸਾ ਸਿੰਘ ਤੇ ਬੁਧ ਸਿੰਘ ਨਾਲ ਘਵਿੰਡ ਚਲੀ ਜਾਂਦੀ ਹਾਂ । ਜਿਦਣ ਗੱਡਾਂ ਔਣਗੀਆਂ, ਮੈਂ ਵੀ ਆ ਜਾਵਾਂਗੀ । ਨਿਹਾਲੋ ਫੇਰ ਸ਼ਤੀਰੀਆਂ ਉਤੇ ਗੱਡੇ ਤੇ ਬੈਠ ਗਈ ਹੈ । ਨੈਹਰੋ ਨੈਹਰ ਗੱਡਾਂ ਤੁਰੀਆਂ ਔਂਦੀਆਂ ਹਨ । ਕਲਸੀਆਂ ਤੇ ਘਵਿੰਡ ਦੀ ਬਰੋਬਰ ਤੇ ਰਸਤੇ ਵਿਚ ਟੋਆ ਸੀ । ਆਸਾ ਸਿੰਘ ਵੇਖਿਆ ਨਾ । ਗਡ ਟੋਏ ਵਿਚ ਡਿਗ ਕੇ ਪਾਸ ਪੈ ਗਈ ਹੈ । ਨੈਹਰ ਵਾਲੇ ਪਾਸੇ ਡਿਗ ਕੇ ਬੀਬੀ ਨਿਹਾਲੋ ਸ਼ਤੀਰੀਆਂ ਥੱਲੇ ਆ ਗਈ ਹੈ । ਜੇਹੜੀ ਕਾਕੀ ਕੁਛੜ ਸੀ ਓਹ ਨੈਹਰ ਦੀ ਪਟਰੀ ਤੇ ਡਿਗ ਕੇ ਗਿਠ ਪਾਣੀ ਵਿਚ ਜਾ ਪਈ ਹੈ । ਛੇਤੀ ਛੇਤੀ ਬੁਧ ਸਿੰਘ ਤੇ ਆਸਾ ਸਿੰਘ ਸ਼ਤੀਰੀਆਂ ਉਤੋਂ ਲਾਹੀਆਂ ਹਨ । ਬੀਬੀ ਨਿਹਾਲੋ ਦੀ ਲੱਤ ਟੁਟ ਗਈ ਹੈ । ਭੌਂ ਕੇ ਪੈਰ ਗੋਡੇ ਨੂੰ ਆਣ ਲਗਾ । ਬੀਬੀ ਦਾ ਉਤਲਾ ਲੀੜਾ ਲੈ ਕੇ ਬੁਧ ਸਿੰਘ ਨੇ ਲਤ ਸਿੱਧੀ ਕਰ ਕੇ ਬੰਨ ਦਿਤੀ । ਫੇਰ ਛੋਟੀ ਕਾਕੀ ਨੂੰ ਲੱਭਦੇ ਹਨ ਤੇ ਹਨੇਰੇ ਵਿਚ ਲੱਭਦੀ ਨਹੀਂ । ਦਿਲ ਵਿਚ ਆਂਦੇ ਹਨ ਕਿ ਕੁੜੀ ਡੁੱਬ ਨਾ ਗਈ ਹੋਵੇ । ਫੇਰ ਪਾਣੀ ਵਿਚ ਹੱਥ ਮਾਰਦੇ ਫਿਰਦੇ ਹਨ । ਕਾਕੀ ਪਾਣੀ ਵਿਚ ਸਾਰੀ ਪਈ ਹੈ ਤੇ ਸਿਰ ਸੁਕੇ ਥਾਂ ਪਿਆ ਹੈ । ਰਮਾਨ ਨਾਲ ਸੁੱਤੀ ਪਈ ਹੈ । ਨਾ ਰੋਈ ਤੇ ਨਾ ਸੱਚੇ ਪਾਤਸ਼ਾਹ ਸੱਟ ਲੱਗਣ ਦਿਤੀ ਹੈ । ਆਸਾ ਸਿੰਘ ਪਿੰਡ ਆਇਆ ਹੈ ਤੇ ਆਣ ਕੇ ਹਵੇਲੀ ਵਿਚ ਰਾਤ ਸੱਚੇ ਪਾਤਸ਼ਾਹ ਵਾਜਾਂ ਮਾਰੀਆਂ ਹਨ । ਤੇਜਾ ਸਿੰਘ ਅਗੋਂ ਵਾਜ ਦਿਤੀ ਕਿ ਖਣੀ ਗੱਡੇ ਆ ਗਏ ਹਨ । ਆਸਾ ਸਿੰਘ ਸਾਰਾ ਹਾਲ ਦੱਸਿਆ । ਫੇਰ ਤੇਜਾ ਸਿੰਘ ਤੇ ਆਸਾ ਸਿੰਘ ਹਵੇਲੀ ਵਿਚੋਂ ਘਰ ਸੱਚੇ ਪਾਤਸ਼ਾਹ ਕੋਲ ਗਏ ਹਨ । ਜਾ ਕੇ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਐਸ ਤਰਾਂ ਬੀਬੀ ਨਿਹਾਲੋ ਗੱਡਾਂ ਤੇ ਤੁਹਾਡੇ ਦਰਸ਼ਨਾਂ ਨੂੰ ਆਈ ਸੀ ਰਸਤੇ ਵਿਚ ਗੱਡਾ ਪਾਸ ਪੈ ਗਿਆ ਤੇ ਬੀਬੀ ਦੀ ਲੱਤ ਟੁੱਟ ਗਈ ਹੈ । ਸੱਚੇ ਪਾਤਸ਼ਾਹ ਆਖਣ ਲੱਗੇ, ਨਿਹਾਲੋ ਨੂੰ ਗੱਡੇ ਉਤੇ ਪਾ ਕੇ ਤੇ ਪਿਛਾਂਹ ਭੁਚਰ ਛੱਡ ਆਓ, ਬਾਬਾ ਮਾਣਾ ਸਿੰਘ

ਜਾਣਦਾ ਹੈ ਤੇ ਆਪੇ ਲੱਤ ਬੰਨ ਦੇਉ, ਰਮਾਨ ਆ ਜਾਓ । ਨਿਹਾਲੋ ਨੂੰ ਭੁਚਰ ਛੱਡ ਆਏ । ਮਾਣਾ ਸਿੰਘ ਸਤਿ ਬਚਨ ਮੰਨ ਕੇ ਲੱਤ ਬੰਨ ਦਿਤੀ ਤੇ ਕੋਈ ਇਕੀ ੨੦ ਦਿਨਾਂ ਵਿਚ ਲੱਤ ਜਿਉਂ ਕੀ ਤਿਉਂ ਬਣ ਗਈ । ਸੱਚੇ ਪਾਤਸ਼ਾਹ ਸਾਡੇ ਪਿਛਲੇ ਜਨਮਾਂ ਦੀਆਂ ਭੁੱਲਾਂ ਨੂੰ ਸੂਲੀ ਤੋਂ ਸੂਲ ਕਰ ਕੇ ਭੁਗਤਾ ਦੇਂਦੇ ਹਨ । ਫੇਰ ਗੱਡੇ ਤੇ ਸ਼ਤੀਰੀਆਂ ਘਵਿੰਡ ਲੈ ਗਏ ਹਨ । ਸੱਚੇ ਪਾਤਸ਼ਾਹ ਐਡੇ ਦਿਆਲੂ ਸਨ । ਕਸ਼ਟ ਵੀ ਭੁਗਤਾ ਦੇਂਦੇ ਸਨ ਤੇ ਤਕਲੀਫ ਵੀ ਨਹੀਂ ਸੀ ਹੋਣ ਦੇਂਦੇ ਤੇ ਜਾਨ ਬਚ ਗਈ । ।

## ✻ ਬਾਬੇ ਰੰਗਾ ਸਿੰਘ ਦੀ ਸਾਖੀ ✻

ਸੱਚੇ ਪਾਤਸ਼ਾਹ ਦਾ ਬਾਬਾ ਰੰਗਾ ਸਿੰਘ ਖਜਾਨਚੀ ਸੀ । ਸਾਰੀ ਸਿਖੀ ਵਿਚ ਸੇਵਾ ਲੈਣ ਓਹੋ ਜਾਂਦਾ ਸੀ । ਜੇ ਪਾਤਸ਼ਾਹ ਸਿਖਾਂ ਦੇ ਜਾਣ ਤੇ ਤਾਂ ਵੀ ਬਾਬਾ ਰੰਗਾ ਸਿੰਘ ਨਾਲ ਹੁੰਦਾ ਸੀ । ਦਿਲੀ ਵਿਚ ਵੀ ਸੱਚੇ ਪਾਤਸ਼ਾਹ ਛੇ ਕੁ ਮਹੀਨੇ ਬਾਅਦ ਘਲ ਦੇਂਦੇ ਸਨ ਜੀ । ਐਡਾ ਪਾਤਸ਼ਾਹ ਦਾ ਭੈ ਰਖਦਾ ਸੀ ਸੇਵਾ ਵਿਚੋਂ ਇਕ ਪੈਸਾ ਵੀ ਨਹੀਂ ਵਰਤਦਾ । ਪਾਤਸ਼ਾਹ ਵੀ ਆਖਣਾ ਚਾਚਾ ਤੂੰ ਤੁਰ ਕੇ ਨਾ ਕਿਤੇ ਜਾਇਆ ਕਰ । ਕਰਾਇਆ ਸੇਵਾ ਵਿਚੋਂ ਲਾ ਆਇਆ ਕਰ, ਤੇ ਹੋਰ ਵੀ ਜੋ ਤੇਰਾ ਦਿਲ ਕਰੇ ਮਾਇਆ ਵਰਤ ਲਿਆ ਕਰ । ਪਰ ਫੇਰ ਵੀ ਓਸ ਨੇ ਪੈਸਾ ਨਹੀਂ ਵਰਤਣਾ । ਜੇ ਕਿਸੇ ਸਿਖ ਨੇ ਕਰਾਏ ਵਾਸਤੇ ਪੈਸੇ ਦੇਣੇ ਓਹ ਵੀ ਓਸ ਨੇ ਪਾਤਸ਼ਾਹ ਨੂੰ ਲਿਆ ਦੇਣੇ । ਐਸਾ ਬੇ-ਵਾਸਨਾ ਹੋਇਆ ਕਿ ਸੱਚੇ ਪਾਤਸ਼ਾਹ ਤੋਂ ਬਿਨਾਂ ਕਿਸੇ ਚੀਜ ਨਾਲ ਪ੍ਰੇਮ ਨਹੀਂ ਸੀ ਕਰਦਾ । ਬਿਰਧ ਸਰੀਰ ਸੀ ਤੇ ਤਾਂਹ ਵੀ ਹੱਥਾਂ ਦੀ ਸੇਵਾ ਬੜੀ ਕਰਦਾ ਸੀ । ਬਾਗ ਦੇ ਬੂਟਿਆਂ ਦੀ ਬੜੀ ਸੇਵਾ ਕਰਦਾ ਸੀ । ਲੰਗਰ ਵਾਸਤੇ ਸਬਜੀ ਬੀਜਣੀ ਤੇ ਉਸ ਦੀ ਸੇਵਾ ਕਰਨੀ । ਸਿਖਾਂ ਆਖਣਾ ਬਾਬਾ ਜੀ ਤੁਸੀਂ ਬਿਰਧ ਜੇ, ਤੁਸੀਂ ਬੈਹ ਜੋ, ਅਸੀਂ ਜੁ ਕੰਮ ਕਰਦੇ ਹਾਂ । ਓਸ ਆਖਣਾ ਮੈਂ ਵੀ ਤੁਹਾਡੇ ਵਰਗਾ ਸੇਵਕ ਹਾਂ, ਏਸ ਘਰ ਦੀ ਜਿੰਨੀ ਸੇਵਾ ਕਰੀਏ ਥੋੜੀ ਹੈ । ਬੜਿਆ ਭਾਗਾਂ ਵਾਲਾ ਸਰੀਰ ਸੀ । ।

ਸਿਆਲ ਦਾ ਮਹੀਨਾ ਸੀ ਤੇ ਬਾਬਾ ਰੰਗਾ ਸਿੰਘ ਪਾਤਸ਼ਾਹ ਨੂੰ ਆਖਣ ਲੱਗਾ, ਪਾਤਸ਼ਾਹ ਮੇਰਾ ਬਿਰਧ ਸਰੀਰ ਹੈ, ਕੋਈ ਛਕਣ ਵਾਸਤੇ ਭਾਂਡਾ (ਚੰਗਾ ਖਾਣਾ) ਬਣਾਈਏ । ਸੱਚੇ ਪਾਤਸ਼ਾਹ ਆਖਿਆ, ਬਾਬਾ ਲੰਗਰ ਵਿਚ ਕੋਈ ਤੋਟ ਨਹੀਂ, ਸਾਰੇ ਇਕੋ ਜਿਹਾ ਪਰਸ਼ਾਦ ਛਕਦੇ ਹਨ । ਅਸੀਂ ਵੀ ਤੁਹਾਡੇ ਨਾਲ ਦਾ ਹੀ ਪਰਸ਼ਾਦ ਛਕਦੇ ਹਾਂ । ਬਾਬੇ ਆਖਿਆ, ਸੱਚੇ ਪਾਤਸ਼ਾਹ ਤੁਸੀਂ ਗਭਰੂ ਜੇ ਤੇ ਅਸੀਂ ਬਿਰਧ ਸਰੀਰ ਹਾਂ, ਛਕ ਲਵਾਂਗੇ ਤੇ ਤੁਰੇ ਫਿਰਾਂਗੇ । ਫੇਰ ਸੱਚੇ ਪਾਤਸ਼ਾਹ ਮਾਤਾ ਨੈਣੋ ਤੇ ਬੰਤੀ ਨੂੰ ਆਖਿਆ ਕਿ ਜਿਸ ਤਰ੍ਹਾਂ ਚਾਚਾ ਆਂਦਾ ਹੈ, ਏਸ ਨੂੰ ਖੰਡ, ਘਿਓ, ਬਾਦਾਮ ਪਿਸਤਾ ਪਾ ਕੇ ਇਕ ਚਾਟੀ ਬਣਾ ਦਿਓ । ਬਾਬੇ ਆਖਿਆ ਪਾਤਸ਼ਾਹ ਖ਼ਸਖ਼ਸ ਤੇ ਗਿਰੀ ਦਾ ਖੋਪਾ ਵੀ ਪਾ ਦਿਓ । ਜਿਸ ਤਰ੍ਹਾਂ ਬਾਬੇ ਆਖਿਆ ਓਸੇ ਤਰ੍ਹਾਂ ਪਾਤਸ਼ਾਹ ਤੇ ਮਾਤਾ ਹੋਰਾਂ ਉਸ ਨੂੰ ਬਣਾ ਦਿਤਾ । ਮਾਤਾ ਹੋਰਾਂ ਬਣਾ ਕੇ ਚਾਟੀ ਭਾਂਡੇ ਦੀ ਤਿਆਰ ਕਰ ਛਡੀ । ਸੱਚੇ ਪਾਤਸ਼ਾਹ ਰਾਤ ਨੂੰ ਸੰਗਤਾਂ ਸਮੇਤ ਆਏ ਹਨ । ਮਾਤਾ ਹੋਰਾਂ ਪਾਤਸ਼ਾਹ ਅੱਗੇ ਚਾਟੀ ਰੱਖ ਦਿਤੀ । ਸੱਚੇ ਪਾਤਸ਼ਾਹ ਸਾਰੀ ਸੰਗਤ ਨੂੰ ਵਰਤਾਇਆ । ਜੋ ਬਚਿਆ ਸਾਰਾ ਪਦਾਰਥ ਸੀ ਜੇਹੜਾ ਓਹ ਪਾਤਸ਼ਾਹ ਬਾਬੇ ਰੰਗਾ ਸਿੰਘ ਨੂੰ ਫੜਾ ਦਿਤਾ । ਅਗਲੇ ਦਿਨ ਬਾਬੇ ਆਪ ਕੱਲੇ ਨੇ ਕੱਢ ਕੇ ਛਕਿਆ ਹੈ । ਰਾਤ ਜਦੋਂ ਪਾਤਸ਼ਾਹ ਦਾ ਧਿਆਨ ਕਰ ਕੇ ਬੈਠਾ ਤੇ ਸੱਚੇ ਪਾਤਸ਼ਾਹ ਖੋਟੀ ਚੀਜ ਗੋਹਾ ਚਾਟੀ ਵਿਚ ਤੇ ਹੱਥ ਵਿਚ ਵਖਾਇਆ ਹੈ । ਸਵੇਰੇ ਉਠ ਕੇ ਪਾਤਸ਼ਾਹ ਅੱਗੇ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਮੈਂ ਨਹੀਂ ਛਕਣਾ । ਪਾਤਸ਼ਾਹ ਆਖਣ ਲੱਗੇ ਬਾਬਾ ਕੀ ਗਲ ਹੈ । ਓਸ ਨੇ ਆਖਿਆ ਜੀ ਤੁਸੀਂ ਛਕਣ ਨਹੀਂ ਦੇਂਦੇ । ਪਾਤਸ਼ਾਹ ਆਖਿਆ ਬਾਬਾ ਅਸੀਂ ਤੈਨੂੰ ਕੀ ਆਂਦੇ ਹਾਂ, ਆਖਣ ਲੱਗਾ ਜੀ ਮੈਨੂੰ ਤੁਸਾਂ ਰਾਤ ਚਾਟੀ ਵਿਚ ਤੇ ਹੱਥ ਵਿਚ ਛਕਦੇ ਨੂੰ ਗੋਹਾ ਵਖਾਇਆ ਹੈ । ਇਸ ਕਰ ਕੇ ਮੈਂ ਨਹੀਂ ਟੱਬਰ ਨਾਲੋਂ ਵਖਰੀ ਚੀਜ ਖਾਣੀ । ਸਚੇ ਪਾਤਸ਼ਾਹ ਨੂੰ ਬਾਬੇ

ਚਾਟੀ ਓਸੇ ਤਰ੍ਹਾਂ ਮੋੜ ਦਿਤੀ । ਓਹਨਾਂ ਨੇ ਸਾਰੀ ਸੰਗਤ ਨੂੰ ਵਰਤਾ ਦਿਤਾ ਏ । ਬਚਨ ਸੁਣ ਕੇ ਸਾਰੀ ਸੰਗਤ ਬੜੀ ਹੱਸਦੀ ਹੈ । ਸਾਰੇ ਰੰਗ ਵੇਖ ਬਾਬਾ ਰੰਗਾ ਸਿੰਘ ਦੀ ਦੇਹ ਛੁੱਟੀ । ਸੱਚੇ ਪਾਤਸ਼ਾਹ ਦੀ ਓਹਨਾਂ ਤੇ ਬਹੁਤ ਮਿਹਰ ਸੀ । ।

## ✳ ਪਾਤਸ਼ਾਹ ਜੀ ਦੇ ਛੋਟੇ ਭਾਈ ਹਰਨਾਮ ਸਿੰਘ ਦੀ ਸਾਖੀ ✳

ਸੱਚੇ ਪਾਤਸ਼ਾਹ ਐਨੇ ਸ਼ਾਂਤ ਸੁਭਾ ਦੇ ਸਨ ਕਿ ਸਿਖਾਂ ਕੋਲੋਂ ਕੋਈ ਵਧ ਘਟ ਬਚਨ ਵੀ ਹੋ ਜਾਵੇ ਤੇ ਦਿਲ ਨਹੀਂ ਸੀ ਲਿਔਂਦੇ । ਪਾਤਸ਼ਾਹ ਦਾ ਮੁਖਵਾਕ ਹੈ ਕਿ ਅਸੀਂ ਏਸ ਕਰ ਕੇ ਗੁੱਸੇ ਵਿਚ ਨਹੀਂ ਔਂਦੇ, ਕਿ ਸਾਡਾ ਜੇਹੜਾ ਬਚਨ ਛੁਟ ਗਿਆ, ਮੁੜ ਕੇ ਮੁੜਨਾ ਨਹੀਂ । ਹੋਰ ਜੋ ਪੀਰ ਪੈਗੰਬਰ ਔਲੀਏ ਹਨ ਓਹਨਾਂ ਦਾ ਸਰਾਫ ਦਿਤਾ ਅਸੀਂ ਮੋੜ ਸਕਦੇ ਹਾਂ, ਤੇ ਸਾਡਾ ਤੀਰ ਛੁੱਟਾ ਨਹੀਂ ਮੁੜਨਾ । ਅਸੀਂ ਤੀਨ ਲੋਕ ਨੂੰ ਵੇਖ ਸਕਦੇ ਹਾਂ ਪਰ ਸਾਡੀ ਮਹਿੰਮਾ ਨੂੰ ਕੋਈ ਨਹੀਂ ਵੇਖ ਸਕਦਾ । ਪਾਤਸ਼ਾਹ ਆਪ ਦੇ ਛੋਟੇ ਭਰਾ ਹਰਨਾਮ ਸਿੰਘ ਨੂੰ ਬੜੀ ਮੁਹੱਬਤ ਨਾਲ ਪਾਲਿਆ ਸੀ । ਬੜਾ ਜਵਾਨ ਭਲਵਾਨ ਕੀਤਾ ਜੀ । ਬਾਹਰ ਛਿੰਜਾਂ ਵਿਚ ਘੁਲਦਾ ਸੀ । ਪਾਤਸ਼ਾਹ ਐਡੀ ਮੁਹੱਬਤ ਨਾਲ ਪਾਲਿਆ ਸੀ ਬਾਹਰ ਕਾਰ ਵਿਹਾਰ ਨੂੰ ਕਿਤੇ ਹੱਥ ਨਹੀਂ ਸੀ ਲੌਣ ਦੇਂਦੇ । ਵਿਆਹ ਕੇ ਧੀਆਂ ਪੁੱਤਾਂ ਵਾਲਾ ਕੀਤਾ ਹੈ, ਫੁੱਲਾਂ ਵਾਂਗਰ ਅੱਠੇ ਪਹਿਰ ਰੱਖਦੇ ਸਨ । ਜੇਕਰ ਲੰਗਰ ਵਿਚ ਜਾਂ ਹੋਰ ਕਿਸੇ ਗੱਲੇ ਓਹਨਾਂ ਦੀ ਭੁੱਲ ਵੀ ਹੋਵੇ ਤਾਂ ਵੀ ਪਾਤਸ਼ਾਹ ਓਹਨਾਂ ਨੂੰ ਨਰਾਜ ਨਹੀਂ ਸੀ ਹੁੰਦੇ ਤੇ ਮਨੌਂਦੇ ਰਹਿੰਦੇ ਸਨ । ਹਰਨਾਮ ਸਿੰਘ ਪਾਤਸ਼ਾਹ ਨੂੰ ਅਵਤਾਰ ਕਰ ਕੇ ਘਟ ਮੰਨਿਆਂ, ਭਰਾਵਾਂ ਵਾਗਰ ਜਾਣਦਾ ਸੀ । ਬਾਬੇ ਰੰਗਾ ਸਿੰਘ ਨੂੰ ਪਾਤਸ਼ਾਹ ਸੁਰਤ ਦਿਤੀ ਹੋਈ ਸੀ । ਓਸ ਨੇ ਕੱਲੇ ਬੈਹ ਕੇ ਹਰਨਾਮ ਸਿੰਘ ਨੂੰ ਸਮਝੌਣਾ, ਕਿ ਸੱਚੇ ਪਾਤਸ਼ਾਹ ਕਾਲੇ ਨਾਗ ਹਨ । ਕਿਸੇ ਦੇ ਸਕੇ ਨਹੀਂ ਗੇ । ਤੂੰ ਹੱਥਾਂ ਨਾਲ ਸੇਵਾ ਜਰੂਰ ਕਰਿਆ ਕਰ । ਵੇਖ ਕਿਡੀ ਦੂਰੋਂ ਸਿਖ ਆਣ ਕੇ ਸੇਵਾ ਕਰਦੇ ਹਨ । ਕੀ ਓਹ ਕਮਲੇ ਹਨ ? ਮੈਂ ਵੀ ਵੇਖ ਲੈ ਬਿਰਧ ਸਰੀਰ ਹੈ ਤੇ ਮੈਂ ਆਂਦਾ ਹਾਂ ਸੱਚੇ ਪਾਤਸ਼ਾਹ ਤੁਸੀਂ ਸਾਡੇ ਮਾਪੇ ਜੇ । ਜੇਹੜੀ ਬਾਬੇ ਰੰਗਾ ਸਿੰਘ ਦੀ ਸਮਝੌਣੀ ਸੀ ਓਸ ਨੇ ਦਿਲ ਤੇ ਨਾ ਲਿਔਣੀ ਸੱਚੇ ਪਾਤਸ਼ਾਹ ਦੇ ਵੱਡੇ ਸਾਹਿਬਜਾਦੇ ਭਗਵਾਨ ਸਿੰਘ ਗਭਰੂ ਹੋ ਗਏ ਤੇ ਓਹ ਵੀ ਪਾਤਸ਼ਾਹ ਘੁਲਣ ਲਾ ਦਿਤੇ ਹਨ ਜੀ । ਹਰਨਾਮ ਸਿੰਘ ਫੇਰ ਓਹਨਾਂ ਦੇ ਨਾਲ ਜੋਰ ਕਰਨ ਲੱਗ ਪਿਆ । ਪਾਤਸ਼ਾਹ ਫੇਰ ਦੋਵਾਂ ਨੂੰ ਇਕੋ ਜੇਹੀ ਖੁਰਾਕ ਸ਼ੁਰੂ ਕਰ ਦਿਤੀ । ਬਦਾਮ ਤੇ ਘਿਓ ਦੇ ਪੀਪੇ ਤੇ ਹੋਰ ਫਲ ਫਰੂਟ । ਬੜੇ ਸੁੰਦਰ ਜਵਾਨ ਓਹ ਵੀ ਪਲ ਕੇ ਹੋ ਗਏ ਹਨ । ਦੂਜੇ ਸਾਹਿਬਜਾਦੇ ਵੀ ਸਾਰੇ ਜਵਾਨ ਹੋ ਗਏ । ਚਾਰੇ ਸਾਹਿਬਜਾਦੇ ਤੇ ਪੰਜਵਾਂ ਹਰਨਾਮ ਸਿੰਘ ਛੀਵੇਂ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇ ਨਾਲ ਸਿਖ ਵੀ ਹਰ ਵਕਤ ੧੦ ਜਣੇ ਜਰੂਰ ਰਹਿੰਦੇ ਸੀ । ਫੇਰ ਸਾਰੇ ਜਣੇ ਜਦੋਂ ਕਿਤੇ ਮੇਲੇ ਵਿਚ ਜਾਂਦੇ ਸੱਚੇ ਪਾਤਸ਼ਾਹ ਬੜੀ ਸੋਭਾ ਪਾਉਂਦੇ ਸਨ ਜੀ । ਸੱਚੇ ਪਾਤਸ਼ਾਹ ਧਾਰਨ ਰੱਖੀ ਸੀ ਕਿ ਅੱਠੇ ਪਹਿਰ ਪਰਸ਼ਾਦ ਵਰਤੌਂਦੇ ਸਨ । ਜੋ ਕੋਈ ਕੋਲ ਗਰੀਬ ਗੁਰਬਾ ਹੁੰਦਾ ਸੀ ਕਿਸੇ ਨੂੰ ਭੁੱਖਾ ਨਹੀਂ ਸੀ ਰੈਹਣ ਦੇਂਦੇ । ਪਾਤਸ਼ਾਹ ਦੀ ਮਹਿੰਮਾ ਵੇਖ ਕੇ ਹਰਨਾਮ ਸਿੰਘ ਆਪਣੇ ਸੁਭਾ ਨੂੰ ਨਰਮ ਨਹੀਂ ਸੀ ਕੀਤਾ । ਸੱਚੇ ਪਾਤਸ਼ਾਹ ਬੜੀ ਦਇਆ ਕਰਦੇ ਸਨ । ਅੱਠੇ ਪਹਿਰ ਆਪਣੇ ਕੋਲ ਵਾਜਾਂ ਮਾਰ ਮਾਰ ਕੇ ਆਖਣਾ ਕਿ ਹਰਨਾਮ ਸਿੰਘ ਸਾਡੇ ਕੋਲ ਬੈਹ ਕੇ ਜੇਹੜੀ ਚੀਜ ਨੂੰ ਦਿਲ ਕਰਦਾ ਛਕੀ ਜਾਇਆ ਕਰ । ਪਿਛਲਿਆਂ ਜਾਮਿਆਂ ਦੇ ਵਰ ਦਿਤੇ ਹੋਏ ਸੱਚੇ ਪਾਤਸ਼ਾਹ ਭੁਗਤਾਈ ਜਾਂਦੇ ਹਨ ਤੇ ਪਿਛਲੀਆਂ ਮੰਗਾਂ ਮੰਗੀਆਂ ਹੋਈਆਂ ਦੀਨ ਦਿਆਲ ਆਪ ਹੀ ਵਰਤਾਈ ਜਾਂਦੇ ਹਨ । ।

ਪਾਤਸ਼ਾਹ ਸ਼ਬਦ ਰੂਪ ਹੋਣ ਤੋਂ ੩ ਮਹੀਨੇ ਅਗਦੀ ਹਰਨਾਮ ਸਿੰਘ ਅੱਡ ਕਰ ਦਿਤਾ । ਆਪ ਥਾਂ ਮੁਲ ਲੈ ਕੇ ਮਕਾਨ ਬਣਾ ਲਏ । ਉਸ ਨੂੰ ਉਸੇ ਘਰ ਵਿਚ ਰਹਿਣ ਦਿਤਾ । ਅੱਡ ਕਰਨ ਲੱਗਿਆਂ

ਵੀ ਸੱਚੇ ਪਾਤਸ਼ਾਹ ਏਹੋ ਬਚਨ ਆਂਦੇ ਰਹੇ ਹਨ, ਕਿ ਸਭ ਕੁਛ ਹਰਨਾਮ ਸਿੰਘ ਤੇਰਾ ਹੈ ਜਿਹੜੀ ਚੀਜ ਤੇਰਾ ਦਿਲ ਕਰਦਾ ਲੈ ਲਾ, ਸਾਡੇ ਹੁੰਦਿਆਂ ਤੈਨੂੰ ਕਿਸੇ ਦਾ ਡਰ ਨਹੀਂ ਗਾ । ਸਾਰੀ ਉਮਰ ਕੱਠੇ ਰਹੇ ਹਨ ਜੀ । ਏਹ ਵੀ ਪਾਤਸ਼ਾਹ ਜਾਣਦੇ ਸਨ ਤਾਂ ਹੀ ਭਰਾ ਨੂੰ ਅੱਡ ਕੀਤਾ ਕਿ ਅਸੀਂ ਹੁਣ ਚੋਲਾ ਛੱਡ ਦੇਣਾ ਹੈ ਤੇ ਆਪਣੀ ਹੱਥੀਂ ਵਿਹਾਰ ਕਰ ਦੇਈਏ ਜੀ । ਜੇਹੜੀ ਪੈਲੀ ਜ਼ਿਮੀਦਾਰਾਂ ਛੁਡਾ ਲਈ ਸੀ ਉਸ ਦਾ ਨਾਮ ਸੁਫਨੇ ਕਿਆਂ ਦੀ ਪੱਤੀ ਸੀ । ਤੇ ਜੇਹੜੀ ਹਵੇਲੀ ਪਾਤਸ਼ਾਹ ਮੁਲ ਲਈ ਹੈ, ਉਸ ਦੇ ਲਾਗੇ ਹੀ ਦੁਆਬੀਆਂ ਦੀ ਪੱਤੀ ਸੀ । ਜੇਹੜੀ ਜਗਾ ਪਾਤਸ਼ਾਹ ਕੋਲੋਂ ਜ਼ਿਮੀਦਾਰਾਂ ਛੁਡਾ ਲਈ ਸੀ, ਉਸ ਜਗਾ ਤੇ ਕੁੱਤੇ ਮੂਤਦੇ ਹਨ । ਫਿਰ ਸੱਚੇ ਪਾਤਸ਼ਾਹ ਆਪਣੇ ਜਰਮ ਵਾਲਾ ਪਲੰਘ ਲੈਣ ਲਈ ਸਾਰੀ ਸੰਗਤ ਲੈ ਕੇ ਗਏ ਹਨ ਜੀ । ਲੋਕਾਂ ਸਾਰਿਆਂ ਜਾ ਕੇ ਹਰਨਾਮ ਸਿੰਘ ਨੂੰ ਆਖਿਆ ਕਿ ਤੂੰ ਬੜਾ ਮਾੜਾ ਕੀਤਾ ਹੈ । ਤੂੰ ਆਪ ਹਵੇਲੀ ਚਲੇ ਜਾਣਾ ਸੀ, ਓਹਨਾਂ ਨੂੰ ਨਹੀਂ ਸੀ ਘੱਲਣਾ । ਹੁਣ ਪਾਤਸ਼ਾਹ ਸਾਰੀ ਸੰਗਤ ਨਾਲ ਲੈ ਕੇ ਸ਼ਬਦ ਪੜ੍ਹਦੇ ਤੁਰੇ ਔਂਦੇ ਹਨ । ਜੇ ਓਹਨਾਂ ਏਹ ਪਲੰਘ ਚੁਕਿਆ ਤੇ ਬੜੀ ਮਾੜੀ ਗਲ ਹੈ । ਜਦੋਂ ਦਾ ਪਾਤਸ਼ਾਹ ਅਵਤਾਰ ਧਾਰਿਆਂ ਹੈ, ਓਦੋਂ ਦਾ ਏਹ ਪਲੰਘ ਡੱਠਾ ਹੈ । ਹਰਨਾਮ ਸਿੰਘ ਤੂੰ ਬੇਨੰਤੀ ਕਰ ਕੇ ਪਲੰਘ ਨਾ ਜਾਣ ਦੇਈਂ । ਫਿਰ ਸੱਚੇ ਪਾਤਸ਼ਾਹ ਹਰਨਾਮ ਸਿੰਘ ਦੇ ਘਰ ਜਾ ਪਹੁੰਚੇ ਹਨ । ਬੜੀ ਰੌਣਕ ਹੈ । ਸੰਗਤਾਂ ਸ਼ਬਦ ਪੜ੍ਹ ਰਹੀਆਂ ਹਨ । ਸੱਚੇ ਪਾਤਸ਼ਾਹ ਮਾਇਲ ਹੋ ਕੇ ਪਲੰਘ ਦੇ ਉਤੇ ਛਾਲ ਮਾਰ ਕੇ ਬੈਠ ਗਏ । ਹਰਨਾਮ ਸਿੰਘ ਤੇ ਬੇਬੇ ਮੰਗੋ ਦੋਵੇਂ ਜੀ ਗਲ ਵਿਚ ਪੱਲਾ ਪਾ ਕੇ ਬੇਨੰਤੀ ਕਰਨ ਲਗ ਪਏ ਕਿ ਸੱਚੇ ਪਾਤਸ਼ਾਹ ਇਹ ਪਲੰਘ ਸਾਨੂੰ ਸੇਵਾ ਵਾਸਤੇ ਰਹਿਣ ਦਿਓ । ਮੋਹਣ ਸਿੰਘ ਕਲਸੀਆਂ ਦਾ ਸਿਖ ਚੇਤ ਸਿੰਘ ਦਾ ਛੋਟਾ ਭਰਾ ਮਸਤਾਨਾ ਹੋ ਗਿਆ ਤੇ ਪਲੰਘ ਕੋਲ ਖੇਡਣ ਲਗ ਪਿਆ । ਬਚਨ ਕਰਨ ਲਗ ਪਿਆ ਕਿ ਜਦੋ ਪਾਤਸ਼ਾਹ ਦਾ ਪਲੰਘ ਚੁਕਿਆ ਗਿਆ ਮਾਝੇ ਦੇਸ਼ ਵਿਚ ਬਹੁਤ ਕਤਲੇਆਮ ਹੋਵੇਗੀ ਤੇ ਭਾਜੜਾਂ ਪੈ ਜਾਣਗੀਆਂ । ਦੁਨੀਆਂ ਰੁਲ ਕੇ ਮਰ ਜਾਏਗੀ । ਕੰਨਿਆਂ ਨੂੰ ਬਹੁਤ ਖਵਾਰੀਆਂ ਹੋਣਗੀਆਂ । ਬੜੇ ਸਖ਼ਤ ਬਚਨ ਮਸਤਾਨੇ ਦੇ ਵਿਚਦੀ ਹੋਏ । ਸੱਚੇ ਪਾਤਸ਼ਾਹ ਪਲੰਘ ਤੇ ਬੈਠੇ ਸਨ, ਫਿਰ ਦਿਆਲੂਆਂ ਨੇ ਹਰਨਾਮ ਸਿੰਘ ਤੇ ਮੰਗੋ ਦੀ ਬੇਨੰਤੀ ਪਰਵਾਨ ਕਰ ਕੇ ਪਲੰਘ ਰਹਿਣ ਦਿਤਾ ਜੀ । ਆਪ ਸੰਗਤ ਸਮੇਤ ਘਰ ਨੂੰ ਆ ਗਏ । ਸਿਖਾਂ ਨਾਲ ਬਚਨ ਕਰਦੇ ਹਨ ਕਿ ਸਾਡਾ ਜਿਹੜਾ ਰਾਤ ਨੂੰ ਪਲੰਘ ਵਿਛੌਂਦੇ ਜੇ, ਓਹ ਹੇਵਲੀ ਡਾਹ ਦਿਓ, ਤੇ ਹਰਨਾਮ ਸਿੰਘ ਦੀ ਮਨਸ਼ਾ ਪੂਰੀ ਰਹਿਣ ਦਿਉ, ਅਸੀਂ ਕਿਤੇ ਪਲੰਘਾਂ ਵਿਚ ਬੈਠੇ ਹਾਂ । ਜਿਹੜਾ ਸਾਨੂੰ ਯਾਦ ਕਰੇ, ਅਸੀਂ ਉਸ ਦੇ ਵਿਚ ਤੇ ਹਰ ਵਕਤ ਕੋਲ ਰੈਂਹਦੇ ਹਾਂ, ਆਪ ਫਿਰ ਹਵੇਲੀ ਆ ਗਏ ਹਨ । ਹਵੇਲੀ ਪਲੰਘ ਡੌਣ ਦਾ ਸਿਖਾਂ ਨੂੰ ਹੁਕਮ ਦਿਤਾ । ਪਹਿਲੀ ਭਾਦਰੋਂ ੨੦੦੦ ਸੰਮਤ ਬਿਕ੍ਰਮੀ ਵਿਚ ਸੱਚੇ ਪਾਤਸ਼ਾਹ ਅੱਡ ਹੋ ਕੇ ਹਵੇਲੀ ਆਏ ਹਨ ਜੀ । ।

## ❊ ਪਾਤਸ਼ਾਹ ਦੇ ਨਵੇਂ ਪਲੰਘ ਬਾਰੇ ❊

ਜਿਹੜਾ ਪਲੰਘ ਹਵੇਲੀ ਡਾਹਿਆ ਹੈ । ਤੇਜਾ ਸਿੰਘ ਸਿਖ ਨੇ ਅੱਕ ਦੀਆਂ ਲੱਕੜਾਂ ਭੰਨ ਭੰਨ ਕੇ ਸਣ ਕੱਡਣੀ । ਸਵੇਰੇ ਉਠਦੇ ਦੂਰ ਪੰਜ ਛੀ ਮੀਲ ਤੱਕ ਜਾ ਕੇ ਪੁਰਾਣਿਆਂ ਅੱਕਾਂ ਦੀਆਂ ਲੱਕੜਾਂ ਭੰਨ ਭੰਨ ਕੇ ਸਣ ਕੱਡਣੀ ਤੇ ਫਿਰ ਉਸਨੂੰ ਸਾਫ ਕਰਕੇ ਵਾਣ ਕੱਤਣਾ । ਸਾਰੀ ਦਿਹਾੜੀ ਵਿਚ ਮਸਾਂ ਦੋ ਛਟਾਕਾਂ ਸੂਤਰ ਕੱਤਣਾ ਜੀ । ਹੋਰ ਵੀ ਮਾਲ ਦੀ ਸੇਵਾ ਕਰਨੀ । ਸਾਢੇ ਚਾਰ ਸੇਰ ਪੱਕਾ ਛੇ ਮਹੀਨੇ ਵਿਚ ਤਿਆਰ ਕੀਤਾ । ਫਿਰ ਉਸਨੂੰ ਸਾਬਣ ਨਾਲ ਧੋ ਕੇ ਇਸ ਤਰ੍ਹਾਂ ਸਾਫ ਕੀਤਾ ਕਿ ਕੋਈ ਪਛਾਣ ਨਹੀਂ ਸਕਦਾ, ਰੇਸ਼ਮ ਹੈ ਕਿ ਅੱਕ ਦਾ ਵਾਣ ਹੈ । ਤੇਜਾ ਸਿੰਘ ਬੇਨੰਤੀ ਕਰਦਾ ਹੈ ਕਿ ਮੇਰੇ ਵਿਚ ਏਨਾਂ ਬਲ ਨਹੀਂ ਸੀ, ਪਾਤਸ਼ਾਹ ਦਇਆ ਕੀਤੀ ਹੈ । ਲੱਲੀਆਂ ਪਿੰਡ ਦਾ ਪਾਲ ਸਿੰਘ ਸੱਚੇ ਪਾਤਸ਼ਾਹ ਦੇ ਦਰਸ਼ਨ ਨੂੰ ਆਇਆ ਹੈ । ਕੇਹਰ ਸਿੰਘ ਰਾਮਗੜ੍ਹੀਆ ਸਿਖ ਡਲ ਦਾ ਸੀ । ਉਸ ਨੇ ਟਾਲੀ ਦੇ ਪਾਵੇ ਤੇ ਬਹੁਤ ਵਧੀਆਂ ਸਾਲ ਦੀਆਂ ਹੀਆਂ ਲਿਆਂਦੀਆਂ । ਪਾਲ ਸਿੰਘ ਸਿਖ ਨੇ ਪਲੰਘ ਪ੍ਰੇਮ ਨਾਲ ਠੋਕ ਦਿਤਾ । ਫਿਰ ਪਾਲ ਸਿੰਘ

ਤੇ ਤੇਜਾ ਸਿੰਘ ਬੜੇ ਪ੍ਰੇਮ ਨਾਲ ਤਿੰਨਾਂ ਦਿਨਾਂ ਵਿਚ ਉਨਿਆ ਹੈ । ਦੇਸੀ ਸੂਤਰ ਦੀ ਪੈਂਦ ਪਲੰਘ ਨੂੰ ਪਾ ਤਿਆਰ ਹੋ ਗਿਆ ਹੈ । ਪਾਤਸ਼ਾਹ ਉਸ ਦਿਨ ਤੋਂ ਓਸੇ ਪਲੰਘ ਤੇ ਰਹਿਣ, ਤੇ ਹੁਕਮ ਦਿਤਾ ਏਹ ਪਲੰਘ ਸਿੰਘਾਸਣ ਸਾਡਾ ਅੰਦਰ ਡਾਹ ਦਿਓ । ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਪਲੰਘ ਅੰਦਰ ਡਾਹ ਦਿਤਾ । ਰੋਜ਼ ਪਲੰਘ ਥੱਲੇ ਪੋਚਾ ਫੇਰਨਾ ਤੇ ਧੂਪ ਧੁਕੌਣਾ ਤੇ ਰਾਤ ਨੂੰ ਪਲੰਘ ਦੇ ਕੋਲ ਘਿਉ ਦਾ ਸ਼ਮੇਦਾਨ ਜਗੌਣਾ । ਇਸ ਪਲੰਘ ਦੇ ਲਾਗੇ ਸਾਰਾ ਵਿਹਾਰ ਸ਼ੁਰੂ ਹੋ ਗਿਆ । ।

## ❊ ਸੱਚੇ ਪਿਤਾ ਦੇ ਅੰਤਮ ਦਿਨਾਂ ਬਾਰੇ ❊

ਚਾਰ ਸਾਹਿਬਜਾਦੇ ਪਾਤਸ਼ਾਹ ਦੇ ਵਿਆਏ ਹੋਏ ਹਨ । ਪੰਜਵਾਂ ਸਾਹਿਬਜਾਦਾ ਛੋਟਾ ਸੀ, ੩ ਸਾਲ ਦਾ । ਇਕ ਬੀਬੀ ਕਰਤਾਰੀ ਪਾਤਸ਼ਾਹ ਦੀ ਧੀ, ਉਹ ਵਿਆਹੁਣ ਵਾਲੀ ਸੀ । ਭਗਵਾਨ ਪੁਰੇ ਨਗਰ ਵਿਚ ਮੰਗੀ ਹੋਈ ਸੀ । ਸੱਚੇ ਪਾਤਸ਼ਾਹ ਮੱਘਰ ਦੀ ਪੁਨਿਆਂ ਦਾ ਉਸ ਦਾ ਵਿਆਹ ਅਰੰਭ ਦਿਤਾ । ਮੱਘਰ ਦੀ ਪੁਨਿਆਂ ਨੂੰ ਕਰਤਾਰੀ ਦੀ ਸ਼ਾਦੀ ਪਾਤਸ਼ਾਹ ਕਰ ਦਿਤੀ । ਵਿਆਹ ਤੋਂ ੧੫ ਦਿਨ ਬਾਅਦ ਸੱਚੇ ਪਾਤਸ਼ਾਹ ਸ਼ਿਕਾਰ ਗਏ ਹਨ ਤੇ ਰਸਤੇ ਵਿਚੋਂ ਵਾਪਸ ਮੁੜ ਆਏ ਹਨ । ਆਂਦੇ ਹਨ ਸਾਡਾ ਸਰੀਰ ਤਕੜਾ ਨਹੀਂ ਗਾ । ਦੀਨ ਦੁਨੀ ਦੇ ਵਾਲੀ ਤਾਪ ਦਾ ਬਹਾਨਾ ਕਰ ਕੇ ਲੰਮੇ ਪੈ ਗਏ ਹਨ । ਤੇਜਾ ਸਿੰਘ ਉਸੇ ਵਕਤ ਤੋਂ ਸੇਵਾ ਵਿਚ ਹਾਜ਼ਰ ਹੋ ਗਿਆ । ਹੋਰ ਸਾਰੇ ਸਾਹਿਬਜਾਦੇ ਤੇ ਸਿਖ ਵੀ ਵਿਹਾਰ ਸਾਰੇ ਕਰ ਕੇ ਪਾਤਸ਼ਾਹ ਕੋਲ ਆਣ ਕੇ ਸੇਵਾ ਕਰਨੀ । ਬਾਰ ਵਿਚੋਂ ਆਤਮਾ ਸਿੰਘ ਤੇ ਉਸ ਦਾ ਪੁੱਤਰ ਤੇ ਬੇਬੇ ਬਸੰਤ ਕੌਰ ਦਰਸ਼ਨਾਂ ਨੂੰ ਆਏ ਹੋਏ ਹਨ । ਆਤਮਾ ਸਿੰਘ ਦਾ ਪੁੱਤਰ ਪਿਆਰਾ ਸਿੰਘ ਵੀ ਬੀਮਾਰ ਹੋ ਗਿਆ । ਸੱਚੇ ਪਾਤਸ਼ਾਹ ਸਾਰੀ ਸਾਰੀ ਰਾਤ ਸੰਗਤਾਂ ਤੋਂ ਸ਼ਬਦ ਪੜ੍ਹੌਂਦੇ ਰਹਿਣ ਤੇ ਆਪ ਮਾਇਲ ਹੋ ਕੇ ਪਲੰਘ ਤੇ ਚੌਂਕੜਾ ਲਾ ਕੇ ਪਾਤਸ਼ਾਹ ਬੈਠੇ ਰਹਿਣ । ਮੋਹਣ ਸਿੰਘ ਸਿਖ ਕਲਸੀਆਂ ਵਾਲੇ ਤੇ ਸਾਰੇ ਘਰ ਦੇ ਜੀਵ ਜਿੰਨੇ ਸਿਖ ਕੋਲ ਸਨ, ਸਾਰਿਆਂ ਨੂੰ ਸੱਚੇ ਪਾਤਸ਼ਾਹ ਨਾਮ ਖੁਮਾਰੀ ਚਾੜ੍ਹ ਦਿਤੀ । ਪਿਆਰਾ ਸਿੰਘ ਦੀ ਮਾਈ ਬੇਬੇ ਬਸੰਤ ਕੌਰ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਪਿਆਰਾ ਸਿੰਘ ਜਿਆਦਾ ਬਿਮਾਰ ਹੈ ਦੀਨ ਦਿਆਲ ਦਇਆ ਕਰੋ, ਮੈਂ ਜੇ ਕਰ ਭੁੱਲ ਗਈ ਹਾਂ ਤੇ ਭੁੱਲ ਬਖ਼ਸ਼ੋ । ਸੱਚੇ ਪਾਤਸ਼ਾਹ ਏਡੇ ਦਿਆਲੂ ਸਨ । ਪਰਸ਼ਾਦ ਦਿਤਾ ਤੇ ਦੇ ਕੇ ਆਖਣ ਲੱਗੇ ਬੇਬੇ ਪਰਸ਼ਾਦ ਪਿਆਰਾ ਸਿੰਘ ਨੂੰ ਦੇਦੇ ਰਾਜ਼ੀ ਹੋਜੂ ਤੇ ਫਿਰ ਕਿਹਾ ਕਿ ਤੂੰ ਡਰਦੀ ਕਿਉਂ ਹੈਂ, ਪਰਸ਼ਾਦ ਛਕਣ ਨਾਲ ਦੁਖ ਦਲਿੱਦਰ ਦੂਰ ਹੋ ਜਾਣਗੇ । ਬੇਬੇ ਬਸੰਤ ਕੌਰ ਤੇ ਪਿਆਰਾ ਸਿੰਘ ਜਾਣ ਵਾਸਤੇ ਖ਼ੁਸ਼ੀ ਮੰਗੀ ਕਿ ਸੱਚੇ ਪਾਤਸ਼ਾਹ ਦਇਆ ਕਰੋ ਕਿੰਨੇ ਦਿਨ ਹੋ ਗਏ ਨੇ, ਘਰੋਂ ਆਇਆ ਨੂੰ । ਸੱਚੇ ਪਾਤਸ਼ਾਹ ਆਖਿਆ ਬੇਬੇ ਰਉ ੧੦ ਦਿਨ ਹੋਰ, ਫਿਰ ਇਹ ਵੇਲਾ ਤੁਹਾਨੂੰ ਲੱਭਣਾ ਨਹੀਂ । ਬੇਬੇ ਰਮਜ਼ ਨਹੀਂ ਸਮਝੀ ਚਲੀ ਗਈ । ਪਾਤਸ਼ਾਹ ਫਿਰ ਆਖਿਆ ਬੇਬੇ ਆਤਮਾ ਸਿੰਘ ਨੂੰ ਜਾ ਕੇ ਘੱਲ ਦਿਓ ਜੇ । ।

ਉਸ ਤੋਂ ਬਾਅਦ ਇਕ ਦਿਨ ਅੰਮ੍ਰਿਤ ਵੇਲੇ ਪਾਤਸ਼ਾਹ ਸਿੰਘਾਸਣ ਤੇ ਚੌਂਕੜਾ ਮਾਰ ਕੇ ਬੈਠੇ ਹਨ । ਕਈ ਵਾਰੀ ਤੇਜਾ ਸਿੰਘ ਵਿਚਾਰ ਕਰਨੀ ਕਿ ਮੈਂ ਕਿਸ ਬਿਧ ਪਾਤਸ਼ਾਹ ਅੱਗੇ ਬੇਨੰਤੀ ਕਰਾਂ ਕਿ ਕਿਸ ਤਰ੍ਹਾਂ ਪਰਵਾਨ ਕਰ ਕੇ ਦਇਆ ਕਰ ਦੇਣ । ਉਸ ਵਕਤ ਮੈਂ ਸੁੱਤੇ ਸਿਦਾ ਹੀ ਚਰਨਾਂ ਵਲੇ ਖਲੋ ਕੇ ਹੱਥ ਜੋੜ ਕੇ ਨਿਮਸਕਾਰ ਕੀਤੀ । ਸੱਚੇ ਪਾਤਸ਼ਾਹ ਆਖਣ ਲੱਗੇ ਤੇਜਾ ਸਿੰਘ ਕੀ ਗਲ ਹੈ । ਤੇਜਾ ਸਿੰਘ ਨੂੰ ਉਸੇ ਵਕਤ ਬੇਨੰਤੀ ਕਰਨ ਦਾ ਚੇਤਾ ਆ ਗਿਆ । ਪਾਤਸ਼ਾਹ ਆਖਣ ਲੱਗੇ ਕਰ ਬੇਨੰਤੀ ਤੇਜਾ ਸਿੰਘ ਜੋ ਤੇਰੇ ਦਿਲ ਵਿਚ ਆ । ਤੇਜਾ ਸਿੰਘ ਆਖਿਆ, ਸੱਚੇ ਪਾਤਸ਼ਾਹ ਮੈਂ ਜਦੋਂ ਦਾ ਤੁਹਾਡੀ ਸੇਵਾ ਵਿਚ ਲੱਗਾ ਹਾਂ ਕੋਈ ਬੇਨੰਤੀ ਨਹੀਂ ਕੀਤੀ ਦਇਆ ਕਰੋ ਕਿ ਮੈਂ ਬੇਨੰਤੀ ਕਰ ਲਵਾ । ਮੈਂ ਵਿਚਾਰ ਵੀ ਇਹੋ ਰਿਹਾ

ਹਾਂ, ਕਿ ਮੈਂ ਜੋ ਬੇਨੰਤੀ ਕੀਤੀ ਤੇ ਜੇ ਮੇਰੇ ਭਾਗਾਂ ਵਿਚ ਥੋੜੀ ਹੋਈ ਤੇ ਮੈਂ ਬਹੁਤੀ ਮੰਗ ਬੈਠਾ ਤਾਂ ਵੀ ਮਾੜਾ ਹੈ। ਜੇ ਬਹੁਤੀ ਹੋਈ ਤੇ ਮੈਂ ਥੋੜੀ ਮੰਗ ਲਈ ਤਾਂ ਵੀ ਮਾੜੀ ਗਲ ਹੈ। ਸੱਚੇ ਪਾਤਸ਼ਾਹ ਤੁਸੀਂ ਆਪ ਹੀ ਦਇਆ ਕਰੋ ਤੇ ਮੈਨੂੰ ਓਹ ਵਸਤ ਦਿਓ ਜੇਹੜੀ ਮੁਕਣ ਵਾਲੀ ਨਾ ਹੋਵੇ। ਮੈਨੂੰ ਤਾਂ ਮੰਗਣ ਦੀ ਜਾਚ ਨਹੀਂ ਗੀ। ਜਨਮ ਜਮਾਂਤਰ ਈ ਦੇਹ ਅਰੋਗ ਤੇ ਸਾਸ ਸੁਖਾਲੇ, ਤੁਹਾਡੇ ਚਰਨਾ ਦਾ ਸੰਗ ਤੇ ਭਜਨ ਦਾ ਰੰਗ ਬਣਿਆ ਰਹੇ ਏਹ ਮੇਰੇ ਤੇ ਕਿਰਪਾ ਕਰੇ। ਸੱਚੇ ਪਾਤਸ਼ਾਹ ਅੰਮ੍ਰਿਤ ਵੇਲੇ ਸਿਖ ਦੀ ਬੇਨੰਤੀ ਪਰਵਾਨ ਕਰ ਲਈ। ਖ਼ੁਸ਼ ਹੋ ਕੇ ਆਖਣ ਲੱਗੇ, ਤੇਜਾ ਸਿੰਘ ਏਸੇ ਤਰ੍ਹਾਂ ਕਰ ਲਵਾਂਗੇ। ਜਾ ਹੁਣ ਤੂੰ ਜਾ ਕੇ ਚਾਹ ਤਿਆਰ ਕਰ ਸਾਡੇ ਲਈ। ਸਾਰੀ ਸੰਗਤ ਬੜੀ ਖ਼ੁਸ਼ ਹੋਈ ਬਚਨ ਸੁਣ ਕੇ। ਤੇਜਾ ਸਿੰਘ ਵੀ ਪਾਤਸ਼ਾਹ ਦੇ ਬਚਨ ਸੁਣ ਕੇ ਨਿਹਾਲ ਹੋ ਗਿਆ। ਫਿਰ ਚਾਹ ਬਣਾ ਕੇ ਸੱਚੇ ਪਾਤਸ਼ਾਹ ਨੂੰ ਛਕਾਈ, ਸਾਰੀ ਸੰਗਤ ਵੀ ਛਕਦੀ ਹੈ। ਏਨਾਂ ਕਿਸੇ ਸਿਖ ਨੂੰ ਭੇਤ ਨਹੀਂ ਦਿਤਾ ਹੈ ਕਿ ਪਾਤਸ਼ਾਹ ਚੋਲਾ ਛੱਡ ਦੇਣਾ ਹੈ। ਆਪਣੇ ਆਪ ਪਾਤਸ਼ਾਹ ਸਿਖਾਂ ਤੇ ਘਰ ਦਿਆਂ ਜੀਆਂ ਨੂੰ ਬਹਾਨਿਆਂ ਨਾਲ ਵਰ ਵਰੂਹੀਆਂ ਦਈ ਜਾਂਦੇ ਹਨ।।

ਇਕ ਦਿਨ ਮਾਤਾਂ ਹੋਰਾਂ ਨੂੰ ਪਾਤਸ਼ਾਹ ਆਖਣ ਲੱਗੇ, ਨੈਣੋ ਸਾਨੂੰ ਤੁਸੀਂ ਵੀ ਅੱਜ ਕੁਛ ਖਵਾਓ। ਮਾਤਾ ਹੋਰਾਂ ਬੇਨੰਤੀ ਕੀਤੀ, ਸੱਚੇ ਪਾਤਸ਼ਾਹ ਤੁਹਾਡਾ ਦਿਤਾ ਬੜਾ ਕੁਛ ਹੈ ਦਇਆ ਕਰੋ। ਫੇਰ ਮਾਤਾ ਹੋਰਾਂ ਸਵਾ ਰੁਪੈ ਦਾ ਪਰਸ਼ਾਦ ਕਰ ਕੇ ਪਾਤਸ਼ਾਹ ਨੂੰ ਥਾਲ ਲਾ ਕੇ ਨਿਮਸਕਾਰ ਕੀਤੀ। ਪਾਤਸ਼ਾਹ ਖ਼ੁਸ਼ ਹੋ ਕੇ ਵਰਤੌਂਦੇ ਹਨ ਤੇ ਨਾਲੇ ਆਪ ਵੀ ਛਕਦੇ ਹਨ। ਸੱਚੇ ਪਾਤਸ਼ਾਹ ਬਚਨ ਕਰਦੇ ਹਨ ਕਿ ਤੁਸਾਂ ਆਪੇ ਕਦੀ ਸਾਡਾ ਪਰਸ਼ਾਦ ਕਰਾਇਆ ਸੀ! ਅੱਜ ਅਸੀਂ ਮੂੰਹੋਂ ਮੰਗਾ ਕੇ ਤੁਹਾਥੋਂ ਪਰਸ਼ਾਦ ਲਿਆ ਹੈ। ਮਹੀਨਾ ਪੋਹ ਦਾ ਸੀ ਤੇ ਰੋਜ ਹੀ ਬੂੰਦਾਂ ਬਰਸਦੀਆਂ ਸਨ। ਬੱਦਲ ਰੋਜ਼ ਹੀ ਘਨਘੋਰਾਂ ਪੌਂਦੇ ਸਨ। ਦੀਨ ਦਿਆਲ ਓਸ ਵਕਤ ਜੋ ਕੋਈ ਮੂੰਹੋਂ ਮੰਗਦਾ ਸੀ, ਦਈ ਜਾਂਦੇ ਸਨ। ਸਿਆਲ ਵਿਚ ਪੋਹ ਦਾ ਮਹੀਨਾ ਕਰ ਕੇ ਠੰਡ ਬੜੀ ਸੀ। ਪਾਤਸ਼ਾਹ ਦੇ ਵੱਡੇ ਸਾਹਿਬਜਾਦੇ ਦੇ ਨਾਰਲੀ ਪਿੰਡ ਸੌਹਰੇ ਸਨ। ਭਗਵਾਨ ਸਿੰਘ ਤੇ ਹਰਬੰਸ ਕੌਰ ਬੇਨੰਤੀ ਕੀਤੀ ਕਿ ਸੱਚੇ ਪਾਤਸ਼ਾਹ ਅਸਾਂ ਨਾਰਲੀ ਜਾਣਾ ਹੈ ਜੇ ਤੁਸੀਂ ਹੁਕਮ ਦਿਓ ਤੇ ਅਸੀਂ ਹੋ ਆਈਏ ਜੇ ਨਾ ਆਖੋ ਤੇ ਨਾ ਜਾਈਏ। ਮੇਰੇ ਦੀਨ ਦਿਆਲ ਆਖਣ ਲੱਗੇ, ਜਰੂਰ ਜਾਣਾ ਜੇ। ਭਗਵਾਨ ਸਿੰਘ ਆਖਿਆ ਜੀ ਆਪ ਦੇ ਹੁਕਮ ਨਾਲ ਐਵੇਂ ਨਹੀਂ। ਪਾਤਸ਼ਾਹ ਬਚਨ ਕੀਤਾ ਕਿ ਚੰਗਾ ਜਾਓ, ਭਲਕੇ ਰਾਤ ਨੂੰ ਆ ਜਾਇਓ ਜੇ, ਰਿਹੋ ਨਾ। ਓਹਨਾਂ ਆਖਿਆ ਪਾਤਸ਼ਾਹ ਜੇ ਮੀਂਹ ਨਾ ਪਿਆ ਤੇ ਆ ਜਾਵਗੇ ਤੇ ਜੇ ਮੀਂਹ ਪੈ ਗਿਆ ਤੇ ਫਿਰ ਨਹੀਂ। ਪਾਤਸ਼ਾਹ ਹੱਸ ਕੇ ਬਚਨ ਕੀਤਾ ਕਿ ਜੇ ਤੁਸੀਂ ਦੋਵੇਂ ਭਲਕੇ ਆ ਜਾਓਗੇ ਤੇ ਜੋ ਮੂੰਹੋਂ ਮੰਗੋਗੇ ਤੁਹਾਨੂੰ ਦਿਆਂਗੇ। ਏਹ ਬਚਨ ਸੁਣ ਕੇ ਸਾਰੇ ਖ਼ੁਸ਼ ਹੁੰਦੇ ਹਨ। ਭਗਵਾਨ ਸਿੰਘ ਤੇ ਹਰਬੰਸ ਕੌਰ ਸੱਚੇ ਪਾਤਸ਼ਾਹ ਨੂੰ ਨਿਮਸਕਾਰ ਕਰ ਕੇ ਤੁਰ ਪਏ ਹਨ। ਭਗਵਾਨ ਸਿੰਘ ਤੁਰਨ ਲੱਗੇ ਫੇਰ ਆਖਿਆ, ਸੱਚੇ ਪਾਤਸ਼ਾਹ ਜੇ ਅਸੀਂ ਭਲਕੇ ਆ ਗਏ ਤੇ ਫੇਰ ਅਸਾਂ ਜੋ ਮੰਗਿਆਂ ਦੇਣਾ ਪੈਣਾ ਜੇ। ਪਾਤਸ਼ਾਹ ਹੱਸ ਕੇ ਆਖਿਆ ਚੰਗਾ, ਮੋਹਣ ਸਿੰਘ ਸਾਡੇ ਕੋਲ ਘਾਟਾ ਕਿਸ ਚੀਜ ਦਾ। ਸੱਚੇ ਪਾਤਸ਼ਾਹ ਮਿਹਰ ਦੇ ਦਾਤੇ ਦਇਆ ਦੇ ਸਮੁੰਦਰ ਵਰ ਦੇਣ ਦਾ ਬਹਾਨਾ ਬਣਾ ਰਹੇ ਹਨ ਜੀ। ਏਸ ਤਰ੍ਹਾਂ ਫੇਰ ਅਗਲੇ ਦਿਨ ਸਵੇਰਸਾਰ ਤੋਂ ਜਿਉਂ ਮੀਂਹ ਪੈਣ ਲੱਗਾ, ਕਿਤੇ ਮਿੰਟ ਵੀ ਨਹੀਂ ਹਟਿਆ। ਏਧਰ ਸੱਚੇ ਪਿਤਾ ਵੀ ਸਵੇਰ ਤੋਂ ਯਾਦ ਕਰਦੇ ਹਨ ਕਿ ਆਏ ਨਹੀਂ ਵੇਖੀਏ। ਅੱਜ ਏਹ ਵੀ ਇਕ ਸੋਹਣੀ ਦੇ ਪ੍ਰੇਮ ਵਾਲਾ ਕੰਮ ਹੈ। ਵੇਖੀਏ ਜਿਸ ਤਰ੍ਹਾਂ ਫਰੀਦ ਦਾ ਬਚਨ ਹੈ। "ਕਿ ਜੇ ਮੈਂ ਅੱਜ ਨਾ ਗੁਰਾਂ ਵਲ ਜਾਵਾਂ, ਤਾਂਹੀਏ ਮੇਰਾ ਨਿਉਂ ਟੁਟਦਾ"। ਇਕ ਘੰਟਾ ਦਿਨ ਰਹਿੰਦੇ ਨਾਲ ਭਗਵਾਨ ਸਿੰਘ ਤੇ ਹਰਬੰਸ ਕੌਰ ਮੀਂਹ ਵਰ੍ਹਦੇ ਵਿਚ ਘੋੜਿਆਂ ਤੇ ਚੜ੍ਹ ਕੇ ਆਣ ਪਹੁੰਚੇ ਹਨ। ਔਂਦਿਆਂ ਸੱਚੇ ਪਾਤਸ਼ਾਹ ਲਈ ਦੋਵੇਂ ਅੱਡੋ ਅੱਡੀ ਪਰਸ਼ਾਦ ਆਂਦਾ ਹੈ। ਲਿਆ ਕੇ ਪਰਸ਼ਾਦ ਅੱਗੇ ਰੱਖਿਆ ਤੇ ਹੱਥ ਜੋੜ ਕੇ ਨਿਮਸਕਾਰ ਕੀਤੀ। ਸੱਚੇ

ਪਾਤਸ਼ਾਹ ਵੇਖ ਕੇ ਬੜਾ ਖ਼ੁਸ਼ ਹੋਏ ਕਿ ਸਾਡੇ ਬਚਨ ਤੇ ਪੂਰੇ ਰਹੇ ਹਨ । ਦੀਨ ਦਿਆਲ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਏਸ ਤਰ੍ਹਾਂ ਬਹਾਨੇ ਨਾਲ ਜੁਗੋ ਜੁਗ ਤਾਰਦੇ ਰਹੇ ਹਨ ਜੀ । ।


## ❊ ਸੱਚੇ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਵਾਰੇ ❊

ਅਗਲੇ ਦਿਨ ੨੬ ਪੋਹ ਵਾਲੇ ਦਿਨ ਪੁਨਿਆ ਸੀ । ਸੰਗਤ ਨੂੰ ਅੱਧੀ ਰਾਤ ਤੱਕ ਸ਼ਬਦ ਪੜ੍ਹਾ ਕੇ ਪਰਸ਼ਾਦ ਵਰਤਾ ਦਿਤਾ ਹੈ । ਮਾਤਾ ਨੈਣੋਂ ਨੂੰ ਪਰਸ਼ਾਦ ਦਿਤਾ । ਮਾਤਾ ਜੀ ਆਖਿਆ, ਸੱਚੇ ਪਾਤਸ਼ਾਹ ਮੇਰੇ ਦੰਦ ਨਹੀਂ ਪਰਸ਼ਾਦ ਚਿਥਿਆ ਨਹੀਂ ਜਾਂਦਾ । ਪਾਤਸ਼ਾਹ ਸੁਣ ਕੇ ਨਰਾਜ ਹੋ ਗਏ ਹਨ । ਆਖਣ ਲੱਗੇ, ਨਿਭਾਗੀਏ, ਪਰਸ਼ਾਦ ਲੈ ਲਾ, ਕੁਟ ਕੇ ਖਾਹ ਲਈਂ । ਤੁਸੀਂ ਨਾ ਕਰਦੀਆਂ ਜੇ, ਸਾਡੇ ਪਰਸ਼ਾਦ ਨੂੰ ਤਾਂ ਦੇਵੀਆਂ ਦੇਵਤੇ ਤਰਸ ਰਹੇ ਹਨ । ਤੁਸੀਂ ਹੁਣ ਸਾਡੇ ਪਰਸ਼ਾਦ ਨੂੰ ਨਾ ਕਰਦੀਆਂ ਜੇ, ਫੇਰ ਤੁਸੀਂ ਤਰਸਣਾਂ ਏ । ਮਾਤਾ ਹੋਰਾਂ ਭੁੱਲ ਬਖ਼ਸ਼ਾਈ ਤੇ ਪਾਤਸ਼ਾਹ ਦਇਆ ਕੀਤੀ । ਸਾਰਿਆਂ ਨੂੰ ਆਖਣ ਲੱਗੇ, ਜਾਓ ਹੁਣ ਸਾਰੇ ਥਾਉਂ ਥਾਈਂ ਸੌਂ ਜਾਓ । ਤੇਜਾ ਸਿੰਘ ਨੂੰ ਆਖਣ ਲਗੇ, ਤੇਜਾ ਸਿੰਘ ਤੂੰ ਬੈਠਾ ਰਓ ਸਾਡੇ ਕੋਲ, ਸਵੀਂ ਨਾ । ਤੇਜਾ ਸਿੰਘ ਸਤਿ ਬਚਨ ਮੰਨ ਕੇ ਕੋਲ ਬੈਠ ਗਿਆ ਹੈ । ਸੱਚੇ ਪਾਤਸ਼ਾਹ ਪਲੰਘ ਤੇ ਸੁਖ ਆਸਣ ਹੋ ਗਏ ਹਨ । ਜਿਸ ਵਕਤ ਅੰਮ੍ਰਿਤ ਵੇਲਾ ਹੋਇਆ ਤੇ ਸੱਚੇ ਪਾਤਸ਼ਾਹ ਜਾਗੇ ਹਨ । ਤੇਜਾ ਸਿੰਘ ਨੂੰ ਵਾਜ ਮਾਰੀ ਓਸ ਆਖਿਆ ਜੀ ਮੇਰੇ ਸਾਹਿਬ । ਪਾਤਸ਼ਾਹ ਹੁਕਮ ਦਿਤਾ ਤੇਜਾ ਸਿੰਘ ਜਲ ਲਿਆ । ਜਲ ਛਕ ਕੇ ਆਖਣ ਲੱਗੇ, ਸਾਨੂੰ ਚੀਤਾ ਕਰਾ । ਏਨੇ ਬਚਨ ਕਰ ਕੇ ਐਸਾ ਸਮਾਂ ਵਰਤਾਇਆ, ਜਬਾਨ ਥੱਥਲੌਣ ਲਗ ਪਈ ਤੇ ਗੱਲ ਦੀ ਸਮਝ ਨਾ ਲੱਗੇ ਬੱਦਲ ਓਸ ਵਕਤ ਬੜੀ ਘਨਘੋਰ ਪਾਈ ਹੈ । ਸੱਚੇ ਪਾਤਸ਼ਾਹ ੨੬ ਪੋਹ ਦਿਨ ਸਵੇਰੇ ੧੦ ਵਜੇ ਚੋਲਾ ਛੱਡ ਕੇ ਜੋਤ ਰੂਪ ਹੋ ਗਏ ਹਨ । ਸੱਚੇ ਪਾਤਸ਼ਾਹ ਦੇ ਜੋਤ ਰੂਪ ਹੋਣ ਦੀ ਦੇਰ ਸੀ, ਦਿਨ ਵੀ ਨਿਤਰਨਾ ਸ਼ੁਰੂ ਹੋ ਗਿਆ । ਫੇਰ ਜੋ ਸਿਖ ਨੇੜੇ ਸਨ, ਸਾਰਿਆਂ ਨੂੰ ਖ਼ਬਰ ਕਰ ਦਿਤੀ । ਮੋਹਣ ਸਿੰਘ ਕਲਸੀਆਂ ਵਾਲਾ ਮਸਤਾਨਾ ਸੱਚੇ ਪਾਤਸ਼ਾਹ ਦੀ ਸੇਵਾ ਦੇਣ ਲਗ ਪਿਆ । ਸਾਰੇ ਸਿਖ ਸੁਣ ਕੇ ਓਸੇ ਵਕਤ ਆ ਗਏ । ਸਾਰਿਆਂ ਸਿਖਾਂ ਤੇ ਸਾਹਿਬਜਾਦਿਆਂ ਸਲਾਹ ਕੀਤੀ ਕਿ ਸੱਚੇ ਪਾਤਸ਼ਾਹ ਦਾ ਸਸਕਾਰ ਖੇਤ ਬਾਗ ਵਿਚ ਜਾ ਕੇ ਕਰੀਏ । ਲਕੜਾਂ ਗੱਡੇ ਉਤੇ ਰੱਖ ਲਈਆਂ ਹਨ । ਸੱਚੇ ਪਾਤਸ਼ਾਹ ਦਾ ਬਿਬਾਨ ਬਣੌਣ ਲਗ ਪਏ ਹਨ । ਤੇਜਾ ਸਿੰਘ ਗਲ ਵਿਚ ਪੱਲਾ ਪਾ ਕੇ ਚਰਨਾਂ ਵਿਚ ਖਲੋ ਕੇ ਪਾਤਸ਼ਾਹ ਅੱਗੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਦਇਆ ਕਰੋ ਤੇ ਜਿਥੇ ਤੁਹਾਡਾ ਹੁਕਮ ਹੋਵੇ, ਆਪਣਾ ਸੁਖ ਆਸਣ ਕਰੀਏ । ਬੇਨੰਤੀ ਕਰਨ ਦੀ ਦੇਰ ਹੋਈ ਤੇ ਮਸਤਾਨਾ ਲਲਕਾਰੇ ਮਾਰਨ ਲਗ ਪਿਆ ਤੇ ਬਚਨ ਹੋਣ ਲਗ ਪਏ । ਮਸਤਾਨੇ ਵਿਚ ਦੀ ਹੁਕਮ ਹੋਇਆ ਕਿ ਸਾਡਾ ਸਸਕਾਰ ਘਰ ਕਰ ਦਿਓ । ਮਸਤਾਨਾ ਖੇਡਦਾ ਖੇਡਦਾ ਆਣ ਕੇ ਵੇਹੜੇ ਵਿਚ ਖਲੋ ਗਿਆ ਤੇ ਆਖਣ ਲੱਗਾ ਐਸ ਜਗਾ ਤੇ ਸਾਡਾ ਸਸਕਾਰ ਕਰ ਦਿਓ । ਓਸ ਜਗਾ ਤੇ ਸਵਾ ਹੱਥ ਟੋਆ ਪੁਟ ਲਿਆ । ਫੇਰ ਸੱਚੇ ਪਾਤਸ਼ਾਹ ਦਾ ਅਸ਼ਨਾਨ ਕਰਾਇਆ ਪਲੰਘ ਦੇ ਉਤੇ ਅਰਾਮ ਕੁਰਸੀ ਡਾਹ ਕੇ ਕਪੜੇ ਪਾ ਕੇ ਸੱਚੇ ਪਾਤਸ਼ਾਹ ਨੂੰ ਉਪਰ ਬਿਠਾ ਦਿਤਾ । ਸਾਰੀ ਦੁਨੀਆਂ ਓਸ ਵਕਤ ਦਰਸ਼ਨ ਨੂੰ ਆਈ ਹੈ । ਕੋਠਿਆਂ ਉਤੇ ਤੇ ਵੇਹੜੇ ਵਿਚ ਪੈਰ ਧਰਨ ਨੂੰ ਥਾਂ ਨਹੀਂ ਸੀ । ਸਿਖਾਂ ਓਸ ਵਕਤ ਸੱਚੇ ਪਾਤਸ਼ਾਹ ਦਾ ਪਲੰਘ ਸਿਰ ਤੇ ਚੁਕ ਕੇ ਸਾਰਿਆਂ ਨੂੰ ਦਰਸ਼ਨ ਕਰਾਇਆ ਹੈ । ਸੱਜੇ ਪਾਸੇ ਦਾ ਗੇੜ ਸਾਰੇ ਬੱਚਿਆਂ ਤੀਕ ਦਰਸ਼ਨ ਕਰ ਕੇ ਨਿਹਾਲੋ ਨਿਹਾਲ ਹੋਏ ਹਨ । ਧੰਨ ਸੱਚੇ ਪਾਤਸ਼ਾਹ ਦੀ ਅਵਾਜ਼ ਸਾਰਿਆਂ ਦੀ ਰਸਨਾਂ ਵਿਚੋਂ ਨਿਕਲ ਰਹੀ ਹੈ । ਸੰਗਤਾਂ ਓਸ ਵਕਤ ਗੱਜ ਕੇ ਸ਼ਬਦ ਪੜ੍ਹ ਰਹੀਆਂ ਹਨ । ਏਹ ਸਮਾਂ ਵੇਖ ਕੇ ਬੱਦਲ ਵੀ ਬੂੰਦਾਂ ਵਰਸੌਣ ਲੱਗ ਪਏ ਹਨ । ਪਲੰਘ ਸਿਖਾਂ ਨੇ ਫੇਰ ਹੇਠਾਂ ਉਤਾਰ ਕੇ ਰੱਖ ਦਿਤਾ ਹੈ । ਸਾਰੀ ਸਮਗਰੀ ਤਿਆਰ ਕਰ ਕੇ ਸੱਚੇ ਪਾਤਸ਼ਾਹ ਦਾ ਸਸਕਾਰ ਕੀਤਾ ਗਿਆ ਰਾਤ ਦੇ ਸਮੇਂ ਰਾਤ ਨਿਤਰ ਗਈ ਤੇ ਤਾਰੇ ਸੋਭਾ ਪਾ ਰਹੇ ਹਨ । ਏਹ ਸਮਾਂ ਭੁਗਤਾਂ ਕੇ ਫੇਰ ਅਗਲੇ ਦਿਨ ਦੂਰ ਵਾਲੇ ਸਿਖਾਂ ਨੂੰ ਵੀ ਖ਼ਬਰ ਕੀਤੀ ਗਈ । ਜਿੰਨੀ ਪਾਤਸ਼ਾਹ

ਦੀ ਸੰਗਤ ਸੀ, ਦੇਹ ਦਾ ਵਿਛੋੜਾ ਕਰ ਕੇ ਸੰਗਤ ਨੂੰ ਉਦਾਸੀ ਪੈਦਾ ਹੋ ਗਈ ਹੈ । ਫੇਰ ਪਾਤਸ਼ਾਹ ਦਇਆ ਕੀਤੀ ਤੇ ਸੰਗਤ ਵਿਚ ਰੋਜ਼ ਦਰਸ਼ਨ ਦੇਣ ਲਗ ਪਏ, ਤੇ ਬਚਨ ਕਰਨ ਕਿ ਅਸੀਂ ਕਿਤੇ ਗਏ ਨਹੀਂ ਤੁਹਾਡੇ ਪਾਸ ਹੀ ਹਾਂ । ਬਚਨਾਂ ਤੇ ਦਰਸ਼ਨਾਂ ਦੇ ਅਧਾਰ ਨਾਲ ਸਿਖ ਦਿਹਾੜੇ ਗੁਜਾਰਦੇ ਹਨ ਜੀ । ਇਹ ਸਾਰਾ ਵਿਹਾਰ ਕਰ ਕੇ ਸਤਾਰਵੇਂ ਤੋਂ ਬਾਅਦ ਅੰਗੀਠਾ ਸਾਹਿਬ ਪੱਕਾ ਕਰ ਦਿਤਾ ਹੈ । ਪਰਦੱਖਣਾ ਵਾਕਰ ਪਰਦੱਖਣਾ ਬਣਾ ਦਿਤੀ । ਮਰਯਾਦਾ ਅਨੁਸਾਰ ਰਾਤ ਨੂੰ ਘਿਉ ਦਾ ਸ਼ਮੇਦਾਨ ਜਗੌਣਾ । ਸਵੇਰੇ ਪੋਚਾ ਫੇਰਨਾ ਤੇ ਧੂਪ ਧੁਖੌਣੀ । ਸੱਚੇ ਪਾਤਸ਼ਾਹ ਤਾਂ ਰੋਜ਼ ਹੀ ਸਿਖਾਂ ਤੇ ਦਇਆ ਕਰਦੇ ਰਹੇ ਹਨ । ।

ਮੋਟੇ ਮੋਟੇ ਬਚਨ ਜੇਹੜੇ ਹਨ ਓਹ ਤੇਜਾ ਸਿੰਘ ਲਿਖਾਏ ਹਨ । ਅਸੀਂ ਸੱਚੇ ਪਾਤਸ਼ਾਹ ਦੀਆਂ ਰਮਜਾਂ ਨਹੀਂ ਸਮਝੀਆਂ । ਸਾਰੀ ਸਿਖੀ ਦੇ ਦਿਲ ਵਿਚ ਸੀ ਕਿ ਪਾਤਸ਼ਾਹ ਦੇਹ ਕਰ ਕੇ ਦਿਲੀ ਤੇ ਮਸਤੂਆਣੇ ਜਾਣਗੇ । ਰਾਜਿਆਂ ਨੂੰ ਜੂੜ ਪੌਣਗੇ । ਜੇ ਸਾਨੂੰ ਪਤਾ ਹੁੰਦਾ ਕਿ ਪਾਤਸ਼ਾਹ ਦੇਹ ਛੱਡ ਜਾਣੀ ਹੈ, ਤੇ ਜੋਤ ਕਰ ਕੇ ਏਹ ਵਿਹਾਰ ਕਰਨਾ ਹੈ, ਦੇਹ ਦਾ ਓਹਲਾ ਕਰ ਜਾਣਾ ਹੈ, ਤੇ ਦੇਹ ਹੁੰਦਿਆਂ ਰੱਜ ਕੇ ਮੰਗਾਂ ਮੰਗ ਲੈਂਦੇ । ਜੇਹੜਾ ਸੱਚੇ ਪਾਤਸ਼ਾਹ ਸੰਤ ਮਨੀ ਸਿੰਘ ਤੋਂ ਲਿਖੌਂਦੇ ਸੀ ਕਿ ਅਸੀਂ ੫੦ ਸਾਲ ਮਾਝੇ ਦੇਸ ਵਿਚ ਰਵਾਂਗੇ ਤੇ ੫੦ ਸਾਲ ਵਲੈਤ ਵਿਚ ਰਵਾਂਗੇ, ਓਹ ਬਚਨ ਪੂਰਾ ਭੁਗਤਾ ਦਿਤਾ । ੫੦ ਸਾਲ ਮਾਝੇ ਦੇਸ਼ ਵਿਚ ਰਹੇ ਹਨ ਤੇ ਹੁਣ ਜੋਤ ਸਰੂਪ ਹਨ । ਬਾਬੇ ਮਨੀ ਸਿੰਘ ਦੀ ਲਿਖਤ ਸੀ ਕਿ ਪਾਤਸ਼ਾਹ ਦੇਹ ਕਰ ਕੇ ਕੁਛ ਨਹੀਂ ਕਰਨਾ ਤੇ ਜੋਤ ਰੂਪ ਕਰਨਗੇ । ਬਚਨ ਹੁਣ ਸਾਰੇ ਸਤਿ ਹੋਣ ਡਏ ਹਨ । ਸਿਖ (ਮਹਰਾਜ ਪੂਰਨ ਸਿੰਘ) ਦੇ ਵਿਚ ਪਰਵੇਸ਼ ਹੋ ਕੇ ਨਿਹਕਲੰਕ ਹੋ ਕੇ, ਖੇਡਾਂ ਕਰ ਰਹੇ ਹਨ ਜੀ । ।


ਸਾਡੇ ਭੋਲਿਆਂ ਤੇ ਗਰੀਬਾਂ ਲਈ ਸੱਚੇ ਪਾਤਸ਼ਾਹ ਨੇ ਅਵਤਾਰ ਧਾਰਿਆ । ਸਿਖਾਂ ਦਾ ਤਿਲ ਫੁਲ ਪੂਜਾ ਪਰਵਾਨ ਕਰ ਦੇ ਦਇਆ ਕਰੀ ਜਾਂਦੇ ਹਨ ਜੀ । ਐਸੀ ਸੱਚੇ ਪਾਤਸ਼ਾਹ ਦੇ ਚਰਨਾਮਤ ਵਿਚ ਤਾਕਤ ਸੀ, ਛਕਦਿਆਂ ਸਾਰ ਦੁਖ ਦਲਿੱਦਰ ਦੂਰ ਹੋ ਜਾਂਦੇ ਸੀ । ਕਈਆਂ ਸਿਖਾਂ ਦੇ ਘਰ ੨੦ ਸਾਲ ਦਾ ਚਰਨਾਮਤ ਰੱਖਿਆ ਹੈ । ਓਹਨਾਂ ਦੀ ਕਿਰਪਾ ਨਾਲ ਜਿਉਂ ਦਾ ਤਿਉਂ ਹੈ । ਮਨੀ ਸਿੰਘ ਦੀ ਲਿਖਤ ਹੈ ਕਿ ਜਿਸ ਸਿਖ ਦੇ ਘਰ ਸੱਚੇ ਪਾਤਸ਼ਾਹ ਦੇ ਤਿੰਨ ਵੇਰਾਂ ਚਰਨ ਪਏ ਓਥੇ ਜਰੂਰ ਧਾਮ ਬਣੇਗਾ । ਤੇਜਾ ਸਿੰਘ ਤੇ ਹਰਬੰਸ ਕੌਰ ਦੀ ਸੱਚੇ ਪਾਤਸ਼ਾਹ ਅੱਗੇ ਹੱਥ ਜੋੜ ਕੇ ਬੇਨੰਤੀ ਹੈ ਕਿ ਸੱਚੇ ਪਿਤਾ ਦਿਲਾਂ ਦੀਆਂ ਜਾਨਣ ਵਾਲੇ ਜੋ ਲਗ ਮਾਤਰ ਦੀ ਗਲਤੀ ਹੋਵੇ, ਮਾਫੀ ਦੇਣੀ, ਭੁਲ ਬਖ਼ਸ਼ਣੀ ਤੇ ਸੇਵਾ ਪਰਵਾਨ ਕਰਨੀ । ਤੇਜਾ ਸਿੰਘ, ਦੀਨ ਦਿਆਲ ਤੁਹਾਡੇ ਹੁਕਮ ਨਾਲ ਜਨਮ ਸਾਖੀ ਤੇ ਤੁਹਾਡੀ ਮਹਿੰਮਾ ਲਿਖਾਈ ਹੈ ਤੇ ਹਰਬੰਸ ਕੌਰ ਨੇ ਲਿਖੀ ਹੈ, ਦਇਆ ਕਰਿਉ । "ਸੱਚੇ ਪਿਤਾ ਹਰ ਵਕਤ ਆਪਣਾ ਤੇ ਆਪਣੀਆਂ ਉਤਮ ਸੰਗਤਾਂ ਦੇ ਦਰਸ਼ਨ ਬਖ਼ਸ਼ੋ ਤੇ ਮਿਹਰ ਦੀ ਨਿਗਾਹ ਰੱਖੋ ਜੀ" । ।



❊ ❊ ❊ ❊ ❊

ਬੇਬੇ ਹਰਬੰਸ ਕੌਰ (ਲੇਖਕ)

✻ ਰੰਗ ਰੂਪ ਨਾ ਨਜ਼ਰੀ ਆਏ । ਪੂਰਨ ਵਿਚ ਰਿਹਾ ਸਮਾਏ । ਜੋਤ ਜਗਤ ਦੀ ਆਪ ਜਲਾਏ । ਆਪਣਾ ਭੇਤ ਨਾ ਕਿਸੇ ਬਤਾਏ । ਆਪਣੀ ਮਹਿਮਾ ਆਪ ਜਣਾਏ । ਆਪ ਆਪਣੇ ਵਿਚ ਸਮਾਏ । ਕਲਜੁਗ ਵਿਚ ਇਹ ਕਰਮ ਕਮਾਏ । ਛੱਡੀ ਦੇਹ ਜੋਤ ਰੂਪ ਹੋ ਆਏ । ਪੂਰਨ ਸਿੰਘ ਦੀ ਦੇਹ ਵਿਚ ਪ੍ਰਭ ਗਿਆ ਸਮਾਏ । ✻ (੧੭ ਮੱਘਰ ੨੦੦੬)



ਸੱਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਜੀ